ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

20-26 ਮਈ 2026

ਸਾਲ 17ਵਾਂ - ਅੰਕ 21

email : info@sadelok.com

Ph. : 510-706-1300

Fax : 925-373-1300

## ਪੰਜਾਬ 'ਚ ਕਹਿਰ ਦੀ ਗਰਮੀ : ਸਿਹਤ ਵਿਭਾਗ ਵਲੋਂ ਅਲਰਟ ਕੀਤਾ ਜਾਰੀ



(ਦੇਖੋ ਸਫ਼ਾ 29 'ਤੇ)


## ਅਮਰੀਕਾ ਵਿੱਚ ਸਿੱਖੀ ਦੇ 'ਰੋਲ ਮਾਡਲ' ਅਤੇ ਬੌਧਿਕ ਆਵਾਜ਼ ਦਾ ਅੰਤ



ਇਤਿਹਾਸਕ ਪੈੜਾਂ ਛੱਡ ਅਲਵਿਦਾ ਕਹਿ ਗਏ ਮਹਾਨ ਸਿੱਖ ਚਿੰਤਕ ਅਤੇ ਕੌਮ ਦੇ ਨਿਸ਼ਕਾਮ ਸੇਵਾਦਾਰ ਡਾ. ਆਈ. ਜੇ. ਸਿੰਘ

ਨਿਊਯਾਰਕ/ਲਾਂਗ ਆਈਲੈਂਡ: (ਸਾਡੇ ਲੋਕ) ਅਮਰੀਕਾ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਸਾਇੰਸ ਦੇ ਪ੍ਰੋਫੈਸਰ ਰਹੇ, ਉੱਘੇ ਲੇਖਕ, ਚਿੰਤਕ ਅਤੇ ਸਿੱਖ ਪਛਾਣ ਦੇ ਮਾਰਗਦਰਸ਼ਕ ਡਾ. ਆਈ. ਜੇ. ਸਿੰਘ (ਇੰਦਰਜੀਤ ਸਿੰਘ) ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਅਕਾਲ ਚਲਾਣਾ (ਦੇਖੋ ਸਫ਼ਾ 33 'ਤੇ)

## ਟਿਕਟਾਂ ਦੀ ਵੰਡ 'ਤੇ ਭਿੜੇ ਦਿੱਲੀ ਦੇ ਪੰਜਾਬ 'ਤੇ ਕਾਬਿਜ਼ ਸਿਸੋਦੀਆ ਤੇ ਪੰਜਾਬ ਦੇ ਇਮਾਨਦਾਰ ਆਗੂ ਸਰਦਾਰ ਗੁਰਮੀਤ ਸਿੰਘ ਖੁੱਡੀਆਂ !




ਲੁਧਿਆਣਾ, (ਸਾਡੇ ਲੋਕ) : ਪੰਜਾਬ ਵਿੱਚ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਦੌਰਾਨ ਆਮ ਆਦਮੀ ਪਾਰਟੀ (AAP) ਦੇ ਅੰਦਰੂਨੀ ਕਲੇਸ਼ ਦੀ ਵੱਡੀ ਖ਼ਬਰ ਸਾਹਮਣੇ ਆਈ ਹੈ। ਲੁਧਿਆਣਾ ਵਿੱਚ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ (ਦੇਖੋ ਸਫ਼ਾ 33 'ਤੇ)

# ਨਸਲਵਾਦੀ ਜਬਰ ਉੱਪਰ ਮਾਨਵਵਾਦੀ ਸਬਰ ਦੀ ਗੌਰਵਮਈ ਜਿੱਤ

## 112 ਸਾਲਾਂ ਬਾਅਦ ਕੈਨੇਡਾ ਦੀ ਧਰਤੀ 'ਤੇ ਮੁੜ ਸੁਰਜੀਤ ਹੋਇਆ ਗਦਰੀ ਬਾਬਿਆਂ ਦਾ' ਗੁਰੂ ਨਾਨਕ ਜਹਾਜ਼' ਦਾ ਅਸਲੀ ਨਾਂ

**ਜਿਸ ਸਮੁੰਦਰੀ ਤੱਟ ਤੋਂ 1914 ਵਿੱਚ ਨਫ਼ਰਤ ਦੇ ਜ਼ੋਰ 'ਤੇ ਜਹਾਜ਼ ਮੋੜਿਆ ਗਿਆ ਸੀ, ਅੱਜ ਉੱਥੇ ਹੀ ਪੂਰੇ ਸਰਕਾਰੀ ਸਨਮਾਨ ਨਾਲ ਬਹਾਲ ਹੋਇਆ ਸੱਚਾ ਵਿਰਸਾ।**


ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ, ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਦਾ ਸਭ ਤੋਂ ਵੱਡਾ ਪ੍ਰਤੀਕ ਰਹੇ ਜਹਾਜ਼ ਨੂੰ ਆਖਰਕਾਰ 112 ਸਾਲਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਉਸਦਾ ਅਸਲੀ ਅਤੇ ਪਵਿੱਤਰ ਨਾਂ ਨਸੀਬ ਹੋ ਗਿਆ ਹੈ। (ਦੇਖੋ ਸਫ਼ਾ 35 'ਤੇ)




ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਇਤਿਹਾਸਕ ਸਥਾਨ 'ਤੇ ਗੁਰੂ ਨਾਨਕ ਜਹਾਜ਼ ਦੇ ਸਹੀ ਨਾਂ 'ਤੇ ਪੈਨਲ।

# ਹੁਣ ਹਾਦਸਿਆਂ ਲਈ ਸਿਰਫ਼ ਡਰਾਈਵਰ ਨਹੀਂ, 'ਫਰੇਟ ਬ੍ਰੋਕਰ' ਵੀ ਹੋਣਗੇ ਜ਼ਿੰਮੇਵਾਰ !

## ਅਮਰੀਕੀ ਸੁਪਰੀਮ ਕੋਰਟ ਦੇ 9-0 ਦੇ ਇਤਿਹਾਸਕ ਫੈਸਲੇ ਨਾਲ ਟਰੱਕਿੰਗ ਉਦਯੋਗ 'ਚ ਭੂਚਾਲ




ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ) ਅਮਰੀਕੀ ਸੁਪਰੀਮ ਕੋਰਟ (US Supreme Court) ਵੱਲੋਂ ਸੁਣਾਏ ਗਏ ਇੱਕ ਬੇਹੱਦ ਦੂਰਗਾਮੀ ਅਤੇ ਇਤਿਹਾਸਕ ਫੈਸਲੇ ਨੇ ਪੂਰੇ ਅਮਰੀਕਾ ਦੇ ਟਰੱਕਿੰਗ ਅਤੇ ਲੌਜਿਸਟਿਕਸ ਉਦਯੋਗ (Trucking Industry) ਵਿੱਚ ਭਾਰੀ ਹਲਚਲ ਪੈਦਾ ਕਰ ਦਿੱਤੀ ਹੈ। ਅਦਾਲਤ ਨੇ ਸਾਰੇ ਜੱਜਾਂ ਦੀ ਇੱਕਸੁਰਤਾ ਨਾਲ 9-0 ਦੇ ਬਹੁਮਤ ਨਾਲ ਇਹ ਵੱਡਾ ਫੈਸਲਾ ਦਿੱਤਾ ਹੈ ਕਿ ਜੇਕਰ ਕੋਈ ਫਰੇਟ ਬ੍ਰੋਕਰ (Freight Broker) (ਦੇਖੋ ਸਫ਼ਾ 33 'ਤੇ)

## 'ਸੀਜ਼ਰ ਸ਼ਾਵੇਜ਼ ਸਕੂਲ' ਦਾ ਨਾਂ ਬਦਲਣ ਦੇ ਸਰਵੇਖਣ 'ਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਪਹਿਲੇ ਸਥਾਨ 'ਤੇ

### ਜਨਤਕ ਸੁਣਵਾਈ ਦੌਰਾਨ ਉਮੜਿਆ ਸੰਗਤਾਂ ਦਾ ਬੇਮਿਸਾਲ ਹੜ੍ਹ

**ਵਿਸ਼ੇਸ਼ ਰਿਪੋਰਟ**

ਯੂਨੀਅਨ ਸਿਟੀ/ਨਿਊ ਹੈਵਨ (ਕੈਲੀਫੋਰਨੀਆ/ਅਮਰੀਕਾ) : ਮਨੁੱਖੀ ਅਧਿਕਾਰਾਂ, ਇਨਸਾਫ਼ ਅਤੇ ਵਿਸ਼ਵਵਿਆਪੀ ਨੈਤਿਕਤਾ ਦੇ ਇਤਿਹਾਸ ਵਿੱਚ ਇੱਕ ਬੇਹੱਦ ਦੂਰਅੰਦੇਸ਼ੀ ਅਤੇ



'ਅਮਰੀਕੀ ਆਜ਼ਾਦੀ ਦੇ ਮੂਲ ਸਿਧਾਂਤ-ਲਾਈਫ਼, ਲਿਬਰਟੀ ਐਂਡ ਪਰਸੂਟ ਆਫ਼ ਹੈਪੀਨੇਸ-ਸਿਰਫ਼ ਅਮਰੀਕਾ ਲਈ ਨਹੀਂ, ਬਲਕਿ ਸਮੁੱਚੀ ਮਾਨਵਤਾ ਲਈ ਹਨ, ਜਿਨ੍ਹਾਂ ਦੀ ਰਾਖੀ ਲਈ ਭਾਈ ਖਾਲੜਾ ਨੇ ਸ਼ਹਾਦਤ ਦਿੱਤੀ : ਸ. ਭਜਨ ਸਿੰਘ ਭਿੰਡਰ

ਇਤਿਹਾਸਕ ਮੀਲ-ਪੱਥਰ ਸਥਾਪਿਤ ਕਰਦਿਆਂ, ਨਿਊ ਹੈਵਨ ਯੂਨੀਫਾਈਡ ਸਕੂਲ ਡਿਸਟ੍ਰਿਕਟ (NHUSD) ਵੱਲੋਂ 'ਸੀਜ਼ਰ ਸ਼ਾਵੇਜ਼ ਮਿਡਲ ਸਕੂਲ' (CCMS) ਦਾ ਨਾਂ ਬਦਲਣ ਦੀ ਅਧਿਕਾਰਤ ਪ੍ਰਕਿਰਿਆ ਦਾ ਆਗਾਜ਼ ਕਰ (ਦੇਖੋ ਸਫ਼ਾ 30-31 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਮਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਾਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

KW LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker
CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https :.//www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm, office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)
68 E 11TH STREET STE 109, TRACY, CA 95376
OFFICE : 209-956-1000 CELL : 408-355-5700, GBSINGH84@GMAIL.COM

# ਸ. ਕੁਲਵਿੰਦਰ ਸਿੰਘ ਜੌਹਲ ਬਣੇ ਲੈਸਟਰ ਦੇ ਪਹਿਲੇ ਸਿੱਖ ਲਾਰਡ ਮੇਅਰ

ਲੈਸਟਰ (ਇੰਗਲੈਂਡ) : ਇੰਗਲੈਂਡ ਦੇ ਮਿੰਨੀ ਭਾਰਤ ਵਜੋਂ ਜਾਣੇ ਜਾਂਦੇ ਪ੍ਰਸਿੱਧ ਸ਼ਹਿਰ ਲੈਸਟਰ ਦੀ ਸਿਆਸਤ ਦੇ ਇਤਿਹਾਸ ਵਿਚ ਪਹਿਲੀ ਵਾਰ ਇਕ ਗੁਰਸਿੱਖ ਅੰਮ੍ਰਿਤਧਾਰੀ ਪੰਜਾਬੀ ਸਿੱਖ ਨੂੰ ਸਿਟੀ ਕੌਂਸਲ ਦਾ ਲਾਰਡ ਮੇਅਰ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਸ. ਕੁਲਵਿੰਦਰ ਸਿੰਘ ਜੌਹਲ ਨੇ ਲੈਸਟਰ ਦੇ ਪਹਿਲੇ ਪੂਰਨ ਗੁਰਸਿੱਖ ਲਾਰਡ ਮੇਅਰ ਵਜੋਂ ਅਹੁਦਾ ਸੰਭਾਲ ਲਿਆ। ਲੈਸਟਰ ਟਾਊਨ ਹਾਲ ਵਿਚ ਹੋਏ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਦੀ ਤਾਜਪੋਸ਼ੀ ਕੀਤੀ ਗਈ। ਇਸ ਮੌਕੇ ਪੰਜਾਬੀ ਤੇ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਅਤੇ ਮਾਣ ਦਾ ਮਾਹੌਲ ਦੇਖਣ ਨੂੰ ਮਿਲਿਆ। ਸ. ਕੁਲਵਿੰਦਰ ਸਿੰਘ ਜੌਹਲ ਦਾ ਸਬੰਧ ਪੰਜਾਬ ਦੇ ਜਲੰਧਰ ਜ਼ਿਲ੍ਹੇ ਦੇ ਫਿਲੌਰ ਨੇੜਲੇ ਪਿੰਡ ਤੇਹੰਗ ਨਾਲ ਹੈ। ਉਹ ਛੋਟੀ ਉਮਰ ਵਿਚ ਆਪਣੇ ਪਰਿਵਾਰ ਨਾਲ ਇੰਗਲੈਂਡ ਆ ਵਸੇ ਸਨ। ਉਨ੍ਹਾਂ ਦੇ ਪਿਤਾ ਸ. ਜਸਵੀਰ ਸਿੰਘ ਜੌਹਲ ਤੇ ਮਾਤਾ ਤਰਸੇਮ ਕੌਰ ਜੌਹਲ ਨੇ ਉਨ੍ਹਾਂ ਨੂੰ ਮਿਹਨਤ ਤੇ ਲੋਕ ਸੇਵਾ ਦੇ ਸੰਸਕਾਰ ਦਿੱਤੇ। ਉਨ੍ਹਾਂ ਨੇ ਆਪਣੀ ਪੜ੍ਹਾਈ ਲੈਸਟਰ 'ਚ ਪੂਰੀ ਕੀਤੀ ਤੇ ਬਾਅਦ 'ਚ ਰਸਲ ਕਾਸਟਿੰਗਜ਼ ਕੰਪਨੀ 'ਚ ਲਗਭਗ 25 ਸਾਲ ਕੰਮ ਕੀਤਾ। ਕੰਮ ਦੌਰਾਨ ਉਹ ਮਜ਼ਦੂਰਾਂ ਦੇ ਹੱਕਾਂ ਲਈ ਵੀ ਆਵਾਜ਼ ਚੁੱਕਦੇ ਰਹੇ। ਉਹ ਲੰਮੇ ਸਮੇਂ ਤੋਂ ਲੋਕ ਭਲਾਈ ਦੇ ਕੰਮਾਂ ਨਾਲ ਜੁੜੇ ਰਹੇ ਹਨ। ਸਿੱਖ ਧਰਮ ਦੀ ਸੇਵਾ ਭਾਵਨਾ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਲੰਮੇ ਸਮੇਂ ਤੱਕ ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਹਿੱਸਾ ਲਿਆ। ਉਹ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਲੈਸਟਰ ਦੇ ਕਈ ਸਾਲ ਜਨਰਲ ਸਕੱਤਰ ਰਹੇ। ਸਾਲ 2002 'ਚ ਮਹਾਰਾਣੀ ਐਲਿਜ਼ਾਬੇਥ ਦੂਜੀ ਦੇ ਗੁਰਦੁਆਰਾ ਦੌਰੇ ਸਮੇਂ ਵੀ ਉਨ੍ਹਾਂ ਨੇ ਅਹਿਮ ਭੂਮਿਕਾ ਨਿਭਾਉਂਦਿਆਂ ਮਹਾਰਾਣੀ ਨੂੰ ਸਿੱਖ ਇਤਿਹਾਸ ਤੋਂ ਜਾਣੂ ਕਰਵਾਇਆ। ਖੇਡਾਂ ਦੇ ਖੇਤਰ 'ਚ ਵੀ ਉਨ੍ਹਾਂ ਦਾ ਵੱਡਾ ਯੋਗਦਾਨ ਰਿਹਾ। ਜੀ.ਐਨ.ਜੀ ਫੁੱਟਬਾਲ ਕਲੱਬ ਨੂੰ ਅੱਗੇ ਵਧਾਉਣ ਵਿੱਚ ਉਨ੍ਹਾਂ ਨੇ ਖ਼ਾਸ ਭੂਮਿਕਾ ਨਿਭਾਈ। ਉਹ ਹਮੇਸ਼ਾ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਤੇ ਚੰਗੀਆਂ ਗਤੀਵਿਧੀਆਂ ਵੱਲ ਲਿਆਉਣ ਲਈ ਯਤਨ ਕਰਦੇ ਰਹੇ ਹਨ। ਸ. ਕੁਲਵਿੰਦਰ ਸਿੰਘ ਜੌਹਲ ਲੈਸਟਰ ਦੇ ਬਰਾਊਨਸਟੋਨ ਪਾਰਕ ਤੇ ਰੌਲੀ ਫੀਲਡਜ਼ ਇਲਾਕੇ ਵਿੱਚ ਰਹਿੰਦੀਆ ਲੋਕ ਭਲਾਈ ਦੇ ਕਾਰਜ ਕਰਦੇ ਰਹੇ। ਲੋਕਾਂ ਨਾਲ ਸਿੱਧਾ ਮਿਲਣਾ, ਸਾਦਗੀ ਨਾਲ ਰਹਿਣਾ ਅਤੇ ਹਰ ਵਰਗ ਦੀ ਮਦਦ ਕਰਨਾ ਉਨ੍ਹਾਂ ਦੀ ਖ਼ਾਸ ਪਹਿਚਾਣ ਬਣੀ। ਸਾਲ 2015 ਵਿਚ ਉਹ ਪਹਿਲੀ ਵਾਰ ਲੇਬਰ ਪਾਰਟੀ ਵੱਲੋਂ ਕੌਂਸਲਰ ਚੁਣੇ ਗਏ ਅਤੇ ਉਸ ਤੋਂ ਬਾਅਦ ਲਗਾਤਾਰ ਕੌਂਸਲਰ ਵਜੋਂ ਜਿੱਤ ਪ੍ਰਾਪਤ ਕਰਕੇ ਲੋਕਾਂ ਦੀ ਸੇਵਾ ਕਰ ਰਹੇ ਹਨ। ਲਾਰਡ ਮੇਅਰ ਵਜੋਂ ਉਹ ਮਿਡਲੈਂਡ ਲੰਗਰ ਸੇਵਾ ਸੁਸਾਇਟੀ ਅਤੇ ਲੈਸਟਰ ਹਸਪਤਾਲ ਸਹਾਇਤਾ ਸੰਸਥਾ ਦੇ ਕੰਮਾਂ ਨੂੰ ਹੋਰ ਅੱਗੇ ਵਧਾਉਣਗੇ। ਇਹ ਸੰਸਥਾਵਾਂ ਭੁੱਖੇ, ਬੇਘਰ ਅਤੇ ਬਿਮਾਰ ਲੋਕਾਂ ਦੀ ਮਦਦ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਉਹ ਲੈਸਟਰ ਦੇ ਹਰ ਵਿਅਕਤੀ ਦੀ ਸੇਵਾ ਨਿਮਰਤਾ ਅਤੇ ਇਮਾਨਦਾਰੀ ਨਾਲ ਕਰਨਗੇ। ਉਨ੍ਹਾਂ ਦੀ ਪਤਨੀ ਮਨਜੀਤ ਕੌਰ ਜੌਹਲ ਲੇਡੀ ਮੇਅਰੈੱਸ ਵਜੋਂ ਉਨ੍ਹਾਂ ਦਾ ਸਾਥ ਦੇਣਗੇ। ਉਨ੍ਹਾਂ ਦੀ ਧੀ ਗੁਰਸਿਮਰਨ ਕੌਰ ਹੇਅਰ ਕਨਸੋਰਟ ਦੀ ਜ਼ਿੰਮੇਵਾਰੀ ਨਿਭਾਉਣਗੇ, ਜਦਕਿ ਪੁੱਤਰ ਅਸ਼ਵੀਰ ਸਿੰਘ ਜੌਹਲ ਵੀ ਪਰਿਵਾਰਕ ਸਮਾਗਮਾਂ ਵਿੱਚ ਸ਼ਮੂਲੀਅਤ ਕਰੇਗਾ। ਸ. ਕੁਲਵਿੰਦਰ ਸਿੰਘ ਜੌਹਲ ਦੀ ਇਸ ਇਤਿਹਾਸਕ ਤਾਜਪੋਸ਼ੀ ਨੂੰ ਲੈ ਕੇ ਲੈਸਟਰ ਦੇ ਪੰਜਾਬੀ ਅਤੇ ਸਿੱਖ ਭਾਈਚਾਰੇ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਲੋਕਾਂ ਨੇ ਇਸ ਨੂੰ ਭਾਈਚਾਰੇ ਲਈ ਮਾਣ ਵਾਲਾ ਅਤੇ ਇਤਿਹਾਸਕ ਪਲ ਦੱਸਿਆ ਹੈ।




## ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਉਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




*Get more BENEFITS at No Cost $0 Premium*



**Rakhra Tax & Immigration**

3073 W Ashlan Ave <> Fresno, CA 93722

Ph. (559) 243-9200,
Fax (559) 549-6211

or visit
www.rakhrataxservice.com
or avtar06@gmail.com





## Balsani Welders & Builders

### We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।



- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।



**S. Iqbal Singh**

844-573-3824 | 510 862 2332

433 W Scotts Ave Stockton, CA 95203

PH: (925) 487-7117

ਸਾਡੇ ਲੋਕ

# ਪਰਮਾਣੂ ਹਥਿਆਰਾਂ ਨਾਲ ਦੁਨੀਆ ਭਰ 'ਚ ਮਚੇਗੀ ਤਬਾਹੀ ! ਜੇ.ਡੀ. ਵੈਂਸ ਨੇ ਜੰਗ ਦੇ ਦਿੱਤੇ ਸੰਕੇਤ



ਵਾਸ਼ਿੰਗਟਨ : ਅਮਰੀਕੀ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ ਹੈ ਕਿ ਜੇਕਰ ਈਰਾਨ ਪਰਮਾਣੂ ਹਥਿਆਰ ਹਾਸਲ ਕਰਦਾ ਹੈ, ਤਾਂ ਇਸ ਨਾਲ ਵਿਸ਼ਵ ਪੱਧਰ 'ਤੇ ਪਰਮਾਣੂ ਹਥਿਆਰਾਂ ਦੀ ਇੱਕ ਭਿਆਨਕ ਦੌੜ ਸ਼ੁਰੂ ਹੋ ਜਾਵੇਗੀ। ਵੈਂਸ ਨੇ ਸਪੱਸ਼ਟ ਕੀਤਾ ਕਿ ਜੇਕਰ ਤਹਿਰਾਨ ਸ਼ਾਂਤੀ ਸਮਝੌਤੇ 'ਤੇ ਪਹੁੰਚਣ ਵਿੱਚ ਅਸਫਲ ਰਹਿੰਦਾ ਹੈ, ਤਾਂ ਅਮਰੀਕਾ ਫੌਜੀ ਮੁਹਿੰਮ ਮੁੜ ਸ਼ੁਰੂ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ।

ਵ੍ਹਾਈਟ ਹਾਊਸ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵੈਂਸ ਨੇ ਇਹ ਟਿੱਪਣੀ ਉਦੋਂ ਕੀਤੀ, ਜਦੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ 'ਤੇ ਹਮਲੇ ਮੁੜ ਸ਼ੁਰੂ ਕਰਨ ਦੇ ਫ਼ੈਸਲੇ ਨੂੰ ਇਕ ਦਿਨ ਪਹਿਲਾਂ ਟਾਲ ਦਿੱਤਾ ਸੀ। ਇਹ ਫੈਸਲਾ ਕਤਰ ਅਤੇ ਸੰਯੁਕਤ ਅਰਬ ਅਮੀਰਾਤ ਸਮੇਤ ਹੋਰ ਅਰਬ ਦੇਸ਼ਾਂ ਦੀ ਅਪੀਲ 'ਤੇ ਲਿਆ ਗਿਆ। ਉਨ੍ਹਾਂ ਦੇਸ਼ਾਂ ਨੇ ਕਿਹਾ ਸੀ ਕਿ ਸ਼ਾਂਤੀ ਵਾਰਤਾ ਵਿਚ ਤਹਿਰਾਨ ਸਹੀ ਰਵੱਈਆ ਅਪਣਾ ਰਿਹਾ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਸਾਡਾ ਮੰਨਣਾ ਹੈ ਕਿ ਈਰਾਨ ਸਮਝੌਤਾ ਕਰਨਾ ਚਾਹੁੰਦਾ ਹੈ। ਰਾਸ਼ਟਰਪਤੀ ਟਰੰਪ ਨੇ ਸਾਨੂੰ ਸਦਭਾਵਨਾ ਭਰਭੂਰ ਗੱਲ਼ਬਾਤ ਕਰਨ ਲਈ ਕਿਹਾ ਸੀ ਅਤੇ ਅਸੀਂ ਠੀਕ ਉਵੇਂ ਹੀ ਕੀਤਾ।

ਵੈਂਸ ਨੇ ਦੱਸਿਆ ਕਿ ਵਾਰਤਾ ਵਿਚ ਆਉਣ ਤੋਂ ਪਹਿਲਾਂ ਉਹ ਟਰੰਪ ਨਾਲ ਮਿਲੇ ਸਨ। ਉਨ੍ਹਾਂ ਨੇ ਕਿਹਾ ਕਿ ਅਸੀਂ ਉਸ ਰਸਤੇ 'ਤੇ ਨਹੀਂ ਜਾਣਾ ਚਾਹੁੰਦੇ ਪਰ ਜੇਕਰ ਲੋੜ ਪਈ ਤਾਂ ਰਾਸ਼ਟਰਪਤੀ ਉਸ ਰਸਤੇ 'ਤੇ ਜਾਣ ਲਈ ਤਿਆਰ ਹਨ ਅਤੇ ਉਹ ਇਸ ਵਿਚ ਸਮਰੱਥ ਵੀ ਹਨ। ਵੈਂਸ ਨੇ ਕਿਹਾ ਕਿ ਅਮਰੀਕਾ ਕੋਲ ਸਧਾਰਨ ਪ੍ਰਸਤਾਵ ਹੈ ਅਤੇ ਅੱਗੇ ਵਧਣ ਦੇ ਦੋ ਰਸਤੇ ਹਨ। ਉਨ੍ਹਾਂ ਨੇ ਕਿਹਾ ਕਿ ਈਰਾਨ ਪਰਮਾਣੂ ਹਥਿਆਰ ਨਹੀਂ ਰੱਖ ਸਕਦਾ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਈਰਾਨ ਨੇ ਪਰਮਾਣੂ ਤਾਕਤ ਹਾਸਲ ਕਰ ਲਈ, ਤਾਂ ਹੋਰ ਦੇਸ਼ ਵੀ ਇਸੇ ਰਾਹ ਪੈ ਜਾਣਗੇ, ਜਿਸ ਨਾਲ ਪੂਰੀ ਦੁਨੀਆ ਵਿੱਚ ਅਸਥਿਰਤਾ ਪੈਦਾ ਹੋਵੇਗੀ। ਉਨ੍ਹਾਂ ਮੁਤਾਬਕ ਈਰਾਨ ਉਹ 'ਪਹਿਲੀ ਕੜੀ' ਸਾਬਤ ਹੋ ਸਕਦਾ ਹੈ ਜੋ ਪੂਰੀ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਦੀ ਜੰਗ ਨੂੰ ਜਨਮ ਦੇਵੇਗਾ। ਉਨ੍ਹਾਂ ਸਾਫ਼ ਕਰ ਦਿੱਤਾ ਕਿ ਅਮਰੀਕਾ ਈਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗਾ।

### ਮਹਾਯੁੱਧ ਦਾ ਫਿਲਹਾਲ ਖ਼ਤਰਾ ਟਲਿਆ

# ਅਰਬ ਦੇਸ਼ਾਂ ਦੀ ਅਪੀਲ 'ਤੇ ਟਰੰਪ ਨੇ ਈਰਾਨ ਖ਼ਿਲਾਫ਼ ਹਮਲਾ ਰੋਕਿਆ

ਦੁਨੀਆ 'ਤੇ ਮੰਡਰਾ ਰਿਹਾ ਮਹਾਯੁੱਧ ਦਾ ਖਤਰਾ ਫਿਲਹਾਲ ਟਲ ਗਿਆ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਨੇ ਈਰਾਨ 'ਤੇ ਹੋਣ ਵਾਲੇ ਯੋਜਨਾਬੱਧ ਫੌਜੀ ਹਮਲੇ ਨੂੰ ਮੁਲਤਵੀ ਕਰ ਦਿੱਤਾ ਹੈ। ਇਹ ਵੱਡਾ ਫੈਸਲਾ ਮੱਧ ਪੂਰਬ ਦੇ ਸ਼ਕਤੀਸ਼ਾਲੀ ਦੇਸ਼ਾਂ ਦੇ ਨੇਤਾਵਾਂ ਦੀ ਵਿਚੋਲਗੀ ਅਤੇ ਨਿੱਜੀ ਬੇਨਤੀ ਤੋਂ ਬਾਅਦ ਲਿਆ ਗਿਆ ਹੈ।

**ਅਰਬ ਨੇਤਾਵਾਂ ਦੀ ਵਿਚੋਲਗੀ ਰੰਗ ਲਿਆਈ** : ਰਾਸ਼ਟਰਪਤੀ ਟਰੰਪ ਨੇ ਜਾਣਕਾਰੀ ਦਿੱਤੀ ਕਿ ਕਤਰ ਦੇ ਅਮੀਰ ਤਮੀਮ ਬਿਨ ਹਮਦ ਅਲ ਥਾਨੀ, ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਤੇ ਯੂ.ਏ.ਈ. ਦੇ ਰਾਸ਼ਟਰਪਤੀ ਮੁਹੰਮਦ ਬਿਨ ਜਾਇਦ ਅਲ ਨਾਹਯਾਨ ਨੇ ਉਨ੍ਹਾਂ ਨਾਲ ਨਿੱਜੀ ਤੌਰ 'ਤੇ ਸੰਪਰਕ ਕੀਤਾ ਸੀ। ਇਨ੍ਹਾਂ ਨੇਤਾਵਾਂ ਨੇ



ਅਪੀਲ ਕੀਤੀ ਕਿ ਇਸ ਸਮੇਂ ਗੰਭੀਰ ਗੱਲਬਾਤ (Negotiations) ਚੱਲ ਰਹੀ ਹੈ ਅਤੇ ਉਨ੍ਹਾਂ ਦੀ ਰਾਏ ਵਿੱਚ ਇੱਕ ਅਜਿਹਾ ਸਮਝੌਤਾ ਹੋ ਸਕਦਾ ਹੈ, ਜੋ ਅਮਰੀਕਾ ਅਤੇ ਪੂਰੇ ਮੱਧ ਪੂਰਬ ਲਈ ਪ੍ਰਵਾਨਯੋਗ ਹੋਵੇਗਾ।

**'ਨੋ ਨਿਊਕਲੀਅਰ ਵੈਪਨਜ਼' ਦੀ ਸ਼ਰਤ 'ਤੇ ਹੋਵੇਗਾ ਸਮਝੌਤਾ** : ਟਰੰਪ ਨੇ ਸਪੱਸ਼ਟ ਕੀਤਾ ਹੈ ਕਿ ਇਸ ਸੰਭਾਵੀ ਸਮਝੌਤੇ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਇਹ ਹੋਵੇਗਾ ਕਿ ਈਰਾਨ ਕੋਲ ਕੋਈ ਪਰਮਾਣੂ ਹਥਿਆਰ ਨਹੀਂ ਹੋਣਗੇ। ਅਰਬ ਦੇਸ਼ਾਂ ਦੇ ਨੇਤਾਵਾਂ ਪ੍ਰਤੀ ਸਨਮਾਨ ਜਤਾਉਂਦੇ ਹੋਏ, ਟਰੰਪ ਨੇ ਆਪਣੇ ਯੁੱਧ ਸਕੱਤਰ ਪੇਟ ਹੇਗਸੇਥ ਅਤੇ ਜੁਆਇੰਟ ਚੀਫਸ ਆਫ ਸਟਾਫ ਦੇ ਚੇਅਰਮੈਨ ਜਨਰਲ ਡੇਨੀਅਲ ਕੇਨ ਨੂੰ ਹਮਲੇ ਦੀ ਯੋਜਨਾ 'ਤੇ ਫਿਲਹਾਲ ਰੋਕ ਲਗਾਉਣ ਦੇ ਨਿਰਦੇਸ਼ ਦਿੱਤੇ ਹਨ।

**ਅਮਰੀਕੀ ਫੌਜ ਨੂੰ 'ਹਾਈ ਅਲਰਟ' 'ਤੇ ਰਹਿਣ ਦੇ ਹੁਕਮ** : ਭਾਵੇਂ ਹਮਲਾ ਟਲ ਗਿਆ ਹੈ, ਪਰ ਰਾਸ਼ਟਰਪਤੀ ਟਰੰਪ ਦੇ ਤੇਵਰ ਅਜੇ ਵੀ ਸਖ਼ਤ ਹਨ। ਉਨ੍ਹਾਂ ਨੇ ਅਮਰੀਕੀ ਫੌਜ ਨੂੰ ਨਿਰਦੇਸ਼ ਦਿੱਤੇ ਹਨ ਕਿ ਜੇਕਰ ਗੱਲਬਾਤ ਰਾਹੀਂ ਕੋਈ ਸਾਰਥਕ ਹੱਲ ਨਹੀਂ ਨਿਕਲਦਾ, ਤਾਂ ਉਹ ਇੱਕ ਪਲ ਦੇ ਨੋਟਿਸ 'ਤੇ ਈਰਾਨ 'ਤੇ ਪੂਰੇ ਅਤੇ ਵੱਡੇ ਪੱਧਰ 'ਤੇ ਹਮਲੇ (Large scale assault) ਲਈ ਪੂਰੀ ਤਰ੍ਹਾਂ ਤਿਆਰ ਰਹਿਣ।

### ਅਮਰੀਕਾ ਨੇ ਕੈਨੇਡਾ ਨੂੰ ਦਿੱਤਾ ਵੱਡਾ ਝਟਕਾ !

# ਪੈਂਟਾਗਨ ਨੇ ਦਹਾਕਿਆਂ ਪੁਰਾਣੀ ਰੱਖਿਆ ਸਾਂਝੇਦਾਰੀ 'ਤੇ ਲਾਈ ਰੋਕ

ਅਮਰੀਕਾ ਨੇ ਕੈਨੇਡਾ ਨਾਲ ਆਪਣੇ ਰਣਨੀਤਕ ਸਬੰਧਾਂ ਵਿੱਚ ਵੱਡੀ ਕਟੌਤੀ ਕਰਦਿਆਂ ਦੂਜੀ ਸੰਸਾਰ ਜੰਗ ਦੇ ਸਮੇਂ ਤੋਂ ਚੱਲੇ ਆ ਰਹੇ 'ਸੰਯੁਕਤ ਰੱਖਿਆ ਬੋਰਡ' ਵਿੱਚ ਆਪਣੀ ਭਾਗੀਦਾਰੀ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤੀ ਹੈ। ਅਮਰੀਕੀ ਰੱਖਿਆ ਵਿਭਾਗ, ਪੈਂਟਾਗਨ ਨੇ ਇਹ ਸਖ਼ਤ ਕਦਮ



ਕੈਨੇਡਾ ਵੱਲੋਂ ਰੱਖਿਆ ਖਰਚਿਆਂ ਨੂੰ ਵਧਾਉਣ ਦੇ ਵਾਅਦਿਆਂ 'ਤੇ 'ਭਰੋਸੇਯੋਗ ਪ੍ਰਗਤੀ' ਨਾ ਦਿਖਾਉਣ ਕਾਰਨ ਚੁੱਕਿਆ ਹੈ।

**ਵਾਅਦਿਆਂ ਅਤੇ ਹਕੀਕਤ ਵਿੱਚ ਪਾੜਾ**

ਅਮਰੀਕੀ ਰੱਖਿਆ ਉਪ-ਸਕੱਤਰ ਐਲਬ੍ਰਿਜ ਕੋਲਬੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (X) 'ਤੇ ਇਸ ਫੈਸਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅਮਰੀਕਾ ਹੁਣ 'ਵਾਅਦਿਆਂ ਅਤੇ ਹਕੀਕਤ ਵਿਚਕਾਰਲੇ ਪਾੜੇ' ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵੱਡੀਆਂ ਸ਼ਕਤੀਆਂ ਨੂੰ ਸਾਂਝੀ ਸੁਰੱਖਿਆ ਦੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਆਪਣੇ ਵਚਨਾਂ 'ਤੇ ਖਰਾ ਉਤਰਨਾ ਚਾਹੀਦਾ ਹੈ। ਦੱਸਣਯੋਗ ਹੈ ਕਿ ਕੈਨੇਡਾ ਸਮੇਤ ਕਈ ਨਾਟੋ (NATO) ਦੇਸ਼ਾਂ ਨੇ 2035 ਤੱਕ ਆਪਣੀ ਜੀ.ਡੀ.ਪੀ. (GDP) ਦਾ 5 ਫੀਸਦੀ ਰੱਖਿਆ 'ਤੇ ਖਰਚਣ ਦਾ ਸੰਕਲਪ ਲਿਆ ਸੀ।

**ਇਤਿਹਾਸਕ ਸਾਂਝੇਦਾਰੀ 'ਤੇ ਸੰਕਟ**

ਇਹ ਸੰਯੁਕਤ ਰੱਖਿਆ ਬੋਰਡ 1940 ਵਿੱਚ ਉੱਤਰੀ ਅਮਰੀਕਾ ਦੀ ਸਮੂਹਿਕ ਸੁਰੱਖਿਆ ਅਤੇ ਸਰਹੱਦੀ ਤਾਲਮੇਲ ਲਈ ਬਣਾਇਆ ਗਿਆ ਸੀ। ਪੈਂਟਾਗਨ ਹੁਣ ਇਸ ਬੋਰਡ ਦੀ ਪ੍ਰਭਾਵਸ਼ੀਲਤਾ ਦੀ ਸਮੀਖਿਆ ਕਰੇਗਾ। ਮਾਹਿਰਾਂ ਅਨੁਸਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲੰਬੇ ਸਮੇਂ ਤੋਂ ਇਸ ਗੱਲੋਂ ਨਾਰਾਜ਼ ਹਨ ਕਿ ਰੱਖਿਆ ਦਾ ਸਾਰਾ ਬੋਝ ਅਮਰੀਕਾ ਚੁੱਕ ਰਿਹਾ ਹੈ, ਜਦਕਿ ਕੈਨੇਡਾ ਵਰਗੇ ਸਹਿਯੋਗੀ ਦੇਸ਼ ਲੋੜੀਂਦਾ ਨਿਵੇਸ਼ ਨਹੀਂ ਕਰ ਰਹੇ।

**ਵਧਦਾ ਕੂਟਨੀਤਕ ਤਣਾਅ**

ਟਰੰਪ ਪ੍ਰਸ਼ਾਸਨ ਅਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਿਚਾਲੇ ਵਧਦੀ ਤਲਖ਼ੀ ਅਤੇ ਵਪਾਰਕ ਸਮਝੌਤਿਆਂ (Tariffs) ਨੂੰ ਲੈ ਕੇ ਚੱਲ ਰਿਹਾ ਵਿਵਾਦ ਵੀ ਇਸ ਫੈਸਲੇ ਪਿੱਛੇ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਜਿੱਥੇ ਅਮਰੀਕੀ ਸੰਸਦ ਮੈਂਬਰ ਡੌਨ ਬੇਕਨ ਵਰਗੇ ਆਗੂਆਂ ਨੇ ਇਸ ਫੈਸਲੇ ਦੀ ਆਲੋਚਨਾ ਕਰਦਿਆਂ ਗੁਆਂਢੀ ਦੇਸ਼ ਨਾਲ ਸਬੰਧਾਂ ਨੂੰ ਸ਼ਾਂਤ ਦਿਮਾਗ ਨਾਲ ਸੰਭਾਲਣ ਦੀ ਸਲਾਹ ਦਿੱਤੀ ਹੈ, ਉੱਥੇ ਹੀ ਪੈਂਟਾਗਨ ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਇਸ ਤੋਂ ਇਲਾਵਾ ਉਨ੍ਹਾਂ ਕੋਲ ਕਹਿਣ ਲਈ ਕੁਝ ਹੋਰ ਨਹੀਂ ਹੈ। ਇਹ ਕਦਮ ਯੂਰਪ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਅਤੇ ਹੋਰ ਅੰਤਰਰਾਸ਼ਟਰੀ ਸਮਝੌਤਿਆਂ ਵਿੱਚ ਬਦਲਾਅ ਦੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ।

### ਪੜ੍ਹਾਈ ਖ਼ਤਮ ਹੁੰਦਿਆਂ ਹੀ ਛੱਡਣਾ ਪਏਗਾ ਅਮਰੀਕਾ !

# ਲੱਖਾਂ ਭਾਰਤੀ ਵਿਦਿਆਰਥੀਆਂ 'ਤੇ ਲਟਕੀ ਤਲਵਾਰ

ਸਾਲਾਂ ਤੋਂ ਲੱਖਾਂ ਭਾਰਤੀ ਵਿਦਿਆਰਥੀਆਂ ਲਈ ਅਮਰੀਕਾ ਸਿਰਫ਼ ਪੜ੍ਹਾਈ ਦਾ ਟਿਕਾਣਾ ਨਹੀਂ ਸਗੋਂ ਸੁਨਹਿਰੀ ਭਵਿੱਖ ਦੀ ਟਿਕਟ ਮੰਨਿਆ ਜਾਂਦਾ ਰਿਹਾ ਹੈ। ਅਮਰੀਕੀ ਯੂਨੀਵਰਸਿਟੀ ਦੀ ਡਿਗਰੀ, ਆਪਸ਼ਨਲ ਪ੍ਰੈਕਟੀਕਲ ਟਰੇਨਿੰਗ ਭਾਵ ਓ.ਪੀ.ਟੀ. ਦੇ ਤਹਿਤ ਨੌਕਰੀ, ਫਿਰ ਐੱਚ-1-ਬੀ ਵੀਜ਼ਾ ਅਤੇ ਆਖਰਕਾਰ ਗ੍ਰੀਨ ਕਾਰਡ ਹਾਸਲ ਕਰਨ ਲਈ ਭਾਰਤੀ ਕਰੋੜਾਂ ਰੁਪਏ ਖਰਚ ਕਰ ਕੇ ਬੱਚਿਆਂ ਨੂੰ ਵਿਦੇਸ਼ ਭੇਜਦੇ ਰਹੇ ਹਨ ਪਰ ਹੁਣ ਇਸ ਪੂਰੇ ਸਿਸਟਮ 'ਤੇ ਸੰਕਟ ਦੇ ਬੱਦਲ ਮੰਡਰਾ ਰਹੇ ਹਨ।

ਅਮਰੀਕੀ ਪ੍ਰਸ਼ਾਸਨ ਨੇ ਓ.ਪੀ.ਟੀ. ਪ੍ਰੋਗਰਾਮ ਨੂੰ ਧੋਖਾਦੇਹੀ ਦਾ ਅੱਡਾ ਦੱਸਦਿਆਂ ਇਸ 'ਤੇ ਵੱਡਾ ਸ਼ਿਕੰਜਾ ਕੱਸਣਾ ਸ਼ੁਰੂ ਕਰ ਦਿੱਤਾ ਹੈ। ਅਮਰੀਕੀ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈ.ਸੀ.ਈ.) ਨੇ ਕਰੀਬ 10 ਹਜ਼ਾਰ ਮਾਮਲਿਆਂ ਵਿਚ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਵਿਚ ਫ਼ਰਜ਼ੀ ਨੌਕਰੀਆਂ, ਕਾਗਜ਼ੀ ਕੰਪਨੀਆਂ ਅਤੇ 'ਪੇਅ-ਟੂ-ਸਟੇਅ' ਨੈੱਟਵਰਕ ਸ਼ਾਮਲ ਹਨ।

**ਕੀ ਹੈ ਓ.ਪੀ.ਟੀ. ਅਤੇ ਭਾਰਤੀ ਵਿਦਿਆਰਥੀਆਂ ਲਈ ਕਿਉਂ ਜ਼ਰੂਰੀ ?**

ਓ.ਪੀ.ਟੀ. ਅਮਰੀਕੀ ਵਿਦਿਆਰਥੀ ਵੀਜ਼ਾ ਐੱਫ-1 'ਤੇ ਪੜ੍ਹ ਰਹੇ ਵਿਦੇਸ਼ੀ ਵਿਦਿਆਰਥੀਆਂ ਨੂੰ ਡਿਗਰੀ ਪੂਰੀ ਕਰਨ ਤੋਂ ਬਾਅਦ ਅਮਰੀਕਾ ਵਿਚ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ। ਆਮ ਵਿਦਿਆਰਥੀਆਂ ਨੂੰ 12 ਮਹੀਨੇ ਅਤੇ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ (ਐੱਸ.ਟੀ.ਈ.ਐੱਮ.) ਵਿਸ਼ਿਆਂ ਦੇ ਵਿਦਿਆਰਥੀਆਂ ਨੂੰ ਵਾਧੂ 24 ਮਹੀਨਿਆਂ ਤੱਕ ਕੰਮ ਕਰਨ ਦਾ ਮੌਕਾ ਮਿਲਦਾ ਹੈ।

ਭਾਰਤੀ ਵਿਦਿਆਰਥੀਆਂ ਲਈ ਇਹ ਸਿਰਫ਼ ਨੌਕਰੀ ਦਾ ਮੌਕਾ ਨਹੀਂ, ਸਗੋਂ ਐੱਚ-1-ਬੀ ਵੀਜ਼ਾ ਤੱਕ ਪਹੁੰਚਣ ਦਾ ਸਭ ਤੋਂ ਮਹੱਤਵਪੂਰਨ ਪੁਲ ਮੰਨਿਆ ਜਾਂਦਾ ਹੈ। ਜੇ ਓ.ਪੀ.ਟੀ. ਨਾ ਹੋਵੇ, ਤਾਂ ਜ਼ਿਆਦਾਤਰ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਹੁੰਦੇ ਹੀ ਅਮਰੀਕਾ ਛੱਡਣਾ ਪੈ ਸਕਦਾ ਹੈ।

ਭਾਰਤੀ ਵਿਦਿਆਰਥੀ ਸਭ ਤੋਂ ਵੱਧ ਪ੍ਰਭਾਵਿਤ ਅਮਰੀਕਾ ਵਿਚ ਓ.ਪੀ.ਟੀ. ਪ੍ਰੋਗਰਾਮ ਦਾ ਸਭ ਤੋਂ ਵੱਡਾ ਲਾਭ ਭਾਰਤੀ ਵਿਦਿਆਰਥੀਆਂ ਨੂੰ ਮਿਲਦਾ ਰਿਹਾ ਹੈ। ਤਕਨੀਕੀ ਅਤੇ ਇੰਜੀਨੀਅਰਿੰਗ ਖੇਤਰਾਂ ਵਿਚ ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ ਅਮਰੀਕੀ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ। ਮਾਹਿਰਾਂ ਅਨੁਸਾਰ ਵਰਤਮਾਨ ਵਿਚ ਓ.ਪੀ.ਟੀ. ਦਾ ਲਾਭ ਲੈਣ ਵਾਲਿਆਂ ਵਿਚ ਲੱਗਭਗ ਅੱਧੇ ਭਾਰਤੀ ਵਿਦਿਆਰਥੀ ਹਨ। ਅਜਿਹੇ ਵਿਚ ਅਮਰੀਕੀ ਪ੍ਰਸ਼ਾਸਨ ਦੀ ਸਖ਼ਤੀ ਦਾ ਸਭ ਤੋਂ



ਵੱਡਾ ਅਸਰ ਵੀ ਭਾਰਤੀ ਭਾਈਚਾਰੇ 'ਤੇ ਪੈਣ ਦਾ ਖ਼ਦਸ਼ਾ ਹੈ।

**ਜਾਂਚ ਵਿਚ ਸਾਹਮਣੇ ਆਈਆਂ ਫ਼ਰਜ਼ੀ ਕੰਪਨੀਆਂ**

ਨਿਊਯਾਰਕ ਦੀ ਇਮੀਗ੍ਰੇਸ਼ਨ ਵਕੀਲ ਐਸੇਲ ਵਿਲੀਅਮਜ਼ ਅਨੁਸਾਰ ਅਮਰੀਕੀ ਏਜੰਸੀਆਂ ਦੀ ਜਾਂਚ ਵਿਚ ਕਈ ਅਜਿਹੇ ਪਤੇ ਸਾਹਮਣੇ ਆਏ ਹਨ ਜਿੱਥੇ ਕਾਗਜ਼ਾਂ ਵਿਚ ਸੈਂਕੜੇ ਵਿਦਿਆਰਥੀ ਕੰਮ ਕਰਦੇ ਦਿਖਾਏ ਗਏ ਪਰ ਅਸਲੀਅਤ ਵਿਚ ਉੱਥੇ ਖਾਲੀ ਇਮਾਰਤਾਂ ਜਾਂ ਰਿਹਾਇਸ਼ੀ ਮਕਾਨ ਮਿਲੇ। ਉਨ੍ਹਾਂ ਕਿਹਾ ਕਿ ਕਈ ਕੰਪਨੀਆਂ ਸਿਰਫ਼ ਵਿਦਿਆਰਥੀਆਂ ਦਾ ਵੀਜ਼ਾ ਸਟੇਟਸ ਬਰਕਰਾਰ ਰੱਖਣ ਲਈ ਬਣਾਈਆਂ ਗਈਆਂ ਸਨ ਅਤੇ ਉੱਥੇ ਅਸਲ ਵਿਚ ਕੋਈ ਕੰਮ ਨਹੀਂ ਹੋ ਰਿਹਾ ਸੀ।

**ਅਸਲੀ ਵਿਦਿਆਰਥੀਆਂ 'ਤੇ ਵੀ ਵਧੇਗੀ ਨਿਗਰਾਨੀ**

ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਹੁਣ ਕਾਨੂੰਨੀ ਤਰੀਕੇ ਨਾਲ ਕੰਮ ਕਰ ਰਹੇ ਵਿਦਿਆਰਥੀਆਂ ਨੂੰ ਵੀ ਵਾਧੂ ਜਾਂਚ ਦਾ ਸਾਹਮਣਾ ਕਰਨਾ ਪਵੇਗਾ। ਵਿਦਿਆਰਥੀਆਂ ਤੋਂ ਨੌਕਰੀ ਦੇ ਆਫਰ ਲੈਟਰ, ਤਨਖਾਹ ਸਲਿੱਪ, ਟਰੇਨਿੰਗ ਰਿਕਾਰਡ, ਕੰਮ ਵਾਲੀ ਥਾਂ ਦਾ ਸਬੂਤ ਅਤੇ ਰੋਜ਼ਾਨਾ ਦੇ ਕੰਮਾਂ ਦਾ ਵੇਰਵਾ ਮੰਗਿਆ ਜਾ ਸਕਦਾ ਹੈ। ਅਧਿਕਾਰੀਆਂ ਦੀ ਕੋਸ਼ਿਸ਼ ਇਹ ਯਕੀਨੀ ਬਣਾਉਣ ਦੀ ਹੋਵੇਗੀ ਕਿ ਵਿਦਿਆਰਥੀ ਅਸਲ ਵਿਚ ਉਸੇ ਖੇਤਰ ਵਿੱਚ ਕੰਮ ਕਰ ਰਹੇ ਹਨ, ਜਿਸ ਦੀ ਉਨ੍ਹਾਂ ਨੇ ਪੜ੍ਹਾਈ ਕੀਤੀ ਹੈ।

**ਕੀ ਖ਼ਤਮ ਹੋ ਸਕਦਾ ਹੈ ਓ.ਪੀ.ਟੀ. ਪ੍ਰੋਗਰਾਮ ?**

ਮਾਹਿਰਾਂ ਦਾ ਮੰਨਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਪੂਰੀ ਤਰ੍ਹਾਂ ਓ.ਪੀ.ਟੀ. ਖ਼ਤਮ ਨਹੀਂ ਕਰ ਸਕੇਗਾ ਪਰ ਇਸ ਦੇ ਨਿਯਮ ਬੇਹੱਦ ਸਖ਼ਤ ਕੀਤੇ ਜਾ ਸਕਦੇ ਹਨ। ਪ੍ਰਸਤਾਵਿਤ ਬਦਲਾਵਾਂ ਵਿਚ ਵਿਦਿਆਰਥੀਆਂ ਦੀ ਗ੍ਰੇਸ ਪੀਰੀਅਡ ਦੀ ਮਿਆਦ ਘਟਾਉਣਾ, ਵਾਧੂ ਦਸਤਾਵੇਜ਼ ਮੰਗਣਾ ਅਤੇ ਵੀਜ਼ਾ ਸਟੇਟਸ ਖ਼ਤਮ ਹੁੰਦੇ ਹੀ "ਅਨਲਾਫੁਲ ਪ੍ਰੈਜ਼ੈਂਸ" ਲਾਗੂ ਕਰਨਾ ਸ਼ਾਮਲ ਹੈ। ਜੇ ਅਜਿਹਾ ਹੋਇਆ ਤਾਂ ਵਿਦਿਆਰਥੀਆਂ 'ਤੇ ਜਲਦੀ ਨੌਕਰੀ ਲੱਭਣ ਜਾਂ ਅਮਰੀਕਾ ਛੱਡਣ ਦਾ ਦਬਾਅ ਕਾਫ਼ੀ ਵੱਧ ਜਾਵੇਗਾ।

**ਐੱਚ-1-ਬੀ ਕਰਮਚਾਰੀਆਂ ਦੀਆਂ ਵੀ ਵਧੀਆਂ ਮੁਸ਼ਕਲਾਂ**

ਅਮਰੀਕਾ ਵਿਚ ਪਹਿਲਾਂ ਤੋਂ ਕੰਮ ਕਰ ਰਹੇ ਐੱਚ-1-ਬੀ ਕਰਮਚਾਰੀਆਂ ਦੀਆਂ ਚਿੰਤਾਵਾਂ ਵੀ ਵਧ ਗਈਆਂ ਹਨ। ਨੌਕਰੀ ਗੁਆਉਣ ਤੋਂ ਬਾਅਦ ਨਵੀਂ ਨੌਕਰੀ ਲੱਭਣ ਲਈ ਮਿਲਣ ਵਾਲੀ 60 ਦਿਨਾਂ ਦੀ ਮਿਆਦ ਹੁਣ ਪਹਿਲਾਂ ਜਿੰਨੀ ਸੁਰੱਖਿਅਤ ਨਹੀਂ ਮੰਨੀ ਜਾ ਰਹੀ। ਇਮੀਗ੍ਰੇਸ਼ਨ ਮਾਹਰ ਰਾਜੀਵ ਖੰਨਾ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਹੁਣ ਵਿਜ਼ਿਟਰ ਵੀਜ਼ਾ ਵਿਚ ਬਦਲਾਅ ਮੰਗਣ ਵਾਲੀਆਂ ਅਰਜ਼ੀਆਂ 'ਤੇ ਵੀ ਸਖ਼ਤ ਜਾਂਚ ਕਰ ਰਿਹਾ ਹੈ। ਇਸ ਨਾਲ ਕਈ ਕਰਮਚਾਰੀਆਂ ਲਈ ਅਮਰੀਕਾ ਛੱਡਣਾ ਲੱਗਭਗ "ਵਨ-ਵੇਅ ਡੋਰ" ਵਰਗਾ ਬਣ ਗਿਆ ਹੈ।

**ਵਿਦਿਆਰਥੀਆਂ ਨੂੰ ਕੀ ਸਲਾਹ ਦੇ ਰਹੇ ਹਨ ਮਾਹਿਰ ?**

ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤੀ ਵਿਦਿਆਰਥੀਆਂ ਨੂੰ ਹੁਣ ਅਮਰੀਕਾ ਵਿਚ ਪੜ੍ਹਾਈ ਦੇ ਨਿਵੇਸ਼ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਦਾ ਗੰਭੀਰਤਾ ਨਾਲ ਮੁਲਾਂਕਣ ਕਰਨਾ ਚਾਹੀਦਾ ਹੈ। ਇਮੀਗ੍ਰੇਸ਼ਨ ਵਕੀਲ ਵਿਦਿਆਰਥੀਆਂ ਨੂੰ ਓ-1 ਵੀਜ਼ਾ, ਕੈਪ-ਐਗਜ਼ੈਂਪਟ ਐੱਚ-1-ਬੀ, ਈ.ਬੀ.-1-ਏ ਅਤੇ ਨੈਸ਼ਨਲ ਇੰਟਰਸਟ ਵੇਵਰ ਵਰਗੇ ਬਦਲਵੇਂ ਰਸਤਿਆਂ 'ਤੇ ਵਿਚਾਰ ਕਰਨ ਦੀ ਸਲਾਹ ਦੇ ਰਹੇ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਬਦਲਦੇ ਅਮਰੀਕੀ ਮਾਹੌਲ ਵਿਚ ਸਿਰਫ਼ ਡਿਗਰੀ ਹਾਸਲ ਕਰਨਾ ਹੀ ਕਾਫ਼ੀ ਨਹੀਂ ਹੋਵੇਗਾ, ਸਗੋਂ ਵਿਦਿਆਰਥੀਆਂ ਨੂੰ ਕਾਨੂੰਨੀ ਅਤੇ ਕਰੀਅਰ ਦੀ ਰਣਨੀਤੀ ਪਹਿਲਾਂ ਤੋਂ ਹੀ ਤਿਆਰ ਰੱਖਣੀ ਹੋਵੇਗੀ।

**ਭਾਰਤੀ ਆਈ.ਟੀ. ਕੰਪਨੀਆਂ 'ਤੇ ਵੀ ਨਜ਼ਰ**

ਮਾਹਿਰਾਂ ਦਾ ਕਹਿਣਾ ਹੈ ਕਿ ਅਮਰੀਕੀ ਏਜੰਸੀਆਂ ਹੁਣ ਉਨ੍ਹਾਂ ਕੰਪਨੀਆਂ ਦੀ ਵਿਸ਼ੇਸ਼ ਜਾਂਚ ਕਰ ਸਕਦੀਆਂ ਹਨ ਜਿੱਥੇ ਵੱਡੀ ਗਿਣਤੀ ਵਿਚ ਓ.ਪੀ.ਟੀ. ਵਿਦਿਆਰਥੀ ਕੰਮ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਭਾਰਤੀ ਆਈ.ਟੀ. ਕੰਪਨੀਆਂ, ਸਟਾਫਿੰਗ ਏਜੰਸੀਆਂ ਅਤੇ ਥਰਡ-ਪਾਰਟੀ ਪਲੇਸਮੈਂਟ ਕੰਪਨੀਆਂ ਸਰਕਾਰ ਦੀ ਨਿਗਰਾਨੀ ਹੇਠ ਆ ਸਕਦੀਆਂ ਹਨ। ਪ੍ਰਸ਼ਾਸਨ ਨੂੰ ਖ਼ਦਸ਼ਾ ਹੈ ਕਿ ਕੁਝ ਕੰਪਨੀਆਂ ਸਿਰਫ਼ ਵੀਜ਼ਾ ਬਚਾਉਣ ਲਈ ਵਿਦਿਆਰਥੀਆਂ ਨੂੰ ਕਾਗਜ਼ਾਂ ਵਿਚ ਰੁਜ਼ਗਾਰ ਦੇ ਰਹੀਆਂ ਹਨ।

### ਅਮਰੀਕਾ-ਈਰਾਨ ਜੰਗ ਦਾ ਅਸਰ

# ਅਮਰੀਕਾ 'ਚ ਮਹਿੰਗਾਈ ਨੇ ਕੀਤੇ ਲੋਕ ਪ੍ਰੇਸ਼ਾਨ




ਸਿਆਟਲ : ਅਮਰੀਕਾ-ਇਜ਼ਰਾਈਲ ਤੇ ਈਰਾਨ ਜੰਗ ਦੇ ਕਾਰਨ ਬਾਕੀ ਮੁਲਕਾਂ ਦੇ ਨਾਲ-ਨਾਲ ਇਸ ਵੇਲੇ ਅਮਰੀਕਾ ਵਿਚ ਵੀ ਮਹਿੰਗਾਈ ਨੇ ਲੋਕਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ ਵਿਚ ਹੋ ਰਿਹਾ ਬੇਤਹਾਸ਼ਾ ਵਾਧਾ ਲੋਕਾਂ ਦੀ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ। ਜਿਹੜਾ ਪੈਟਰੋਲ ਪਹਿਲਾਂ ਸਾਢੇ ਤਿੰਨ ਡਾਲਰ ਗੈਲਨ ਸੀ, ਹੁਣ ਉਹ ਤਕਰੀਬਨ ਸਾਢੇ ਛੇ-ਸੱਤ ਡਾਲਰ ਤੋਂ ਪਾਰ ਹੋ ਗਿਆ ਹੈ। ਡੀਜ਼ਲ ਦੀਆਂ ਕੀਮਤਾਂ ਵੀ ਦੁੱਗਣੀਆਂ ਤੋਂ ਜ਼ਿਆਦਾ ਹਨ। ਟਰਾਂਸਪੋਰਟ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਣ ਕਾਰਨ ਖਾਣ-ਪੀਣ ਤੇ ਕਰਿਆਨੇ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋ ਗਿਆ ਹੈ। ਭਾਰਤ ਸਮੇਤ ਦੂਸਰੇ ਮੁਲਕਾਂ ਤੋਂ ਆਉਣ ਵਾਲਾ ਖਾਣ-ਪੀਣ ਦਾ ਸਾਮਾਨ ਤੇ ਬਾਕੀ ਵਸਤੂਆਂ ਵਿਚ ਵੀ ਭਾਰੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਭਾਰਤੀ ਕਰਿਆਨੇ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ। ਭਾਰਤੀ ਕਰਿਆਨੇ ਦਾ ਥੋਕ ਕਾਰੋਬਾਰ ਕਰਨ ਵਾਲੇ ਡਿਸਟਰੀਬਿਊਟਰਾਂ ਨੇ ਕਿਹਾ ਕਿ ਉਨ੍ਹਾਂ ਨੇ ਵਾਧਾ ਤਾਂ ਕੀਤਾ ਹੈ ਪਰ ਹਿਸਾਬ ਨਾਲ, ਪਰ ਕਰਿਆਨੇ ਦੇ ਰਿਟੇਲ ਕਾਰੋਬਾਰੀਆਂ ਨੇ ਇਕਦਮ ਕੀਮਤਾਂ ਚੱਕ ਦਿੱਤੀਆਂ। ਪੈਟਰੋਲ ਦੀਆਂ ਵਧੀਆ ਕੀਮਤਾਂ ਕਾਰਨ ਲੋਕਾਂ ਦਾ ਰੁਝਾਨ ਹੁਣ ਇਲੈਕਟ੍ਰਿਕ ਵਾਹਨਾਂ ਵੱਲ ਵੱਧ ਰਿਹਾ ਹੈ, ਜਿਸ ਕਾਰਨ ਬੀਤੇ ਕੁਝ ਦਿਨਾਂ ਤੋਂ ਇਲੈਕਟਿ ?ਕ ਕਾਰਾਂ ਦੀ ਵਿਕਰੀ ਵਿਚ ਭਾਰੀ ਵਾਧਾ ਹੋ ਰਿਹਾ ਹੈ। ਮਹਿੰਗਾਈ ਵਧਣ ਕਾਰਨ ਰੈਸਟੋਰੈਂਟਾਂ ਦੇ ਖਾਣਿਆਂ ਦੀਆਂ ਕੀਮਤਾਂ ਵਿਚ ਵਾਧਾ ਦੇਖਣ ਨੂੰ ਮਿਲਿਆ ਹੈ।

# ਭਾਰਤੀ ਮੂਲ ਦਾ ਰੋਹਿਤ ਚੋਪੜਾ ਖੱਪਤਕਾਰ ਏਜੰਸੀ ਦਾ ਮੁਖੀ ਨਿਯੁਕਤ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਭਾਰਤੀ ਮੂਲ ਦੇ ਰੋਹਿਤ ਚੋਪੜਾ ਨੂੰ ਨਵੀਂ ਬਣਾਈ ਕੰਜਿਊਮਰ ਵਾਚਡੌਗ  ਏਜੰਸੀ ਦੇ ਮੁੱਖੀ ਨਿਯੁਕਤ ਕੀਤਾ ਹੈ। ਚੋਪੜਾ ਕੰਜਿਊਮਰ ਫਾਇਨਾਂਸ਼ੀਅਲ ਪ੍ਰੋਟੈਕਸ਼ਨ ਬਿਊਰੋ ਦੇ ਸਾਬਕਾ ਮੁਖੀ ਹਨ। ਟਰੰਪ ਪ੍ਰਸ਼ਾਸਨ ਤਹਿਤ ਸੰਘੀ ਪੱਧਰ 'ਤੇ  ਹੋ ਰਹੀਆਂ ਤਬਦੀਲੀਆਂ ਦੇ ਦਰਮਿਆਨ ਗਵਰਨਰ ਨਿਊਸੋਮ ਕੈਲੀਫੋਰਨੀਆ ਦੇ ਖਪਤਕਾਰਾਂ ਦੇ ਹਿੱਤਾਂ ਨੂੰ ਸੁਰੱਖਿਅਤ ਕਰਨਾ ਚਹੁੰਦੇ ਹਨ। ਨਿਊਸੋਮ ਨੇ ਕਿਹਾ ਹੈ ਕਿ ਚੋਪੜਾ ਇਕ ਮਜਬੂਤ ਤੇ ਨਿਡਰ ਆਗੂ ਹਨ ਜੋ ਖਪਤਕਾਰਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੇ ਸਮਰੱਥ ਹਨ। ਆਪਣੀ ਨਿਯੁਕਤੀ ਉਪਰੰਤ ਚੋਪੜਾ ਨੇ ਜਾਰੀ ਇਕ ਬਿਆਨ ਵਿੱਚ ਕਿਹਾ ਹੈ ਕਿ ਸੰਘੀ ਤਰਜੀਹਾਂ ਬਦਲਣ ਦੇ ਬਾਵਜੂਦ ਕੈਲੀਫੋਰਨੀਆ ਪਰਿਵਾਰਾਂ ਤੇ ਛੋਟੇ ਕਾਰੋਬਾਰੀਆਂ ਦੀ ਹਿਫਾਜ਼ਤ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਰਖੇਗਾ।

### ਟਰੰਪ ਦੀ ਇਰਾਨ ਨੂੰ ਆਖਰੀ ਚਿਤਾਵਨੀ

# ਉਲਟੀ ਗਿਣਤੀ ਸ਼ੁਰੂ, ਨਾਮੋ-ਨਿਸ਼ਾਨ ਮਿਟਾ ਦਿਆਂਗੇ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਲੈ ਕੇ ਇੱਕ ਵਾਰ ਫਿਰ ਬੇਹੱਦ ਸਖ਼ਤ ਰੁਖ ਅਖਤਿਆਰ ਕੀਤਾ ਹੈ। ਟਰੰਪ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਰਾਨ ਨੇ ਜਲਦੀ ਸਮਝੌਤਾ ਨਾ ਕੀਤਾ ਤਾਂ ਉਸ ਦਾ ਕੁਝ ਵੀ ਬਾਕੀ ਨਹੀਂ ਬਚੇਗਾ।

ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਪੋਸਟ ਕਰਦਿਆਂ ਲਿਖਿਆ, 'ਇਰਾਨ ਲਈ ਘੜੀ ਦੀ ਟਿਕ-ਟਿਕ (Clock ticking) ਸ਼ੁਰੂ ਹੋ ਚੁੱਕੀ ਹੈ ਅਤੇ ਉਨ੍ਹਾਂ ਨੂੰ ਤੇਜ਼ੀ ਨਾਲ ਕਦਮ ਚੁੱਕਣੇ ਚਾਹੀਦੇ ਹਨ'। ਉਨ੍ਹਾਂ ਅੱਗੇ ਕਿਹਾ ਕਿ ਇਰਾਨ ਲਈ ਸਮਾਂ ਬਹੁਤ ਮਹੱਤਵਪੂਰਨ ਹੈ ਅਤੇ ਦੇਰੀ ਹੋਣ ਦੀ ਸੂਰਤ ਵਿੱਚ ਇਰਾਨ ਦਾ ਹੋਂਦ ਖਤਰੇ ਵਿੱਚ ਪੈ ਸਕਦਾ ਹੈ।

ਟਰੰਪ ਦੀ ਇਹ ਤਾਜ਼ਾ ਧਮਕੀ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਹੋਈ ਗੱਲਬਾਤ ਤੋਂ ਕੁਝ ਘੰਟੇ ਬਾਅਦ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਨੇ ਇਰਾਨ ਦੇ ਸਾਹਮਣੇ 5 ਮੁੱਖ ਸ਼ਰਤਾਂ ਰੱਖੀਆਂ ਸਨ, ਜਿਸ ਵਿੱਚ ਯੂਰੇਨੀਅਮ ਨੂੰ ਵਾਸ਼ਿੰਗਟਨ ਟਰਾਂਸਫਰ ਕਰਨਾ ਅਤੇ ਪ੍ਰਮਾਣੂ ਪ੍ਰੋਗਰਾਮ 'ਤੇ ਸੀਮਾਵਾਂ ਲਗਾਉਣਾ ਸ਼ਾਮਲ ਹੈ। ਹਾਲਾਂਕਿ, ਇਰਾਨ ਵੱਲੋਂ ਇਨ੍ਹਾਂ ਸ਼ਰਤਾਂ 'ਤੇ ਕੋਈ ਖਾਸ ਉਤਸ਼ਾਹ ਨਹੀਂ ਦਿਖਾਇਆ ਗਿਆ।

ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਅਤੇ ਜੰਗ ਵਰਗੀ ਸਥਿਤੀ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਤੇਜ਼ੀ ਨਾਲ ਵਧ ਰਹੀਆਂ ਹਨ, ਜਿਸ ਨਾਲ ਦੁਨੀਆ ਭਰ ਦੀ ਅਰਥਵਿਵਸਥਾ 'ਤੇ ਮਾੜਾ ਅਸਰ ਪੈ ਰਿਹਾ ਹੈ। ਭਾਵੇਂ ਦੋਵਾਂ ਦੇਸ਼ਾਂ ਵਿਚਾਲੇ ਲਗਭਗ ਇੱਕ ਮਹੀਨੇ ਤੋਂ ਜੰਗਬੰਦੀ ਦਾ ਸਮਝੌਤਾ ਚੱਲ ਰਿਹਾ ਹੈ, ਪਰ ਤਾਜ਼ਾ ਬਿਆਨਬਾਜ਼ੀ ਨੇ ਮੁੜ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

### ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ

# ਟਰੰਪ ਨੇ AI ਤਸਵੀਰ ਸਾਂਝੀ ਕਰਕੇ ਈਰਾਨ ਨੂੰ ਦਿੱਤੀ ਹਮਲੇ ਦੀ ਵੱਡੀ ਚਿਤਾਵਨੀ, ਮਿਡਲ-ਈਸਟ 'ਚ ਵਧਿਆ ਤਣਾਅ




ਨਵੀਂ ਦਿੱਲੀ : ਅਮਰੀਕਾ ਇੱਕ ਵਾਰ ਫਿਰ ਈਰਾਨ 'ਤੇ ਹਮਲੇ ਦੀ ਯੋਜਨਾ ਬਣਾ ਰਿਹਾ ਹੈ। ਇਸ ਤਰ੍ਹਾਂ ਦੀ ਚਰਚਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਉੱਚ ਅਧਿਕਾਰੀਆਂ ਨਾਲ ਇਸ ਬਾਰੇ ਚਰਚਾ ਕੀਤੀ ਹੈ। ਇਸ ਸਭ ਦੇ ਵਿਚਕਾਰ ਟਰੰਪ ਨੇ ਧਮਕੀ ਭਰੇ ਲਹਿਜੇ ਵਿੱਚ ਕਿਹਾ ਕਿ ਇਹ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ ਹੈ।

ਆਪਣੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਗਈ ਇੱਕ ਏਆਈ (AI) ਵਾਲੀ ਤਸਵੀਰ ਵਿੱਚ ਟਰੰਪ ਨੂੰ 'ਮੇਕ ਅਮਰੀਕਾ ਗ੍ਰੇਟ ਅਗੇਨ' ਵਾਲੀ ਟੋਪੀ ਪਹਿਨੇ ਦੇਖਿਆ ਜਾ ਸਕਦਾ ਹੈ ਅਤੇ ਉਨ੍ਹਾਂ ਨਾਲ ਯੂਐਸ ਨੇਵੀ ਦੇ ਇੱਕ ਐਡਮਿਰਲ ਹਨ। ਇਸ ਤਸਵੀਰ ਵਿੱਚ ਇਹ ਦੋਵੇਂ ਉੱਛਲਦੇ ਪਾਣੀ ਅਤੇ ਬਿਜਲੀ ਲਿਸ਼ਕਣ ਦੇ ਵਿਚਕਾਰ ਨੇਵੀ ਦੇ ਇੱਕ ਜਹਾਜ਼ 'ਤੇ ਸਵਾਰ ਨਜ਼ਰ ਆ ਰਹੇ ਹਨ ਅਤੇ ਬੈਕਗ੍ਰਾਊਂਡ ਵਿੱਚ ਈਰਾਨੀ ਜਹਾਜ਼ ਦਿਖਾਈ ਦੇ ਰਹੇ ਹਨ।

**ਈਰਾਨ ਨੂੰ ਚਿਤਾਵਨੀ :** 'ਇਹ ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ' ਕੈਪਸ਼ਨ ਦੇ ਨਾਲ ਸਾਂਝੀ ਕੀਤੀ ਗਈ ਇਸ ਤਸਵੀਰ ਦੇ ਸੰਦੇਸ਼ ਨੂੰ ਈਰਾਨ ਲਈ ਇੱਕ ਚਿਤਾਵਨੀ ਵਜੋਂ ਦੇਖਿਆ ਜਾ ਸਕਦਾ ਹੈ। ਅਸਲ ਵਿੱਚ ਨਿਊਯਾਰਕ ਟਾਈਮਜ਼ ਨੇ ਦਾਅਵਾ ਕੀਤਾ ਹੈ ਕਿ ਟਰੰਪ ਈਰਾਨ ਨੂੰ ਲੈ ਕੇ ਇੱਕ ਅਹਿਮ ਫੈਸਲਾ ਲੈਣ ਵਾਲੇ ਹਨ। ਉਨ੍ਹਾਂ ਦੇ ਚੋਟੀ ਦੇ ਸਹਿਯੋਗੀ ਹਵਾਈ ਹਮਲੇ ਫਿਰ ਤੋਂ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੇ ਹਨ।

ਟਰੰਪ ਨੇ ਇਹ ਤਸਵੀਰ ਅਜਿਹੇ ਸਮੇਂ ਸਾਂਝੀ ਕੀਤੀ, ਜਦੋਂ ਮਿਡਲ-ਈਸਟ (ਮੱਧ ਪੂਰਬ) ਵਿੱਚ 8 ਅਪ੍ਰੈਲ ਨੂੰ ਹੋਈ ਜੰਗਬੰਦੀ ਅਜੇ ਵੀ ਲਾਗੂ ਹੈ ਪਰ ਅਹਿਮ ਸਮੁੰਦਰੀ ਮਾਰਗ 'ਸਟਰੇਟ ਆਫ਼ ਹੋਰਮੁਜ਼' ਨੂੰ ਲੈ ਕੇ ਤਣਾਅ ਘੱਟ ਹੋਣ ਦੇ ਕੋਈ ਸੰਕੇਤ ਨਹੀਂ ਦਿਖ ਰਹੇ ਹਨ।


ਟਰੰਪ ਨੇ ਈਰਾਨ ਨੂੰ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਜਲਦੀ ਹੀ ਕੋਈ ਸ਼ਾਂਤੀ ਸਮਝੌਤਾ ਨਾ ਹੋਇਆ ਤਾਂ ਉਸ ਲਈ ਬਹੁਤ ਮਾੜਾ ਸਮਾਂ ਆ ਸਕਦਾ ਹੈ। ਟਰੰਪ ਨੇ ਇੱਕ ਟੈਲੀਫ਼ੋਨ ਇੰਟਰਵਿਊ ਵਿੱਚ ਫਰਾਂਸੀਸੀ ਬ੍ਰੌਡਕਾਸਟਰ BFMTV ਨੂੰ ਕਿਹਾ, 'ਸਮਝੌਤੇ ਤੱਕ ਪਹੁੰਚਣ ਵਿੱਚ ਉਨ੍ਹਾਂ ਦਾ ਵੀ ਫਾਇਦਾ ਹੈ।'

ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੂੰ ਟਰੰਪ ਪ੍ਰਸ਼ਾਸਨ ਤੋਂ ਅਜਿਹੇ ਸੰਦੇਸ਼ ਮਿਲੇ ਹਨ ਜਿਨ੍ਹਾਂ ਤੋਂ ਲੱਗਦਾ ਹੈ ਕਿ ਉਹ ਨਵੀਂ ਗੱਲਬਾਤ ਲਈ ਤਿਆਰ ਹਨ ਪਰ ਉਨ੍ਹਾਂ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਵਾਸ਼ਿੰਗਟਨ ਦੇ ਅਸਲੀ ਇਰਾਦਿਆਂ ਨੂੰ ਲੈ ਕੇ ਅਵਿਸ਼ਵਾਸ ਅਜੇ ਵੀ ਬਣਿਆ ਹੋਇਆ ਹੈ।

ਹਾਲਾਂਕਿ ਪਿਛਲੇ ਮਹੀਨੇ ਜੰਗਬੰਦੀ 'ਤੇ ਸਹਿਮਤੀ ਬਣ ਗਈ ਸੀ ਫਿਰ ਵੀ ਇੱਕ ਸਥਾਈ ਸ਼ਾਂਤੀ ਸਮਝੌਤਾ ਅਜੇ ਵੀ ਇੱਕ ਦੂਰ ਦਾ ਟੀਚਾ ਬਣਿਆ ਹੋਇਆ ਹੈ। ਖਾੜੀ ਖੇਤਰ ਵਿੱਚ ਅਮਰੀਕਾ ਨੇ ਆਪਣੇ ਕੁਝ ਪ੍ਰਮੁੱਖ ਜੰਗੀ ਜਹਾਜ਼ਾਂ ਦੀ ਤਾਇਨਾਤੀ ਬਣਾਈ ਰੱਖੀ। ਹਾਲਾਂਕਿ ਦੁਨੀਆ ਦਾ ਸਭ ਤੋਂ ਵੱਡਾ ਜਹਾਜ਼ ਵਾਹਕ ਪੋਤ (ਏਅਰਕ੍ਰਾਫਟ ਕੈਰੀਅਰ) USS Gerald R Ford 11 ਮਹੀਨਿਆਂ ਦੀ ਤਾਇਨਾਤੀ ਤੋਂ ਬਾਅਦ ਆਪਣੇ ਦੇਸ਼ ਪਰਤ ਆਇਆ ਹੈ।

### ਅਮਰੀਕਾ 'ਚ ਫਿਰ ਖ਼ੂਨੀ ਖੇਡ

# ਮਸਜਿਦ ਦੇ ਬਾਹਰ ਗੋਲੀਬਾਰੀ 'ਚ 3 ਲੋਕਾਂ ਦੀ ਮੌਤ, ਹਮਲਾਵਰਾਂ ਨੇ ਖੁਦ ਨੂੰ ਵੀ ਉਡਾਇਆ



ਸੈਨ ਡਿਏਗੋ : ਅਮਰੀਕਾ ਦੇ ਕੈਲੀਫੋਰਨੀਆ ਰਾਜ ਦੇ ਸੈਨ ਡਿਏਗੋ ਤੋਂ ਇਕ ਦਿਲ ਦਹਿਲਾ ਦੇਣ ਵਾਲੀ ਖ਼ਬਰ ਸਾਹਮਣੇ ਆਈ ਹੈ। ਇੱਥੇ ਸੋਮਵਾਰ ਨੂੰ ਇਕ ਪ੍ਰਮੁੱਖ ਇਸਲਾਮਿਕ ਸੈਂਟਰ ਵਿਚ ਦੋ ਨੌਜਵਾਨ ਬੰਦੂਕਧਾਰੀਆਂ ਨੇ ਅੰਨ੍ਹੇਵਾਹ ਗੋਲੀਬਾਰੀ ਕਰਕੇ 3 ਲੋਕਾਂ ਦੀ ਹੱਤਿਆ ਕਰ ਦਿੱਤੀ। ਇਸ ਖ਼ੂਨੀ ਕਾਂਡ ਨੂੰ ਅੰਜਾਮ ਦੇਣ ਤੋਂ ਬਾਅਦ ਹਮਲਾਵਰਾਂ ਨੇ ਕੁਝ ਹੀ ਦੂਰੀ 'ਤੇ ਖ਼ੁਦ ਨੂੰ ਵੀ ਗੋਲੀ ਮਾਰ ਲਈ। ਪੁਲਸ ਇਸ ਪੂਰੀ ਘਟਨਾ ਦੀ 'ਹੇਟ ਕ੍ਰਾਈਮ' (ਨਫਰਤ ਤੋਂ ਪ੍ਰੇਰਿਤ ਅਪਰਾਧ) ਵਜੋਂ ਜਾਂਚ ਕਰ ਰਹੀ ਹੈ।

**ਸੁਰੱਖਿਆ ਗਾਰਡ ਦੀ ਬਹਾਦਰੀ ਨੇ ਟਾਲਿਆ ਵੱਡਾ ਕਤਲੇਆਮ :** ਸੈਨ ਡਿਏਗੋ ਪੁਲਸ ਮੁਖੀ ਸਕਾਟ ਵਾਹਲ ਅਨੁਸਾਰ, ਮਾਰੇ ਗਏ ਲੋਕਾਂ ਵਿਚ ਮਸਜਿਦ ਦਾ ਇਕ ਸੁਰੱਖਿਆ ਗਾਰਡ ਵੀ ਸ਼ਾਮਲ ਹੈ। ਪੁਲਸ ਦਾ ਮੰਨਣਾ ਹੈ ਕਿ ਇਸ ਗਾਰਡ ਨੇ ਆਪਣੀ ਜਾਨ 'ਤੇ ਖੇਡ ਕੇ ਹਮਲਾਵਰਾਂ ਨੂੰ ਰੋਕਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਇਕ ਬਹੁਤ ਵੱਡੀ ਤ੍ਰਾਸਦੀ ਹੋਣੋਂ ਬਚ ਗਈ। ਜੇਕਰ ਗਾਰਡ ਨੇ ਦਲੇਰੀ ਨਾ ਦਿਖਾਈ ਹੁੰਦੀ ਤਾਂ ਮਰਨ ਵਾਲਿਆਂ ਦਾ ਅੰਕੜਾ ਕਿਤੇ ਜ਼ਿਆਦਾ ਹੋ ਸਕਦਾ ਸੀ।

**ਸਕੂਲੀ ਬੱਚੇ ਸੁਰੱਖਿਅਤ :** ਇਹ ਹਮਲਾ ਜਿਸ ਸਮੇਂ ਹੋਇਆ, ਉਸ ਸਮੇਂ ਕੰਪਲੈਕਸ ਵਿਚ ਸਥਿਤ 'ਅਲ ਰਸ਼ੀਦ ਸਕੂਲ' ਵਿਚ ਕਈ ਬੱਚੇ ਮੌਜੂਦ ਸਨ। ਪੁਲਸ ਮੁਖੀ ਨੇ ਭਾਵੁਕ ਹੁੰਦਿਆਂ ਦੱਸਿਆ ਕਿ 'ਸਾਰੇ ਬੱਚੇ ਸੁਰੱਖਿਅਤ ਹਨ'। ਟੀਵੀ ਫੁਟੇਜ ਵਿਚ ਦਰਜਨਾਂ ਬੱਚਿਆਂ ਨੂੰ ਇਕ-ਦੂਜੇ ਦਾ ਹੱਥ ਫੜ ਕੇ ਪਾਰਕਿੰਗ ਵਾਲੀ ਥਾਂ ਤੋਂ ਬਾਹਰ ਨਿਕਲਦੇ ਦੇਖਿਆ ਗਿਆ, ਜਦਕਿ ਪੂਰਾ ਇਲਾਕਾ ਪੁਲਸ ਛਾਉਣੀ ਵਿਚ ਤਬਦੀਲ ਸੀ।

**4 ਮਿੰਟਾਂ 'ਚ ਪਹੁੰਚੀ ਪੁਲਿਸ :** ਪੁਲਿਸ ਨੂੰ ਸੂਚਨਾ ਮਿਲਣ ਦੇ ਮਹਿਜ਼ ਚਾਰ ਮਿੰਟਾਂ ਦੇ ਅੰਦਰ ਟੀਮ ਮੌਕੇ 'ਤੇ ਪਹੁੰਚ ਗਈ ਸੀ। ਜਦੋਂ ਪੁਲਸ ਉੱਥੇ ਪਹੁੰਚੀ ਤਾਂ ਮਸਜਿਦ ਤੋਂ ਕੁਝ ਦੂਰ ਗੋਲੀਆਂ ਦੀ ਆਵਾਜ਼ ਸੁਣਾਈ ਦਿੱਤੀ। ਬਾਅਦ ਵਿਚ ਦੋਵੇਂ ਹਮਲਾਵਰ ਨੇੜੇ ਦੀ ਸੜਕ 'ਤੇ ਖੜ੍ਹੀ ਇਕ ਗੱਡੀ ਦੇ ਅੰਦਰ ਮ੍ਰਿਤਕ ਪਾਏ ਗਏ। ਹਮਲਾਵਰਾਂ ਨੇ ਲੋਕਾਂ ਦੀ ਹੱਤਿਆ ਕਰਨ ਤੋਂ ਬਾਅਦ ਖੁਦਕੁਸ਼ੀ ਕਰ ਲਈ ਸੀ।

**ਇਬਾਦਤਗਾਹ ਨੂੰ ਨਿਸ਼ਾਨਾ ਬਣਾਉਣਾ ਬੇਹੱਦ ਸ਼ਰਮਨਾਕ : ਇਮਾਮ**

ਮਸਜਿਦ ਦੇ ਨਿਰਦੇਸ਼ਕ ਇਮਾਮ ਤਾਹਾ ਹਸਾਨੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਇਸ ਨੂੰ 'ਬੇਹੱਦ ਸ਼ਰਮਨਾਕ' ਦੱਸਿਆ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸ਼ਹਿਰ ਵਿਚ ਪੂਜਾ ਸਥਾਨਾਂ ਨੂੰ ਹਮੇਸ਼ਾ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਦੂਜੇ ਪਾਸੇ, ਮਨੁੱਖੀ ਅਧਿਕਾਰ ਸੰਗਠਨ 'ਕੌਂਸਲ ਆਨ ਅਮਰੀਕਨ-ਇਸਲਾਮਿਕ ਰਿਲੇਸ਼ਨਜ਼' (CAIR) ਨੇ ਵੀ ਇਸ ਹਮਲੇ ਦੀ ਨਿੰਦਾ ਕੀਤੀ ਹੈ ਅਤੇ ਕਿਹਾ ਹੈ ਕਿ ਕਿਸੇ ਨੂੰ ਵੀ ਪ੍ਰਾਰਥਨਾ ਦੌਰਾਨ ਜਾਂ ਸਕੂਲ ਵਿਚ ਆਪਣੀ ਸੁਰੱਖਿਆ ਨੂੰ ਲੈ ਕੇ ਡਰਨ ਦੀ ਲੋੜ ਨਹੀਂ ਹੋਣੀ ਚਾਹੀਦੀ। ਗਵਰਨਰ ਗੈਵਿਨ ਨਿਊਸਮ ਦਾ ਦਫ਼ਤਰ ਵੀ ਸਥਿਤੀ 'ਤੇ ਲਗਾਤਾਰ ਨਜ਼ਰ ਰੱਖ ਰਿਹਾ ਹੈ।

# ਮੈਡੀਕਲ ਟਰਾਂਸਪੋਰਟ ਜਹਾਜ਼ ਤਬਾਹ, 4 ਮੌਤਾਂ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਦੇ ਨਿਊ ਮੈਕਸੀਕੋ ਰਾਜ ਵਿੱਚ ਇਕ ਮੈਡੀਕਲ ਟਰਾਂਸਪੋਰਟ ਜਹਾਜ਼ ਤਬਾਹ ਹੋ ਕੇ ਜਮੀਨ ਉਪਰ ਆ ਡਿੱਗਾ ਤੇ ਉਸ ਵਿਚ ਸਵਾਰ ਸਾਰੇ 4 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਖਬਰ ਹੈ। ਸੰਘੀ ਹਵਾਬਾਜੀ ਪ੍ਰਸ਼ਾਸਨ ਅਨੁਸਾਰ ਤੜਕਸਾਰ ਬੀਚਕਰਾਫਟ ਕਿੰਗ ਏਅਰ 90 ਜਹਾਜ਼ ਨੇ  ਰੋਸਵੈਲ,ਨਿਊ ਮੈਕਸੀਕੋ ਤੋਂ ਸੀਏਰਾ ਬਲਾਂਸ ਖੇਤਰੀ ਹਵਾਈ ਅੱਡੇ ਲਈ ਉਡਾਨ ਭਰੀ ਸੀ। ਜਹਾਜ਼ ਦਾ ਰਾਡਾਰ ਨਾਲੋਂ ਸੰਪਰਕ ਟੁੱਟ ਗਿਆ ਤੇ ਉਹ ਨਿਰਧਾਰਤ ਸਮੇ 'ਤੇ ਹਵਾਈ ਅੱਡੇ 'ਤੇ ਨਹੀਂ ਪੁੱਜਾ। ਲਿਨਕਾਲਨ ਕਾਊਂਟੀ ਅਨੁਸਾਰ ਇਹ ਹਾਦਸਾ ਸਵੇਰੇ 4 ਵਜੇ ਦੇ ਆਸ ਪਾਸ ਹੋਇਆ। ਹਾਦਸੇ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਜਹਾਜ਼ ਵਿਚ ਸਵਾਰ ਵਿਅਕਤੀਆਂ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

**Manteca-Arizona- San Francisco**

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104

Enyinwalaw@gmail.com



**All Services Under One Roof**

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਸਿੱਖਸ ਆਫ਼ ਅਮੈਰਿਕਾ ਨੇ ਅਯੋਜਿਤ ਕੀਤਾ ਸਲਾਨਾ 'ਵਿਸਾਖੀ ਗਾਲਾ' ਸ਼ਾਨਦਾਰ ਸਮਾਗਮ

## ਦੁਨੀਆਂ ਭਰ 'ਚੋਂ ਪੁੱਜੇ ਸਿੱਖ ਹੀਰੋਜ਼ ਨੂੰ ਕੀਤਾ ਗਿਆ ਸਨਮਾਨਿਤ







ਵਾਸ਼ਿੰਗਟਨ ਡੀ.ਸੀ, (ਸਾਡੇ ਲੋਕ/ਰਾਜ ਗੋਗਨਾ) : ਹਰ ਸਾਲ ਦੀ ਤਰ੍ਹਾਂ ਸਿੱਖਸ ਆਫ ਅਮੈਰਿਕਾ ਵਲੋਂ ਚੇਅਰਮੈਨ ਸ੍. ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਸਲਾਨਾ 'ਵਿਸਾਖੀ ਗਾਲਾ' ਸਮਾਗਮ ਸ਼ਾਨਦਾਰ ਢੰਗ ਨਾਲ ਅਯੋਜਿਤ ਕੀਤਾ ਗਿਆ। ਇਸ ਸਮਾਗਮ ਦੇ ਪ੍ਰਬੰਧਾਂ 'ਚ ਸਿੱਖਸ ਆਫ ਅਮੈਰਿਕਾ ਦੇ ਸਮੂਹ ਡਾਇਰੈਕਟਰਾਂ ਤੇ ਵਾਲੰਟੀਅਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ। ਦੁਨੀਆਂ ਭਰ ਤੋਂ ਵੱਖ-ਵੱਖ ਖੇਤਰਾਂ 'ਚ ਵਿਲੱਖਣ ਪ੍ਰਾਪਤੀਆਂ ਕਰਨ ਵਾਲੇ ਸਿੱਖ ਹੀਰੋਜ਼ ਵਿਸ਼ੇਸ਼ ਤੌਰ 'ਤੇ ਸਮਾਗਮ 'ਚ ਸ਼ਾਮਿਲ ਹੋਏ। ਇਹਨਾਂ ਸਿੱਖ ਹੀਰੋਜ਼ 'ਚ ਪਾਕਿਸਤਾਨ ਤੋਂ ਕੈਬਨਿਟ ਮੰਤਰੀ ਪੰਜਾਬ ਰਮੇਸ਼ ਸਿੰਘ ਅਰੋੜਾ (ਪਾਕਿਸਤਾਨ ਦੀ ਸਿਆਸਤ 'ਚ ਘੱਟ ਗਿਣਤੀਆਂ ਦੀ ਨੁਮਾਇੰਦਗੀ ਕਰਨ ਵਾਲੇ ਸਿੱਖ ਸਿਆਸਤਦਾਨ), ਵਰਜ਼ੀਨੀਆਂ ਸਟੇਟ ਤੋਂ ਹਾਊਸ ਆਫ ਡੈਲੀਗੇਟ ਜੇ.ਜੇ. ਸਿੰਘ (ਵਰਜ਼ੀਨੀਆਂ ਸਟੇਟ ਦੀ ਸਿਆਸਤ 'ਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਸਿਆਸਤਦਾਨ), ਕੈਲੀਫੋਰਨੀਆਂ ਤੋਂ ਦਾਨੀ ਸੱਜਣ ਬਹਾਦਰ ਸਿੰਘ ਸੈਲਮ ਅਮਰੀਕਾ ਫਾਊਂਡਰ ਚੈਰੀਟੇਬਲ ਵਨ-ਬੀਟ ਮੈਡੀਕਲ ਗਰੁੱਪ) ਅਤੇ ਬਲਦੇਵ ਸਿੰਘ ਕੰਗ (ਅੰਤਰਰਾਸ਼ਟਰੀ ਸਿੱਖ ਬਿਜ਼ਨਸਮੈਨ) ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਇੰਗਲੈਂਡ ਤੋਂ ਐੱਮ.ਪੀ. ਤਨਮਨਜੀਤ ਸਿੰਘ ਢੇਸੀ (ਬਰਤਾਨੀਆਂ ਦੀ ਸਿਆਸਤ 'ਚ ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੇ ਸਿਆਸਤਦਾਨ) ਪਾਰਲੀਮੈਂਟ ਦਾ ਸੈਸ਼ਨ ਚੱਲਦਾ ਹੋਣ ਕਾਰਨ ਇਸ ਸਮਾਗਮ 'ਚ ਨਹੀਂ ਪੁੱਜ ਸਕੇ ਪਰ ਉਹਨਾਂ ਵੀਡੀਓ ਕਾਲ ਰਾਹੀਂ ਆਪਣੀ ਹਾਜ਼ਰੀ ਲਗਵਾਈ ਅਤੇ ਸਮਾਗਮ ਦੀਆਂ ਵਧਾਈਆਂ ਸਭ ਨਾਲ ਸਾਂਝੀਆਂ ਕੀਤੀਆਂ। ਇਹਨਾਂ ਸਿੱਖ ਹੀਰੋਜ਼ ਨੂੰ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ੍. ਜਸਦੀਪ ਸਿੰਘ ਜੱਸੀ ਦੀ ਅਗਵਾਈ 'ਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਦੌਰਾਨ ਬੁਲਾਰਿਆਂ ਨੇ ਵਿਸਾਖੀ ਦੀ ਮਹੱਤਤਾ 'ਤੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਸਨਮਾਨਿਤ ਸ਼ਖ਼ਸੀਅਤਾਂ ਨੂੰ ਵਧਾਈਆਂ ਦਿੱਤੀਆਂ। ਸਮਾਗਮ ਦੌਰਾਨ ਅੰਤਰਰਾਸ਼ਟਰੀ ਪੱਧਰ 'ਤੇ ਮੀਡੀਆ ਸੇਵਾਵਾਂ ਨਿਭਾਉਣ ਵਾਲੇ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਪੱਤਰਕਾਰ ਸੁਖਪਾਲ ਸਿੰਘ ਧਨੋਆ (ਵਾਈਟ ਹਾਊਸ ਦੇ ਜਰਨਲਿਸਟ) ਅਤੇ ਵਰਿੰਦਰ ਸਿੰਘ (ਫਾਊਂਡਰ ਅਮੇਜ਼ਿੰਗ ਟੀ.ਵੀ.) ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਸਿੱਖ ਭਾਵੇਂ ਦੁਨੀਆਂ ਦੇ ਹਰ ਖੇਤਰ 'ਚ ਘੱਟ ਗਿਣਤੀ 'ਚ ਹੋਣ ਪਰ ਉਹਨਾਂ ਆਪਣੀਆਂ ਪ੍ਰਾਪਤੀਆਂ ਨੇ ਬਹੁਗਿਣਤੀ ਦਿਲਾਂ 'ਚ ਜਗਾ ਬਣਾਈ ਹੈ। ਸਾਡਾ ਸਭ ਦਾ ਫਰਜ਼ ਬਣਦਾ ਹੈ ਕਿ ਅੰਤਰਰਾਸ਼ਟਰੀ ਪ੍ਰਾਪਤੀਆਂ ਕਰਨ ਵਾਲੇ ਸਿੱਖਾਂ ਨੂੰ ਮਾਣ ਸਨਮਾਨ ਜ਼ਰੂਰ ਭੇਂਟ ਕਰੀਏ ਤਾਂ ਜੋ ਸਾਡੀ ਆਉਣ ਵਾਲੀ ਪੀੜੀ ਉਹਨਾਂ ਤੋਂ ਪ੍ਰੇਰਿਤ ਹੋ ਕੇ ਉਹਨਾਂ ਵਰਗੀਆਂ ਪ੍ਰਾਪਤੀਆਂ ਕਰਨ ਲਈ ਪ੍ਰੇਰਿਤ ਹੋਵੇ। ਸ੍. ਜੱਸੀ ਨੇ ਕਿਹਾ ਕਿ ਉਹ ਸਮੂਹ ਮਹਿਮਾਨਾਂ ਅਤੇ ਪੁੱਜੇ ਸਿੱਖ ਹੀਰੋਜ਼ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਇੱਥੇ ਪਹੁੰਚ ਕੇ ਸਾਡੇ ਮਾਣ ਨੂੰ ਵਧਾਇਆ ਹੈ। ਸਮਾਗਮ ਦੀ ਇਕ ਖਾਸ ਗੱਲ ਇਹ ਵੀ ਰਹੀ ਕਿ ਇਸ ਵਿਚ ਮਨੋਰੰਜਨ ਦਾ ਰੰਗ ਵੀ ਭਰਿਆ ਗਿਆ। ਇਸ ਦੌਰਾਨ ਵਿਸ਼ਵ ਪ੍ਰਸਿੱਧ ਪੰਜਾਬੀ ਗਾਇਕਾ ਮਿਸ ਪੂਜਾ ਨੇ ਆਪਣੇ ਸੱਭਿਆਚਾਰਕ ਗੀਤਾਂ ਨਾਲ ਆਏ ਹੋਏ ਮਹਿਮਾਨਾਂ ਦਾ ਮਨੋਰੰਜਨ ਵੀ ਕੀਤਾ।

# ਅਮਰੀਕਾ ਨੇ ਕਿਊਬਾ ਦੇ 11 ਸੱਤਾਧਾਰੀ ਨੇਤਾਵਾਂ ਤੇ 3 ਸਰਕਾਰੀ ਸੰਸਥਾਵਾਂ 'ਤੇ ਲਾਈਆਂ ਪਾਬੰਦੀਆਂ

ਵਾਸ਼ਿੰਗਟਨ : ਅਮਰੀਕਾ ਨੇ ਕਿਊਬਾ ਦੇ 11 ਸੱਤਾਧਾਰੀ ਨੇਤਾਵਾਂ ਅਤੇ 3 ਸਰਕਾਰੀ ਸੰਗਠਨਾਂ 'ਤੇ ਨਵੀਆਂ ਪਾਬੰਦੀਆਂ ਲਗਾਈਆਂ ਹਨ, ਜਿਨ੍ਹਾਂ ਵਿਚ ਕਿਊਬਾ ਦੇ ਸੁਰੱਖਿਆ ਤੰਤਰ ਨਾਲ ਜੁੜੇ ਸਰਕਾਰੀ ਅਧਿਕਾਰੀ ਅਤੇ ਫ਼ੌਜੀ ਅਧਿਕਾਰੀ ਸ਼ਾਮਲ ਹਨ।

ਅਮਰੀਕੀ ਵਿਦੇਸ਼ ਮੰਤਰੀ ਮਾਰਕ ਰੂਬੀਓ ਨੇ ਕਿਹਾ ਕਿ ਕਿਊਬਾ ਦੀ ਕਮਿਊਨਿਸਟ ਸਰਕਾਰ ਨਾਲ ਜੁੜੇ ਉਨ੍ਹਾਂ ਲੋਕਾਂ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ, ਜੋ ਕਿਊਬਾ ਦੀ ਜਨਤਾ 'ਤੇ ਜ਼ੁਲਮ ਕਰ ਰਹੇ ਹਨ ਅਤੇ ਵੈਸਟਰਨ ਹੈਮੀਸਫੀਅਰ 'ਚ ਦੁਸ਼ਮਣੀ ਵਾਲੀਆਂ ਗਤੀਵਿਧੀਆਂ ਦਾ ਸਮਰਥਨ ਕਰ ਰਹੇ ਹਨ। ਅਮਰੀਕਾ ਦੇ ਇਸ ਕਦਮ ਨਾਲ ਅੱਤਿਆਚਾਰੀ ਨੀਤੀਆਂ ਅਤੇ ਅਮਰੀਕੀ ਰਾਸ਼ਟਰੀ ਸੁਰੱਖਿਆ ਲਈ ਖ਼ਤਰੇ ਦੇ ਦੋਸ਼ਾਂ ਨੂੰ ਲੈ ਕੇ ਹਵਾਨਾ 'ਤੇ ਦਬਾਅ ਹੋਰ ਵਧ ਗਿਆ ਹੈ।

ਇਨ੍ਹਾਂ ਉਪਾਵਾਂ ਦਾ ਐਲਾਨ ਕਰਦਿਆਂ ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਇਹ ਕਾਰਵਾਈ ਕਿਊਬਾ ਸਰਕਾਰ ਦੀ ਗੈਰ-ਕਾਨੂੰਨੀ ਜਾਇਦਾਦ ਤੱਕ ਪਹੁੰਚ ਨੂੰ ਸੀਮਤ ਕਰਨ, ਕਿਊਬਾ ਵਿਚ ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਸਰਕਾਰ ਨੂੰ ਭੌਤਿਕ ਸਹਾਇਤਾ ਪ੍ਰਦਾਨ ਕਰਨ ਵਾਲਿਆਂ ਨੂੰ ਜਵਾਬਦੇਹ ਠਹਿਰਾਉਣ ਦੀ ਇਕ ਵਿਆਪਕ ਮੁਹਿੰਮ ਦਾ ਹਿੱਸਾ ਹੈ।

# 'ਧਰਮ ਦੀ ਬੁਨਿਆਦ 'ਤੇ ਟਿਕਿਆ ਹੈ ਅਮਰੀਕਾ, ਮੈਨੂੰ ਇਸ 'ਤੇ ਮਾਣ ਹੈ' : ਟਰੰਪ

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਦੀ ਸੱਭਿਆਚਾਰਕ ਅਤੇ ਇਤਿਹਾਸਕ ਪਛਾਣ ਨੂੰ ਲੈ ਕੇ ਇੱਕ ਵੱਡਾ ਬਿਆਨ ਦਿੱਤਾ ਹੈ। ਟਰੰਪ ਨੇ ਕਿਹਾ ਹੈ ਕਿ ਅਮਰੀਕਾ ਇੱਕ ਅਜਿਹਾ ਦੇਸ਼ ਹੈ ਜੋ ਮਜ਼ਹਬ ਦੀ ਬੁਨਿਆਦ 'ਤੇ ਬਣਿਆ ਅਤੇ ਟਿਕਿਆ ਹੋਇਆ ਹੈ ਅਤੇ ਉਨ੍ਹਾਂ ਨੂੰ ਇਸ ਗੱਲ 'ਤੇ ਬਹੁਤ ਮਾਣ ਹੈ। ਉਨ੍ਹਾਂ ਨੇ ਈਸਾਈ ਧਰਮ ਨੂੰ ਅਮਰੀਕਾ ਲਈ ਇੱਕ 'ਬਹੁਤ ਹੀ ਵਧੀਆ ਚੀਜ਼' ਦੱਸਦਿਆਂ ਕਿਹਾ ਕਿ ਉਹ ਦੇਸ਼ ਵਿੱਚੋਂ ਈਸਾਈ ਸਿਧਾਂਤਾਂ ਨੂੰ ਹਟਾਉਣ ਦੀਆਂ ਕੋਸ਼ਿਸ਼ਾਂ ਨੂੰ ਸਫ਼ਲ ਨਹੀਂ ਹੋਣ ਦੇਣਗੇ।



ਮਾਹਿਰਾਂ ਅਨੁਸਾਰ, ਟਰੰਪ ਦਾ ਇਹ ਬਿਆਨ ਅਮਰੀਕਾ ਵਿੱਚ ਚੱਲ ਰਹੇ 'ਸੱਭਿਆਚਾਰਕ ਯੁੱਧ' ਦਾ ਹਿੱਸਾ ਹੈ, ਜਿੱਥੇ ਉਹ ਗਰਭਪਾਤ, ਸਕੂਲਾਂ ਵਿੱਚ ਪ੍ਰਾਰਥਨਾ ਅਤੇ ਜਨਤਕ ਜੀਵਨ ਵਿੱਚ ਧਰਮ ਵਰਗੇ ਮੁੱਦਿਆਂ 'ਤੇ ਖ਼ੁਦ ਨੂੰ ਕ੍ਰਿਸ਼ਚੀਅਨ ਕੰਜ਼ਰਵੇਟਿਵਾਂ ਦੇ ਸਭ ਤੋਂ ਵੱਡੇ ਪ੍ਰਤੀਨਿਧੀ ਵਜੋਂ ਪੇਸ਼ ਕਰ ਰਹੇ ਹਨ। ਉਨ੍ਹਾਂ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਅਮਰੀਕਾ ਦੀਆਂ ਜੜ੍ਹਾਂ ਈਸਾਈ ਧਰਮ ਵਿੱਚ ਹਨ।

ਧਰਮ ਦੇ ਨਾਲ-ਨਾਲ ਟਰੰਪ ਨੇ ਇਰਾਨ ਨਾਲ ਚੱਲ ਰਹੇ ਤਣਾਅ 'ਤੇ ਵੀ ਬੇਹੱਦ ਸਖ਼ਤ ਰੁਖ਼ ਅਖਤਿਆਰ ਕੀਤਾ ਹੈ। ਮੰਗਲਵਾਰ ਨੂੰ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਆਪਣੀ ਨਿਗਰਾਨੀ ਹੇਠ ਦੁਨੀਆ ਨੂੰ ਤਬਾਹ ਨਹੀਂ ਹੋਣ ਦੇਣਗੇ ਅਤੇ ਇਰਾਨ ਨੂੰ ਕਿਸੇ ਵੀ ਕੀਮਤ 'ਤੇ ਪਰਮਾਣੂ ਹਥਿਆਰ ਹਾਸਲ ਨਹੀਂ ਕਰਨ ਦਿੱਤੇ ਜਾਣਗੇ।

ਟਰੰਪ ਨੇ ਦਾਅਵਾ ਕੀਤਾ ਕਿ ਉਹ ਇਰਾਨ 'ਤੇ ਹਮਲਾ ਕਰਨ ਦਾ ਫੈਸਲਾ ਲੈਣ ਤੋਂ ਸਿਰਫ਼ ਇੱਕ ਘੰਟਾ ਦੂਰ ਸਨ, ਪਰ ਤੇਹਰਾਨ ਵੱਲੋਂ ਨਵਾਂ ਸ਼ਾਂਤੀ ਪ੍ਰਸਤਾਵ ਮਿਲਣ ਅਤੇ ਸਾਊਦੀ ਅਰਬ ਤੇ ਯੂ.ਏ.ਈ. ਵਰਗੇ ਦੇਸ਼ਾਂ ਦੇ ਕਹਿਣ 'ਤੇ ਉਨ੍ਹਾਂ ਨੇ ਫਿਲਹਾਲ ਹਮਲਾ ਟਾਲ ਦਿੱਤਾ ਹੈ। ਹਾਲਾਂਕਿ, ਉਨ੍ਹਾਂ ਨੇ ਅਲਟੀਮੇਟਮ ਦਿੱਤਾ ਹੈ ਕਿ ਜੇਕਰ ਅਗਲੇ ਦੋ-ਤਿੰਨ ਦਿਨਾਂ ਵਿੱਚ ਕੋਈ ਡੀਲ ਨਹੀਂ ਹੁੰਦੀ, ਤਾਂ ਅਮਰੀਕੀ ਸੈਨਾ ਪੂਰੀ ਤਰ੍ਹਾਂ ਵੱਡੇ ਪੱਧਰ 'ਤੇ ਹਮਲਾ ਕਰਨ ਲਈ ਤਿਆਰ ਹੈ।

# ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ 'ਤੇ ਅਦਾਲਤਾਂ ਦੀ ਸਖ਼ਤ ਟਿੱਪਣੀ

ਵਾਸ਼ਿੰਗਟਨ ਡੀ.ਸੀ. : ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਅਮਰੀਕਾ ਦੀਆਂ ਫੈਡਰਲ ਅਦਾਲਤਾਂ ਵਿਚ ਵੱਡੀ ਕਾਨੂੰਨੀ ਲੜਾਈ ਚੱਲ ਰਹੀ ਹੈ। ਦੇਸ਼ ਦੇ ਵੱਖ-ਵੱਖ ਰਾਜਾਂ ਵਿਚ ਜੱਜਾਂ ਨੇ 935 ਅਤੇ



ਹੋਰ ਇਮੀਗ੍ਰੇਸ਼ਨ ਏਜੰਸੀਆਂ ਦੀਆਂ ਕਾਰਵਾਈਆਂ 'ਤੇ ਸਵਾਲ ਖੜ੍ਹੇ ਕੀਤੇ ਹਨ। ਕਈ ਮਾਮਲਿਆਂ ਵਿਚ ਅਦਾਲਤਾਂ ਨੇ ਕਿਹਾ ਕਿ ਇਮੀਗ੍ਰੈਂਟਸ ਦੇ ਸੰਵਿਧਾਨਕ ਹੱਕਾਂ ਦੀ ਰੱਖਿਆ ਕਰਨੀ ਲਾਜ਼ਮੀ ਹੈ ਅਤੇ ਕਾਨੂੰਨ ਲਾਗੂ ਕਰਨ ਦੇ ਨਾਂ 'ਤੇ ਬੇਹੱਦ ਸਖ਼ਤੀ ਨਹੀਂ ਕੀਤੀ ਜਾ ਸਕਦੀ।

ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਟਰੰਪ ਪ੍ਰਸ਼ਾਸਨ ਦੇ ਦੂਜੇ ਕਾਰਜਕਾਲ ਦੌਰਾਨ ਡਿਪੋਰਟੇਸ਼ਨ ਕਾਰਵਾਈਆਂ ਤੇਜ਼ ਹੋਈਆਂ ਹਨ। ਸਰਹੱਦ ਪਾਰ ਕਰਨ ਵਾਲਿਆਂ, ਅਸਾਇਲਮ ਮੰਗਣ ਵਾਲਿਆਂ ਅਤੇ ਵਰਕ ਵੀਜ਼ਾ ਧਾਰਕਾਂ ਦੀ ਵਧੇਰੇ ਜਾਂਚ ਕੀਤੀ ਜਾ ਰਹੀ ਹੈ। ਕਈ ਇਮੀਗ੍ਰੇਸ਼ਨ ਵਕੀਲਾਂ ਨੇ ਇਹ ਵੀ ਦੱਸਿਆ ਕਿ ਛੋਟੀਆਂ ਗਲਤੀਆਂ ਦੇ ਆਧਾਰ 'ਤੇ ਵੀ ਕੇਸਾਂ ਨੂੰ ਰੱਦ ਕਰਨ ਦੀ ਰਫ਼ਤਾਰ ਵਧੀ ਹੈ।

ਦੂਜੇ ਪਾਸੇ ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਸਰਹੱਦੀ ਸੁਰੱਖਿਆ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਰੋਕਣਾ ਉਸਦੀ ਸਭ ਤੋਂ ਵੱਡੀ ਤਰਜੀਹ ਹੈ। ਵਾਈਟ ਹਾਊਸ ਨੇ ਇਹ ਵੀ ਕਿਹਾ ਕਿ ਅਮਰੀਕੀ ਨੌਕਰੀਆਂ ਅਤੇ ਕੌਮੀ ਸੁਰੱਖਿਆ ਦੀ ਰੱਖਿਆ ਲਈ ਕੜੇ ਕਦਮ ਲੈਣੇ ਲਾਜ਼ਮੀ ਹਨ।

# ਅਮਰੀਕਾ 'ਚ ਗ੍ਰੀਨ ਕਾਰਡ ਲਈ ਅਰਜ਼ੀਆਂ ਦੇਣ ਵਾਲਿਆਂ ਲਈ ਵੱਡੀ ਚੇਤਾਵਨੀ

ਵਾਸ਼ਿੰਗਟਨ ਡੀ.ਸੀ. : ਅਮਰੀਕਾ 'ਚ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਹਜ਼ਾਰਾਂ ਪ੍ਰਵਾਸੀਆਂ ਲਈ ਇੱਕ ਵੱਡੀ ਖਬਰ ਸਾਹਮਣੇ ਆਈ ਹੈ। ਟਰੰਪ ਪ੍ਰਸ਼ਾਸਨ ਵੱਲੋਂ ਇੱਕ ਨਵਾਂ ਨਿਯਮ ਲਿਆਂਦਾ ਗਿਆ ਹੈ, ਜਿਸ ਤਹਿਤ ਹੁਣ ਗ੍ਰੀਨ ਕਾਰਡ ਜਾਂ ਹੋਰ ਇਮੀਗ੍ਰੇਸ਼ਨ ਫਾਰਮਾਂ ਵਿਚ ਸਿਗਨੇਚਰ ਦੀ ਛੋਟੀ ਜਿਹੀ ਗਲਤੀ ਵੀ ਅਰਜ਼ੀ ਰੱਦ ਕਰਵਾ ਸਕਦੀ ਹੈ, ਭਾਵੇਂ ਅਰਜ਼ੀ ਪਹਿਲਾਂ ਹੀ ਸਵੀਕਾਰ ਕਰ ਲਈ ਗਈ ਹੋਵੇ।

ਇਹ ਨਵਾਂ ਨਿਯਮ 11 ਮਈ 2026 ਨੂੰ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ 10 ਜੁਲਾਈ 2026 ਤੋਂ ਲਾਗੂ ਹੋਵੇਗਾ। ਇਸ ਦੇ ਤਹਿਤ ਅਮਰੀਕੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ.ਸੀ.ਆਈ.ਐੱਸ. ਨੂੰ ਇਹ ਅਧਿਕਾਰ ਮਿਲ ਜਾਵੇਗਾ ਕਿ ਜੇ ਕਿਸੇ ਵੀ ਸਮੇਂ ਉਨ੍ਹਾਂ ਨੂੰ ਲੱਗੇ ਕਿ ਫਾਰਮ 'ਤੇ ਸਹੀ ਦਸਤਖਤ ਨਹੀਂ ਹਨ ਜਾਂ ਸਿਗਨੇਚਰ ਗੁੰਮ ਹੈ, ਤਾਂ ਉਹ ਕੇਸ ਨੂੰ ਸਿੱਧਾ ਰੱਦ ਜਾਂ ਡਿਨਾਈ ਕਰ ਸਕਦੇ ਹਨ। ਇਸ ਤੋਂ ਪਹਿਲਾਂ ਜੇ ਕਿਸੇ ਫਾਰਮ ਵਿਚ ਸਿਗਨੇਚਰ ਦੀ ਗਲਤੀ ਹੁੰਦੀ ਸੀ, ਤਾਂ ਯੂ.ਐੱਸ.ਸੀ.ਆਈ.ਐੱਸ. ਅਰਜ਼ੀ ਵਾਪਸ ਭੇਜ ਦਿੰਦੀ ਸੀ ਅਤੇ ਅਰਜ਼ੀਕਾਰ ਨੂੰ ਗਲਤੀ ਠੀਕ ਕਰਨ ਦਾ ਮੌਕਾ ਮਿਲ ਜਾਂਦਾ ਸੀ। ਪਰ ਹੁਣ ਨਵੇਂ ਨਿਯਮ ਅਨੁਸਾਰ ਯੂ.ਐੱਸ.ਸੀ.ਆਈ.ਐੱਸ. ਪਹਿਲਾਂ ਅਰਜ਼ੀ ਸਵੀਕਾਰ ਕਰਕੇ ਉਸ 'ਤੇ ਕਾਰਵਾਈ ਕਰੇਗੀ ਅਤੇ ਬਾਅਦ ਵਿਚ ਜਾਂਚ ਦੌਰਾਨ ਗਲਤੀ ਮਿਲਣ 'ਤੇ ਸਿੱਧਾ ਇਨਕਾਰ ਕਰ ਸਕਦੀ ਹੈ। ਇਸ ਨਿਯਮ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ, ਜੋ ਫਾਰਮ ਆਈ-485 ਰਾਹੀਂ ਗ੍ਰੀਨ ਕਾਰਡ ਲਈ ਸਥਿਤੀ ਦੀ ਐਡਜਸਮੈਂਟ ਕਰ ਰਹੇ ਹਨ। ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਕਈ ਵਾਰ ਲੋਕ ਪੁਰਾਣੇ ਫਾਰਮ ਵਰਤ ਲੈਂਦੇ ਹਨ, ਡਿਜ਼ਿਟਲ ਸਿਗਨੇਚਰ ਗਲਤ ਕਰ ਦਿੰਦੇ ਹਨ ਜਾਂ ਕਿਸੇ ਸਪਾਂਸਰ ਜਾਂ ਵਕੀਲ ਦੇ ਸਿਗਨੇਚਰ ਰਹਿ ਜਾਂਦੇ ਹਨ, ਜਿਸ ਕਾਰਨ ਪੂਰਾ ਕੇਸ ਖਤਰੇ ਵਿਚ ਪੈ ਸਕਦਾ ਹੈ।

ਵਕੀਲਾਂ ਨੇ ਚੇਤਾਵਨੀ ਦਿੱਤੀ ਹੈ ਕਿ ਹੁਣ ਹਰ ਫਾਰਮ ਨੂੰ ਭੇਜਣ ਤੋਂ ਪਹਿਲਾਂ ਬਹੁਤ ਧਿਆਨ ਨਾਲ ਚੈੱਕ ਕਰਨਾ ਲਾਜ਼ਮੀ ਹੋਵੇਗਾ। ਖਾਸ ਕਰਕੇ ਪੰਜਾਬੀ ਅਤੇ ਭਾਰਤੀ ਭਾਈਚਾਰੇ ਵਿਚ ਕਈ ਲੋਕ ਏਜੰਟਾਂ ਜਾਂ ਤੀਜੇ ਵਿਅਕਤੀਆਂ ਰਾਹੀਂ ਫਾਰਮ ਭਰਵਾਉਂਦੇ ਹਨ, ਜਿਸ ਕਾਰਨ ਛੋਟੀਆਂ ਟੈਕਨੀਕਲ ਗਲਤੀਆਂ ਹੋਣ ਦਾ ਖਤਰਾ ਵੱਧ ਜਾਂਦਾ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਕੇਸ ਕਈ ਮਹੀਨੇ ਚੱਲਣ ਤੋਂ ਬਾਅਦ ਸਿਗਨੇਚਰ ਦੀ ਗਲਤੀ ਕਾਰਨ ਡਿਨਾਈ ਹੁੰਦਾ ਹੈ, ਤਾਂ ਅਰਜ਼ੀਕਾਰਾਂ ਨੂੰ ਮੁੜ ਫਾਈਲਿੰਗ ਫੀਸ ਦੇਣੀ ਪੈ ਸਕਦੀ ਹੈ ਅਤੇ ਇਮੀਗ੍ਰੇਸ਼ਨ ਸਟੇਟਸ 'ਤੇ ਵੀ ਅਸਰ ਪੈ ਸਕਦਾ ਹੈ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਨਿਯਮ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਸਖ਼ਤ ਅਤੇ ਸੁਰੱਖਿਅਤ ਬਣਾਉਣ ਲਈ ਲਿਆਂਦਾ ਗਿਆ ਹੈ, ਪਰ ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਇਸਨੂੰ ਪ੍ਰਵਾਸੀਆਂ ਲਈ ਇੱਕ ਹੋਰ ਮੁਸ਼ਕਲ ਕਦਮ ਮੰਨ ਰਹੀਆਂ ਹਨ।

# ਰੋਸ ਨਾ ਕੀਜੈ: ਸੱਤਾ ਦੇ ਵੱਡੇ ਕਾਫ਼ਲੇ

ਭਾਰਤ ਦੀ ਰਾਜਨੀਤੀ ਵਿਚ ਸਾਲਾਂ ਤੋਂ ਸੁਰੱਖਿਆ ਨੂੰ ਸਿਰਫ਼ ਖ਼ਤਰੇ ਨਾਲ ਨਹੀਂ, ਸਗੋਂ ਰੁਤਬੇ ਅਤੇ ਤਾਕਤ ਨਾਲ ਜੋੜ ਕੇ ਦੇਖਿਆ ਗਿਆ ਹੈ। ਜਿੰਨਾ ਵੱਡਾ ਕਾਫ਼ਲਾ, ਓਨਾ ਵੱਡਾ ਨੇਤਾ। ਜਿੰਨੇ ਜ਼ਿਆਦਾ ਗੰਨਮੈਨ ਅਤੇ ਕਮਾਂਡੋ, ਓਨੀ ਹੀ ਵੱਡੀ ਸ਼ਖ਼ਸੀਅਤ ਮੰਨੀ ਜਾਂਦੀ ਹੈ। ਭਾਵੇਂ ਲਾਲ ਬੱਤੀਆਂ ਵਾਲੀ ਸੱਭਿਆਚਾਰਕ ਰਵਾਇਤ ਸਰਕਾਰੀ ਗੱਡੀਆਂ ਤੋਂ ਹਟਾ ਦਿੱਤੀ ਗਈ ਹੋਵੇ ਪਰ ਵੀਆਈਪੀ ਸੱਭਿਆਚਾਰ ਅਜੇ ਵੀ ਲੰਬੇ ਕਾਫ਼ਲਿਆਂ, ਸਾਇਰਨਾਂ, ਸੜਕਾਂ ਦੇ ਜਾਮ ਅਤੇ ਭਾਰੀ ਸੁਰੱਖਿਆ ਰਾਹੀਂ ਜਿਉਂਦਾ ਹੈ। ਹੁਣ ਜਦੋਂ ਸਰਕਾਰਾਂ ਵੱਲੋਂ ਵੀਆਈਪੀ ਸੁਰੱਖਿਆ ਘਟਾਉਣ ਜਾਂ ਕਾਫ਼ਲਿਆਂ ਦਾ ਆਕਾਰ ਛੋਟਾ ਕਰਨ ਦੀ ਗੱਲ ਹੋ ਰਹੀ ਹੈ ਤਾਂ ਇਕ ਸਵਾਲ ਸਹਿਜੇ ਹੀ ਉੱਠਦਾ ਹੈ-ਕੀ ਇਹ ਸੁਰੱਖਿਆ ਸੱਚਮੁੱਚ ਖ਼ਤਰੇ ਦੇ ਆਧਾਰ 'ਤੇ ਦਿੱਤੀ ਜਾਂਦੀ ਸੀ ਜਾਂ ਫਿਰ ਇਹ ਸਿਰਫ਼ ਤਾਕਤ ਦਾ ਪ੍ਰਦਰਸ਼ਨ ਸੀ?

ਹਾਲ ਹੀ ਵਿਚ ਸਾਬਕਾ ਕ੍ਰਿਕਟਰ ਅਤੇ ਸਿਆਸੀ ਚਿਹਰੇ ਹਰਭਜਨ ਸਿੰਘ ਨਾਲ ਜੁੜਿਆ ਮਾਮਲਾ ਇਸ ਚਰਚਾ ਨੂੰ ਹੋਰ ਤੇਜ਼ ਕਰਦਾ ਹੈ। ਰਿਪੋਰਟਾਂ ਮੁਤਾਬਕ ਜਦੋਂ ਹਰਭਜਨ ਸਿੰਘ ਦੀ ਸਿਆਸੀ ਨਜ਼ਦੀਕੀ ਆਮ ਆਦਮੀ ਪਾਰਟੀ ਤੋਂ ਭਾਜਪਾ ਵੱਲ ਵਧੀ, ਤਾਂ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਗਈ। ਇੱਥੇ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਉਨ੍ਹਾਂ ਲਈ ਖ਼ਤਰਾ ਰਾਤੋ-ਰਾਤ ਹੀ ਖ਼ਤਮ ਹੋ ਗਿਆ? ਜੇਕਰ ਕੱਲ੍ਹ ਤੱਕ ਸੁਰੱਖਿਆ ਦੀ ਲੋੜ ਸੀ, ਤਾਂ ਅੱਜ ਕੀ ਬਦਲਿਆ? ਸਿਰਫ਼ ਸਿਆਸੀ ਸਮੀਕਰਨ। ਸੁਰੱਖਿਆ ਕਦੇ ਵੀ ਸਿਆਸੀ ਵਫ਼ਾਦਾਰੀ ਦਾ ਇਨਾਮ ਅਤੇ ਵਿਰੋਧ ਦਾ ਦੰਡ ਨਹੀਂ ਬਣ ਸਕਦੀ। ਜਦੋਂ ਸੁਰੱਖਿਆ ਨੂੰ ਪੇਸ਼ੇਵਰ ਮੁਲਾਂਕਣ ਦੀ ਥਾਂ ਸਿਆਸੀ ਲਾਭ ਨਾਲ ਜੋੜ ਦਿੱਤਾ ਜਾਂਦਾ ਹੈ ਤਾਂ ਪੂਰੀ ਪ੍ਰਣਾਲੀ 'ਤੇ ਲੋਕਾਂ ਦਾ ਭਰੋਸਾ ਡੋਲਣਾ ਸ਼ੁਰੂ ਹੋ ਜਾਂਦਾ ਹੈ। ਭਾਰਤ ਵਿਚ ਵੀਆਈਪੀ ਸੁਰੱਖਿਆ ਦੀ ਸੰਸਕ੍ਰਿਤੀ ਲੰਬੇ ਸਮੇਂ ਤੋਂ ਚਰਚਾ ਦਾ ਵਿਸ਼ਾ ਰਹੀ ਹੈ। ਸਿਧਾਂਤਕ ਤੌਰ 'ਤੇ ਸੁਰੱਖਿਆ ਉਨ੍ਹਾਂ ਲੋਕਾਂ ਲਈ ਹੁੰਦੀ ਹੈ ਜਿਨ੍ਹਾਂ ਨੂੰ ਸੱਚਮੁੱਚ ਖ਼ਤਰਾ ਹੋਵੇ ਪਰ ਅਮਲ ਵਿਚ ਇਹ ਸਿਆਸੀ ਪ੍ਰਭਾਵ ਦਾ ਹਿੱਸਾ ਬਣ ਗਈ ਹੈ। ਕਈ ਨੇਤਾ ਵੱਡੇ ਕਾਫ਼ਲੇ ਇਸ ਲਈ ਨਹੀਂ ਰੱਖਦੇ ਕਿ ਉਨ੍ਹਾਂ ਨੂੰ ਵਧੇਰੇ ਖ਼ਤਰਾ ਹੈ, ਸਗੋਂ ਇਸ ਲਈ ਰੱਖਦੇ ਹਨ ਕਿਉਂਕਿ ਇਸ ਨਾਲ ਉਨ੍ਹਾਂ ਦੀ ਹੈਸੀਅਤ ਦਿਖਾਈ ਦਿੰਦੀ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਕਈ ਅਜਿਹੇ ਨੇਤਾ ਜਿਨ੍ਹਾਂ ਦਾ ਨਾ ਤਾਂ ਕੋਈ ਵੱਡਾ ਜਨ ਆਧਾਰ ਹੁੰਦਾ ਹੈ ਅਤੇ ਨਾ ਹੀ ਉਹ ਸੱਤਾ ਵਿਚ ਹੁੰਦੇ ਹਨ, ਫਿਰ ਵੀ ਭਾਰੀ ਸੁਰੱਖਿਆ ਲੈ ਕੇ ਘੁੰਮਦੇ ਹਨ। ਕਈ ਵਾਰ ਸੁਰੱਖਿਆ ਹਟਾਉਣ ਨੂੰ ਪ੍ਰਸ਼ਾਸਕੀ ਫ਼ੈਸਲੇ ਦੀ ਥਾਂ ਸਿਆਸੀ ਬਦਲਾਖ਼ੋਰੀ ਮੰਨਿਆ ਜਾਂਦਾ ਹੈ। ਕੇਵਲ ਸੂਬਿਆਂ 'ਚ ਹੀ ਨਹੀਂ, ਕੇਂਦਰ ਵਿਚ ਵੀ ਇਹ ਚਰਚਾ ਮੁੜ ਚੱਲ ਪਈ ਹੈ। ਹਾਲ ਹੀ ਵਿਚ ਖ਼ਬਰਾਂ ਆਈਆਂ ਸਨ ਕਿ ਵੀਆਈਪੀ ਕਾਫ਼ਲਿਆਂ ਦਾ ਆਕਾਰ ਘਟਾਇਆ ਜਾ ਰਿਹਾ ਹੈ ਤਾਂ ਜੋ ਪੈਟਰੋਲ-ਡੀਜ਼ਲ ਦੀ ਬੱਚਤ ਹੋ ਸਕੇ ਅਤੇ ਲੋਕਾਂ ਨੂੰ ਘੱਟ ਪਰੇਸ਼ਾਨੀ ਆਵੇ। ਸਰਕਾਰੀ ਕਾਰਨ ਭਾਵੇਂ ਆਰਥਿਕਤਾ ਹੋਵੇ ਪਰ ਇਸ ਨਾਲ ਇਕ ਵੱਡੀ ਸੱਚਾਈ ਸਾਹਮਣੇ ਆ ਜਾਂਦੀ ਹੈ। ਜੇ ਅੱਜ ਪੰਜ ਗੱਡੀਆਂ ਨਾਲ ਕੰਮ ਚੱਲ ਸਕਦਾ ਹੈ ਤਾਂ ਕੱਲ੍ਹ ਪੰਦਰਾਂ ਗੱਡੀਆਂ ਦੀ ਲੋੜ ਕਿਉਂ ਸੀ? ਸਾਲਾਂ ਤੋਂ ਆਮ ਲੋਕਾਂ ਨੇ ਦੇਖਿਆ ਹੈ ਕਿ ਕਿਸੇ ਵੀਆਈਪੀ ਦੇ ਆਉਣ-ਜਾਣ ਦੌਰਾਨ ਸੜਕਾਂ ਰੋਕ ਦਿੱਤੀਆਂ ਜਾਂਦੀਆਂ ਹਨ। ਐਂਬੂਲੈਂਸਾਂ ਫਸ ਜਾਂਦੀਆਂ ਹਨ, ਸਕੂਲ ਜਾਣ ਵਾਲੇ ਬੱਚੇ ਦੇਰ ਨਾਲ ਪਹੁੰਚਦੇ ਹਨ ਅਤੇ ਆਮ ਜਨਤਾ ਨੂੰ ਘੰਟਿਆਂ ਤੱਕ ਖੜ੍ਹਾ ਰਹਿਣਾ ਪੈਂਦਾ ਹੈ। ਕਈ ਵਾਰ ਤਾਂ ਪੂਰੇ ਰਸਤੇ ਨੂੰ ਪਹਿਲਾਂ ਹੀ ਖ਼ਾਲੀ ਕਰਵਾ ਦਿੱਤਾ ਜਾਂਦਾ ਹੈ ਤਾਂ ਜੋ 'ਮਹੱਤਵਪੂਰਨ ਵਿਅਕਤੀ' ਬਿਨਾਂ ਰੁਕਾਵਟ ਦੇ ਲੰਘ ਸਕੇ। ਇਹ ਦ੍ਰਿਸ਼ ਲੋਕਤੰਤਰ ਤੋਂ ਵੱਧ ਰਾਜਸ਼ਾਹੀ ਦੀ ਯਾਦ ਦਿਵਾਉਂਦਾ ਹੈ। ਸਮੱਸਿਆ ਸੁਰੱਖਿਆ ਨਾਲ ਨਹੀਂ ਹੈ। ਭਾਰਤ ਨੇ ਅਸਲ ਖ਼ਤਰਿਆਂ ਦਾ ਸਾਹਮਣਾ ਕੀਤਾ ਹੈ। ਦੇਸ਼ ਨੇ ਇਕ ਪ੍ਰਧਾਨ ਮੰਤਰੀ ਤੇ ਇਕ ਸਾਬਕਾ ਪ੍ਰਧਾਨ ਮੰਤਰੀ ਨੂੰ ਗੁਆਇਆ ਹੈ। ਪੰਜਾਬ, ਜੰਮੂ-ਕਸ਼ਮੀਰ ਅਤੇ ਹੋਰ ਕਈ ਖੇਤਰਾਂ ਵਿਚ ਅੱਤਵਾਦ ਅਤੇ ਸਿਆਸੀ ਹਿੰਸਾ ਦੇ ਮਾਮਲੇ ਸਾਹਮਣੇ ਆਉਂਦੇ ਰਹੇ ਹਨ। ਇਸ ਲਈ ਜਿਨ੍ਹਾਂ ਨੂੰ ਅਸਲ ਖ਼ਤਰਾ ਹੈ, ਉਨ੍ਹਾਂ ਲਈ ਮਜ਼ਬੂਤ ਸੁਰੱਖਿਆ ਬਹੁਤ ਜ਼ਰੂਰੀ ਹੈ ਪਰ ਕਿਉਂਕਿ ਸੁਰੱਖਿਆ ਗੰਭੀਰ ਮਾਮਲਾ ਹੈ, ਇਸ ਨੂੰ ਸਿਆਸੀ ਨੌਟੰਕੀ ਤੋਂ ਦੂਰ ਰੱਖਣਾ ਜ਼ਰੂਰੀ ਹੈ। ਮੌਜੂਦਾ ਪ੍ਰਣਾਲੀ ਵਿਚ ਅਕਸਰ ਇਹ ਦਿਖਾਈ ਦਿੰਦਾ ਹੈ ਕਿ ਇਕ ਨੇਤਾ ਸੱਤਾਧਾਰੀ ਪਾਰਟੀ ਵਿਚ ਸ਼ਾਮਲ ਹੁੰਦਾ ਹੈ ਤਾਂ ਉਸ ਦੀ ਸੁਰੱਖਿਆ ਵਧ ਜਾਂਦੀ ਹੈ ਅਤੇ ਜਦੋਂ ਉਹ ਪਾਰਟੀ ਤੋਂ ਦੂਰ ਜਾਂਦਾ ਹੈ ਤਾਂ ਸੁਰੱਖਿਆ ਘਟਾ ਦਿੱਤੀ ਜਾਂਦੀ ਹੈ। ਆਮ ਲੋਕ ਇਹ 'ਸੰਯੋਗ' ਦੇਖਦੇ ਹਨ ਤੇ ਸਵਾਲ ਪੁੱਛਦੇ ਹਨ ਕਿ ਕੀ ਸੁਰੱਖਿਆ ਦਾ ਫ਼ੈਸਲਾ ਖ਼ੁਫ਼ੀਆ ਏਜੰਸੀਆਂ ਕਰਦੀਆਂ ਹਨ ਜਾਂ ਸਿਆਸੀ ਸਵਾਰਥ? ਇਸ ਨਾਲ ਸਿਰਫ਼ ਸਿਆਸੀ ਪ੍ਰਣਾਲੀ 'ਤੇ ਹੀ ਨਹੀਂ, ਸੁਰੱਖਿਆ ਏਜੰਸੀਆਂ ਦੀ ਨਿਰਪੱਖਤਾ 'ਤੇ ਵੀ ਸਵਾਲ ਖੜ੍ਹੇ ਹੋ ਜਾਂਦੇ ਹਨ। ਇਕ ਹੋਰ ਵੱਡੀ ਵਿਡੰਬਨਾ ਵੀ ਹੈ। ਕਈ ਨੇਤਾ ਇਕ ਪਾਸੇ ਆਪਣੇ ਭਾਰੀ ਜਨ-ਸਮਰਥਨ ਦਾ ਦਾਅਵਾ ਕਰਦੇ ਹਨ, ਦੂਜੇ ਪਾਸੇ ਉਹ ਸੈਂਕੜੇ ਸੁਰੱਖਿਆ ਕਰਮਚਾਰੀਆਂ ਅਤੇ ਬੈਰੀਕੇਡਾਂ ਦੇ ਪਿੱਛੇ ਰਹਿੰਦੇ ਹਨ। ਜੇ ਲੋਕ ਇੰਨਾ ਪਿਆਰ ਕਰਦੇ ਹਨ ਤਾਂ ਫਿਰ ਇੰਨਾ ਡਰ ਕਿਉਂ? ਭਾਰਤੀ ਸਿਆਸਤ ਦਾ ਮੁਹਾਂਦਰਾ ਹੌਲੀ-ਹੌਲੀ ਜਨਤਾ ਅਤੇ ਨੇਤਾਵਾਂ ਵਿਚਕਾਰ ਦੂਰੀ ਦਾ ਪ੍ਰਤੀਕ ਬਣ ਗਿਆ ਹੈ। ਸੁਰੱਖਿਆ ਘੇਰੇ, ਕਾਲੀਆਂ ਗੱਡੀਆਂ, ਪਾਇਲਟ ਵਾਹਨ ਅਤੇ ਸੜਕਾਂ ਦੀ ਕਲੀਅਰੈਂਸ ਇਹ ਸੁਨੇਹਾ ਦਿੰਦੇ ਹਨ ਕਿ ਸ਼ਾਸਕਾਂ ਨੂੰ ਆਮ ਲੋਕਾਂ ਤੋਂ ਵੱਖ ਰੱਖਣਾ ਲਾਜ਼ਮੀ ਹੈ ਪਰ ਲੋਕਤੰਤਰ ਦਾ ਮਕਸਦ ਤਾਂ ਇਸ ਦੂਰੀ ਨੂੰ ਘਟਾਉਣਾ ਸੀ। ਦੁਨੀਆ ਦੇ ਕਈ ਦੇਸ਼ਾਂ ਵਿਚ ਵੱਡੇ ਨੇਤਾ ਘੱਟ ਤੋਂ ਘੱਟ ਦਿਖਾਵੇ ਨਾਲ ਯਾਤਰਾ ਕਰਦੇ ਹਨ। ਉੱਥੇ ਸੁਰੱਖਿਆ ਦਾ ਮਤਲਬ ਸਿਰਫ਼ ਖ਼ਤਰੇ ਤੋਂ ਬਚਾਅ ਹੁੰਦਾ ਹੈ, ਨਾ ਕਿ ਤਾਕਤ ਦਾ ਪ੍ਰਦਰਸ਼ਨ ਪਰ ਭਾਰਤ ਵਿਚ ਅਕਸਰ ਦਿਖਾਵਾ ਹੀ ਰਣਨੀਤੀ ਬਣ ਜਾਂਦਾ ਹੈ। ਇਸ ਲਈ ਕਾਫ਼ਲਿਆਂ ਦਾ ਆਕਾਰ ਘਟਾਉਣਾ ਸਿਰਫ਼ ਈਂਧਨ ਬਚਾਉਣ ਦਾ ਮਾਮਲਾ ਨਹੀਂ, ਸਗੋਂ ਇਕ ਵੱਡੇ ਆਤਮ-ਮੰਥਨ ਦਾ ਮੌਕਾ ਹੈ। ਜੇ ਅੱਜ ਘੱਟ ਸੁਰੱਖਿਆ ਨਾਲ ਕੰਮ ਚੱਲ ਸਕਦਾ ਹੈ ਤਾਂ ਸਾਲਾਂ ਤੱਕ ਟੈਕਸ ਦੇ ਪੈਸੇ ਨਾਲ ਇੰਨਾ ਵੱਡਾ ਬੋਝ ਕਿਉਂ ਝੱਲਿਆ ਗਿਆ? ਇਸ ਦਾ ਜਵਾਬ ਸਾਫ਼ ਹੈ-ਕਿਉਂਕਿ ਸੁਰੱਖਿਆ ਨੂੰ ਤਾਕਤ ਦੇ ਪ੍ਰਤੀਕ ਵਜੋਂ ਵਰਤਿਆ ਗਿਆ। ਗੰਨਮੈਨਾਂ ਨਾਲ ਘਿਰਿਆ ਨੇਤਾ ਵੱਡਾ ਦਿਖਾਈ ਦਿੰਦਾ ਹੈ। ਅਧਿਕਾਰੀ ਹੋਰ ਨਿਮਰ ਹੋ ਜਾਂਦੇ ਹਨ। ਭੀੜ ਆਪਣੇ-ਆਪ ਰਸਤਾ ਛੱਡ ਦਿੰਦੀ ਹੈ। ਇਸ ਤਰ੍ਹਾਂ ਸੁਰੱਖਿਆ ਖ਼ਤਰੇ ਨਾਲੋਂ ਵੱਧ 'ਹੈਸੀਅਤ' ਦੀ ਪ੍ਰਤੀਕ ਬਣ ਜਾਂਦੀ ਹੈ। ਇਸ ਦਾ ਸਭ ਤੋਂ ਵੱਡਾ ਨੁਕਸਾਨ ਪੁਲਿਸ ਦੀ ਕਾਰਜਪ੍ਰਣਾਲੀ ਨੂੰ ਹੁੰਦਾ ਹੈ। ਹਜ਼ਾਰਾਂ ਪੁਲਿਸ ਮੁਲਾਜ਼ਮ ਵੀਆਈਪੀ ਡਿਊਟੀ 'ਚ ਲੱਗੇ ਰਹਿੰਦੇ ਹਨ, ਜਦਕਿ ਥਾਣਿਆਂ ਵਿਚ ਸਟਾਫ ਦੀ ਕਮੀ ਰਹਿੰਦੀ ਹੈ। ਇਕ ਆਮ ਨਾਗਰਿਕ ਨੂੰ ਬੁਨਿਆਦੀ ਸੁਰੱਖਿਆ ਲਈ ਸੰਘਰਸ਼ ਕਰਨਾ ਪੈਂਦਾ ਹੈ ਪਰ ਕਿਸੇ ਮੰਤਰੀ ਦੇ ਦੌਰੇ ਲਈ ਪੂਰਾ ਪ੍ਰਸ਼ਾਸਨ ਤਾਇਨਾਤ ਹੋ ਜਾਂਦਾ ਹੈ। ਸੁਰੱਖਿਆ ਦਾ ਆਧਾਰ ਪਾਰਦਰਸ਼ੀ ਅਤੇ ਪੇਸ਼ੇਵਰ ਮੁਲਾਂਕਣ ਹੋਣਾ ਚਾਹੀਦਾ ਹੈ। ਇਸ ਦੀ ਸਮੇਂ-ਸਮੇਂ 'ਤੇ ਆਜ਼ਾਦਾਨਾ ਢੰਗ ਨਾਲ ਪੜਚੋਲ ਹੋਵੇ ਤੇ ਇਸ ਨੂੰ ਸਿਆਸੀ ਦਖ਼ਲਅੰਦਾਜ਼ੀ ਤੋਂ ਮੁਕਤ ਰੱਖਿਆ ਜਾਵੇ। ਖ਼ਤਰੇ ਦੀ ਪਛਾਣ ਪਾਰਟੀ ਮੈਂਬਰਸ਼ਿਪ ਨਾਲ ਨਹੀਂ ਬਦਲਣੀ ਚਾਹੀਦੀ। ਇਸ ਦੇ ਨਾਲ ਹੀ ਨੇਤਾਵਾਂ ਨੂੰ ਵੀ ਸੋਚਣਾ ਪਵੇਗਾ ਕਿ ਜਨਜੀਵਨ ਵਿਚ ਮਿਲ-ਜੁਲ ਕੇ ਰਹਿਣਾ ਸਿਰਫ਼ ਵਿਸ਼ੇਸ਼ ਅਧਿਕਾਰ ਨਹੀਂ, ਸਗੋਂ ਜ਼ਿੰਮੇਵਾਰੀ ਵੀ ਹੈ। ਜੋ ਨੇਤਾ ਸਾਦਗੀ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਇਹ ਆਪਣੇ ਵਿਵਹਾਰ ਵਿਚ ਵੀ ਦਿਖਾਉਣੀ ਚਾਹੀਦੀ ਹੈ। ਛੋਟੇ ਕਾਫ਼ਲੇ ਅਤੇ ਸੀਮਤ ਸੁਰੱਖਿਆ ਸਿਰਫ਼ ਪ੍ਰਸ਼ਾਸਕੀ ਫ਼ੈਸਲੇ ਨਹੀਂ, ਸਗੋਂ ਲੋਕਤੰਤਰੀ ਸੰਦੇਸ਼ ਵੀ ਹਨ। ਲੋਕ ਅਸਲ ਖ਼ਤਰਿਆਂ ਨੂੰ ਸਮਝਦੇ ਹਨ। ਅਵਾਮ ਨੂੰ ਉਨ੍ਹਾਂ ਲੋਕਾਂ ਦੀ ਸੁਰੱਖਿਆ ਨਾਲ ਕੋਈ ਸਮੱਸਿਆ ਨਹੀਂ ਜਿਨ੍ਹਾਂ ਦੀ ਜਾਨ ਨੂੰ ਸੱਚਮੁੱਚ ਖ਼ਤਰਾ ਹੈ। ਪਰ ਲੋਕ ਇਸ ਗੱਲੋਂ ਨਾਰਾਜ਼ ਹੁੰਦੇ ਹਨ ਜਦੋਂ ਟੈਕਸਦਾਤਿਆਂ ਦੇ ਪੈਸੇ ਨਾਲ ਸੁਰੱਖਿਆ ਨੂੰ ਤਾਕਤ ਦੇ ਦਿਖਾਵੇ 'ਚ ਬਦਲ ਦਿੱਤਾ ਜਾਂਦਾ ਹੈ। ਹਰਭਜਨ ਸਿੰਘ ਦਾ ਮਾਮਲਾ ਅਤੇ ਵੀਆਈਪੀ ਕਾਫ਼ਲਿਆਂ ਨੂੰ ਘਟਾਉਣ ਦੀ ਚਰਚਾ ਸਾਨੂੰ ਇੱਕੋ ਸੱਚ ਵੱਲ ਇਸ਼ਾਰਾ ਕਰਦੀ ਹੈ, ਉਹ ਇਹ ਕਿ ਭਾਰਤ ਵਿਚ ਵੀਆਈਪੀ ਸੁਰੱਖਿਆ ਦਾ ਵੱਡਾ ਹਿੱਸਾ ਸ਼ਾਇਦ ਲੋੜ ਨਾਲੋਂ ਵੱਧ ਤਾਕਤ ਦੇ ਪ੍ਰਦਰਸ਼ਨ ਲਈ ਵਰਤਿਆ ਗਿਆ ਅਤੇ ਜੇ ਇਹ ਸੱਚ ਹੈ ਤਾਂ ਦੇਸ਼ ਨੂੰ ਇਹ ਮੁਸ਼ਕਲ ਪਰ ਜ਼ਰੂਰੀ ਸਵਾਲ ਪੁੱਛਣਾ ਹੀ ਪਵੇਗਾ ਕਿ ਕੀ ਲੋਕ ਟੈਕਸ ਸੁਰੱਖਿਆ ਲਈ ਦੇ ਰਹੇ ਸਨ ਜਾਂ ਸਿਰਫ਼ ਪ੍ਰਤੀਕਾਤਮਕ ਸ਼ਾਨੋ-ਸ਼ੌਕਤ ਲਈ?

# ਵਿਦੇਸ਼ੀ ਮੁਦਰਾ ਬਚਾਉਣ ਦੀ ਚੁਣੌਤੀ



ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਕਾਰ ਚੱਲ ਰਹੇ ਯੁੱਧ ਕਾਰਨ ਢਾਈ ਮਹੀਨਿਆਂ ਤੋਂ ਹੋਰਮੁਜ਼ ਸਮੁੰਦਰੀ ਮਾਰਗ ਵਿਚ ਅੜਿੱਕਾ ਪੈਣ ਕਾਰਨ ਦੁਨੀਆ ਵਿਚ ਗੈਸ ਅਤੇ ਤੇਲ ਦਾ ਜੋ ਸੰਕਟ ਖੜ੍ਹਾ ਹੋਇਆ ਹੈ, ਉਹ ਹੁਣ ਵੀ ਜਾਰੀ ਹੈ। ਇਸ ਦਾ ਪ੍ਰਭਾਵ ਭਾਰਤ ਸਮੇਤ ਪੂਰੀ ਦੁਨੀਆ 'ਤੇ ਪਿਆ ਹੈ। ਭਾਰਤ ਲਈ ਹੋਰਮੁਜ਼ ਸਟਰੇਟ ਤੋਂ ਵੱਡੇ ਪੈਮਾਨੇ 'ਤੇ ਤੇਲ ਅਤੇ ਗੈਸ ਦੀ ਸਪਲਾਈ ਹੁੰਦੀ ਸੀ। ਪਿਛਲੇ ਢਾਈ ਮਹੀਨਿਆਂ ਤੋਂ ਇਸ ਸਪਲਾਈ ਵਿਚ ਖ਼ਾਸੀ ਕਮੀ ਆਈ ਹੈ। ਜਿਵੇਂ-ਤਿਵੇਂ ਕੁਝ ਤੇਲ ਅਤੇ ਗੈਸ ਨਾਲ ਭਰੇ ਜਹਾਜ਼ ਹੋਰਮੁਜ਼ ਸਟਰੇਟ ਤੋਂ ਨਿਕਲ ਕੇ ਭਾਰਤ ਆ ਰਹੇ ਹਨ। ਇਹ ਗੱਲ ਵੱਖਰੀ ਹੈ ਕਿ ਅਜੇ ਤੱਕ ਭਾਰਤ ਵਿਚ ਪੈਟਰੋਲੀਅਮ ਪਦਾਰਥਾਂ ਨੂੰ ਲੈ ਕੇ ਕੋਈ ਗੰਭੀਰ ਸੰਕਟ ਪੈਦਾ ਨਹੀਂ ਹੋਇਆ। ਭਾਰਤ ਸਰਕਾਰ ਦੀ ਇਸ ਦੇ ਲਈ ਪ੍ਰਸ਼ੰਸਾ ਕਰਨੀ ਹੋਵੇਗੀ ਕਿ ਉਸ ਨੇ ਤੇਲ-ਗੈਸ ਦੀ ਜੋ ਵਿਸ਼ਵ ਪੱਧਰ 'ਤੇ ਚੁਣੌਤੀ ਖੜ੍ਹੀ ਹੋਈ ਹੈ, ਉਸ ਦਾ ਸਾਹਮਣਾ ਬਾਖ਼ੂਬੀ ਕੀਤਾ ਹੈ। ਜਦੋਂ ਬਹੁਤ ਸਾਰੇ ਦੇਸ਼ਾਂ ਨੇ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਹੋਰਮੁਜ਼ ਸਟਰੇਟ 'ਚ ਰੁਕਾਵਟ ਪੈਣ ਦੇ ਚੰਦ ਦਿਨਾਂ ਬਾਅਦ ਹੀ ਵਧਾ ਦਿੱਤੀਆਂ ਸਨ, ਤਦ ਭਾਰਤ ਨੇ ਲਗਪਗ 75 ਦਿਨਾਂ ਬਾਅਦ ਵਧਾਈਆਂ ਅਤੇ ਉਹ ਵੀ ਹੋਰ ਦੇਸ਼ਾਂ ਦੀ ਤੁਲਨਾ ਵਿਚ ਬਹੁਤ ਘੱਟ। ਅਜਿਹਾ ਕਰਨਾ ਇਸ ਲਈ ਜ਼ਰੂਰੀ ਹੋ ਗਿਆ ਸੀ ਕਿਉਂਕਿ ਤੇਲ ਕੰਪਨੀਆਂ ਦਾ ਘਾਟਾ ਵਧ ਰਿਹਾ ਸੀ। ਵਿਸ਼ਵ ਵਿਚ ਜਦ ਵੀ ਕਿਸੇ ਵਸਤੂ ਦੀ ਕਿੱਲਤ ਹੁੰਦੀ ਹੈ ਤਾਂ ਉਸ ਦੀਆਂ ਕੀਮਤਾਂ ਵਧਦੀਆਂ ਹੀ ਹਨ। ਜੇ ਪੱਛਮੀ ਏਸ਼ੀਆ ਸੰਕਟ ਨਾ ਸੁਲਝਿਆ ਤਾਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਹੋਰ ਵਧ ਸਕਦੀਆਂ ਹਨ। ਇਸ ਨਾਲ ਦਰਾਮਦ ਬਿੱਲ ਵਧੇਗਾ। ਇਸ ਨੂੰ ਦੇਖਦੇ ਹੋਏ ਹੀ ਬੀਤੇ ਦਿਨੀਂ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀਆਂ ਨੂੰ ਅਪੀਲ ਕੀਤੀ ਸੀ ਕਿ ਉਹ ਪੈਟਰੋਲ ਤੇ ਡੀਜ਼ਲ ਦੀ ਬੱਚਤ ਕਰਨ, ਵਿਦੇਸ਼ ਯਾਤਰਾਵਾਂ ਘੱਟ ਕਰਨ, ਵਰਕ ਫਰਾਮ ਹੋਮ ਕਰਨ ਅਤੇ ਘੱਟੋ-ਘੱਟ ਇਕ ਸਾਲ ਤੱਕ ਸੋਨਾ ਨਾ ਖ਼ਰੀਦਣ।

ਸਭ ਜਾਣਦੇ ਹਨ ਕਿ ਆਮ ਭਾਰਤੀ ਸੁਰੱਖਿਅਤ ਨਿਵੇਸ਼ ਦੇ ਰੂਪ ਵਿਚ ਸੋਨਾ ਖ਼ਰੀਦਣ ਨੂੰ ਤਰਜੀਹ ਦਿੰਦੇ ਹਨ। ਇਸ ਸਮੇਂ ਵਿਸ਼ਵ ਦੇ ਕਿਸੇ ਦੇਸ਼ ਵਿਚ ਲੋਕਾਂ ਕੋਲ ਸਭ ਤੋਂ ਵੱਧ ਸੋਨਾ ਹੈ ਤਾਂ ਉਹ ਭਾਰਤੀਆਂ ਕੋਲ ਹੈ। ਇਕ ਮੁਲਾਂਕਣ ਮੁਤਾਬਕ ਲਗਪਗ 40 ਹਜ਼ਾਰ ਟਨ ਸੋਨਾ ਭਾਰਤੀ ਘਰਾਂ ਵਿਚ ਹੈ। ਕਿਉਂਕਿ ਭਾਰਤ ਵਿਚ ਸੋਨੇ ਦਾ ਉਤਪਾਦਨ ਬਹੁਤ ਘੱਟ ਹੁੰਦਾ ਹੈ, ਲਿਹਾਜ਼ਾ ਉਸ ਦੀ ਦਰਾਮਦ ਹੁੰਦੀ ਹੈ। ਬੀਤੇ ਸਾਲ ਭਾਰਤ ਨੇ ਲਗਪਗ 72 ਅਰਬ ਡਾਲਰ ਦਾ ਸੋਨਾ ਖ਼ਰੀਦਿਆ ਸੀ। ਡਾਲਰ ਦੇ ਮੁਕਾਬਲੇ ਰੁਪਇਆ ਕਮਜ਼ੋਰ ਹੋਣ ਨਾਲ ਸੋਨੇ ਦੀ ਦਰਾਮਦ ਵਿਚ ਵਿਦੇਸ਼ੀ ਕਰੰਸੀ ਦੀ ਖਪਤ ਕਿਤੇ ਜ਼ਿਆਦਾ ਹੋ ਰਹੀ ਹੈ। ਬਹੁਤ ਘੱਟ ਭਾਰਤੀਆਂ ਵੱਲੋਂ ਆਪਣੇ ਸੋਨੇ ਨੂੰ ਗਿਰਵੀ ਰੱਖ ਕੇ ਬੈਂਕਾਂ ਤੋਂ ਪੈਸਾ ਲੈਣ ਕਾਰਨ ਇਹ ਇਕ ਤਰ੍ਹਾਂ ਨਾਲ ਡੈੱਡ ਇਨਵੈਸਟਮੈਂਟ ਦੇ ਰੂਪ ਵਿਚ ਹੀ ਪਿਆ ਰਹਿੰਦਾ ਹੈ। ਭਾਰਤੀਆਂ ਵਿਚ ਸੋਨਾ ਖ਼ਰੀਦ ਕੇ ਘਰ ਵਿਚ ਰੱਖਣ ਦੀ ਲਲਕ ਦੇ ਪਿੱਛੇ ਕਾਰਨ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਦਾ ਬੈਂਕਿੰਗ ਵਿਵਸਥਾ ਅਤੇ ਸ਼ੇਅਰ ਬਾਜ਼ਾਰ 'ਤੇ ਜ਼ਿਆਦਾ ਭਰੋਸਾ ਨਹੀਂ ਹੈ। ਇਸ ਤੋਂ ਵੀ ਇਨਕਾਰ ਨਹੀਂ ਕਿ ਕਈ ਲੋਕ ਆਪਣੀ ਦੋ ਨੰਬਰ ਦੀ ਕਮਾਈ ਸੋਨੇ ਵਿਚ ਖਪਾਉਂਦੇ ਹਨ। ਕਿਉਂਕਿ ਭਾਰਤ ਵਿਚ ਆਮ ਲੋਕਾਂ ਦਾ ਸੋਨੇ ਪ੍ਰਤੀ ਖ਼ਾਸ ਮੋਹ ਹੈ, ਇਸ ਲਈ ਸਰਕਾਰ ਨੂੰ ਬੈਂਕਿੰਗ ਵਿਵਸਥਾ ਅਤੇ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਨੂੰ ਲੈ ਲੋਕਾਂ ਦੇ ਭਰੋਸੇ ਦੀ ਕਮੀ ਦੇ ਕਾਰਨਾਂ 'ਤੇ ਸੋਚ-ਵਿਚਾਰ ਕਰਨੀ ਚਾਹੀਦੀ ਹੈ।

ਵਿਦੇਸ਼ੀ ਮੁਦਰਾ ਦੀ ਸਭ ਤੋਂ ਵੱਧ ਖਪਤ ਪੈਟਰੋਲੀਅਮ ਪਦਾਰਥਾਂ ਦੀ ਦਰਾਮਦ 'ਤੇ ਹੁੰਦੀ ਹੈ। ਇਸ ਦਾ ਕਾਰਨ ਅਰਥਚਾਰੇ ਦਾ ਤੇਜ਼ੀ ਨਾਲ ਵਧਣਾ ਹੈ ਪਰ ਤੱਥ ਇਹ ਵੀ ਹੈ ਕਿ ਭਾਰਤ ਵਿਚ ਸ਼ਾਇਦ ਵਾਹਨਾਂ ਦੀ ਮਾਈਲੇਜ ਸਭ ਤੋਂ ਘੱਟ ਹੋਵੇਗੀ। ਇਕ ਲੀਟਰ ਪੈਟਰੋਲ ਜਾਂ ਡੀਜ਼ਲ ਵਿਚ ਭਾਰਤੀ ਵਾਹਨ ਸਭ ਤੋਂ

**-ਸੰਜੇ ਗੁਪਤ**

ਘੱਟ ਸਫ਼ਰ ਕਰ ਪਾਉਂਦੇ ਹਨ। ਇਸ ਦਾ ਕਾਰਨ ਸਾਡੀਆਂ ਸੜਕਾਂ ਦਾ ਬੁਨਿਆਦੀ ਢਾਂਚਾ ਕਮਜ਼ੋਰ ਹੋਣਾ ਅਤੇ ਉਨ੍ਹਾਂ ਦੇ ਨਿਰਮਾਣ ਦੀ ਖ਼ਰਾਬ ਡਿਜ਼ਾਈਨਿੰਗ ਹੈ। ਰਹਿੰਦੀ-ਖੂੰਹਦੀ ਕਸਰ ਸੜਕਾਂ 'ਤੇ ਨਾਜਾਇਜ਼ ਕਬਜ਼ਿਆਂ ਕਾਰਨ ਲੱਗਣ ਵਾਲੇ ਟਰੈਫਿਕ ਜਾਮਾਂ ਨਾਲ ਪੂਰੀ ਹੋ ਜਾਂਦੀ ਹੈ। ਅਕਸਰ ਟੋਲ-ਨਾਕਿਆਂ 'ਤੇ ਵੀ ਜਾਮ ਲੱਗਦੇ ਹਨ। ਇਸ ਸਭ ਦੇ ਚੱਲਦੇ ਲੱਖਾਂ ਲੀਟਰ ਪੈਟਰੋਲੀਅਮ ਉਤਪਾਦਾਂ ਦੀ ਬਰਬਾਦੀ ਹੁੰਦੀ ਹੈ। ਅਜਿਹਾ ਨਹੀਂ ਹੈ ਕਿ ਉਨ੍ਹਾਂ ਸਮੱਸਿਆਵਾਂ ਤੋਂ ਪਾਰ ਨਹੀਂ ਪਾਇਆ ਜਾ ਸਕਦਾ, ਜਿਨ੍ਹਾਂ ਕਾਰਨ ਜਾਮ ਲੱਗਦੇ ਹਨ ਜਾਂ ਵਾਹਨ ਹੌਲੀ ਗਤੀ ਨਾਲ ਚੱਲ ਪਾਉਂਦੇ ਹਨ ਪਰ ਇਸ ਦੇ ਲਈ ਜਿਹੋ ਜਿਹੀ ਰਾਜਨੀਤਕ ਅਤੇ ਸਮਾਜਿਕ ਇੱਛਾ-ਸ਼ਕਤੀ ਚਾਹੀਦੀ ਹੈ, ਉਸ ਦੀ ਘੋਰ ਘਾਟ ਦਿਖਾਈ ਦਿੰਦੀ ਹੈ। ਵੱਡੇ ਸ਼ਹਿਰਾਂ ਦੀ ਗੱਲ ਤਾਂ ਦੂਰ, ਹੁਣ ਛੋਟੇ-ਮੋਟੇ ਸ਼ਹਿਰਾਂ ਵਿਚ ਵੀ ਜਾਮ ਲੱਗਦੇ ਹਨ ਅਤੇ ਕਦੇ-ਕਦਾਈਂ ਤਾਂ ਘੰਟਿਆਂ ਤੱਕ, ਪਰ ਇਸ ਦੀ ਚਿੰਤਾ ਨਾ ਤਾਂ ਕੇਂਦਰ ਸਰਕਾਰ ਕਰਦੀ ਹੈ, ਨਾ ਸੂਬਾ ਸਰਕਾਰਾਂ ਅਤੇ ਨਾ ਹੀ ਉਨ੍ਹਾਂ ਦੇ ਸਥਾਨਕ ਸਰਕਾਰਾਂ ਵਿਭਾਗ। ਪ੍ਰਧਾਨ ਮੰਤਰੀ ਦੀ ਅਪੀਲ 'ਤੇ ਕਈ ਨੇਤਾਵਾਂ ਨੇ ਆਪਣੀਆਂ ਕਾਰਾਂ ਦਾ ਕਾਫ਼ਲਾ ਛੋਟਾ ਕੀਤਾ ਹੈ ਜਾਂ ਫਿਰ ਮੋਟਰਸਾਈਕਲਾਂ, ਮੈਟਰੋ 'ਤੇ ਯਾਤਰਾ ਕਰ ਰਹੇ ਹਨ। ਅਜਿਹੇ ਕਦਮ ਲੋਕਾਂ ਨੂੰ ਉਤਸ਼ਾਹਤ ਕਰਨ ਲਈ ਤਾਂ ਠੀਕ ਹਨ ਪਰ ਈਂਧਨ ਦੀ ਖਪਤ ਵਿਚ ਕੋਈ ਠੋਸ ਕਮੀ ਤਾਂ ਜਾਮ ਦੀ ਸਮੱਸਿਆ ਦੇ ਹੱਲ ਨਾਲ ਹੀ ਹੋਵੇਗੀ। ਹਾਲ ਹੀ ਵਿਚ ਸੜਕੀ ਆਵਾਜਾਈ ਤੇ ਟਰਾਂਸਪੋਰਟ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਸੀ ਕਿ ਜੇ ਦਿੱਲੀ ਵਿਚ ਐੱਮਸੀਡੀ ਦੇ ਟੋਲ ਨਾਕਿਆਂ ਨੂੰ ਪੂਰੀ ਤਰ੍ਹਾਂ ਇਲੈਕਟ੍ਰਾਨਿਕ ਕਰ ਦਿੱਤਾ ਜਾਵੇ ਤਾਂ ਇਸ ਨਾਲ ਨਾ ਸਿਰਫ਼ ਪ੍ਰਦੂਸ਼ਣ ਘੱਟ ਹੋਵੇਗਾ ਸਗੋਂ ਜਾਮ ਤੋਂ ਛੁਟਕਾਰੇ ਦੇ ਚੱਲਦੇ ਈਂਧਨ ਦੀ ਬੱਚਤ ਵੀ ਹੋਵੇਗੀ। ਦਿੱਲੀ ਦੀ ਤਰ੍ਹਾਂ ਦੇਸ਼ ਦੇ ਦੂਜੇ ਵੱਡੇ ਸ਼ਹਿਰਾਂ ਵਿਚ ਪਤਾ ਨਹੀਂ ਕਿੰਨੇ ਅਜਿਹੇ ਟੋਲ ਨਾਕੇ ਅਤੇ ਟਰੈਫਿਕ ਵਿਚ ਰੋੜਾ ਬਣਨ ਵਾਲੇ ਚੌਕ ਪੁਆਇੰਟ ਹੋਣਗੇ ਜਿੱਥੇ ਅਰਬਾਂ ਰੁਪਏ ਦਾ ਈਂਧਨ ਬਰਬਾਦ ਹੁੰਦਾ ਹੈ। ਸਰਕਾਰੀ ਵਿਭਾਗਾਂ ਨੂੰ ਇਹ ਸਮਝਣਾ ਹੋਵੇਗਾ ਕਿ ਜਾਮ ਤੋਂ ਮੁਕਤੀ ਪਾ ਕੇ ਅਰਬਾਂ ਰੁਪਏ ਦਾ ਈਂਧਨ ਬਚਾਇਆ ਜਾ ਸਕਦਾ ਹੈ। ਇਸ ਨਾਲ ਵਿਦੇਸ਼ੀ ਮੁਦਰਾ ਵੀ ਬਚੇਗੀ। ਕਿਉਂਕਿ ਆਪਣੇ ਦੇਸ਼ ਵਿਚ ਸੜਕਾਂ 'ਤੇ ਨਾਜਾਇਜ਼ ਕਬਜ਼ੇ ਆਮ ਗੱਲ ਹੈ, ਇਸ ਲਈ ਜਾਮ ਲੱਗਦੇ ਹਨ ਅਤੇ ਜਦ ਜਾਮ ਲੱਗਦੇ ਹੈ ਤਾਂ ਈਂਧਨ ਦੀ ਬਰਬਾਦੀ ਹੁੰਦੀ ਹੈ। ਸੜਕਾਂ 'ਤੇ ਨਾਜਾਇਜ਼ ਕਬਜ਼ੇ ਕਰਨੇ ਆਪਣੇ ਇੱਥੇ ਇਕ ਸਮਾਜਿਕ ਸਮੱਸਿਆ ਬਣ ਗਈ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਵੀ ਸਿਆਸੀ ਅਤੇ ਪ੍ਰਸ਼ਾਸਕੀ ਇੱਛਾ-ਸ਼ਕਤੀ ਦੀ ਘਾਟ ਸਪਸ਼ਟ ਤੌਰ 'ਤੇ ਦਿਖਾਈ ਦਿੰਦੀ ਹੈ। ਸਾਡੀ ਨੌਕਰੀਸ਼ਾਹੀ ਸਮੱਸਿਆਵਾਂ ਦੇ ਹੱਲ ਲਈ ਲੰਬੇ ਸਮੇਂ ਦੇ ਉਪਾਵਾਂ 'ਤੇ ਗੰਭੀਰਤਾ ਨਾਲ ਘੱਟ ਹੀ ਵਿਚਾਰ ਕਰਦੀ ਹੈ। ਭਾਰਤ ਵਿਚ ਇਕ ਵੱਡੀ ਆਬਾਦੀ ਅਜਿਹੀ ਹੈ, ਆਰਥਿਕ ਸੰਪਨਤਾ ਦੇ ਮਾਮਲੇ ਵਿਚ ਜਿਸ ਦੀ ਤੁਲਨਾ ਕਈ ਯੂਰਪੀ ਦੇਸ਼ਾਂ ਨਾਲ ਕੀਤੀ ਜਾ ਸਕਦੀ ਹੈ। ਅੱਜ ਇਹ ਸਮਰੱਥ ਆਬਾਦੀ ਸ਼ਾਇਦ ਹੀ ਸੰਜੀਦਗੀ ਵਾਲੀ ਸੋਚ ਦਾ ਸਬੂਤ ਦੇ ਸਕੇ। ਬਿਹਤਰ ਹੋਵੇਗਾ ਕਿ ਸਰਕਾਰ ਇਸ ਬਾਰੇ ਸੋਚੇ ਕਿ ਕਿਵੇਂ ਅਜਿਹੇ ਬਦਲ ਤਿਆਰ ਹੋਣ ਜਿਨ੍ਹਾਂ ਸਦਕਾ ਇਹ ਤਬਕਾ ਵਿਦੇਸ਼ੀ ਕਰੰਸੀ ਦੀ ਬੱਚਤ ਕਰ ਸਕੇ। ਤਦ ਸ਼ਾਇਦ ਉਹ ਇਸ ਤੋਹਮਤ ਤੋਂ ਬਚ ਸਕੇਗਾ ਕਿ ਉਹ ਬੇਲੋੜੇ ਖ਼ਰਚੇ ਕਰਦਾ ਹੈ। ਤਮਾਮ ਭਾਰਤੀ ਘੁੰਮਣ-ਫਿਰਨ ਜਾਂ ਖ਼ਰੀਦਦਾਰੀ ਕਰਨ ਲਈ ਵਿਦੇਸ਼ ਜਾਂਦੇ ਹਨ। ਇਸ ਵਿਚ ਚੰਗੀ-ਖ਼ਾਸੀ ਵਿਦੇਸ਼ੀ ਕਰੰਸੀ ਖ਼ਰਚ ਹੁੰਦੀ ਹੈ। ਇਸ ਦੇ ਉਲਟ ਦੇਸ਼ ਵਿਚ ਇਲੈਕਟ੍ਰਾਨਿਕਸ ਅਤੇ ਹੋਰ ਦਰਾਮਦਸ਼ੁਦਾ ਵਸਤਾਂ ਦੀ ਖ਼ਰੀਦ ਵੀ ਖ਼ੂਬ ਹੁੰਦੀ ਹੈ। ਅਜਿਹਾ ਇਸ ਲਈ ਹੁੰਦਾ ਹੈ ਕਿਉਂਕਿ ਦੇਸ਼ ਵਿਚ ਭਾਰਤੀਆਂ ਦੀ ਜ਼ਰੂਰਤ ਦੀਆਂ ਤਮਾਮ ਵਸਤਾਂ ਦਾ ਨਿਰਮਾਣ ਨਹੀਂ ਹੁੰਦਾ ਜਾਂ ਉਨ੍ਹਾਂ ਦੀ ਗੁਣਵੱਤਾ ਚੰਗੀ ਨਹੀਂ ਹੁੰਦੀ। ਜਦ ਤੱਕ ਦਰਾਮਦਸ਼ੁਦਾ ਸਮੱਗਰੀ ਦੇ ਬਿਹਤਰ ਬਦਲ ਨਹੀਂ ਹੋਣਗੇ, ਤਦ ਤੱਕ ਸਮਾਜ ਦਾ ਕੁਲੀਨ ਵਰਗ ਵਿਦੇਸ਼ੀ ਮੁਦਰਾ ਖ਼ਰਚੇ 'ਤੇ ਕਾਬੂ ਪਾਉਣ ਵਿਚ ਸਹਿਯੋਗ ਨਹੀਂ ਦੇ ਸਕੇਗਾ। ਕਿਉਂਕਿ ਤਤਕਾਲ ਕੁਝ ਨਹੀਂ ਹੋ ਸਕਦਾ, ਇਸ ਲਈ ਸਰਕਾਰ ਨੂੰ ਹੁਣੇ ਤੋਂ ਅਜਿਹੇ ਦੂਰਗਾਮੀ ਉਪਾਅ ਕਰਨੇ ਚਾਹੀਦੇ ਹਨ ਜਿਨ੍ਹਾਂ ਸਦਕਾ ਭਵਿੱਖ ਵਿਚ ਕੁਲੀਨ ਭਾਰਤੀ ਸੈਰ-ਸਪਾਟਾ, ਖ਼ਰੀਦਦਾਰੀ, ਵਿਆਹ-ਸ਼ਾਦੀ ਲਈ ਵਿਦੇਸ਼ ਜਾਣ ਦੀ ਜ਼ਰੂਰਤ ਨਾ ਸਮਝਣ।

ਸਾਡੇ ਲੋਕ
SADE LOK

ਸਤਨਾਮ ਸਿੰਘ ਖਾਲਸਾ

Office : (925) 243-1300 | Cell : (510) 706-1300 | Fax : (925) 373-1300 | India : 783 706 1300

1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਕੈਨੇਡਾ ਦੇ ਡਾਸਨ ਸ਼ਹਿਰ 'ਚ ਲੱਗੀ ਭਿਆਨਕ ਅੱਗ !

## ਇਤਿਹਾਸਕ ਹੋਟਲ ਸੜ ਕੇ ਹੋਇਆ ਸੁਆਹ



ਵੈਨਕੂਵਰ : ਕੈਨੇਡਾ ਦੇ ਯੂਕੋਨ ਖੇਤਰ ਦੇ ਡਾਸਨ ਸਿਟੀ ਵਿੱਚ ਵਾਪਰੀ ਭਿਆਨਕ ਅੱਗ ਦੀ ਘਟਨਾ ਦੌਰਾਨ ਸ਼ਹਿਰ ਦਾ ਪ੍ਰਸਿੱਧ ਅਤੇ ਇਤਿਹਾਸਕ ਵੈਸਟਮਿਨਸਟਰ ਹੋਟਲ ਪੂਰੀ ਤਰ੍ਹਾਂ ਤਬਾਹ ਹੋ ਗਿਆ ਹੈ। ਇਸ ਘਟਨਾ ਮਗਰੋਂ ਸਥਾਨਕ ਲੋਕਾਂ ਵਿੱਚ ਡੂੰਘਾ ਦੁੱਖ ਅਤੇ ਚਿੰਤਾ ਦਾ ਮਾਹੌਲ ਬਣ ਗਿਆ ਹੈ।

'ਦ ਪਿਟ' ਦੇ ਨਾਂ ਨਾਲ ਮਸ਼ਹੂਰ ਵੈਸਟਮਿਨਸਟਰ ਹੋਟਲ ਵਿੱਚ ਐਤਵਾਰ ਸਵੇਰੇ ਅੱਗ ਲੱਗ ਗਈ, ਜਿਸ ਨੇ ਕੁਝ ਹੀ ਸਮੇਂ ਵਿੱਚ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਅੱਗ ਇੰਨੀ ਭਿਆਨਕ ਸੀ ਕਿ ਅੱਗ ਬੁਝਾਉ ਕਰਮਚਾਰੀਆਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸਥਾਨਕ ਨਿਵਾਸੀਆਂ ਦਾ ਕਹਿਣਾ ਹੈ ਕਿ ਇਸ ਅੱਗ ਨਾਲ ਸ਼ਹਿਰ ਦੀ ਇੱਕ ਇਤਿਹਾਸਕ ਪਛਾਣ ਖ਼ਤਮ ਹੋ ਗਈ ਹੈ।

ਹਾਲਾਂਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਇਲਾਕੇ ਨੂੰ ਘੇਰ ਕੇ ਸੁਰੱਖਿਆ ਪ੍ਰਬੰਧ ਵਧਾ ਦਿੱਤੇ ਹਨ। ਫਿਲਹਾਲ ਕਿਸੇ ਜਾਨੀ ਨੁਕਸਾਨ ਦੀ ਪੁਸ਼ਟੀ ਨਹੀਂ ਹੋਈ, ਪਰ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ।

ਸਥਾਨਕ ਲੋਕਾਂ ਅਤੇ ਕਾਰੋਬਾਰੀਆਂ ਨੇ ਇਸ ਘਟਨਾ ਨੂੰ ਡਾਸਨ ਸਿਟੀ ਲਈ ਵੱਡਾ ਝਟਕਾ ਕਰਾਰ ਦਿੱਤਾ ਹੈ। ਕਈ ਲੋਕਾਂ ਨੇ ਸੋਸ਼ਲ ਮੀਡੀਆ ਰਾਹੀਂ ਆਪਣਾ ਦੁੱਖ ਸਾਂਝਾ ਕਰਦਿਆਂ ਇਸ ਇਮਾਰਤ ਨੂੰ ਸ਼ਹਿਰ ਦੀਆਂ ਯਾਦਾਂ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਦੱਸਿਆ।

# ਵਿਨੀਪੈਗ ਵਿਖੇ ਬਜ਼ੁਰਗਾਂ ਦੇ ਸਨਮਾਨ 'ਚ ਸਮਾਗਮ-ਸੰਸਦ ਮੈਂਬਰ ਸਮੇਤ ਪੰਜਾਬੀ ਭਾਈਚਾਰੇ ਦੇ ਵਿਧਾਇਕ ਹੋਏ ਸ਼ਾਮਲ

ਵਿਨੀਪੈਗ : ਮੈਪਲ ਇੰਡੋ ਕਨੇਡੀਅਨ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਵਿਨੀਪੈਗ ਵੱਲੋਂ ਬਜ਼ੁਰਗਾਂ ਦੇ ਪੰਜਾਬ ਤੋਂ ਵਾਪਸ ਕੇਨੈਡਾ ਪੁੱਜਣ ਮੌਕੇ ਸਲਾਨਾ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਮੈਂਬਰ ਪਾਰਲੀਮੈਂਟ ਕੇਵਨ ਲੈਮਰੂਕਸ, ਮੈਨੀਟੋਬਾ ਦੇ ਮੰਤਰੀ ਮਿੰਟੂ ਸੰਧੂ, ਵਿਧਾਇਕ ਦਲਜੀਤਪਾਲ ਸਿੰਘ ਬਰਾੜ ਤੇ ਜੇ.ਡੀ. ਦੇਵਗਨ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਬੋਲਦਿਆਂ ਵੱਖ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਦੇ ਬਜ਼ੁਰਗਾਂ ਵੱਲੋਂ ਕਨੈਡਾ ਵਿੱਚ ਸ਼ਖਤ ਮਿਹਨਤ ਕਰਕੇ ਆਪਣੇ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕੀਤਾ ਹੈ ਤੇ ਉਸਦੇ ਨਾਲ ਪੰਜਾਬੀਆਂ ਦਾ ਮਾਣ ਸਨਮਾਨ ਵੀ ਵਧਾਇਆ ਹੈ। ਸਾਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨ ਦੀ ਜ਼ਰੂਰਤ ਹੈ ਤਾਂ ਜੋ ਸਾਡੇ ਬੱਚੇ ਆਪਣੇ ਅਮੀਰ ਵਿਰਸੇ ਨਾਲ ਜੁੜ ਸਕਣ। ਇਸ ਸਮਾਗਮ ਵਿਚ




ਦਸਮੇਸ਼ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ ਨਾਚ ਭੰਗੜਾ ਪਾ ਕੇ ਬਜ਼ੁਰਗਾਂ ਨੂੰ ਜੀ ਆਇਆ ਕਿਹਾ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਕਵੀਆਂ ਨੇ ਕਵਿਤਾਵਾਂ ਵੀ ਪੇਸ਼ ਕੀਤੀਆਂ। ਇਸ ਮੌਕੇ ਐਸੋਸ਼ੀਏਸਨ ਦੇ ਪ੍ਰਧਾਨ ਕੌਰ ਸਿੰਘ ਧਾਲੀਵਾਲ ਨੇ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਮਾਗਮ ਵਿੱਚ ਪੁੱਜੇ ਲੋਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਐਸੋਸ਼ੀਏਸਨ ਵੱਲੋਂ ਬਜ਼ੁਰਗਾਂ ਦੇ ਸਨਮਾਨ ਲਈ ਹਰ ਸਾਲ ਇਸ ਤਰ੍ਹਾਂ ਦੇ ਸਮਾਗਮ ਕਰਵਾਏ ਜਾਂਦੇ ਹਨ। ਇਸ ਸਮੇਂ ਸੁਖਵੰਤ ਕਿੰਗਰਾ, ਕੌਰ ਸਿੱਧੂ, ਜੋਗਿੰਦਰ ਧਾਮੀ, ਭਗਵਾਨ ਸਿੰਘ, ਡਾ ਚਾਹਲ, ਗੁਲਵਿੰਦਰ ਸੰਧੂ, ਰਵਿੰਦਰ ਸਿੰਘ, ਦਰਸ਼ਨ ਸਿੰਘ ਗਿੱਲ, ਗੁਰਿੰਦਰ ਸਿੰਘ ਅਤੇ ਐਮ ਪੀ ਸਿੰਘ ਆਦਿ ਹਾਜ਼ਰ ਸਨ।

# ਹਿਲਿੰਗਡਨ ਕੌਂਸਲ 'ਚ ਵਿਰੋਧੀ ਧਿਰ ਲੇਬਰ ਗਰੁੱਪ ਦੇ ਤਿੰਨ ਉੱਚ ਅਹੁਦੇ ਪੰਜਾਬੀਆਂ ਨੂੰ ਮਿਲੇ

ਲੰਡਨ : ਲੰਡਨ ਬਾਰੋ ਆਫ ਹਿਲਿੰਗਡਨ 'ਚ ਸਥਾਨਿਕ ਵੋਟਾਂ ਤੋਂ ਬਾਅਦ ਹਿਲਿੰਗਡਨ ਲੇਬਰ ਪਾਰਟੀ ਦੇ ਨਵੇਂ ਚੁਣੇ ਗਏ ਕੌਂਸਲਰਾਂ ਦੀ ਮੀਟਿੰਗ ਹੋਈ। ਜਿਸ ਵਿਚ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਸ ਮੀਟਿੰਗ ਵਿਚ ਪੰਜਾਬੀਆਂ ਨੂੰ ਅਹਿਮ ਅਤੇ ਵੱਡੀਆਂ ਜ਼ਿੰਮੇਵਾਰੀਆਂ ਮਿਲੀਆਂ ਹਨ। ਜਿਸ ਵਿਚ ਕੌਂਸਲਰ ਗੁਰਸ਼ਰਨ ਸਿੰਘ ਮੰਡ ਨੂੰ ਲੇਬਰ ਗਰੁੱਪ ਦਾ ਡਿਪਟੀ ਲੀਡਰ, ਕੌਂਸਲਰ ਤਨਵੀਰ ਸਿੰਘ ਗਿੱਲ ਨੂੰ ਚੀਫ਼ ਵਿਪ, ਤੇ ਕੌਂਸਲਰ ਰਾਜੂ ਸੰਸਾਰਪੁਰੀ ਨੂੰ ਡਿਪਟੀ ਚੀਫ਼ ਵਿਪ ਚੁਣਿਆ



ਗਿਆ। ਇਹ ਹਿਲਿੰਗਡਨ ਲੇਬਰ ਗਰੁੱਪ ਦੇ ਇਤਿਹਾਸ ਵਿਚ ਪਹਿਲੀ ਵਾਰ ਹੈ ਜਦੋਂ ਡਿਪਟੀ ਲੀਡਰ ਦਾ ਅਹੁਦਾ ਇਕ ਦਸਤਾਰਧਾਰੀ ਸਿੱਖ ਨੂੰ ਮਿਲਿਆ ਹੈ। ਇਹ ਸਿੱਖ ਤੇ ਪੰਜਾਬੀ ਭਾਈਚਾਰੇ ਲਈ ਖੁਸ਼ੀ ਦੀ ਖ਼ਬਰ ਹੈ।

# ਬ੍ਰਿਸਬੇਨ ਵਿਖੇ ਇਪਸਾ ਵੱਲੋਂ ਦਸਵਾਂ ਭਾਰਤੀ ਸਾਹਿਤ ਉਤਸਵ ਸਮਾਗਮ ਸ਼ਾਨੋ-ਸ਼ੌਕਤ ਨਾਲ ਸੰਪੰਨ

ਬ੍ਰਿਸਬੇਨ : ਆਸਟ੍ਰੇਲੀਆ ਦੀ ਸਿਰਮੌਰ ਸੰਸਥਾ ਇੰਡੋ ਪੰਜਾਬੀ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ (ਇਪਸਾ) ਵੱਲੋਂ ਭਾਰਤੀ ਸਾਹਿਤ ਉਤਸਵ 2026 ਤਹਿਤ "ਇਪਸਾ ਲਿਟਰੇਚਰ ਐਵਾਰਡ" ਸਮਾਗਮ ਬੜੀ ਸ਼ਾਨੋ-ਸ਼ੌਕਤ ਨਾਲ ਇਨਾਲਾ ਵਿਖੇ ਸਥਿਤ ਇੰਡੋਜ਼ ਪੰਜਾਬੀ ਲਾਇਬ੍ਰੇਰੀ ਬ੍ਰਿਸਬੇਨ ਵਿਖੇ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਪੰਜਾਬੀ, ਹਿੰਦੀ ਅਤੇ ਉਰਦੂ ਸਾਹਿਤ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਸਮਾਗਮ ਦੀ ਸ਼ੁਰੂਆਤ ਤਰਕਸ਼ੀਲ ਲੇਖਕ ਮਨਜੀਤ ਬੋਪਰਾਏ ਵੱਲੋਂ ਦਿੱਤੇ ਗਈ ਸਵਾਗਤੀ ਭਾਸ਼ਣ ਨਾਲ ਹੋਈ, ਜਿਸ ਵਿੱਚ ਉਨ੍ਹਾਂ ਨੇ ਆਏ ਹੋਏ ਮਹਿਮਾਨਾਂ, ਸਾਹਿਤਕਾਰਾਂ ਅਤੇ ਸਰੋਤਿਆਂ ਦਾ ਨਿੱਘਾ ਸਵਾਗਤ ਕੀਤਾ। ਇਸ ਤੋਂ ਬਾਅਦ ਅਨਿਲ ਵਰਮਾ ਜੀ ਵੱਲੋਂ ਸ਼ਮਾਂ ਰੌਸ਼ਨ ਕਰਕੇ ਸਮਾਗਮ ਦਾ ਰਸਮੀ ਰੂਪ ਵਿਚ ਆਗਾਜ਼ ਕੀਤਾ ਗਿਆ। ਸਮਾਗਮ ਦੇ ਪਹਿਲੇ ਭਾਗ ਵਿਚ ਸਰਬਜੀਤ ਸੋਹੀ, ਸ਼ੋਇਬ ਜ਼ਾਇਦੀ, ਰੁਪਿੰਦਰ ਸੋਜ਼, ਪਸ਼ਪਿੰਦਰ ਤੂਰ, ਨਿਰਮਲ ਸਿੰਘ ਦਿਓਲ, ਸਹਿਜਦੀਪ ਸਰਾਂ ਵੱਲੋਂ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਗਈਆਂ, ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਮਿਲੀ। ਨੀਤੂ ਸਿੰਘ ਸੁਹਾਗ ਵੱਲੋਂ ਸਟੇਜ ਤੇ ਕੁਝ ਸ਼ਿਅਰਾਂ ਨਾਲ ਆਪਣੀ ਹਾਜ਼ਰੀ ਲਵਾਈ ਗਈ। ਸਮਾਗਮ ਦੇ ਦੂਜੇ ਭਾਗ ਵਿਚ ਤ੍ਰੈ-ਭਾਸ਼ਾਈ ਕਵੀ ਦਰਬਾਰ ਵਿੱਚ ਉਰਦੂ ਸ਼ਾਇਰ ਵਕਾਸ ਅਹਿਮਦ, ਫਾਦੀਆ ਵਹੀਮ, ਹਿੰਦੀ ਕਵੀ ਕਿਸ਼ੋਰ ਮਿਸ਼ਰਾ, ਪੰਕਜ ਅੱਗਰਵਾਲ ਅਤੇ ਮੈਲਬੌਰਨ ਤੋਂ ਆਏ ਪੰਜਾਬੀ ਕਵੀ ਅਮਰੀਕ ਚੰਨ ਅਤੇ ਹਰਪਾਲ ਨਾਗਰਾ ਨੇ ਆਪੋ ਆਪਣੀਆਂ ਭਾਸ਼ਾਵਾਂ ਦੀ




ਪ੍ਰਤੀਨਿਧਤਾ ਕਰਦਿਆਂ ਆਪਣੀ ਜ਼ਿਕਰਯੋਗ ਹਾਜ਼ਰੀ ਲਵਾਈ।

ਰੁਪਿੰਦਰ ਸੋਜ਼ ਵੱਲੋਂ ਹਿੰਦੀ ਕਵੀ ਅਨਿਲ ਵਰਮਾ ਦੀ ਸਾਹਿਤਕ ਯਾਤਰਾ ਅਤੇ ਉਨ੍ਹਾਂ ਦੇ ਯੋਗਦਾਨ ਬਾਰੇ ਪ੍ਰਭਾਵਸ਼ਾਲੀ ਵਿਚਾਰ ਸਾਂਝੇ ਕੀਤੇ ਗਏ। ਸਿਡਨੀ ਤੋਂ ਵਿਸ਼ੇਸ਼ ਰੂਪ ਵਿਚ ਬੁਲਾਏ ਗਏ ਮੁੱਖ ਮਹਿਮਾਨ ਕਵੀ ਅਨਿਲ ਵਰਮਾ ਨੇ ਤਰੰਨਮ ਵਿਚ ਕਵਿਤਾਵਾਂ ਗਾ ਕੇ ਮਾਹੌਲ ਬਹੁਤ ਹੀ ਸੁਹਾਵਣਾ ਬਣਾ ਦਿੱਤਾ। ਸਮਾਗਮ ਦਾ ਮੁੱਖ ਆਕਰਸ਼ਣ ਹਿੰਦੀ ਕਵੀ ਅਨਿਲ ਵਰਮਾ ਨੂੰ "ਦਸਵੇਂ ਇਪਸਾ ਲਿਟਰੇਚਰ ਐਵਾਰਡ" ਨਾਲ ਸਨਮਾਨਿਤ ਕਰਨਾ ਰਿਹਾ। ਉਨ੍ਹਾਂ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਾਹਿਤਕ ਸੇਵਾ ਅਤੇ ਰਚਨਾਤਮਕ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਇਪਸਾ ਵੱਲੋਂ ਇਹ ਮਾਣਮੱਤਾ ਸਨਮਾਨ ਭੇਟ ਕੀਤਾ ਗਿਆ। ਸਮਾਗਮ ਦੀ ਸਟੇਜ ਦਾ ਸੰਚਾਲਨ ਜਸਕਰਨ ਸ਼ੀਂਹ ਵੱਲੋਂ ਬਹੁਤ ਹੀ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਗਈ।

ਉਨ੍ਹਾਂ ਨੇ ਆਪਣੇ ਵਿਲੱਖਣ ਅੰਦਾਜ਼ ਨਾਲ ਪੂਰੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਜੋੜਿਆ ਰੱਖਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਿਕਰਮਜੀਤ ਚੰਦੀ, ਪਾਲ ਰਾਊਕੇ, ਸੁਮੀਤ ਸਿੰਘ ਦਿਓ, ਜਸਪਾਲ ਸਿੰਘ ਸੰਘੇੜਾ, ਤੇਜਿੰਦਰ ਭੰਗੂ, ਬਲਰਾਜ ਸਿੰਧ ਮਾਝਾ ਯੂਥ ਕਲੱਬ, ਨਿੰਦਰ ਸਿੰਘ ਥਿੰਦ, ਗੁਰਦੀਪ ਜਗੇੜਾ, ਰਿਤਿਕਾ ਅਹੀਰ, ਕੁਲਦੀਪ ਭਾਟੀਆ ਸਮੇਤ ਕਈ ਸਾਹਿਤ ਪ੍ਰੇਮੀ ਅਤੇ ਸਮਾਜ ਸੇਵੀ ਹਾਜ਼ਰ ਸਨ। ਸਮਾਗਮ ਦੇ ਅੰਤ ਵਿੱਚ ਇਪਸਾ ਗਰੁੱਪ ਦੇ ਮੈਂਬਰਾਂ ਵੱਲੋਂ ਸਭ ਆਏ ਹੋਏ ਮਹਿਮਾਨਾਂ, ਸਾਹਿਤਕਾਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ।

# ਭਾਰਤ-ਕੈਨੇਡਾ ਵਿਚਾਲੇ ਸੁਧਰ ਰਹੇ ਸਬੰਧ ! ਰੱਖਿਆ ਸਹਿਯੋਗ ਮਜ਼ਬੂਤ ਕਰਨ ਲਈ ਹੋਈ ਅਹਿਮ ਮੀਟਿੰਗ

ਨਵੀਂ ਦਿੱਲੀ/ਟੋਰਾਂਟੋ : ਭਾਰਤ ਅਤੇ ਕੈਨੇਡਾ ਵਿਚਾਲੇ ਸਬੰਧ ਸੁਧਰਦੇ ਨਜ਼ਰ ਆ ਰਹੇ ਹਨ। ਭਾਰਤ ਵਿੱਚ ਕੈਨੇਡਾ ਦੇ ਹਾਈ ਕਮਿਸ਼ਨਰ ਕ੍ਰਿਸਟੋਫਰ ਕੂਟਰ ਨੇ ਭਾਰਤ ਦੇ ਰੱਖਿਆ ਸਕੱਤਰ ਰਾਜੇਸ਼ ਕੁਮਾਰ ਸਿੰਘ ਨਾਲ ਮੁਲਾਕਾਤ ਕਰਕੇ ਦੁਵੱਲੇ ਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਬਾਰੇ ਅਹਿਮ ਚਰਚਾ ਕੀਤੀ ਹੈ। ਇਹ ਮੀਟਿੰਗ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਫਰਵਰੀ 2026 ਵਿੱਚ ਹੋਈ ਭਾਰਤ ਦੀ ਇਤਿਹਾਸਕ ਯਾਤਰਾ ਦੇ ਫਾਲੋ-ਅਪ ਵਜੋਂ ਦੇਖੀ ਜਾ ਰਹੀ ਹੈ।

ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪੀਐਮ ਕਾਰਨੀ ਦੀ ਮੁਲਾਕਾਤ ਤੋਂ ਬਾਅਦ ਜਾਰੀ ਸਾਂਝੇ ਬਿਆਨ ਵਿੱਚ ਪੰਜ ਸਹਿਮਤੀ ਪੱਤਰਾਂ (MoUs) ਦਾ ਸਵਾਗਤ ਕੀਤਾ ਗਿਆ ਸੀ। ਇਹ ਸਮਝੌਤੇ ਰੱਖਿਆ, ਊਰਜਾ, ਮਹੱਤਵਪੂਰਨ ਖਣਿਜਾਂ, ਤਕਨਾਲੋਜੀ ਅਤੇ



ਆਰਟੀਫੀਸ਼ੀਅਲ ਇੰਟੈਲੀਜੈਂਸ (AI) ਵਰਗੇ ਖੇਤਰਾਂ ਵਿੱਚ ਭਾਈਵਾਲੀ ਨੂੰ ਵਧਾਉਣਗੇ। ਸੂਤਰਾਂ ਅਨੁਸਾਰ ਕੈਨੇਡਾ ਆਪਣੇ ਆਪ ਨੂੰ ਇੱਕ ਪ੍ਰਸ਼ਾਂਤ ਦੇਸ਼ ਮੰਨਦਾ ਹੈ ਅਤੇ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਭਾਰਤ ਨਾਲ ਮਿਲ ਕੇ ਸਮੁੰਦਰੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਚਾਹੁੰਦਾ ਹੈ।

ਸੁਰੱਖਿਆ ਦੇ ਮੁੱਦਿਆਂ 'ਤੇ ਚਰਚਾ ਕਰਦਿਆਂ ਦੋਵਾਂ ਦੇਸ਼ਾਂ ਦੇ ਆਗੂਆਂ ਨੇ ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਤਸਕਰੀ (ਖਾਸ ਕਰਕੇ ਫੈਂਟਾਨਿਲ ਪ੍ਰੀਕਰਸਰ) ਅਤੇ ਅੰਤਰਰਾਸ਼ਟਰੀ ਸੰਗਠਿਤ ਅਪਰਾਧਿਕ ਨੈੱਟਵਰਕਾਂ ਵਿਰੁੱਧ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਜਤਾਈ ਹੈ। ਪ੍ਰਧਾਨ ਮੰਤਰੀ ਕਾਰਨੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਕੈਨੇਡਾ ਅੰਤਰਰਾਸ਼ਟਰੀ ਦਮਨ ਵਿਰੁੱਧ ਸਖ਼ਤ ਕਾਰਵਾਈ ਜਾਰੀ ਰੱਖੇਗਾ। ਕੈਨੇਡੀਅਨ ਵਫ਼ਦ ਨੇ ਭਾਰਤ ਵਿੱਚ ਨਿਰਮਾਣ, ਮਾਈਨਿੰਗ ਅਤੇ ਖੇਤੀਬਾੜੀ ਖੇਤਰਾਂ ਵਿੱਚ ਨਵੇਂ ਨਿਵੇਸ਼ ਦੀਆਂ ਸੰਭਾਵਨਾਵਾਂ 'ਤੇ ਜ਼ੋਰ ਦਿੱਤਾ ਹੈ। ਇਸ ਦੇ ਨਾਲ ਹੀ ਕੈਨੇਡਾ ਨੂੰ ਕੁਆਂਟਮ ਕੰਪਿਊਟਿੰਗ ਅਤੇ ਸਿਹਤ ਤਕਨਾਲੋਜੀ ਵਿੱਚ ਦੁਨੀਆ ਦਾ ਇੱਕ ਪ੍ਰਮੁੱਖ ਕੇਂਦਰ ਦੱਸਿਆ ਗਿਆ ਹੈ। ਦੋਵੇਂ ਦੇਸ਼ ਹੁਣ ਜਲ ਸੈਨਾ ਦੀਆਂ ਗਤੀਵਿਧੀਆਂ ਰਾਹੀਂ ਆਪਸੀ ਤਾਲਮੇਲ ਵਧਾਉਣ ਅਤੇ ਗਿਆਨ ਦੇ ਅਦਾਨ-ਪ੍ਰਦਾਨ ਲਈ ਵਚਨਬੱਧ ਹਨ।

# ਲਵਲੀਨ ਕੌਰ ਦਾ ਸੀਨੀਅਰ ਸਰਜੈਂਟ ਬਣਨ 'ਤੇ ਸੁਪਰੀਮ ਸਿੱਖ ਸੁਸਾਇਟੀ ਵੱਲੋਂ ਵਿਸ਼ੇਸ਼ ਸਨਮਾਨ

ਔਕਲੈਂਡ: ਨਿਊਜ਼ੀਲੈਂਡ 'ਚ ਪੁਲਿਸ ਡਿਪਾਰਟਮੈਂਟ ਵੱਲੋਂ ਸੀਨੀਅਰ ਸਰਜੈਂਟ ਵਜੋਂ ਤਰੱਕੀ ਪ੍ਰਾਪਤ ਕਰਨ ਵਾਲੀ ਲਵਲੀਨ ਕੌਰ ਦਾ ਸੁਪਰੀਮ ਸਿੱਖ ਸੁਸਾਇਟੀ ਵੱਲੋਂ ਖ਼ਾਸ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਸਮਾਨ ਸਮਾਰੋਹ 'ਚ ਪੁਲਿਸ ਡਿਪਾਰਟਮੈਂਟ ਵੱਲੋਂ ਸੁਪਰਡੈਂਟ ਨਿਊਜ਼ੀਲੈਂਡ ਪੁਲਿਸ (ਰਾਕੇਸ਼ ਨਾਇਡੂ) ਵੀ ਸ਼ਾਮਿਲ ਹੋਏ। ਉਨ੍ਹਾਂ ਸੁਪਰੀਮ ਸਿੱਖ ਸੁਸਾਇਟੀ ਤੇ ਸਿੱਖ ਕਮਿਊਨਿਟੀ ਵੱਲੋਂ ਕੀਤੀਆਂ ਜਾ ਰਹੀਆਂ ਵੱਡੇ ਪੱਧਰ 'ਤੇ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਨਾਲ ਹੀ ਸੰਗਤ 'ਚ ਬੈਠੀ ਹੋਈ ਨੌਜਵਾਨ ਪੀੜੀ ਨੂੰ ਪੁਲਿਸ 'ਚ ਭਰਤੀ ਹੋਣ ਵਾਸਤੇ ਵੀ ਸੱਦਾ ਦਿੱਤਾ। ਖ਼ਾਸ ਤੌਰ 'ਤੇ ਗੁਰਦੁਆਰਾ ਸਾਹਿਬ ਵਿਚ ਸੇਵਾਵਾਂ




ਨਿਭਾਉਂਦੀਆਂ ਬੀਬੀਆਂ ਵਿਚੋਂ ਵਾਈਸ ਪ੍ਰਧਾਨ ਬੀਬੀ ਹਰਵਿੰਦਰ ਕੌਰ ਅਤੇ ਸਿੱਖ ਹੈਰੀਟੇਜ ਸਕੂਲ ਦੇ ਪ੍ਰਿੰਸੀਪਲ ਬੀਬੀ ਜਸਵੀਰ ਕੌਰ ਵੱਲੋਂ ਲਵਲੀਨ ਕੌਰ ਨੂੰ ਸਨਮਾਨਿਤ ਕੀਤਾ ਗਿਆ ਤੇ ਮੁਬਾਰਕਾਂ ਦਿੱਤੀਆਂ ਗਈਆਂ। ਇਸ ਮੌਕੇ ਸੁਪਰੀਮ ਸਿੱਖ ਸੁਸਾਇਟੀ ਦੇ ਮੁੱਖ ਬੁਲਾਰੇ ਸਰਦਾਰ ਦਲਜੀਤ ਸਿੰਘ ਨੇ ਦੱਸਿਆ ਕਿ ਲਵਲੀਨ ਗੁਰਦੁਆਰਾ ਸਾਹਿਬ 'ਚ ਪੁਲਿਸ ਡਿਪਾਰਟਮੈਂਟ ਬਾਰੇ ਆਪਣੀਆਂ ਜਾਣਕਾਰੀਆਂ ਨੌਜਵਾਨਾਂ ਨਾਲ ਸਾਂਝੀਆਂ ਕਰਦੀ ਰਹਿੰਦੀ ਹੈ ਤੇ ਬਹੁਤ ਸਾਰੇ ਬੱਚੇ ਉਨ੍ਹਾਂ ਤੋਂ ਪ੍ਰਭਾਵਿਤ ਹੋ ਕੇ ਨਿਊਜ਼ੀਲੈਂਡ ਪੁਲਿਸ 'ਚ ਭਰਤੀ ਹੋ ਰਹੇ ਹਨ।



ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਜ਼ਿਲ੍ਹਾ ਮਿੰਟਗੁਮਰੀ**

੭੦. ਸ. ਸਤਵੰਤ ਸਿੰਘ ਜੀ, ੭੧. ਸ. ਮੱਲ ਸਿੰਘ ਜੀ, ੭੨. ਸ. ਸ਼ੇਰ ਸਿੰਘ ਜੀ

**ਜ਼ਿਲ੍ਹਾ ਲਾਇਲਪੁਰ**

੭੩. ਸ. ਪਸ਼ੌਰਾ ਸਿੰਘ ਜੀ, ੭੪. ਗੋਪਾਲ ਸਿੰਘ ਜੀ, ੭੫. ਸ. ਦੀਦਾਰ ਸਿੰਘ ਜੀ, ੭੬. ਸ. ਉਜਾਗਰ ਸਿੰਘ ਜੀ, ੭੭. ਸ. ਜਵਾਲਾ ਸਿੰਘ ਜੀ।

੭੮. ਸ. ਤਾਰਾ ਸਿੰਘ ਜੀ, ੭੯ ਸ. ਦਲਜੀਤ ਸਿੰਘ ਜੀ।

**ਜ਼ਿਲ੍ਹਾ ਮੁਜ਼ੱਫਰਗੜ੍ਹ ਤੇ ਡੇਰਾ ਇਸਮਾਈਲ ਖਾਂ**

੭੦ ਸ. ਅਜਾਇਬ ਸਿੰਘ ਜੀ

**ਹੈਡ ਮਨਿਸਟਰਸ**

੮੧. ਭਾਈ ਸਾਹਿਬ ਕਰਤਾਰ ਸਿੰਘ ਜੀ ਸ੍ਰੀ ਦਰਬਾਰ ਸਾਹਿਬ, ੮੨. ਭਾਈ ਮੋਹਣ ਸਿੰਘ ਜੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ੮੩. ਜਥੇਦਾਰ ਪ੍ਰਤਾਪ ਸਿੰਘ ਜੀ ਤਖਤ ਸ੍ਰੀ ਕੇਸਗੜ੍ਹ ਜੀ।

**ਰਿਆਸਤ ਪਟਿਆਲਾ**

੮੪. ਸ. ਆਤਮਾ ਸਿੰਘ ਜੀ

**ਨਾਮਜ਼ਦ ਮੈਂਬਰ**

੮੫. ਸ. ਅਮਰ ਸਿੰਘ ਜੀ, ੮੬. ਸ. ਤਾਰਾ ਸਿੰਘ ਜੀ,

੮੭. ਸ. ਪ੍ਰਤਾਪ ਸਿੰਘ ਜੀ, ੮੮. ਪ੍ਰੋ. ਗੰਗਾ ਸਿੰਘ ਜੀ, ੮੯. ਸ. ਨਰੈਣ ਸਿੰਘ ਜੀ, ੯੦. ਭਾਈ ਪਿਆਰਾ ਸਿੰਘ ਜੀ, ੯੧. ਸ. ਅਮਰ ਸਿੰਘ ਜੀ।

**(ਅ) ਹੋਰ ਜਥਿਆਂ ਵਲੋਂ ਸ਼ਾਮਲ ਹੋਏ ਪ੍ਰਤੀਨਿਧ !**

**ਖਾਲਸਾ ਦੀਵਾਨ ਬਾਰ**

੯੨. ਭਾ. ਰਣਜੀਤ ਸਿੰਘ ਜੀ, ਭਾ. ਇੰਦਰ ਸਿੰਘ ਜੀ, ੯੪. ਸ. ਸਰਦੂਲ ਸਿੰਘ ਜੀ।

**ਗੜਗੱਜ ਅਕਾਲੀ ਦੀਵਾਨ**

੯੫. ਭਾਈ ਤੇਜਾ ਸਿੰਘ ਜੀ, ੯੬. ਭਾਈ ਲਾਭ ਸਿੰਘ ਜੀ, ੯੭. ਭਾਈ ਲਾਭ ਸਿੰਘ ਜੀ, ੯੭. ਲਛਮਣ ਸਿੰਘ ਜੀ, ੯੯. ਭਾਈ ਮੋਹਰ ਸਿੰਘ ਜੀ।

**ਸੈਂਟਰਲ ਮਾਝਾ ਦੀਵਾਨ**

੯੯. ਸ. ਤ੍ਰਲੋਚਨ ਸਿੰਘ ਜੀ, ੧੦੦. ਸ. ਕ੍ਰਿਪਾਲ ਸਿੰਘ ਜੀ

ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ

੧੦੧. ਸ. ਨਰੈਣ ਸਿੰਘ ਜੀ।

**ਖਾਲਸਾ ਕਾਲਜ ਅੰਮ੍ਰਿਤਸਰ**

੧੦੨. ਸ. ਗੰਡਾ ਸਿੰਘ ਜੀ ਕੇਵਲ, ੧੦੩. ਪ੍ਰੋ. ਤੇਜਾ ਸਿੰਘ ਜੀ।

**ਉਦਾਸੀਨ ਮਹਾਂ ਮੰਡਲ**

੧੦੪. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ।

**ਖਾਲਸਾ ਬਰਾਦਰੀ ਅੰਮ੍ਰਿਤਸਰ**

੧੦੫. ਸ. ਲੱਖਾ ਸਿੰਘ ਜੀ

ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ

੧੦੬. ਭਾਈ ਮਹਿੰਦਰ ਸਿੰਘ ਜੀ, ੧੦੭. ਭਾਈ ਜਗਜੀਤ ਸਿੰਘ ਜੀ, ੧੦੮. ਸ. ਬਚਿਤ੍ਰ ਸਿੰਘ ਜੀ।


**ਖ਼ਾਲਸਾ ਯੂਥ ਲੀਗ**

੧੦੯. ਸ. ਜਗਜੀਤ ਸਿੰਘ ਜੀ ਫਿਰੋਜ਼ਪੁਰ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ

੧੧੦. ਗਿ. ਹਰਚਰਨ ਸਿੰਘ ਜੀ, ੧੧੧. ਗਿ. ਭਗਤ ਸਿੰਘ ਜੀ।

(ੲ) ਹੋਰ ਪ੍ਰਤਿਸ਼ਠਤ ਸੱਜਣ

੧੧੨. ਗਿ. ਸਾਹਿਬ ਸਿੰਘ ਜੀ ਧਮਧਾਨ, ੧੧੩. ਸ. ਉਜਾਗਰ ਸਿੰਘ ਜੀ, ੧੧੪. ਸ. ਜਗਤ ਸਿੰਘ ਜੀ ਮੋਗਾ, ੧੧੫. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ, ੧੧੬. ਭਾਈ ਅਮਰ ਸਿੰਘ ਜੀ 'ਖ਼ਾਲਸਾ', ੧੧੭. ਸ. ਸਾਹਿਬ ਸਿੰਘ ਜੀ ਖਾ. ਕਾਲਜ, ੧੧੮. ਪ੍ਰੋ. ਸ਼ੇਰ ਸਿੰਘ ਪਸਰੂਰ।




(ਸ) ਰਹੁ ਰੀਤੀ ਕਮੇਟੀ ਦੇ ਮੈਂਬਰ

੧੧੯. ਗਿ. ਠਾਕਰ ਸਿੰਘ ਜੀ ਅੰਮ੍ਰਿਤਸਰ, ੧੨੦. ਭਾਈ ਕਾਹਨ ਸਿੰਘ ਜੀ ਨਾਭਾ, ੧੨੧. ਭਾਈ ਸਾਹਿਬ ਲਾਭ ਸਿੰਘ ਜੀ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ੧੨੨. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ. ਨਾ. ਖਾ. ਕਾ. ਗੁਜਰਾਂਵਾਲਾ, ੧੨੩. ਪ੍ਰੋ. ਜੋਧ ਸਿੰਘ ਜੀ ਐਮ.ਏ., ੧੨੪. ਸ. ਵਸਾਵਾ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ, ੧੨੫. ਗਿ. ਨਾਹਰ ਸਿੰਘ ਜੀ ਐਡੀਟਰ 'ਸਿੱਖ ਸੇਵਕ, ੧੨੬. ਸੰਤ ਤੇਜਾ ਸਿੰਘ ਜੀ ਹੈਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ੧੨੭. ਸ. ਧਰਮਾਨੰਤ ਸਿੰਘ ਜੀ ਪ੍ਰਿੰਸੀਪਲ ਸ਼ਹੀਦ ਸਿ. ਮਿਸ਼ਨਰੀ ਕਾਲਜ ਅੰਮ੍ਰਿਤਸਰ, ੧੨੮. ਮਾਸਟਰ ਮਹਿਤਾਬ ਸਿੰਘ ਜੀ

(ਹ) ਸ਼੍ਰੋਮਣੀ ਅਕਾਲੀ ਦਲ ਅੰਤ੍ਰਿੰਗ ਕਮੇਟੀ ਦੇ ਮੈਂਬਰ

੧੨੯. ਜਥੇਦਾਰ ਊਧਮ ਸਿੰਘ ਜੀ, ੧੩੦. ਸ. ਸਾਧੂ ਸਿੰਘ ਜੀ ਚਕ ੩੦ ਲਾਇਲਪੁਰ, ੧੩੧. ਗਿਆਨੀ ਕਰਤਾਰ ਸਿੰਘ ਜੀ ਲਾਇਲਪੁਰੀ, ੧੩੨. ਗਿ. ਗੁਰਮੁਖ ਸਿੰਘ ਜੀ 'ਮੁਸਾਫਰ', ੧੩੩. ਸ. ਮੋਤਾ ਸਿੰਘ ਜੀ, ੧੩੪. ਸ. ਸੋਹਣ ਸਿੰਘ ਜੀ ਜਲਾਲ ਉਸਮਾਂ, ੧੩੫. ਸ. ਭਗਵਾਨ ਸਿੰਘ ਜੀ ਦੋਸਾਂਝ ਕਲਾਂ, ੧੩੬. ਸ. ਸਰਦੂਲ ਸਿੰਘ ਜੀ, ੧੩੭. ਸ. ਜਾਤਾ ਸਿੰਘ ਜੀ ਅੰਬਾਲਾ, ੧੩੮. ਸ. ਸੁੰਦਰ ਸਿੰਘ ਜੀ ਮੁਰੀਦ ਕੇ (ਗੁਰਦਾਸਪੁਰ), ੧੩੯. ਸ. ਗੁਲਬਦਨ ਸਿੰਘ ਜੀ ਲੁਧਿਆਣਾ, ੧੪੦. ਸ. ਲਛਮਨ ਸਿੰਘ ਜੀ ਕਪੂਰਥਲਾ, ੧੪੧ ਸ. ਗਰਜਾ ਸਿੰਘ ਜੀ ਸਿਆਲਕੋਟ, ੧੪੨. ਸ. ਭਗਤ ਸਿੰਘ ਜੀ ਜਾਮਕੇ, ੧੪੩. ਸ. ਦਰਸ਼ਨ ਸਿੰਘ ਜੀ ਫੇਰੂਮਾਨ, ੧੪੪. ਸ. ਪ੍ਰੀਤਮ ਸਿੰਘ ਜੀ ਸਰਗੋਧਾ,


(ਕ) ਅਖ਼ਬਾਰਾਂ

੧੪੫. ਸ. ਅਮਰ ਸਿੰਘ ਜੀ 'ਸ਼ੇਰਿ ਪੰਜਜਾਬ' ਲਾਹੌਰ, ੧੪੬. ਭਾਈ ਸੇਵਾ ਸਿੰਘ ਜੀ 'ਖਾਲਸਾ ਸਮਾਚਾਰ', ੧੪੭. ਭਾਈ ਰਜਿੰਦਰ ਸਿੰਘ ਜੀ 'ਖਾਲਸਾ ਐਡਵੋਕੇਟ', ੧੪੮. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ 'ਸੁਤੰਤ੍ਰ', ੧੪੯. ਡਾ. ਹਰੀ ਸਿੰਘ ਜੀ ਐਡੀਟਰ 'ਡਾਕਟਰ'।

(ਚਲਦਾ)

# ਖੱਡ 'ਚ ਡਿੱਗੀ ਮਿਨੀਵੈਨ, ਭਾਰਤੀ ਵਿਦਿਆਰਥੀ ਦੀ ਮੌਤ

ਸ਼ਿਕਾਗੋ : ਅਮਰੀਕਾ ਦੇ ਸ਼ਿਕਾਗੋ ਨੇੜੇ ਇੱਕ ਭਿਆਨਕ ਸੜਕ ਹਾਦਸੇ ਵਿੱਚ ਇੱਕ ਭਾਰਤੀ ਵਿਦਿਆਰਥਣ ਦੀ ਮੌਤ ਹੋਣ ਦੀ ਦੁਖਦਾਈ ਖ਼ਬਰ ਸਾਹਮਣੇ ਆਈ ਹੈ। ਇਹ ਹਾਦਸਾ ਸ਼ਨੀਵਾਰ ਦੇਰ ਰਾਤ ਲਗਭਗ 11:15 ਵਜੇ ਇੰਡੀਆਨਾ ਦੇ ਕਰੌਨ ਪੁਆਇੰਟ ਵਿੱਚ ਇੰਟਰਸਟੇਟ 65 (9-65) 'ਤੇ ਵਾਪਰਿਆ।



ਪੁਲਿਸ ਦੀ ਸ਼ੁਰੂਆਤੀ ਜਾਂਚ ਅਨੁਸਾਰ ਇੱਕ ਲਾਲ ਰੰਗ ਦੀ ਮਿਨੀਵੈਨ, ਜਿਸ ਵਿੱਚ ਸੱਤ ਲੋਕ ਸਵਾਰ ਸਨ, ਸੜਕ 'ਤੇ ਬਹੁਤ ਹੀ ਹੌਲੀ ਰਫਤਾਰ (ਲਗਭਗ 10 ਤੋਂ 15 ਮੀਲ ਪ੍ਰਤੀ ਘੰਟਾ) ਨਾਲ ਜਾ ਰਹੀ ਸੀ। ਇਹ ਮਿਨੀਵੈਨ ਇੱਕ ਹੋਰ ਵਾਹਨ ਦੇ ਪਿੱਛੇ ਚੱਲ ਰਹੀ ਸੀ, ਜਿਸ ਵਿੱਚ ਤਕਨੀਕੀ ਖਰਾਬੀ ਆ ਗਈ ਸੀ। ਪਿੱਛੇ ਤੋਂ ਆ ਰਹੀ ਇੱਕ ਕਾਰ ਦੇ ਡਰਾਈਵਰ ਨੇ ਮਿਨੀਵੈਨ ਦੀ ਘੱਟ ਰਫਤਾਰ ਦਾ ਅੰਦਾਜ਼ਾ ਨਹੀਂ ਲਗਾਇਆ ਅਤੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ ਵੈਨ ਦੇ ਖੱਬੇ ਪਾਸੇ ਟੱਕਰ ਮਾਰ ਦਿੱਤੀ। ਇਸ ਟੱਕਰ ਕਾਰਨ ਮਿਨੀਵੈਨ ਸੜਕ ਤੋਂ ਉਤਰ ਕੇ ਖੱਡ ਵਿੱਚ ਜਾ ਡਿੱਗੀ।

ਹਾਦਸੇ ਤੋਂ ਬਾਅਦ ਪੁਲਿਸ ਜਾਂਚ ਵਿੱਚ ਇੱਕ ਹੈਰਾਨ ਕਰਨ ਵਾਲੀ ਗੱਲ ਸਾਹਮਣੇ ਆਈ ਹੈ ਕਿ ਉਸ ਮਿਨੀਵੈਨ ਵਿੱਚ ਸਿਰਫ਼ ਦੋ ਅਗਲੀਆਂ ਸੀਟਾਂ ਸਨ। ਬਾਕੀ ਪੰਜ ਸਵਾਰ ਅੰਬਾਂ ਦੇ ਡੱਬਿਆਂ 'ਤੇ ਬਿਨਾਂ ਸੀਟ ਬੈਲਟ ਦੇ ਬੈਠੇ ਸਨ। ਇਸ ਲਾਪਰਵਾਹੀ ਕਾਰਨ ਹਾਦਸੇ ਵੇਲੇ ਸਵਾਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ। ਚਾਰ ਲੋਕਾਂ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਸ਼ਿਕਾਗੋ ਸਥਿਤ ਭਾਰਤੀ ਕੌਂਸਲੇਟ ਜਨਰਲ ਨੇ ਮ੍ਰਿਤਕ ਵਿਦਿਆਰਥਣ ਦੀ ਪਛਾਣ ਨਵਿਆ ਗਾਡੂਸੂ ਵਜੋਂ ਕੀਤੀ ਹੈ ਅਤੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਕੌਂਸਲੇਟ ਨੇ ਕਿਹਾ ਕਿ ਉਹ ਮ੍ਰਿਤਕ ਦੇ ਪਰਿਵਾਰ ਅਤੇ ਜ਼ਖਮੀਆਂ ਦੀ ਮਦਦ ਕਰ ਰਹੇ ਭਾਈਚਾਰੇ ਦੇ ਮੈਂਬਰਾਂ ਨਾਲ ਲਗਾਤਾਰ ਸੰਪਰਕ ਵਿੱਚ ਹਨ।

## ਕਰੇਮੋਨਾ 'ਚ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਨਵੀਂ ਕਮੇਟੀ ਦਾ ਗਠਨ

# ਭਾਈ ਦੂਹੜਾ ਸੰਭਾਲਣਗੇ ਮੁੱਖ ਸੇਵਾਦਾਰ ਵਜੋਂ ਕਮਾਨ






ਰੋਮ : ਇਟਲੀ ਵਿੱਚ ਸਿੱਖੀ ਦੇ ਬੂਟੇ ਨੂੰ ਪ੍ਰਫੁੱਲਤ ਕਰਨ ਵਿੱਚ ਅਹਿਮ ਸੇਵਾ ਨਿਭਾਉਣ ਵਾਲੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਕਲਗੀਧਰ ਸਾਹਿਬ ਤੋਰੇ ਦੀ ਪਿਚਨਾਰਦੀ ਕਰੇਮੋਨਾ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਇਕੱਤਰਤਾ ਕੀਤੀ ਗਈ। ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੱਸਿਆ ਗਿਆ ਕਿ ਭਾਈ ਜਸਵਿੰਦਰ ਸਿੰਘ ਦੂਹੜਾ ਨੂੰ ਸਰਬਸੰਮਤੀ ਨਾਲ ਮੁੱਖ ਸੇਵਾਦਾਰ ਦੀ ਸੇਵਾ ਸੌਂਪੀ ਗਈ।

ਜ਼ਿਕਰਯੋਗ ਹੈ ਕਿ ਭਾਈ ਦੂਹੜਾ ਸਾਹਿਬ ਬੀਤੇ 27 ਸਾਲਾਂ ਤੋਂ ਪਹਿਲਾਂ ਵੇਸਕੋਵਾਤੋ ਵਿਖੇ ਗੁਰਦੁਆਰਾ ਸਾਹਿਬ ਅਤੇ ਉਪਰੰਤ ਮੌਜੂਦਾ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਇਸ ਤੋਂ ਇਲਾਵਾ ਨਵੀਂ ਕਮੇਟੀ ਦਾ ਵਿਸਤਾਰ ਕਰਦਿਆਂ 30 ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਅਤੇ 20 ਸਲਾਹਕਾਰ ਵੀ ਚੁਣੇ ਗਏ ਤਾਂ ਜੋ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਅਤੇ ਆਰੰਭੇ ਨਵੇਂ ਕਾਰਜ ਜਿਵੇਂ ਸੰਗਤਾਂ ਦੀ ਸਹੂਲਤ ਲਈ ਖਰੀਦੀ ਗਈ ਜ਼ਮੀਨ ਵਿੱਚ ਪਾਰਕਿੰਗ ਤਿਆਰ ਕਰਵਾਉਣੀ ਆਦਿ ਦਾ ਪ੍ਰਬੰਧ ਸੁਚੱਜੇ ਢੰਗ ਨਾਲ ਕੀਤਾ ਜਾ ਸਕੇ। ਭਾਈ ਜਸਵਿੰਦਰ ਸਿੰਘ ਦੂਹੜਾ ਨੇ ਮੁੱਖ ਸੇਵਾਦਾਰ ਚੁਣੇ ਜਾਣ 'ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਸ਼ੁਕਰਾਨਾ ਕੀਤਾ ਅਤੇ ਕਿਹਾ ਕਿ ਇਲਾਕਾ ਨਿਵਾਸੀ ਸਾਧ ਸੰਗਤ ਦਾ ਹਮੇਸ਼ਾ ਤੋਂ ਹੀ ਪ੍ਰਬੰਧਕ ਕਮੇਟੀ ਨੂੰ ਬਹੁਤ ਸਹਿਯੋਗ ਰਿਹਾ ਹੈ ਅਤੇ ਉਹ ਉਮੀਦ ਕਰਦੇ ਹਨ ਕਿ ਚੁਣੀ ਗਈ ਕਮੇਟੀ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਦੇ ਸਹਿਯੋਗ ਸਦਕਾ ਸੌਂਪੀ ਗਈ ਸੇਵਾ ਤਨਦੇਹੀ ਨਾਲ ਨਿਭਾਉਣਗੇ।

# BASRA
## Heating & Air Conditioning

### ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

### ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

**Common Air Conditioner Problems Requiring Repair**
**Low or Leaking Refrigerant**
**Broken Belt**
**Compressor Failure**
**Coil Issues**

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

## ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377



ਸੰਤ ਸੇਵਾ ਸਿੰਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੁਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖ਼ੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖ਼ਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਵੀਰਾਨ ਥੇਹ ਦਾ ਨਾਉਂ : ਕੁਟੀਆ ਰਾਮਪੁਰ ਖੇੜਾ ਰੱਖਿਆ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਇਸ ਵੀਰਾਨ ਥੇਹ ਨੂੰ ਹੁਣ ਬਾਬਾ ਜੀ ਨੇ 'ਕੁਟੀਆ ਰਾਮਪੁਰ ਖੇੜਾ' ਦਾ ਨਾਉਂ ਦੇ ਦਿੱਤਾ। ਜਿਸ ਅਸਥਾਨ ਤੇ ਛੱਪਰੀ ਸੀ, ਉਸ ਦੇ ਆਲੇ-ਦੁਆਲਿਉਂ ਭੰਗ ਅਤੇ ਝਾੜੀਆਂ ਵਢਾ ਕੇ ਬਾਬਾ ਜੀ ਨੇ ਵਰਤਣ ਵਾਸਤੇ ਥਾਂ ਪੱਧਰਾ ਤੇ ਸਾਫ਼ ਕਰਵਾ ਲਿਆ ਪਰ ਫਿਰ ਵੀ ਬੋਹੜ ਦੇ ਦਰਖ਼ਤਾਂ ਦਾ ਛੌਰਾ ਬਹੁਤ ਜ਼ਿਆਦਾ ਸੀ। ਪਿੱਪਲ ਅਤੇ ਬੋਹੜ ਦੇ ਪੱਤੇ ਡਿੱਗ-ਡਿੱਗ ਕੇ ਹੇਠਾਂ ਸਲ੍ਹਾਬਾ ਰਹਿਣ ਕਾਰਨ ਬੇਅੰਤ ਜ਼ਹਿਰੀਲੇ ਜੀਵ ਰਹਿੰਦੇ ਸਨ। ਆਏ ਗਏ ਪ੍ਰੇਮੀਆਂ ਦੇ ਬਹਿਣ ਵਾਸਤੇ ਦਿੱਬ ਦੇ ਮੂੜ੍ਹੇ ਅਤੇ ਸਫ਼ਾਂ ਸਨ। ਬਾਬਾ ਜੀ ਨੇ ਮਿੱਟੀ ਦੀਆਂ ਦੋ ਕੁੱਜੀਆਂ ਅਤੇ ਦੋ ਛੋਟੇ-ਛੋਟੇ ਚਿਮਟੇ ਰੱਖੇ ਹੋਏ ਸਨ ਕਿਉਂਕਿ ਜਦੋਂ ਵੀ ਕੋਈ ਸਫ਼, ਮੂੜ੍ਹਾ ਜਾਂ ਬੋਰੀ ਚੁੱਕਣੀ ਤਾਂ ਹੇਠੋਂ ਜ਼ਹਿਰੀਲੇ ਠੂੰਹੇਂ ਆਮ ਨਿਕਲਦੇ ਸਨ; ਜਿਨ੍ਹਾਂ ਨੂੰ ਚਿਮਟੇ ਨਾਲ ਫੜ ਕੇ ਕੁੱਜੀ ਵਿੱਚ ਪਾ ਦੇਣਾ ਅਤੇ ਉੱਪਰ ਚੱਪਣੀ (ਢੱਕਣ) ਦੇ ਦੇਣੀ। ਸ਼ਾਮ ਨੂੰ ਜਿੰਨੇ ਵੀ ਠੂੰਹੇਂ ਜਾਂ ਬਿੱਛੂ ਉਸ ਕੁੱਜੀ ਵਿੱਚ ਹੋਣੇ, ਉਨ੍ਹਾਂ ਨੂੰ ਚੋਅ ਨੇੜੇ ਛੱਡ ਆਉਣਾ। ਛੋਟੇ ਛੋਟੇ ਸੱਪ ਵੀ ਦਿਨ ਵਿੱਚ ਦੋ-ਤਿੰਨ ਜ਼ਰੂਰ ਨਿਕਲ ਆਉਂਦੇ ਸਨ, ਉਨ੍ਹਾਂ ਨੂੰ ਵੀ ਬੋਰੀ ਨਾਲ ਫੜ ਕੇ ਬਾਹਰ ਛੱਡ ਆਉਣਾ। ਜੇ ਕੋਈ ਵੱਡਾ ਸੱਪ ਨਿਕਲੇ ਤਾਂ ਬਾਂਸ ਦੀ ਲੰਬੀ ਲਾਠੀ ਨਾਲ ਉਸ ਨੂੰ ਛਸ਼ਕੇਰ ਕੇ (ਡਰਾ ਕੇ) ਬਾਹਰ ਕੱਢ ਦੇਣਾ। ਬਾਬਾ ਜੀ ਨੇ ਸਾਰੇ ਪ੍ਰੇਮੀਆਂ ਨੂੰ ਖ਼ਾਸ ਹਦਾਇਤ ਕੀਤੀ ਸੀ ਕਿ ਇਨ੍ਹਾਂ ਨੂੰ ਮਾਰਨਾ ਨਹੀਂ। ਕਈ ਵਾਰੀ ਕਿਸੇ ਨੇ ਪ੍ਰਸ਼ਨ ਕਰਨਾ ਕਿ ਤੁਸੀਂ ਇਨ੍ਹਾਂ ਜ਼ਹਿਰੀਲੇ ਜਾਨਵਰਾਂ ਨੂੰ ਮਾਰਦੇ ਕਿਉਂ ਨਹੀਂ ? ਬਾਬਾ ਜੀ ਉੱਤਰ ਦਿੰਦੇ ਕਿ ਜਦ ਇਹ ਸਾਨੂੰ ਕੁੱਝ ਨਹੀਂ ਕਹਿੰਦੇ ਤਾਂ ਅਸੀਂ ਬਿਨਾਂ ਕਾਰਨ ਇਨ੍ਹਾਂ ਨੂੰ ਕਿਉਂ ਮਾਰੀਏ ? ਅਤੇ ਜੇ ਅਸੀਂ ਮਾਰਨ ਵੀ ਲੱਗ ਪਈਏ ਤਾਂ ਕੀ ਇਹ ਖ਼ਤਮ ਹੋ ਜਾਣਗੇ ?

**ਇੱਕ ਫ਼ਨੀਅਰ ਸੱਪ ਨੂੰ ਮਾਰਨ ਤੇ ਬਾਬਾ ਜੀ ਦੀ ਨਰਾਜ਼ਗੀ**

ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਿਹਾ। ਇਸ ਤੋਂ ਕਾਫ਼ੀ ਸਮਾਂ ਬਾਅਦ ਦੀ ਇੱਕ ਘਟਨਾ ਜੋ ਦਾਸ ਨੇ ਆਪਣੀ ਅੱਖੀਂ ਵੇਖੀ, ਉਹ ਇਸ ਪ੍ਰਕਾਰ ਹੈ ਕਿ ਨਾਮ ਅਭਿਆਸ ਕਮਾਈ ਸਮਾਗਮ ਚੱਲ ਰਿਹਾ ਸੀ। ਕਾਫ਼ੀ ਬਾਰਸ਼ ਹੋਈ। ਨੰਬਰਦਾਰ ਚੰਨਣ ਸਿੰਘ, ਡਾਕਟਰ ਪ੍ਰੀਤਮ ਸਿੰਘ, ਸ. ਕਰਤਾਰ ਸਿੰਘ ਪਿੰਡ ਰਸੂਲਪੁਰ ਅਤੇ ਇੱਕ ਦੋ ਹੋਰ ਪ੍ਰੇਮੀ ਲੌਢੇ ਪਹਿਰ ਬਾਹਰ ਸੈਰ ਕਰਨ ਲਈ ਗਏ। ਗੁਰਦੁਆਰੇ ਤੋਂ ਚੜ੍ਹਦੇ ਪਾਸੇ ਡੰਡਾ ਥੋਹਰਾਂ ਦੀ ਵਾੜ (ਪਹਿਲਾਂ ਸਾਰੇ ਗੁਰਦੁਆਰੇ ਦੇ ਚੌਗਿਰਦੇ ਥੋਹਰਾਂ ਦੀ ਵਾੜ ਭਾਵ ਚਾਰ ਦੀਵਾਰੀ ਹੁੰਦੀ ਸੀ) ਸੀ। ਉਸ ਵਾੜ ਵਿੱਚੋਂ ਇੱਕ ਬਹੁਤ ਵੱਡਾ ਫ਼ਨੀਅਰ ਸੱਪ ਨਿਕਲਿਆ। ਇਨ੍ਹਾਂ ਪ੍ਰੇਮੀਆਂ ਨੇ ਦੇਖਿਆ ਕਿ ਬੜਾ ਖ਼ਤਰਨਾਕ ਸੱਪ ਹੈ। ਦੋ ਸਿੰਘਾਂ ਨੇ ਡੰਡੇ ਲਿਆ ਕੇ ਉਸ ਸੱਪ ਨੂੰ ਮਾਰ ਦਿੱਤਾ। ਨੰਬਰਦਾਰ ਚੰਨਣ ਸਿੰਘ ਜੀ ਅਤੇ ਹੋਰ ਪ੍ਰੇਮੀ ਬਾਬਾ ਜੀ ਨੂੰ ਦੱਸਣ ਆ ਗਏ ਕਿ ਇੱਕ ਬਹੁਤ ਵੱਡਾ ਫ਼ਨੀਅਰ ਸੱਪ ਵਾੜ ਵਿੱਚੋਂ ਨਿਕਲਿਆ ਸੀ। ਇੰਨੀ ਗੱਲ ਸੁਣ ਕੇ ਹੀ (ਬਾਕੀ ਗੱਲ ਪੂਰੀ ਹੋਣ ਤੋਂ ਪਹਿਲੇ) ਬਾਬਾ ਜੀ ਪੁੱਛਣ ਲੱਗੇ ਕਿ ਕਿਤੇ ਮਾਰ ਤਾਂ ਨਹੀਂ ਦਿੱਤਾ ? ਨੰਬਰਦਾਰ ਹੁਰਾਂ ਕਿਹਾ ਕਿ ਸੱਪ ਬਹੁਤ ਜ਼ਹਿਰੀਲਾ ਸੀ, ਜਿਸ ਕਰਕੇ ਉਸ ਨੂੰ ਮਾਰ ਦਿੱਤਾ ਹੈ। ਬਾਬਾ ਜੀ ਬਹੁਤ ਗੁੱਸੇ ਹੋਏ ਅਤੇ ਕਹਿਣ ਲੱਗੇ ਕਿ ਤੁਸੀਂ ਉਸ ਨੂੰ ਕਿਉਂ ਮਾਰਿਆ ? ਕੀ ਇਸ ਤਰ੍ਹਾਂ ਮਾਰ-ਮਾਰ ਤੁਸੀਂ ਸੱਪ ਮੁਕਾ ਦਿਓਗੇ ? ਕੀ ਉਹ ਤੁਹਾਡੇ ਮਗਰ ਭੱਜਿਆ ਸੀ ? ਇਤਿਆਦਿ ਬਚਨ ਕਹਿ ਕੇ ਕਾਫ਼ੀ ਨਰਾਜ਼ਗੀ ਪ੍ਰਗਟ ਕੀਤੀ।

**ਪਸ਼ਚਾਤਾਪ ਤੇ ਮੁਆਫ਼ੀ**

ਬਾਬਾ ਜੀ ਪਾਸੋਂ ਖਿਮਾ ਮੰਗ ਕੇ ਨੰਬਰਦਾਰ ਹੁਰੀਂ ਦੂਸਰੇ ਸਿੰਘਾਂ ਨਾਲ ਬਾਹਰ ਸੈਰ ਕਰਨ ਚਲੇ ਗਏ। ਅਗਾਂਹ ਥੋੜ੍ਹੀ ਦੂਰ ਹੀ ਗਏ ਸਨ ਕਿ ਇੱਕ ਹੋਰ ਉਹੋ ਜਿਹਾ ਸੱਪ ਨਜ਼ਰੀਂ ਪਿਆ। ਵਾਪਿਸ ਆ ਕੇ ਬਾਬਾ ਜੀ ਨੂੰ ਦੂਸਰੇ ਸੱਪ ਦੇ ਦਿਸਣ ਦਾ ਹਾਲ ਦੱਸਿਆ। ਤਦ ਬਾਬਾ ਜੀ ਕਹਿਣ ਲੱਗੇ ਕਿ ਭਾਈ ਮਾਰ-ਮਾਰ ਕੇ ਵੇਖ ਲਵੋ, ਤੁਸੀਂ ਉਸ ਨੂੰ ਮਾਰਨ ਤੋਂ ਪਹਿਲੋਂ ਸਾਨੂੰ ਪੁੱਛ ਤਾਂ ਲੈਂਦੇ। ਇੰਨੇ ਚਿਰ ਨੂੰ ਕੁੱਝ ਹੋਰ ਪ੍ਰੇਮੀਆਂ ਨੇ ਦੱਸਿਆ ਕਿ ਕਾਫ਼ੀ ਵੱਡਾ ਸੱਪ ਅਸੀਂ ਵੀ ਵੇਖ ਕੇ ਆਏ ਹਾਂ। ਅਖ਼ੀਰ ਕੁੱਝ ਪ੍ਰੇਮੀਆਂ ਨੇ ਇਕੱਠੇ ਹੋ ਕੇ ਆਪ ਜੀ ਨੂੰ ਬੇਨਤੀ ਕੀਤੀ ਕਿ ਅਨਜਾਣ-ਪੁਣੇ ਵਿੱਚ ਸਾਥੋਂ ਗ਼ਲਤੀ ਹੋ ਗਈ ਹੈ। ਇਸ ਲਈ ਖਿਮਾਂ ਬਖ਼ਸ਼ੋ, ਅਗਾਂਹ ਤੋਂ ਖ਼ਿਆਲ ਰੱਖਾਂਗੇ। ਆਪ ਜੀ ਨੇ ਕਿਹਾ ਕਿ ਤੁਸੀਂ ਕਿਸੇ ਪ੍ਰੇਮੀ ਨੂੰ ਕਹੋ ਕਿ ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਕਰੇ ਅਤੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਲੈ ਆਉ। ਦੇਗ ਲੈ ਆਂਦੀ ਗਈ। ਬਾਬਾ ਜੀ ਨੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਖਲੋ ਕੇ ਅਰਦਾਸ ਕੀਤੀ ਕਿ ਸਤਿਗੁਰੂ ਜੀ ! ਅਸੀਂ ਭੁੱਲਣਹਾਰ ਜੀਵ ਹਾਂ, ਸਿੰਘਾਂ ਪਾਸੋਂ ਗ਼ਲਤੀ ਹੋ ਗਈ ਹੈ, ਉਸਦੀ ਖ਼ਿਮਾ ਬਖ਼ਸ਼ੋ ਅਤੇ ਅਗਾਂਹ ਲਈ ਸੁਮੱਤ ਬਖ਼ਸ਼ੋ। ਅਰਦਾਸ ਤੋਂ ਬਾਅਦ ਪ੍ਰਸ਼ਾਦ ਵਰਤਾਇਆ ਗਿਆ। ਲਗਾਤਾਰ ਛੇ ਦਿਨ ਸਮਾਗਮ ਚਲਦਾ ਰਿਹਾ, ਕਿਸੇ ਪ੍ਰਕਾਰ ਦਾ ਕੋਈ ਵੀ ਜ਼ਹਿਰੀਲਾ ਜੀਵ ਕਿਸੇ ਨੂੰ ਵੀ ਦਿਖਾਈ ਨਹੀਂ ਦਿੱਤਾ।




ਬਾਬਾ ਜੀ ਦਾ ਮਨ ਬਹੁਤ ਹੀ ਕੋਮਲ ਤੇ ਦਇਆਵਾਨ ਸੀ। ਉਹ ਅਕਾਰਣ ਹੀ ਕਿਸੇ ਜੀਵ ਨੂੰ ਰਤਾ ਵੀ ਤੰਗ ਕਰਨ ਦੇ ਹੱਕ ਵਿੱਚ ਨਹੀਂ ਸਨ। ਆਪ ਜੀ ਕਿਹਾ ਕਰਦੇ ਸਨ ਕਿ ਜੇ ਉਸ ਮਾਲਕ ਨੂੰ ਪਛਾਨਣਾ ਹੈ ਤਾਂ :

**ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ**
**ਅਕਲ ਕਲਾ ਭਰਪੂਰਿ ਰਹਿਆ ॥**
**(ਆਸਾ ਮ: ੧, ਅੰਗ ੪੬੯)**

ਅਤੇ

**ਸਭ ਮਹਿ ਜੋਤਿ ਜੋਤਿ ਹੈ ਸੋਇ ॥**
**(ਧਨਾਸਰੀ ਮ: ੧, ਅੰਗ ੧੩)**

ਦੇ ਧਾਰਨੀ ਬਣਨਾ ਪਵੇਗਾ। ਕਿਉਂਕਿ ਗੁਰਦੇਵ ਨੌਵੇਂ ਸਤਿਗੁਰੂ ਜੀ ਦਾ ਫ਼ੁਰਮਾਨ ਹੈ ਕਿ :

**ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥**
**(ਸਲੋਕ ਮ: ੯, ਅੰਗ ੧੪੨੭)**

ਅਤੇ ਪੰਜਵੇਂ ਸਤਿਗੁਰੂ ਜੀ ਦਾ ਹੁਕਮ ਹੈ :

**ਘਟਿ ਘਟਿ ਬਸੰਤ ਬਾਸੁਦੇਵਹ ਪਾਰਬ੍ਰਹਮ ਪਰਮੇਸੁਰਹ ॥**
**(ਸਲੋਕ ਸਹਸਕ੍ਰਿਤੀ ਮ: ੫, ਅੰਗ ੧੩੫੬)**

ਅਤੇ

**ਘਟਿ ਘਟਿ ਅੰਤਰਿ ਰਵਿਆ ਸੋਇ ॥**
**ਤਿਸੁ ਬਿਨੁ ਬੀਜੋ ਨਾਹੀ ਕੋਇ ॥ (ਪ੍ਰਭਾਤੀ ਮ: ੫, ਅੰਗ ੧੩੪੮)**

ਸਤਿਗੁਰੂ ਜੀ ਨੇ ਸਮਝਾਇਆ ਹੈ ਕਿ

**ਘਟ ਘਟ ਅੰਤਰਿ ਪਾਰਬ੍ਰਹਮੁ ਨਮਸਕਾਰਿਆ ॥**
**ਇਕਸੁ ਵਿਣੁ ਹੋਰੁ ਦੂਜਾ ਨਾਹੀ**
**ਬਾਬਾ ਨਾਨਕ ਇਹ ਮਤਿ ਸਾਰੀ ਜੀਉ ॥੪॥**
**(ਮਾਝ ਮ: ੫, ਅੰਗ ੧੦੮)**

ਇਸ ਕਰਕੇ :

**ਸਭੇ ਸਾਝੀਵਾਲ ਸਦਾਇਨਿ**
**ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥੩॥**
**(ਰਾਗ ਮਾਝ: ੫, ਅੰਗ ੯੭)**

ਇਸ ਪ੍ਰਕਾਰ ਹੋਰ ਬੇਅੰਤ ਥਾਵਾਂ ਤੇ ਸਤਿਗੁਰਾਂ ਨੇ ਸਾਰਿਆਂ ਵਿੱਚ ਉਸ ਇੱਕ ਕਰਤੇ ਦੀ ਜੋਤ ਨੂੰ ਦੇਖਣ ਦਾ ਹੁਕਮ ਕੀਤਾ ਹੈ। ਜਿਸ ਨੂੰ ਪ੍ਰਭੂ ਜੀ ਦੀ ਜੋਤ ਸਾਰਿਆਂ ਵਿੱਚ ਦਿੱਸ ਪੈਂਦੀ ਹੈ ਫਿਰ ਉਹ ਕਿਸੇ ਨੂੰ ਦੁੱਖ ਪਹੁੰਚਾਉਣਾ ਤਾਂ ਇੱਕ ਪਾਸੇ ਰਿਹਾ, ਮੰਦਾ ਬੋਲਣ ਤੋਂ ਵੀ ਸੰਕੋਚ ਕਰਦਾ ਹੈ।

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥ (ਅੰਗ ੧੩੮੧)**

ਤਥਾ

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਇ ਮਾਣਕ ਸਭ ਅਮੋਲਵੇ ॥੧੨੯॥**
**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀ ਦਾ ॥੧੩੦॥**
**(ਸਲੋਕ ਫਰੀਦ ਜੀ, ਅੰਗ ੧੩੮੪)**

ਫਿਰ ਤਾਂ :


**ਤੇਰੇ ਜੀਅ ਜੀਆ ਕਾ ਤੋਹਿ ॥**
**(ਸਿਰੀ ਰਾਗ ਮ: ੧, ਅੰਗ ੨੫)**

ਵਾਲੀ ਗੱਲ ਬਣ ਜਾਂਦੀ ਹੈ। ਇਹ ਨਿਰਾ ਪੜ੍ਹ ਲੈਣ ਜਾਂ ਫੋਕਾ ਗਿਆਨ ਘੋਟ ਲੈਣ ਨਾਲ ਨਹੀਂ ਸਗੋਂ ਨਾਮ-ਸਿਮਰਨ ਤੇ ਬੰਦਗੀ ਨਾਲ ਹੀ ਸੰਭਵ ਹੈ।

ਬਾਬਾ ਜੀ ਪੈਦਲ ਸਫ਼ਰ ਕਰਦਿਆਂ ਹੋਇਆਂ ਰਸਤੇ ਵਿੱਚ ਕੀੜੀਆਂ-ਕਾਢਿਆਂ ਉੱਪਰ ਵੀ ਪੈਰ ਨਹੀਂ ਰੱਖਦੇ ਸਨ। ਆਪ ਪੈਰ ਰੱਖਣਾ ਤਾਂ ਇੱਕ ਪਾਸੇ ਰਿਹਾ ਸਗੋਂ ਪਿਛੋਂ ਆਉਣ ਵਾਲੇ ਨੂੰ ਸੁਚੇਤ ਕਰ ਦੇਣਾ ਕਿ ਪੈਰ ਸਾਵਧਾਨਤਾ ਨਾਲ ਰੱਖੀਂ। (ਚਲਦਾ)

# ਰੂਸ ਦਾ ਸਖ਼ਤ ਫ਼ੈਸਲਾ; ਹੁਣ ਯੂਰਪ ਨੂੰ ਡਾਲਰ ਨਹੀਂ, ਰੂਬਲ ਤੇ ਯੁਆਨ 'ਚ ਖਰੀਦਣਾ ਪਵੇਗਾ ਤੇਲ-ਗੈਸ

ਮਾਸਕੋ: ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਵਿਸ਼ਵ ਅਰਥਵਿਵਸਥਾ ਅਤੇ ਊਰਜਾ ਬਾਜ਼ਾਰ ਵਿੱਚ ਇੱਕ ਵੱਡੀ ਹਲਚਲ ਪੈਦਾ ਕਰਦਿਆਂ ਅਹਿਮ ਐਲਾਨ ਕੀਤਾ ਹੈ । ਐਲਾਨ ਮੁਤਾਬਕ ਯੂਰਪੀ ਦੇਸ਼ਾਂ ਨਾਲ ਹੋਣ ਵਾਲੇ ਤੇਲ ਅਤੇ ਗੈਸ ਦੇ ਸਾਰੇ ਭਵਿੱਖੀ ਸੌਦੇ ਹੁਣ ਅਮਰੀਕੀ ਡਾਲਰ ਦੀ ਬਜਾਏ ਰੂਸੀ ਰੂਬਲ ਅਤੇ ਚੀਨੀ ਯੁਆਨ ਵਿੱਚ ਕੀਤੇ ਜਾਣਗੇ।



ਰੂਸ ਦਾ ਇਹ ਫੈਸਲਾ ਅੰਤਰਰਾਸ਼ਟਰੀ ਵਪਾਰ ਵਿੱਚ ਅਮਰੀਕੀ ਡਾਲਰ ਦੇ ਦਬਦਬੇ ਨੂੰ ਸਿੱਧੀ ਚੁਣੌਤੀ ਮੰਨਿਆ ਜਾ ਰਿਹਾ ਹੈ। ਰੂਸ ਨੇ ਅਧਿਕਾਰਤ ਤੌਰ 'ਤੇ ਐਲਾਨ ਕਰ ਦਿੱਤਾ ਹੈ ਕਿ ਯੂਰਪ ਨਾਲ ਤੇਲ ਅਤੇ ਗੈਸ ਦੇ ਸਾਰੇ ਅਗਲੇ ਸੌਦਿਆਂ ਦੀ ਕੀਮਤ ਰੂਸੀ ਰੂਬਲ ਅਤੇ ਚੀਨੀ ਯੁਆਨ ਵਿੱਚ ਤੈਅ ਕੀਤੀ ਜਾਵੇਗੀ। ਇਸ ਰਣਨੀਤਕ ਬਦਲਾਅ ਨੂੰ 'ਸਿਨੋ-ਰੂਸੀ ਊਰਜਾ ਮੁਦਰਾ Pivot' (Sino-Russian Energy Currency Pivot) ਦੇ ਰੂਪ ਵਿੱਚ ਦੇਖਿਆ ਜਾ ਰਿਹਾ ਹੈ, ਜੋ ਕਿ ਰੂਸ ਅਤੇ ਚੀਨ ਦੇ ਮਜ਼ਬੂਤ ਹੁੰਦੇ ਆਰਥਿਕ ਅਤੇ ਰਣਨੀਤਕ ਸਬੰਧਾਂ ਦਾ ਪ੍ਰਤੀਕ ਹੈ।


ਇਸ ਐਲਾਨ ਨਾਲ ਯੂਰਪੀ ਦੇਸ਼ਾਂ ਲਈ ਮੁਸ਼ਕਲਾਂ ਵਧ ਸਕਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਹੁਣ ਰੂਸ ਤੋਂ ਊਰਜਾ ਸਪਲਾਈ ਜਾਰੀ ਰੱਖਣ ਲਈ ਆਪਣੀ ਭੁਗਤਾਨ ਪ੍ਰਣਾਲੀ ਵਿੱਚ ਵੱਡਾ ਬਦਲਾਅ ਕਰਨਾ ਪਵੇਗਾ। ਮਾਹਿਰਾਂ ਅਨੁਸਾਰ ਰੂਸ ਨੇ ਇਹ ਕਦਮ ਪੱਛਮੀ ਦੇਸ਼ਾਂ ਵੱਲੋਂ ਲਗਾਈਆਂ ਗਈਆਂ ਆਰਥਿਕ ਪਾਬੰਦੀਆਂ ਦੇ ਜਵਾਬ ਵਿੱਚ ਅਤੇ ਆਪਣੀ ਮੁਦਰਾ ਨੂੰ ਮਜ਼ਬੂਤ ਕਰਨ ਲਈ ਚੁੱਕਿਆ ਹੈ।

# ਕੈਨੇਡਾ 'ਚ ਗੋਲੀਬਾਰੀ ਅਤੇ ਜਬਰਨ ਵਸੂਲੀ ਦੇ ਮਾਮਲੇ 'ਚ ਦੋ ਪੰਜਾਬੀ ਗ੍ਰਿਫ਼ਤਾਰ

## ਮੁਲਜ਼ਮਾਂ ਦੀ ਦਮਨਜੀਤ ਸਿੰਘ ਅਤੇ ਪਰਦਮਨ ਸਿੰਘ ਵਜੋਂ ਹੋਈ ਪਛਾਣ

ਸਰੀ : ਕੈਨੇਡਾ ਵਿੱਚ ਰਹਿ ਰਹੇ ਦੋ ਪੰਜਾਬੀ ਨੌਜਵਾਨਾਂ ਨੂੰ ਸਰੀ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ 'ਤੇ ਗੋਲੀਬਾਰੀ ਅਤੇ ਜਬਰਨ ਵਸੂਲੀ ਕਰਨ ਦੇ ਇਲਜ਼ਾਮ ਹਨ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਦਮਨਜੀਤ ਸਿੰਘ ਨੂੰ 19 ਮਈ 2026 ਨੂੰ ਅਤੇ ਪਰਦਮਨ ਸਿੰਘ ਨੂੰ 1 ਜੂਨ, 2026 ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ। 30 ਸਾਲਾ ਪਰਦਮਨ ਸਿੰਘ ਵੀ ਇਨ੍ਹਾਂ ਹੀ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ ਅਤੇ ਦੋਵਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। 22 ਸਾਲਾ ਦਮਨਜੀਤ ਸਿੰਘ 'ਤੇ ਗੋਲੀ ਚਲਾਉਣ ਅਤੇ ਬਿਨਾਂ ਲਾਇਸੈਂਸ ਦੇ ਪ੍ਰਤਿਬੰਧਿਤ ਜਾਂ ਵਰਜਿਤ ਹਥਿਆਰ ਰੱਖਣ ਦੇ ਦੋਸ਼ ਲਗਾਏ ਗਏ ਹਨ।

ਸਰੀ ਪੁਲੀਸ ਸਰਵਿਸ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਹ ਘਟਨਾ 22 ਅਪ੍ਰੈਲ ਨੂੰ ਰਾਤ ਕਰੀਬ 12:40 ਵਜੇ ਵਾਪਰੀ, ਜਦੋਂ



ਐੱਸ.ਪੀ.ਐੱਸ. ਫਰੰਟਲਾਈਨ ਅਧਿਕਾਰੀਆਂ ਨੇ 13400 ਬਲਾਕ 87ਏ ਐਵੇਨਿਊ ਵਿੱਚ ਇੱਕ ਘਰ ਵਿੱਚ ਗੋਲੀਬਾਰੀ ਦੀਆਂ ਰਿਪੋਰਟਾਂ ਦਾ ਜਵਾਬ ਦਿੱਤਾ। ਪੁਲੀਸ ਨੇ ਰਿਹਾਇਸ਼ ਅਤੇ ਇੱਕ ਵਾਹਨ ਦੇ ਨੁਕਸਾਨ ਦੀ ਪੁਸ਼ਟੀ ਕੀਤੀ ਹੈ, ਹਾਲਾਂਕਿ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਐਕਸਟੌਰਸ਼ਨ ਰਿਸਪਾਂਸ ਟੀਮ ਨੇ ਜਾਂਚ ਦਾ ਜ਼ਿੰਮਾ ਸੰਭਾਲਿਆ, ਇੱਕ ਸ਼ੱਕੀ ਵਾਹਨ ਦੀ ਪਛਾਣ ਕੀਤੀ ਅਤੇ ਲੋਅਰ ਮੇਨਲੈਂਡ ਡਿਸਟ੍ਰਿਕਟ ਐਮਰਜੈਂਸੀ ਰਿਸਪਾਂਸ ਟੀਮ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (CBSA) ਅਤੇ ਹੋਰ ਐਸਪੀਐਸ ਯੂਨਿਟਾਂ ਦੇ ਸਹਿਯੋਗ ਨਾਲ ਇੱਕ ਸਰੀ ਰਿਹਾਇਸ਼ 'ਤੇ ਤਲਾਸ਼ੀ ਵਾਰੰਟ ਲਾਗੂ ਕੀਤਾ।

ਪੁਲੀਸ ਨੇ ਮੁਲਜ਼ਮਾਂ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ, ਜਿਸ ਵਿੱਚ ਕਿਹਾ ਗਿਆ ਹੈ ਕਿ ਚੱਲ ਰਹੀ ਜਾਂਚ ਵਿੱਚ ਸਹਾਇਤਾ ਲਈ ਖੁਲਾਸਾ ਕਰਨਾ ਜ਼ਰੂਰੀ ਹੈ ਅਤੇ ਗਵਾਹਾਂ, ਪੀੜਤਾਂ ਜਾਂ ਸਾਥੀਆਂ ਨੂੰ ਅੱਗੇ ਆਉਣ ਦੀ ਅਪੀਲ ਕੀਤੀ ਗਈ ਹੈ ਤਾਂ ਜੋ ਹਿੰਸਕ ਜਬਰਨ ਉਗਰਾਹੀ ਨਾਲ ਜੁੜੇ ਅਪਰਾਧਿਕ ਨੈੱਟਵਰਕਾਂ ਦਾ ਪਰਦਾਫਾਸ਼ ਕਰਨ ਵਿੱਚ ਮਦਦ ਮਿਲ ਸਕੇ।

# ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਸ਼ੁਕਰਾਨਾ ਯਾਤਰਾ







ਚੰਡੀਗੜ੍ਹ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਜਨਮ ਅਸਥਾਨ, ਤਖ਼ਤ ਸ੍ਰੀ ਪਟਨਾ ਸਾਹਿਬ (ਬਿਹਾਰ) ਵਿਖੇ ਨਤਮਸਤਕ ਹੋਣ ਲਈ ਧਾਰਮਿਕ ਯਾਤਰਾ ’ਤੇ ਪਹੁੰਚੇ। ਮੁੱਖ ਮੰਤਰੀ ਨੇ ਇੱਕ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਦੀ ਇਹ ਫੇਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ‘ਬਾਣੀ’ ਨੂੰ ਸਮਰਪਿਤ ਹੈ, ਜੋ ਸਰਬੱਤ ਦੇ ਭਲੇ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬਣਾਏ ਗਏ ਸਖ਼ਤ ਐਂਟੀ-ਸੈਕਰੀਲੇਜ (ਬੇਅਦਬੀ ਵਿਰੋਧੀ) ਕਾਨੂੰਨ ਦਾ ਦੁਨੀਆ ਭਰ ਦੇ ਸਿੱਖ ਭਾਈਚਾਰੇ ਨੇ ਨਿੱਘਾ ਸਵਾਗਤ ਕੀਤਾ ਹੈ।

ਇਹ ਦੌਰਾ ਮੁੱਖ ਮੰਤਰੀ ਦੀ ਉਸ ‘ਸ਼ੁਕਰਾਨਾ ਯਾਤਰਾ’ ਦੀ ਕੜੀ ਦਾ ਹਿੱਸਾ ਹੈ, ਜਿਸ ਤਹਿਤ ਉਨ੍ਹਾਂ ਨੇ ਪਿਛਲੇ ਦਿਨੀਂ ਪੰਜਾਬ ਵਿੱਚ ਸਥਿਤ ਸਿੱਖ ਪੰਥ ਦੇ ਤਿੰਨ ਪ੍ਰਮੁੱਖ ਤਖ਼ਤਾਂ ਸ੍ਰੀ ਅਕਾਲ ਤਖ਼ਤ ਸਾਹਿਬ (ਅੰਮ੍ਰਿਤਸਰ), ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ), ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ) ਸਮੇਤ ਹੋਰ ਇਤਿਹਾਸਕ ਧਾਰਮਿਕ ਅਸਥਾਨਾਂ ਦੇ ਦਰਸ਼ਨ ਕੀਤੇ ਸਨ। ਇਹ ਯਾਤਰਾ ਮੁੱਖ ਤੌਰ ’ਤੇ ਸਰਕਾਰ ਦੇ ਉਸ ‘ਇਤਿਹਾਸਕ’ ਕਦਮ ਨੂੰ ਸਮਰਪਿਤ ਹੈ, ਜਿਸ ਤਹਿਤ ‘ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026’ ਨੂੰ ਸਫ਼ਲਤਾਪੂਰਵਕ ਲਾਗੂ ਕੀਤਾ ਗਿਆ ਹੈ। ਇਹ ਕਾਨੂੰਨ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਤੋਂ ਸਖ਼ਤ ਸਜ਼ਾ ਦਾ ਪ੍ਰਬੰਧ ਕਰਦਾ ਹੈ।

**ਸਿਆਸੀ ਹਲਕਿਆਂ ’ਚ ਚਰਚਾ** : ਭਾਵੇਂ ਆਮ ਆਦਮੀ ਪਾਰਟੀ ਦੇ ਬੁਲਾਰੇ ਨੇ ਇਸ ਨੂੰ ਪਵਿੱਤਰ ਅਸਥਾਨ ਦੀ ਇੱਕ ਨਿਰੋਲ ਰੂਹਾਨੀ ਫੇਰੀ ਕਰਾਰ ਦਿੱਤਾ ਹੈ, ਪਰ ਸਿਆਸੀ ਮਾਹਿਰਾਂ ਮੁਤਾਬਕ ਇਹ ਅਕਾਲ ਤਖ਼ਤ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨਾਲ ਚੱਲ ਰਹੇ ਤਣਾਅ ਦੇ ਵਿਚਕਾਰ ਸਿੱਖ ਜਗਤ ਵਿੱਚ ਸਿਆਸੀ ਸਾਖ ਮਜ਼ਬੂਤ ਕਰਨ ਦੀ ਇੱਕ ਰਣਨੀਤਕ ਕੋਸ਼ਿਸ਼ ਵੀ ਹੈ। ਦੱਸਣਯੋਗ ਹੈ ਕਿ ‘ਸੋਧ ਐਕਟ 2026’ ਪੰਜਾਬ ਵਿੱਚ ਬੇਅਦਬੀ ਵਰਗੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਣ ਲਈ ਹੁਣ ਤੱਕ ਦਾ ਸਭ ਤੋਂ ਸਖ਼ਤ ਕਾਨੂੰਨ ਹੈ। ਅਪ੍ਰੈਲ 2026 ਵਿੱਚ ਵਿਧਾਨ ਸਭਾ ਵੱਲੋਂ ਸਰਵਸੰਮਤੀ ਨਾਲ ਪਾਸ ਕੀਤੇ ਜਾਣ ਅਤੇ ਰਾਜਪਾਲ ਦੀ ਮਨਜ਼ੂਰੀ ਤੋਂ ਬਾਅਦ ਬਣੇ ਇਸ ਕਾਨੂੰਨ ਵਿੱਚ ਬੇਅਦਬੀ ਦੇ ਦੋਸ਼ੀਆਂ ਲਈ 7 ਸਾਲ ਤੋਂ ਲੈ ਕੇ ਉਮਰ ਕੈਦ (ਮੌਤ ਤੱਕ ਜੇਲ੍ਹ) ਅਤੇ ਭਾਰੀ ਜੁਰਮਾਨੇ ਦੀ ਸਜ਼ਾ ਤੈਅ ਕੀਤੀ ਗਈ ਹੈ।





ਵਿਰੋਧੀਆਂ ਦੇ ਪ੍ਰਚਾਰ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ : ਸਿੱਖ ਪੰਥ ਦੇ ਪੰਜ ਸਰਵਉੱਚ ਤਖ਼ਤਾਂ ਵਿੱਚੋਂ ਇੱਕ, ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕ ਕੇ ਮੁੱਖ ਮੰਤਰੀ ਨੇ ਵਿਸ਼ਵ ਭਰ ਦੇ ਸਿੱਖਾਂ ਨੂੰ ਇਹ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੀ ਸਰਕਾਰ ਪੰਥਕ ਕਦਰਾਂ-ਕੀਮਤਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਕਦਮ ਰਾਹੀਂ ਉਨ੍ਹਾਂ ਨੇ ਵਿਰੋਧੀ ਪਾਰਟੀਆਂ ਦੇ ਉਨ੍ਹਾਂ ਦੋਸ਼ਾਂ ਦਾ ਜਵਾਬ ਦੇਣ ਦੀ ਵੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਵਿੱਚ ਕਿਹਾ ਜਾ ਰਿਹਾ ਸੀ ਕਿ ‘ਆਪ’ ਸਰਕਾਰ ਪਿਛਲੇ ਬੇਅਦਬੀ ਦੇ ਮਾਮਲਿਆਂ ਵਿੱਚ ਇਨਸਾਫ਼ ਦਿਵਾਉਣ ਵਿੱਚ ਨਾਕਾਮ ਰਹੀ ਹੈ।

ਪੰਜਾਬ ਵਿੱਚ ਬੇਅਦਬੀ ਦਾ ਮੁੱਦਾ ਹਮੇਸ਼ਾ ਹੀ ਭਾਵਨਾਤਮਕ ਅਤੇ ਸਿਆਸੀ ਤੌਰ ’ਤੇ ਬੇਹੱਦ ਸੰਵੇਦਨਸ਼ੀਲ ਰਿਹਾ ਹੈ। ਖ਼ਾਸ ਕਰਕੇ ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਵਾਪਰੇ ਬਰਗਾੜੀ ਬੇਅਦਬੀ ਕਾਂਡ ਅਤੇ ਉਸ ਤੋਂ ਬਾਅਦ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀਕਾਂਡ (ਜਿਸ ਵਿੱਚ ਦੋ ਬੇਕਸੂਰ ਸਿੱਖਾਂ ਦੀ ਜਾਨ ਚਲੀ ਗਈ ਸੀ) ਨੇ ਸੂਬੇ ਦੀ ਸਿਆਸਤ ਦਾ ਰੁਖ਼ ਪੂਰੀ ਤਰ੍ਹਾਂ ਬਦਲ ਦਿੱਤਾ ਸੀ।

# ਸੁਰਜੀਤ ਸਿੰਘ ਰੱਖੜਾ ਨੂੰ ਮੁੱਖ ਮੰਤਰੀ ਨੇ ਉਨ੍ਹਾਂ ਦੇ ਗ੍ਰਹਿ ਪਹੁੰਚ ‘ਆਪ’ ’ਚ ਕੀਤਾ ਸ਼ਾਮਲ

- *ਰੱਖੜਾ ਪਰਿਵਾਰ ਨੇ ਲੋਕ ਸੇਵਾ ਨੂੰ ਹਮੇਸ਼ਾ ਸਮਝਿਆ ਆਪਣਾ ਧਰਮ : ਭਗਵੰਤ ਮਾਨ*
- *ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਬਣੇ ਸਖ਼ਤ ਕਾਨੂੰਨ ਨੇ ਕੀਤਾ ਪ੍ਰਭਾਵਿਤ: ਸੁਰਜੀਤ ਸਿੰਘ ਰੱਖੜਾ*

ਪਟਿਆਲਾ: ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ, ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ’ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਮੁੱਖ ਮੰਤਰੀ ਖ਼ੁਦ ਉਨ੍ਹਾਂ ਦੇ ਗ੍ਰਹਿ ਕਰਤਾਰ ਵਿਲਾ, ਰੱਖੜਾ (ਪਟਿਆਲਾ) ਵਿਖੇ ਪਹੁੰਚੇ, ਜਿੱਥੇ ਵੱਡੀ ਗਿਣਤੀ ਵਿੱਚ ਇਕੱਠੇ ਹੋਏ ਹਜ਼ਾਰਾਂ ਸਮਰਥਕਾਂ, ਮੋਹਤਬਰ ਸਾਥੀਆਂ ਅਤੇ ਇਲਾਕਾ ਵਾਸੀਆਂ ਦੀ ਮੌਜੂਦਗੀ ਵਿੱਚ ਇਹ ਸ਼ਮੂਲੀਅਤ ਹੋਈ। ਇਸ ਮੌਕੇ ਰੱਖੜਾ ਪਰਿਵਾਰ ਦੇ ਸਿਆਸੀ ਅਤੇ ਸਮਾਜਿਕ ਪ੍ਰਭਾਵ ਦੀ ਝਲਕ ਵੀ ਸਾਫ਼ ਵੇਖਣ ਨੂੰ ਮਿਲੀ।

ਜ਼ਿਕਰਯੋਗ ਹੈ ਕਿ ਪਟਿਆਲਾ ਦੀ ਸਿਆਸਤ ਵਿੱਚ ਉੱਚਾ ਰੁਤਬਾ ਰੱਖਣ ਵਾਲਾ ਰੱਖੜਾ ਪਰਿਵਾਰ ਲੋਕ ਸੇਵਾ ਅਤੇ ਵਿਸ਼ਵ ਪੱਧਰ ’ਤੇ ਉਦਯੋਗਿਕ ਖੇਤਰ ਵਿੱਚ ਵੀ ਆਪਣੀ ਵਿਲੱਖਣ ਪਛਾਣ ਰੱਖਦਾ ਹੈ ਅਤੇ ਆਪਣੇ ਇਲਾਕੇ ਵਿੱਚ ਰੱਖੜਾ ਪਰਿਵਾਰ ਨੇ ਹਮੇਸ਼ਾ ਲੋਕਾਂ ਨਾਲ ਡੱਟ ਕੇ ਖੜ੍ਹਦਿਆਂ ਵਿਕਾਸ ਅਤੇ ਸੇਵਾ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ ਹੈ।

ਇਸ ਮੌਕੇ ਸ. ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਉਨ੍ਹਾਂ ਦਾ ਇਹ ਫ਼ੈਸਲਾ ਕਿਸੇ ਅਹੁਦੇ, ਲਾਲਚ ਜਾਂ ਸਿਆਸੀ ਸਵਾਰਥ ਕਰਕੇ ਨਹੀਂ, ਸਗੋਂ ਆਪਣੀ ਅੰਤਰ ਆਤਮਾ, ਪੰਥਕ ਸੋਚ ਅਤੇ ਪੰਜਾਬ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ “ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026” ਰਾਹੀਂ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਨੂੰਨ ਬਣਾਉਣਾ ਇੱਕ ਇਤਿਹਾਸਿਕ ਕਦਮ ਹੈ, ਜਿਸ ਨੇ ਉਨ੍ਹਾਂ ਨੂੰ ਭਾਵਨਾਤਮਿਕ ਅਤੇ ਅਧਿਆਤਮਿਕ ਤੌਰ ’ਤੇ ਬਹੁਤ ਪ੍ਰਭਾਵਿਤ ਕੀਤਾ।





ਉਨ੍ਹਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਨਹਿਰੀ ਪਾਣੀ ਨੂੰ ਟੇਲਾਂ ਤੱਕ ਪਹੁੰਚਾਉਣ, ਕਿਸਾਨ ਹਿਤੈਸ਼ੀ ਨੀਤੀਆਂ, ਸਿੱਖਿਆ ਅਤੇ ਸਿਹਤ ਖੇਤਰ ਵਿੱਚ ਕੀਤੇ ਸੁਧਾਰ ਅਤੇ ਨਸ਼ਿਆਂ ਖ਼ਿਲਾਫ਼ ਚਲਾਈ ਮੁਹਿੰਮ ‘ਯੁੱਧ ਨਸ਼ਿਆਂ ਵਿਰੁੱਧ’ ਨੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾਇਆ ਕਿ ਪੰਜਾਬ ਦੀ ਭਲਾਈ ਲਈ ਇਮਾਨਦਾਰ ਨੀਅਤ ਨਾਲ ਕੰਮ ਹੋ ਰਿਹਾ ਹੈ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਰੱਖੜਾ ਪਰਿਵਾਰ ਨੇ ਹਮੇਸ਼ਾ ਲੋਕ ਸੇਵਾ ਨੂੰ ਹੀ ਆਪਣਾ ਧਰਮ ਸਮਝਿਆ ਹੈ ਅਤੇ ਸੁਰਜੀਤ ਸਿੰਘ ਰੱਖੜਾ ਇੱਕ ਪੰਥ ਨੂੰ ਸਮਰਪਿਤ, ਇਮਾਨਦਾਰ , ਸਿਆਸੀ ਤਜਰਬੇਕਾਰ ਆਗੂ ਹਨ ਜਿਨ੍ਹਾਂ ਦੇ ਸ਼ਾਮਲ ਹੋਣ ਨਾਲ ਪਾਰਟੀ ਹੋਰ ਮਜ਼ਬੂਤੀ ਮਿਲੇਗੀ।

ਮੁੱਖ ਮੰਤਰੀ ਨੇ ਸੂਬੇ ’ਚ ਨਹਿਰੀ ਪਾਣੀ ਨੂੰ ਖੇਤਾਂ ’ਚ ਪਹੁੰਚਾਉਣ ਲਈ ਉਠਾਏ ਕਦਮਾਂ ਬਾਰੇ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਵਿੱਚ ਨਹਿਰੀ ਪਾਣੀ ਦੇ ਨੈੱਟਵਰਕ ਵਿੱਚ ਇਤਿਹਾਸਿਕ ਸੁਧਾਰ ਕਰਦਿਆਂ ਲਗਭਗ 14,000 ਕਿਲੋਮੀਟਰ ਲੰਮੀਆਂ ਨਵੀਆਂ ਪਾਈਪਲਾਈਨਾਂ ਵਿਛਾਈਆਂ ਗਈਆਂ ਹਨ, ਜਿਸ ਸਦਕਾ ਖੇਤਾਂ ਤੱਕ ਨਹਿਰੀ ਪਾਣੀ ਦੀ ਪਹੁੰਚ 26% ਤੋਂ ਵਧ ਕੇ 78% ਤੋਂ ਪਾਰ ਹੋ ਚੁੱਕੀ ਹੈ।

ਇਸ ਮੌਕੇ ਸ. ਰੱਖੜਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਮਾਣਾ ਦੇ ਵਿਕਾਸ ਲਈ ਸਮਾਣਾ-ਪਟਿਆਲਾ ਸੜਕ ਦਾ ਨਿਰਮਾਣ, ਸਿਵਲ ਹਸਪਤਾਲ ਨੂੰ ਆਧੁਨਿਕ ਸਮੱਗਰੀ ਨਾਲ ਅਪਗ੍ਰੇਡ ਅਤੇ ਬੱਸ ਅੱਡੇ ਦੇ ਨਵੀਨੀਕਰਨ ਦੀ ਮੰਗ ਰੱਖੀ ਤਾਂ ਜੋ ਸਮਾਣਾ ਦੇ ਲੋਕਾਂ ਨੂੰ ਸਿਹਤ ਅਤੇ ਆਵਾਜਾਈ ਲਈ ਬਿਹਤਰ ਸਹੂਲਤਾਂ ਪ੍ਰਾਪਤ ਹੋ ਸਕਣ।

ਉਨ੍ਹਾਂ ਕਿਹਾ ਕਿ ਸਮਾਣਾ ਵਿਧਾਨ ਸਭਾ ਹਲਕੇ ਬਾਰੇ ਬੋਲਦਿਆਂ ਕਿਹਾ ਕਿ ਸਮਾਣਾ ਮੇਰੇ ਲਈ ਸਿਰਫ਼ ਇੱਕ ਸਿਆਸੀ ਹਲਕਾ ਨਹੀਂ, ਸਗੋਂ ਮੇਰਾ ਆਪਣਾ ਪਰਿਵਾਰ ਹੈ। ਇੱਥੋਂ ਦੇ ਲੋਕਾਂ ਦਾ ਪਿਆਰ, ਸਨੇਹ ਅਤੇ ਵਿਸ਼ਵਾਸ ਹੀ ਮੇਰੀ ਅਸਲ ਤਾਕਤ ਹੈ। ਸਮਾਣਾ ਦੀ ਤਰੱਕੀ ਲਈ ਸਦਾ ਵਚਨਬੱਧ ਰਹਾਂਗਾ।

ਇਸ ਸਮੇਂ ਸਿਹਤ ਮੰਤਰੀ ਡਾ. ਬਲਬੀਰ ਸਿੰਘ, ਓਐੱਸਡੀ ਮੁੱਖ ਮੰਤਰੀ ਰਾਜਵੀਰ ਘੁੰਮਣ, ਚੇਤਨ ਸਿੰਘ ਜੌੜਾਮਾਜਰਾ ਵਿਧਾਇਕ, ਗੁਰਦੇਵ ਸਿੰਘ ਮਾਨ ਵਿਧਾਇਕ, ਹਰੀ ਸਿੰਘ ਨਾਭਾ (ਪ੍ਰੀਤ ਕੰਬਾਈਨ), ਚਰਨਜੀਤ ਸਿੰਘ ਧਾਲੀਵਾਲ, ਸੁਖਵਿੰਦਰ ਸੁੱਖੀ ਰੱਖੜਾ, ਸੁੱਖੀ ਗਿੱਲ, ਦਿਲਸ਼ਾਦ ਸਿੱਧੂ, ਸਰਤਾਜ ਸਿੰਘ ਧਾਲੀਵਾਲ,), ਮੋਹਤਬਰ ਸਾਥੀ ਅਤੇ ਹਜ਼ਾਰਾਂ ਦੀ ਗਿਣਤੀ ’ਚ ਰੱਖੜਾ ਪਰਿਵਾਰ ਦੇ ਸਮਰਥਕ ਹਜ਼ਾਰ ਸਨ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

# CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਬੰਬਈ ਤੋਂ ਮੈਂ ਅੱਜ ਸਵੇਰ ਆਇਆ ਹਾਂ ਕਿ ਇਸ ਸੰਬੰਧੀ ਵਿਚਾਰ ਕਰ ਸਕਾਂ ਅਤੇ ਇਸ ਤੋਂ ਉਪਰੰਤ ਇਹ ਸਵਾਲ ਹਿੰਦੂ ਮਹਾਂ ਸਭਾ ਦੇ ਪੇਸ਼ ਕੀਤਾ ਜਾਵੇ। ਮੈਂ ਯਤਨ ਕਰ ਰਿਹਾ ਹਾਂ ਕਿ ਪੰਡਤ ਮਾਲਵੀਆ ਜੀ ਤੇ ਮਹਾਰਾਜ ਪਟਿਆਲਾ ਸਾਹਿਬ ਨੂੰ ਮਿਲਾਂ। ਇਹ ਬਹੁਤ ਨਾਜ਼ਕ ਮਾਮਲਾ ਹੈ।

ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇਸ ਗਲ ਤੇ ਵਿਚਾਰ ਕਰੋ ਤੇ ਇਸ ਮਾਮਲੇ ਸੰਬੰਧੀ ਆਪਣੀ ਰਾਇ ਪ੍ਰਗਟ ਕਰੋ। ਜਿਨ੍ਹਾਂ ਚਿਰ ਅਸੀਂ ਕੋਈ ਫ਼ੈਸਲਾ ਨਾ ਕਰ ਲਈਏ ਇਹ ਮਾਮਲਾ ਗੁਪਤ ਰਹੇਗਾ। ਮੈਂ ਤੁਹਾਡਾ ਉਤਰ ਉਡੀਕ ਰਿਹਾ ਹਾਂ।

ਮੈਂ ਇੱਥੇ ਡਾਕਟਰ ਅੰਬੇਦਕਰ ਦਾ ਬਿਆਨ ਵੀ ਦੇ ਰਿਹਾ ਹਾਂ ਤਾਂ ਕਿ ਤੁਸੀਂ ਉਸ ਨੂੰ ਪੜ੍ਹ ਸਕੇ। ਮੈਨੂੰ ਉੱਤਰ ਨਾਗਪੁਰ ਦੇ ਪਤੇ ਤੇ ਦੇਣਾ।

**ਡਾ. ਅੰਬੇਦਕਰ ਦਾ ਬਿਆਨ**

ਹਿੰਦੂ, ਧਰਮ ਬਦਲਣ ਦੀ ਲਹਿਰ ਤੋਂ ਅਵੇਸਲੇ ਨਹੀਂ ਹੋ ਸਕਦੇ ਕਿਉਂਕਿ ਇਹ ਜ਼ੋਰ ਪਕੜ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਦਲਿਤ ਜਾਤੀਆਂ ਧਰਮ ਤਿਆਗਣ ਦਾ ਖ਼ਿਆਲ ਛੱਡਣ ਲਈ ਉਨ੍ਹਾਂ ਨੂੰ ਪ੍ਰੇਰਿਆ ਜਾ ਸਕੇ ਤਾਂ ਹਿੰਦੂਆਂ ਲਈ ਇਸ ਤੋਂ ਵੱਧ ਖ਼ੁਸ਼ੀ ਦੀ ਹੋਰ ਕੀ ਗੱਲ ਹੋ ਸਕਦੀ ਹੈ।

ਜੇ ਹਿੰਦੂ ਇਹ ਨਾ ਕਰ ਸਕਣ ਤਾਂ ਉਨ੍ਹਾਂ ਨੂੰ ਇਸ ਕਦਮ ਨਾਲ ਸੰਬੰਧ ਰੱਖਣਾ ਚਾਹੀਦਾ ਹੈ ਜੋ ਕਿ ਦਲਿਤ ਜਾਤੀਆਂ ਨੇ ਪੁੱਟਣਾ ਹੈ, ਕਿਉਂਕਿ ਉਨ੍ਹਾਂ ਦੇ ਕਦਮ ਨੇ ਹਿੰਦੂ ਜ਼ਾਤੀ ਤੇ ਬੜਾ ਅਸਰ ਪਾਉਣਾ ਹੈ ਅਤੇ ਦੇਸ਼ ਦੀ ਕਿਸਮਤ ਵੀ ਇਸ ਦੇ ਅਸਰ ਤੋਂ ਬੱਚ ਨਹੀਂ ਸਕਦੀ। ਜੇ ਉਨ੍ਹਾਂ ਨੂੰ ਨਹੀਂ ਮਨਾਇਆ ਜਾ ਸਕਦਾ ਤਾਂ ਜੋ ਅਛੂਤ ਅਜਿਹੇ ਧਰਮ ਨੂੰ ਧਾਰਨ ਕਰ ਲੈਣ ਜਿਸ ਨਾਲ ਹਿੰਦੂ ਮਤ ਨੂੰ ਬਹੁਤ ਘੱਟ ਨੁਕਸਾਨ ਹੋਵੇ ਤਾਂ ਹਿੰਦੂਆਂ ਨੂੰ ਉਸ ਦੀ ਸਹਾਇਤਾ ਕਰਨੀ ਚਾਹੀਦੀ ਹੈ। ਇਹ ਗਲ ਬੜੀ ਔਖੀ ਹੈ ਕਿ ਦਲਿਤ ਜਾਤੀਆਂ

ਕੋਈ ਨਵਾਂ ਧਰਮ ਚਲਾ ਲੈਣ। ਵੀਹ ਵਿਸਵੇ ਉਹ ਮੌਜੂਦਾ ਧਰਮਾਂ ਵਿੱਚੋਂ ਕਿਸੇ ਇਕ ਨੂੰ ਧਾਰਨ ਕਰਨਗੇ।

ਇਸ ਵੇਲੇ ਪਹਿਲਾਂ ਸਵਾਲ ਤਾਂ ਇਹ ਹੈ ਕਿ ਅਛੂਤ ਕਿਹੜਾ ਧਰਮ ਧਾਰਨ ਕਰਨਗੇ ? ਇਹ ਗਲ ਸਪਸ਼ਟ ਹੈ ਕਿ ਜੋ ਉਨ੍ਹਾਂ ਲਈ ਵਧੇਰੇ ਲਾਭਦਾਇਕ ਸਾਬਤ ਹੋਵੇਗਾ।

ਤਿੰਨ ਮਜ਼ੑਬ ਹਨ, ਜਿਨ੍ਹਾਂ ਵਿੱਚੋਂ ਇਕ ਨੂੰ ਅਛੂਤ ਆਪਣਾ ਸਕਦੇ ਹਨ। (1) ਇਸਲਾਮ, (2) ਈਸਾਈ ਮਤ, (3) ਸਿੱਖ ਮਤ। ਮੁਕਾਬਲੇ ਵਿੱਚ ਇਸਲਾਮ ਜਾਪਦਾ ਹੈ ਕਿ ਉਹ ਅਛੂਤਾਂ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ। ਮਾਇਕ ਤੌਰ 'ਤੇ ਇਸਲਾਮ ਪਾਸ ਮਾਇਆ ਦੇ ਬੇਗਿਣਤ ਵਸੀਲੇ




ਹਨ। ਭਾਈਚਾਰਕ ਤੌਰ 'ਤੇ ਉਹ ਹਿੰਦੁਸਤਾਨ ਤੇ ਫੈਲੇ ਹੋਏ ਹਨ। ਹਰ ਸੂਬੇ ਵਿੱਚ ਮੁਸਲਮਾਨ ਤੇ ਨਵੇਂ ਬਣੇ ਮੁਸਲਮਾਨਾਂ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇ ਸਕਦੇ ਹਨ। ਰਾਜਸੀ ਤੌਰ ਤੇ ਦਲਿਤ ਜਾਤੀਆਂ ਨੂੰ ਉਹ ਸਾਰੀਆਂ ਰਿਆਇਤਾਂ ਮਿਲਣਗੀਆਂ ਜੋ ਮੁਸਲਮਾਨਾਂ ਨੂੰ ਮਿਲੀਆਂ ਹੋਈਆਂ ਹਨ।

**ਈਸਾਈ ਮੱਤ:** ਈਸਾਈ ਮਤ ਵਿੱਚ ਕੋਈ ਘੱਟ ਖਿੱਚ ਨਹੀਂ। ਜੇ ਹਿੰਦੁਸਤਾਨੀ ਈਸਾਈਆਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਕਿ ਅਛੂਤਾਂ ਨੂੰ ਈਸਾਈ ਬਣਾਉਣ ਲਈ ਉਨ੍ਹਾਂ ਪਾਸ ਰੁਪਿਆ ਭੇਜਣਗੇ ਜੇ ਉਨ੍ਹਾਂ ਨੂੰ ਇਹ ਪਤਾ ਲਗ ਜਾਵੇ ਕਿ ਅਛੂਤ ਈਸਾਈ ਬਣਨ ਨੂੰ ਤਿਆਰ ਹਨ। ਭਾਈਚਾਰਕ ਤੌਰ 'ਤੇ ਈਸਾਈਆਂ ਦੀ ਗਿਣਤੀ ਇਤਨੀ ਥੋੜ੍ਹੀ ਹੈ ਕਿ ਉਹ ਕਿਸੇ ਤਰ੍ਹਾਂ ਦੀ ਸਹਾਇਤਾ ਨਹੀਂ ਕਰ ਸਕਦੇ ਪਰ ਈਸਾਈਆਂ ਦੀ ਪਿੱਠ ਤੇ ਸਰਕਾਰ ਹੈ। ਰਾਜਸੀ ਤੌਰ 'ਤੇ ਈਸਾਈ ਮਤ ਉਨ੍ਹਾਂ ਨੂੰ ਸਾਰੀਆਂ ਰਿਆਇਤਾਂ ਦੇਵੇਗਾ ਜੋ ਇਸਲਾਮ ਦੇ ਸਕਦਾ ਹੈ। ਮੁਸਲਮਾਨਾਂ ਵਾਂਗੂ, ਈਸਾਈਆਂ ਨੂੰ ਕੌਂਸਲਾਂ ਤੇ ਨੌਕਰੀਆਂ ਵਿੱਚ ਖ਼ਾਸ ਹੱਕ ਦਿੱਤੇ ਗਏ ਹਨ।

**ਸਿੱਖ ਧਰਮ:** ਈਸਾਈ ਤੇ ਇਸਲਾਮ ਦੇ ਮੁਕਾਬਲੇ ਵਿੱਚ ਸਿੱਖ ਮਤ ਵਿੱਚ ਥੋੜ੍ਹੀ ਖਿੱਚ ਹੈ।

ਇਹ 40 ਲੱਖ ਗਿਣਤੀ ਦੀ ਛੋਟੀ ਜਿਹੀ ਕੌਮ ਹੈ, ਜਿਸ ਪਾਸ ਕਾਫ਼ੀ ਰੁਪਿਆ ਨਹੀਂ। ਭਾਈਚਾਰਕ ਤੌਰ 'ਤੇ ਉਹ ਦਲਿਤ ਜਾਤੀਆਂ ਲਈ ਸਹਾਇਕਾਰੀ ਸਾਬਤ ਨਹੀਂ ਹੋ ਸਕਦਾ। ਉਹ ਪੰਜਾਬ ਤੱਕ ਮਹਿਦੂਦ ਹੈ ਅਤੇ ਅਛੂਤਾਂ ਨੂੰ ਉਹ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਦੇ ਸਕਦੇ, ਰਾਜਸੀ ਤੌਰ ਤੇ ਈਸਾਈਆਂ ਤੇ ਮੁਸਲਮਾਨਾਂ ਨਾਲੋਂ ਘਾਟੇ ਪੁਰ ਹਨ। ਪੰਜਾਬ ਤੋਂ ਬਾਹਰ ਕੌਂਸਲ ਤੇ ਨੌਕਰੀਆਂ ਵਿੱਚ ਸਿੱਖਾਂ ਦਾ ਕੋਈ ਹੱਕ ਨਹੀਂ ਮੰਨਿਆ ਗਿਆ।

ਦੂਜਾ ਸਵਾਲ ਇਹਨਾਂ ਤਿੰਨਾਂ ਧਰਮਾਂ ਨੂੰ ਹਿੰਦੂ ਨੁਕਤੇ ਤੋਂ ਵੇਖਣਾ ਹੈ ਕਿਹੜਾ ਚੰਗਾ ਹੈ, ਇਸਲਾਮ, ਈਸਾਈ ਮੱਤ, ਜਾਂ ਸਿੱਖ ਮੱਤ। ਇਹ ਗਲ ਪ੍ਰਗਟ ਹੈ ਕਿ ਸਿੱਖ ਧਰਮ ਚੰਗਾ ਹੈ। ਜੇ ਅਛੂਤ ਇਸਲਾਮ ਜਾਂ ਈਸਾਈ ਮਤ ਧਾਰਨ ਕਰ ਲੈਣ ਤਾਂ ਉਹ ਨਾ ਕੇਵਲ ਹਿੰਦੂ ਧਰਮ ਵਿੱਚੋਂ ਨਿਕਲ ਜਾਂਦੇ ਹਨ ਬਲਕਿ ਹਿੰਦੂ ਸਭਿਆਚਾਰ ਨੂੰ ਛੱਡ ਜਾਣਗੇ।

ਦੂਜੇ ਪਾਸੇ ਜੋ ਉਹ ਸਿੱਖ ਰਹਿਣ ਤਾਂ ਉਹ ਹਿੰਦੂ ਸਭਿਆਚਾਰ ਨੂੰ ਨਹੀਂ ਛੱਡ ਸਕਣਗੇ। ਇਹ ਹਿੰਦੂਆਂ ਨੂੰ ਭਾਰੀ ਲਾਭ ਹੈ। ਧਰਮ ਦੀ ਤਬਦੀਲੀ ਦਾ ਜੋ ਅਸਰ ਦੇਸ਼ ਤੇ ਹੋਣਾ ਹੈ ਉਸ ਨੂੰ ਦਿਲੋਂ ਨਹੀਂ ਭੁਲਾਉਣਾ ਚਾਹੀਦਾ। ਇਸਲਾਮ ਤੇ ਈਸਾਈ ਮੱਤ ਵਿੱਚ ਤਬਦੀਲੀਆਂ ਦਲਿਤ ਜਾਤੀਆਂ ਨੂੰ ਖਿੰਡਾ ਦੇਵੇਗਾ।

ਜੇ ਉਹ ਮੁਸਲਮਾਨ ਬਣ ਜਾਣ ਮੁਸਲਮਾਨਾਂ ਦੀ ਗਿਣਤੀ ਦੂਣੀ ਹੋ ਜਾਵੇਗੀ ਅਤੇ ਮੁਸਲਿਮ ਤਾਕਤ ਦਾ ਖ਼ਤਰਾ ਸੱਚ ਹੋ ਜਾਵੇਗਾ।

(ਚਲਦਾ)

# ਕੈਨੇਡਾ 'ਚ ਪੰਜਾਬੀ ਟਰੱਕ ਡਰਾਈਵਰ ਨੂੰ ਢਾਈ ਸਾਲ ਦੀ ਕੈਦ ਤੇ 7 ਸਾਲਾਂ ਤੱਕ ਡਰਾਇਵਰੀ ਕਰਨ 'ਤੇ ਪਾਬੰਦੀ

## ਫ਼ਿਗਰ ਸਕੇਟਰ ਅਲੈਗਜ਼ੈਂਡਰਾ ਪੌਲ ਦੀ ਹਾਦਸੇ 'ਚ ਮੌਤ ਮਾਮਲੇ 'ਚ ਹੋਈ ਸਜ਼ਾ

ਓਨਟਾਰੀਓ : ਪੰਜਾਬ ਮੂਲ ਦੇ ਕੈਨੇਡੀਅਨ ਟਰੱਕ ਡਰਾਈਵਰ ਨੂੰ ਓਲੰਪੀਅਨ ਫਿਗਰ ਸਕੇਟਰ ਅਲੈਗਜ਼ੈਂਡਰਾ ਪੌਲ ਦੀ ਜਾਨ ਲੈਣ ਵਾਲੇ ਹਾਦਸੇ ਵਿਚ ਜੇਲ ਦੀ ਸਜ਼ਾ ਸੁਣਾਈ ਗਈ ਹੈ। ਇਸ ਹਾਦਸੇ ਵਿਚ ਅਲੈਗਜ਼ੈਂਡਰ ਦੀ ਮੌਤ ਤੇ ਉਸ ਦੇ 10 ਮਹੀਨਿਆਂ ਦੇ ਪੁੱਤਰ ਸਣੇ ਕਈ ਜਣੇ ਜ਼ਖਮੀ ਹੋਏ ਸਨ। ਸੁਖਵਿੰਦਰ ਸਿੱਧੂ ਨੂੰ ਢਾਈ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ ਤੇ ਉਸ ਦੇ 7 ਸਾਲਾਂ ਤਕ ਡਰਾਈਵਰੀ ਕਰਨ 'ਤੇ ਪਾਬੰਦੀ ਲਾ ਦਿਤੀ ਗਈ ਹੈ। ਸੁਖਵਿੰਦਰ ਸਿੱਧੂ ਨੇ ਇਸ ਸਾਲ ਫ਼ਰਵਰੀ ਵਿਚ ਖ਼ਤਰਨਾਕ ਡਰਾਈਵਿੰਗ ਲਈ ਦੋਸ਼ ਕਬੂਲੇ ਸਨ।



ਇਹ ਘਟਨਾ 22 ਅਗਸਤ , 2023 ਨੂੰ ਮੇਲੈਂਕਥੌਨ ਟਾਊਨਸ਼ਿਪ, ਓਨਟਾਰੀਓ ਵਿਚ ਵਾਪਰੀ ਸੀ। ਹਾਦਸੇ ਵਿਚ ਖਤਰਨਾਕ ਡਰਾਈਵਿੰਗ ਕਰਨ ਅਤੇ ਸਰੀਰਕ ਨੁਕਸਾਨ ਪਹੁੰਚਾਉਣ ਲਈ ਸੁਖਵਿੰਦਰ ਸਿੱਧੂ ਨੂੰ ਦੋਸ਼ੀ ਪਾਇਆ ਗਿਆ ਸੀ। ਅਦਾਲਤ ਮੁਤਾਬਿਕ ਸਿੱਧੂ ਤੇਜ਼ ਰਫ਼ਤਾਰ ਨਾਲ ਟਰੱਕ ਚਲਾ ਰਿਹਾ ਸੀ। ਇਸ ਦਰਮਿਆਨ ਉਹ ਇਕ ਉਸਾਰੀ ਅਧੀਨ ਖੇਤਰ ਵਿਚ ਦਾਖਲ ਹੋਇਆ ਤੇ ਸੜਕ ਉੱਤੇ ਰੁਕੀਆਂ ਕਾਰਾਂ ਨਾਲ ਟਕਰਾ ਗਿਆ।

ਨਿਰਮਾਣ ਖੇਤਰ ਵਿਚ ਚੰਗੀ ਤਰ੍ਹਾਂ ਚਿੰਨਿ ?ਹਤ ਸੀ ਕਿ ਉਸ ਖੇਤਰ ਵਿਚ 60 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਹੀ ਵਾਹਨ ਚਲਾਏ ਜਾ ਸਕਦੇ ਹਨ ਪਰ ਟਰੱਕ ਦੀ ਰਫ਼ਤਾਰ ਲਗਭਗ 107 ਕਿਲੋਮੀਟਰ ਪ੍ਰਤੀ ਘੰਟਾ ਸੀ। ਹਾਦਸੇ ਦਾ ਵੱਡਾ ਕਾਰਨ ਟਰੱਕ ਦੀ ਤੇਜ਼ ਰਫ਼ਤਾਰ ਵੀ ਰਹੀ। ਤੱਥਾਂ ਦੇ ਬਿਆਨ ਵਿਚ ਕਿਹਾ ਗਿਆ ਹੈ ਕਿ ਸਿੱਧੂ ਉਸ ਸਮੇਂ 26 ਘੰਟੇ ਤੋਂ ਵੱਧ ਕੰਮ 'ਤੇ ਸੀ, ਜਿਸ ਵਿਚ ਘੱਟੋ-ਘੱਟ 16 ਘੰਟੇ ਦੀ ਡਰਾਈਵਿੰਗ ਸ਼ਾਮਲ ਸੀ।

ਜੱਜ ਨੇ ਅਪਣੇ ਫ਼ੈਸਲੇ 'ਚ ਇਹ ਵੀ ਨੋਟ ਕੀਤਾ ਕਿ ਸਿੱਧੂ 'ਤੇ ਪਹਿਲਾਂ ਵੀ ਕਈ ਤੇਜ਼ ਰਫ਼ਤਾਰ ਉਲੰਘਣਾਵਾਂ ਦੇ ਦੋਸ਼ ਸਨ। ਓਲੰਪੀਅਨ ਪੌਲ, ਜੋ ਹਾਦਸੇ ਦੇ ਸਮੇਂ 31 ਸਾਲ ਦੀ ਸੀ, ਉਸ ਨੇ ਅਪਣੇ ਸਾਥੀ ਮਿਸ਼ੇਲ ਇਸਲਾਮ ਨਾਲ ਇਕ ਆਈਸ ਡਾਂਸਰ ਵਜੋਂ ਓਲੰਪਿਕ ਵਿਚ ਹਿੱਸਾ ਲਿਆ ਸੀ। ਇਸ ਜੋੜੀ ਨੇ ਤਿੰਨ ਕੈਨੇਡੀਅਨ ਚੈਂਪੀਅਨਸ਼ਿਪ ਮੈਡਲ ਜਿੱਤੇ ਸਨ ਅਤੇ 2016 ਵਿਚ ਸੰਨਿਆਸ ਲੈਣ ਤੋਂ ਪਹਿਲਾਂ 2014 ਦੀਆਂ ਓਲੰਪਿਕ ਵਿੰਟਰ ਖੇਡਾਂ ਵਿਚ ਹਿੱਸਾ ਲਿਆ ਸੀ।

# ਹੁਣ ਕੈਨੇਡਾ 'ਚੋਂ ਨਹੀਂ ਕੱਢੇ ਜਾਣਗੇ ਪੰਜਾਬੀ, ਕਾਰਨੀ ਸਰਕਾਰ ਨੇ ਦਿੱਤੀ ਰਾਹਤ

## ਕੈਨੇਡਾ ਦੇ ਇਮੀਗ੍ਰੇਸ਼ਨ ਵਕੀਲਾਂ ਨੇ ਨਵੇਂ ਅਸਾਇਲਮ ਕਾਨੂੰਨ ਵਿਰੁੱਧ ਲਾਮਬੰਦ ਹੁੰਦਿਆਂ ਬਿੱਲ ਸੀ-12 ਵਿਰੁਧ ਫ਼ੈਡਰਲ ਅਦਾਲਤਾਂ ਵਿਚ ਤਿੰਨ ਦਰਜਨ ਮੁਕੱਦਮੇ ਦਾਇਰ ਕਰ ਦਿਤੇ

ਔਟਵਾ : ਕੈਨੇਡਾ ਤੋਂ ਡਿਪੋਰਟ ਕੀਤੇ ਜਾਣ ਦੇ ਖ਼ਤਰੇ ਵਿਚ ਘਿਰੇ ਹਜ਼ਾਰਾਂ ਪੰਜਾਬੀਆਂ ਨੂੰ ਵੱਡੀ ਰਾਹਤ ਮਿਲਦੀ ਨਜ਼ਰ ਆ ਰਹੀ ਹੈ। ਮੀਡੀਆ ਖ਼ਬਰਾਂ ਮੁਤਾਬਕ ਮਾਰਕ ਕਾਰਨੀ ਸਰਕਾਰ ਦਾ ਬਿੱਲ ਸੀ-12 ਸੰਵਿਧਾਨਕ ਚੁਣੌਤੀਆਂ ਵਿਚ ਉਲਝਦਾ ਮਹਿਸੂਸ ਹੋ ਰਿਹਾ ਹੈ। ਕੈਨੇਡਾ ਦੇ ਕੋਨੇ-ਕੋਨੇ ਵਿਚ ਬੈਠੇ ਇਮੀਗ੍ਰੇਸ਼ਨ ਵਕੀਲਾਂ ਨੇ ਨਵੇਂ ਅਸਾਇਲਮ ਕਾਨੂੰਨ ਵਿਰੁੱਧ ਲਾਮਬੰਦ ਹੁੰਦਿਆਂ ਬਿੱਲ ਸੀ-12 ਵਿਰੁਧ ਫ਼ੈਡਰਲ ਅਦਾਲਤਾਂ ਵਿਚ ਤਿੰਨ ਦਰਜਨ ਮੁਕੱਦਮੇ ਦਾਇਰ ਕਰ ਦਿਤੇ ਹਨ ਅਤੇ ਇਨ੍ਹਾਂ ਦਾ ਨਿਪਟਾਰਾ ਹੋਣ ਤਕ ਨਵੇਂ ਕਾਨੂੰਨ ਅਧੀਨ ਅਯੋਗ ਮੰਨੇ ਵਿਦੇਸ਼ੀ ਨਾਗਰਿਕਾਂ ਨੂੰ ਡਿਪੋਰਟ ਨਹੀਂ ਕੀਤਾ ਜਾ ਸਕੇਗਾ।



ਕੈਨੇਡੀਅਨ ਐਸੋਸੀਏਸ਼ਨ ਆਫ਼ ਰਫ਼ਿਊਜੀ ਲਾਅਇਰਜ਼ ਅਤੇ ਕੈਨੇਡੀਅਨ ਇਮੀਗ੍ਰੇਸ਼ਨ ਲਾਅਇਰਜ਼ ਐਸੋਸੀਏਸ਼ਨ ਵਲੋਂ ਮੁਹਿੰਮ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਵਕੀਲਾਂ ਦਾ ਕਹਿਣਾ ਬਿਲ ਸੀ-12 ਸਿੱਧੇ ਤੌਰ 'ਤੇ ਕੈਨੇਡਾ ਦੇ ਚਾਰਟਰ ਆਫ਼ ਰਾਈਟਸ ਐਂਡ ਫ਼ਰੀਡਮਜ਼ ਦੀ ਉਲੰਘਣਾ ਕਰਦਾ ਹੈ ਪਰ ਲਿਬਰਲ ਸਰਕਾਰ ਕਹਿ ਰਹੀ ਹੈ ਕਿ ਨਵਾਂ ਕਾਨੂੰਨ ਪਨਾਹ ਦੇ ਦਾਅਵਿਆਂ ਦਾ ਬੈਕਲਾਗ ਘਟਾਉਣ ਵਿਚ ਮਦਦ ਕਰੇਗਾ ਅਤੇ ਵਿਦੇਸ਼ੀ ਨਾਗਰਿਕ ਅਸਾਇਲਮ ਸਿਸਟਮ ਦੀ ਦੁਰਵਰਤੋਂ ਵੀ ਨਹੀਂ ਕਰ ਸਕਣਗੇ।

ਇਮੀਗ੍ਰੇਸ਼ਨ ਵਕੀਲਾਂ ਮੁਤਾਬਕ ਬਿੱਲ ਸੀ-12 ਹਜ਼ਾਰਾਂ ਲੋਕਾਂ ਨੂੰ ਡਿਪੋਰਟ ਕਰਨ ਦਾ ਰਾਹ ਪੱਧਰ ਕਰਨ ਤੋਂ ਸਿਵਾਏ ਕੁੱਝ ਨਹੀਂ ਕਰਦਾ। ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਸੰਵਿਧਾਨਕ ਕਾਨੂੰਨ ਵਿਚ ਮੁਹਾਰਤ ਰੱਖਣ ਵਾਲਿਆਂ ਦਾ ਮੰਨਣਾ ਹੈ ਕਿ ਨਵੇਂ ਅਸਾਇਲਮ ਕਾਨੂੰਨ ਵਿਰੁਧ ਚੁਣੌਤੀਆਂ ਮਜ਼ਬੂਤੀ ਨਾਲ ਉਭਰ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਮਹੀਨੇ ਕੈਨੇਡਾ ਸਰਕਾਰ ਨੇ 30 ਹਜ਼ਾਰ ਲੋਕਾਂ ਨੂੰ ਚਿੱਠੀਆਂ ਜਾਰੀ ਕਰਦਿਆਂ ਜਲਦ ਤੋਂ ਜਲਦ ਮੁਲਕ ਛੱਡਣ ਦੀ ਹਦਾਇਤ ਦੇ ਦਿਤੀ, ਜਿਨ੍ਹਾਂ ਦੀਆ ਅਸਾਇਲਮ ਅਰਜ਼ੀਆਂ 'ਤੇ ਬਿੱਲ ਸੀ-12 ਅਧੀਨ ਵਿਚਾਰ ਕਰਨ ਤੋਂ ਇਨਕਾਰ ਕਰ ਦਿਤਾ ਗਿਆ। ਚਿੱਠੀਆਂ ਵਿਚ ਕਿਹਾ ਗਿਆ ਕਿ ਰਫ਼ਿਊਜੀ ਵਜੋਂ ਤੁਹਾਡਾ ਦਾਅਵਾ ਸੰਭਾਵਤ ਤੌਰ 'ਤੇ ਜਾਇਜ਼ ਨਹੀਂ, ਜਿਸ ਦੇ ਮੱਦੇਨਜ਼ਰ ਤੁਹਾਡੀ ਅਰਜ਼ੀ ਇਮੀਗ੍ਰੇਸ਼ਨ ਐਂਡ ਰਫ਼ਿਊਜੀ ਬੋਰਡ ਦੀ ਰਫ਼ਿਊਜੀ ਪ੍ਰੋਟੈਕਸ਼ਨ ਕਮੇਟੀ ਕੋਲ ਨਹੀਂ ਭੇਜੀ ਜਾ ਸਕਦੀ।



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**5. ਸਿਗਮੌਇਡੋਸਕੋਪੀ (ਆਂਤੜੀ ਦੇ ਕੈਂਸਰ ਦਾ ਟੈਸਟ) :** 50 ਸਾਲ ਦੀ ਉਮਰ ਵਿੱਚ ਅਤੇ ਇਸ ਤੋਂ ਬਾਅਦ ਹਰ 10 ਸਾਲ ਬਾਅਦ। ਪੂਰੀ ਆਂਤੜੀ ਦੀ ਜਾਂਚ (ਕੋਲੋਨੋਸਕੋਪੀ) ਉਦੋਂ ਕੀਤੀ ਜਾਂਦੀ ਹੈ ਜਦੋਂ ਸਿਗਮੌਇਡੋਸਕੋਪੀ ਰਿਪੋਰਟ ਠੀਕ ਨਾ ਆਵੇ।

**6. ਸ਼ੂਗਰ :** ਜੇ ਤੁਹਾਨੂੰ ਡਾਇਬੀਟੀਜ਼ ਦੇ ਲੱਛਣ ਹੋਣ ਜਾਂ ਪਰਿਵਾਰਕ ਪਿਛੋਕੜ ਹੋਵੇ।

**ਔਰਤਾਂ ਲਈ (ਉੱਪਰ ਲਿਖੇ ਟੈਸਟਾਂ ਦੇ ਨਾਲ ਨਾਲ) :**


**1. ਸੈਲਫ਼ ਬਰੈਸਟ ਟੈਸਟ (ਆਪ ਖ਼ੁਦ ਛਾਤੀ ਦੀ ਜਾਂਚ) :** ਹਰ ਮਹੀਨੇ।

**2. ਪੈਪ ਟੈਸਟ :** 21 ਸਾਲ ਦੀ ਉਮਰ ਤੋਂ ਬਾਅਦ, ਹਰ ਤਿੰਨ ਸਾਲ ਬਾਅਦ।

**3. ਮੈਮੋਗ੍ਰਾਮ (ਛਾਤੀਆਂ ਦਾ ਐਕਸ-ਰੇ) :** 50 ਸਾਲ ਦੀ ਉਮਰ ਤੋਂ ਬਾਅਦ ਹਰ 1-2 ਸਾਲ ਬਾਅਦ। ਜੇਕਰ ਛਾਤੀ ਦੇ ਕੈਂਸਰ ਦਾ ਪਰਿਵਾਰਿਕ ਪਿਛੋਕੜ ਹੋਵੇ ਤਾਂ ਮੈਮੋਗ੍ਰਾਮ ਜਲਦੀ ਕਰਵਾਓ।

**ਹਵਾਈ ਸਫ਼ਰ ਅਤੇ ਸਿਹਤ**

1. ਆਪਣੇ ਬੈਗ ਵਿੱਚ ਆਪਣੀ ਦਵਾਈ ਰੱਖਣੀ ਨਾ ਭੁੱਲੋ।
2. ਜੇਕਰ ਤੁਸੀਂ ਸ਼ੂਗਰ ਲਈ ਇੰਸੁਲਿਨ ਦੇ ਟੀਕੇ ਵਰਤਦੇ ਹੋ ਤਾਂ ਟੀਕਿਆਂ ਨੂੰ ਹਵਾਈ ਜਹਾਜ਼ ਵਿੱਚ ਲਿਜਾਣ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਜ਼ਰੂਰ ਲਵੋ।
3. ਸਫ਼ਰ ਕਰਨ ਤੋਂ ਜੇਕਰ ਦੋ ਹਫ਼ਤੇ ਪਹਿਲਾਂ ਤੁਹਾਨੂੰ ਦਿਲ ਦਾ ਅਟੈਕ ਹੋਇਆ ਹੈ ਜਾਂ ਦਿਲ ਦਾ ਅਪਰੇਸ਼ਨ ਹੋਇਆ ਹੈ ਤਾਂ ਸਫ਼ਰ ਨਾ ਕਰੋ।
4. ਸਫ਼ਰ ਦੇ ਦੌਰਾਨ ਜੇਕਰ ਤੁਹਾਨੂੰ ਆਕਸੀਜਨ ਦੀ ਲੋੜ ਹੈ ਤਾਂ ਇਸਦੀ ਇਜਾਜ਼ਤ ਲਈ ਆਪਣੇ ਡਾਕਟਰ ਤੋਂ ਇਜਾਜ਼ਤੀ ਪੱਤਰ ਲਵੋ।




5. ਬਹੁਤ ਜ਼ਿਆਦਾ ਸਮੇਂ ਲਈ ਆਪਣੇ ਪਿਸ਼ਾਬ ਨੂੰ ਨਾ ਰੋਕੋ, ਇਸ ਨਾਲ ਇਨਫ਼ੈਕਸ਼ਨ ਹੋ ਸਕਦੀ ਹੈ ਅਤੇ ਗੁਰਦੇ ਦੀ ਪ੍ਰੇਸ਼ਾਨੀ ਹੋ ਸਕਦੀ ਹੈ।
6. ਹਵਾਈ ਸਫ਼ਰ ਕਰਦੇ ਸਮੇਂ ਬਹੁਤ ਜ਼ਿਆਦਾ ਸਮੇਂ ਲਈ ਬੈਠੇ ਰਹਿਣਾ ਪੈਂਦਾ ਹੈ, ਇਸ ਨਾਲ ਲੱਤਾਂ ਵਿੱਚ ਖ਼ੂਨ ਦੀਆਂ ਗਿਲਟੀਆਂ ਬਣ ਸਕਦੀਆਂ ਹਨ, ਜੋ ਖ਼ਤਰਨਾਕ ਹਨ ਕਿਉਂਕਿ ਇਸ ਨਾਲ ਅਚਾਨਕ ਮੌਤ ਵੀ ਹੋ ਸਕਦੀ ਹੈ। ਲੱਤਾਂ ਵਿੱਚ ਖ਼ੂਨ ਦੀਆਂ ਗਿਲਟੀਆਂ ਤੋਂ ਬਚਾਅ ਲਈ ਸਫ਼ਰ ਦੌਰਾਨ, ਹਰ ਦੋ ਘੰਟੇ ਬਾਅਦ ਸੀਟ ਤੋਂ ਉੱਠੋ ਅਤੇ ਚੱਲੋ ਫਿਰੋ।
7. ਜੇਕਰ ਤੁਸੀਂ ਕੋਈ ਵਿਸ਼ੇਸ਼ ਖਾਣਾ ਖਾਂਦੇ ਹੋ ਤਾਂ ਏਅਰ ਲਾਈਨ ਨੂੰ ਸੂਚਿਤ ਕਰੋ, ਜਿਵੇਂ ਸ਼ਾਕਾਹਾਰੀ ਖਾਣਾ ਜਾਂ ਜੇ ਕਿਸੇ ਵਿਸ਼ੇਸ਼ ਖਾਣੇ ਤੋਂ ਤੁਹਾਨੂੰ ਐਲਰਜੀ ਹੋਵੇ।
8. ਕਿਸੇ ਦਵਾਈ ਦੇ ਕਾਰਨ ਜੇ ਤੁਸਲ ਵਾਰ-ਵਾਰ ਪਿਸ਼ਾਬ ਕਰਨ ਲਈ ਉੱਠਦੇ ਹੋ ਤਾਂ ਸਾਈਡ ਵਾਲੀ ਸੀਟ ਲੈਣ ਬਾਰੇ ਬੇਨਤੀ ਕਰੋ।
9. ਮਲੇਰੀਆ, ਹੈਪੇਟਾਈਟਸ, ਅਤੇ ਟਾਈਫ਼ੌਇਡ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਸਫ਼ਰ ਕਰਨ ਤੋਂ 4-6 ਹਫ਼ਤੇ ਪਹਿਲਾਂ ਆਪਣੇ ਡਾਕਟਰ ਤੋਂ ਦਵਾਈ ਲਵੋ।
10. ਦਰਦ ਅਤੇ ਮਾਨਸਿਕ ਤਣਾਓ ਦੀਆਂ ਕਈ ਦਵਾਈਆਂ ਲਈ ਡਾਕਟਰ ਦਾ ਇਜਾਜ਼ਤੀ ਪੱਤਰ ਜ਼ਰੂਰੀ ਹੋ ਸਕਦਾ ਹੈ।

**ਡਾਕਟਰ ਦੇ ਸਮੇਂ ਦੀ ਸਹੀ ਵਰਤੋਂ**

**ਡਾਕਟਰ ਕੋਲ ਜਾਣ ਤੋਂ ਪਹਿਲਾਂ :**

1. ਜੇਕਰ ਤੁਸੀਂ ਇੱਕ ਤੋਂ ਵੱਧ ਸਰੀਰਕ ਮੁਸ਼ਕਲਾਂ ਦੇ ਸੰਬੰਧ ਵਿੱਚ ਵਿਚਾਰ-ਵਟਾਂਦਰਾ ਕਰਨਾ ਹੈ, ਤਾਂ ਸਾਰੀਆਂ ਸਰੀਰਕ ਮੁਸ਼ਕਲਾਂ ਦੀ ਇੱਕ ਲਿਸਟ ਬਣਾ ਲਓ।
2. ਜੇਕਰ ਤੁਸੀਂ ਹੋਰ ਦਵਾਈਆਂ ਲੈ ਰਹੇ ਹੋਵੋ ਤਾਂ ਦਵਾਈਆਂ ਆਪਣੇ ਕੋਲ ਰੱਖੋ ਜਾਂ ਦਵਾਈਆਂ ਦੀ ਲਿਸਟ ਬਣਾਓ। ਡਾਕਟਰ ਨੂੰ ਇਹ ਜਾਨਣ ਦੀ ਜ਼ਰੂਰਤ ਹੋਵੇਗੀ ਕਿ ਤੁਸਲ ਘਰ ਵਿੱਚ ਕਿਹੜੀਆਂ ਦਵਾਈਆਂ ਲੈ ਰਹੇ ਹੋ।
3. ਜੇਕਰ ਤੁਹਾਨੂੰ ਕਿਸੇ ਵੀ ਦਵਾਈ ਤੋਂ ਐਲਰਜੀ ਹੈ, ਇਸਨੂੰ ਲਿਖੋ ਅਤੇ ਡਾਕਟਰ ਕੋਲ ਜਾ ਕੇ ਡਾਕਟਰ ਨੂੰ ਇਹ ਲਿਸਟ ਦਿਓ।
4. ਜੇਕਰ ਡਾਕਟਰ ਕੋਲ ਪਹਿਲੀ ਵਾਰ ਜਾਂ ਕਿਸੇ ਨਵੇਂ ਡਾਕਟਰ ਕੋਲ ਜਾ ਰਹੇ ਹੋ ਤਾਂ ਆਪਣੇ ਪੁਰਾਣੇ ਮੈਡੀਕਲ ਰਿਕਾਰਡ ਨਾਲ ਲੈ ਕੇ ਜਾਓ।

**ਡਾਕਟਰ ਕੋਲ ਜਾ ਕੇ :**

1. ਮੁੱਖ ਮੁਸ਼ਕਲ ਪਹਿਲਾਂ ਦੱਸੋ।
2. ਸਿਹਤ ਬਾਰੇ ਹੀ ਗੱਲ ਕਰੋ ਅਤੇ ਹੋਰ ਵਿਸ਼ਿਆਂ ਬਾਰੇ ਗੱਲ ਕਰ ਕੇ ਆਪਣਾ ਅਤੇ ਡਾਕਟਰ ਦਾ ਸਮਾਂ ਜਾਇਆ ਨਾ ਕਰੋ।
3. ਜੇਕਰ ਤੁਸੀਂ ਡਾਕਟਰ ਦੀਆਂ ਹਦਾਇਤਾਂ ਨੂੰ ਸਮਝ ਨਹੀਂ ਸਕੇ ਤਾਂ ਇਸ ਬਾਰੇ ਦੁਬਾਰਾ ਪੁੱਛੋ।
4. ਦਿੱਤੀਆਂ ਗਈਆਂ ਦਵਾਈਆਂ ਦੇ ਸਾਈਡ ਇਫ਼ੈਕਟਾਂ ਬਾਰੇ ਪੁੱਛੋ।
5. ਡਾਕਟਰ ਨੂੰ ਪੁੱਛੋ ਕਿ ਤੁਹਾਨੂੰ ਦੁਬਾਰਾ ਆਉਣ ਦੀ ਜ਼ਰੂਰਤ ਹੈ ਜਾਂ ਨਹੀਂ।
6. ਬਿਮਾਰੀ ਦੇ ਲੱਛਣਾਂ ਨੂੰ ਠੀਕ ਹੋਣ ਲਈ ਕਿੰਨਾ ਸਮਾਂ ਲੱਗੇਗਾ, ਇਸ ਬਾਬਤ ਪੁੱਛੋ।
7. ਕਿਸੇ ਵੀ ਹੋ ਸਕਣ ਵਾਲੇ ਐਮਰਜੈਂਸੀ ਲੱਛਣਾਂ ਬਾਰੇ ਡਾਕਟਰ ਨੂੰ ਪੁੱਛੋ।
8. ਦਵਾਈ ਡਾਕਟਰ ਦੀ ਹਦਾਇਤ ਅਨੁਸਾਰ ਲਵੋ ਅਤੇ ਕੋਰਸ ਪੂਰਾ ਕਰੋ।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।


HEALING HERBS & MASSAGE

ANY TYPE OF LADIES & GENTS PROBLEM

Healing Herbs & Healing Massage

ਕੀ ਤੁਸੀਂ ਸਰੀਰਕ ਦੁੱਖਾਂ ਦਰਦਾਂ ਤੋਂ ਪ੍ਰੇਸ਼ਾਨ ਹੋ ?

Cure with Homeopathy or Ayurved Best Natural Way of treatment with no side effects.

ਜੜੀ-ਬੂਟੀਆਂ ਅਤੇ ਮਾਲਿਸ਼ ਰਾਹੀਂ ਕੁਦਰਤੀ ਇਲਾਜ !

ਸਰੀਰ ਦੀ ਕਾਇਆ ਕਲਪ ਕਰੋ ! ਤਣਾਅ ਅਤੇ ਦਰਦ ਤੋਂ ਮੁਕਤੀ ਪਾਉਣ ਲਈ ਅੱਜ ਹੀ ਪਹੁੰਚੋ।



ਅਸੀਂ ਲੈ ਕੇ ਆਏ ਹਾਂ ਤੁਹਾਡੀ ਸਿਹਤ ਲਈ ਕੁਦਰਤੀ ਖਜ਼ਾਨਾ। ਸਾਡੇ ਕੋਲ ਦੇਸੀ ਜੜੀ-ਬੂਟੀਆਂ, ਦੇਸੀ ਦਵਾਈਆਂ ਅਤੇ ਮਾਹਿਰਾਂ ਦੁਆਰਾ ਮਾਲਿਸ਼ ਦੀ ਸਹੂਲਤ ਉਪਲਬਧ ਹੈ।

ਸਾਡਾ ਸਮਾਂ:
ਸੋਮਵਾਰ ਤੋਂ ਸ਼ੁੱਕਰਵਾਰ: ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ
ਸ਼ਨੀਵਾਰ ਤੇ ਐਤਵਾਰ: ਸਵੇਰੇ 11 ਵਜੇ ਤੋਂ ਸ਼ਾਮ 6 ਵਜੇ ਤੱਕ

ਇਥੇ ਸ਼ੂਗਰ ਦੀ ਬਿਮਾਰੀ ਦਾ ਇਲਾਜ ਦੇਸੀ ਦਵਾਈਆਂ ਅਤੇ ਕੁਦਰਤੀ ਤਰੀਕੇ ਨਾਲ ਕੀਤਾ ਜਾਂਦਾ ਹੈ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ 510-200-1110
ਪਤਾ: 3038 Castro Valley Blvd, Castro Valley, CA 94546

# ਪੰਜਾਬ 'ਚ ਕਿਸਾਨ ਰੋਸ ਪ੍ਰਦਰਸ਼ਨ: ਕਿਸਾਨਾਂ 'ਤੇ ਪਾਣੀ ਦੀਆਂ ਬੁਛਾੜਾਂ ਤੇ ਅੱਥਰੂ ਗੈਸ ਦੇ ਗੋਲੇ ਦਾਗ਼ੇ

## BBMB ਵਿੱਚੋਂ ਪੰਜਾਬ ਦੀ ਸਥਾਈ ਮੈਂਬਰੀ ਖ਼ਤਮ ਕਰਨ ਵਿਰੁੱਧ ਰਾਜਪਾਲ ਭਵਨ ਵੱਲ ਵਧਣ ਤੋਂ ਰੋਕਿਆ









ਐੱਸ ਏ ਐੱਸ ਨਗਰ (ਮੁਹਾਲੀ) : ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਵਿੱਚੋਂ ਪੰਜਾਬ ਦੀ ਸਥਾਈ ਮੈਂਬਰੀ ਖ਼ਤਮ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ, ਪੰਜਾਬ ਯੂਨੀਵਰਸਿਟੀ ਪੰਜਾਬ ਨੂੰ ਦੇਣ ਅਤੇ ਰਿਪੇਰੀਅਨ ਕਾਨੂੰਨ ਅਨੁਸਾਰ ਪਾਣੀ ਦੀ ਵੰਡ ਦੀ ਮੰਗ ਲਈ ਰਾਜਪਾਲ ਭਵਨ ਵੱਲ ਕੂਚ ਕੀਤਾ ਗਿਆ।

ਮੁਹਾਲੀ ਵਿੱਚ ਰੈਲੀ ਕਰਨ ਤੋਂ ਬਾਅਦ ਚੰਡੀਗੜ੍ਹ ਵੱਲ ਵਧ ਰਹੇ ਵੱਡੀ ਗਿਣਤੀ ਕਿਸਾਨਾਂ ਨੂੰ ਚੰਡੀਗੜ੍ਹ ਪੁਲੀਸ ਨੇ ਬੁੜੈਲ ਜੇਲ੍ਹ ਨੇੜਲੇ ਚੌਕ ਕੋਲ ਰੋਕ ਲਿਆ। ਇਸ ਦੌਰਾਨ ਰੋਹ ਵਿੱਚ ਆਏ ਕਿਸਾਨ ਬੈਰੀਕੇਡਾਂ ਨੂੰ ਤੋੜ ਕੇ ਚੰਡੀਗੜ੍ਹ ਵਾਲੇ ਪਾਸੇ ਪਹੁੰਚ ਗਏ। ਇਨ੍ਹਾਂ ਕਿਸਾਨਾਂ 'ਤੇ ਚੰਡੀਗੜ੍ਹ ਪੁਲੀਸ ਨੇ ਹਲਕਾ ਲਾਠੀਚਾਰਜ ਕੀਤਾ ਅਤੇ ਔਰਤਾਂ ਸਣੇ ਕਿਸਾਨਾਂ ਨੂੰ ਬੱਸਾਂ ਵਿੱਚ ਬਿਠਾ ਕੇ ਲੈ ਗਏ।

ਪੁਲਿਸ ਦੀ ਬੈਰੀਕੇਡਿੰਗ ਤੋੜ ਕੇ ਅੱਗੇ ਵਧ ਰਹੇ ਕਿਸਾਨਾਂ ਉੱਤੇ ਚੰਡੀਗੜ੍ਹ ਪੁਲੀਸ ਨੇ ਪਹਿਲਾਂ ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ ਫਿਰ ਦਰਜਨ ਤੋਂ ਵੱਧ ਅਥਰੂ ਗੈਸ ਦੇ ਗੋਲੇ ਦਾਗ਼ੇ। ਇਸ ਦੌਰਾਨ ਕਈ ਕਿਸਾਨਾਂ ਦੀਆਂ ਪੱਗਾਂ ਲੱਥ ਗਈਆਂ। ਬੈਰੀਕੇਡਿੰਗ ਉੱਤੇ ਲਾਈਆਂ ਗਈਆਂ ਕੰਡਿਆਲੀਆਂ ਤਾਰਾਂ ਨਾਲ ਕਈ ਕਿਸਾਨ ਜ਼ਖ਼ਮੀ ਵੀ ਹੋ ਗਏ। ਸੰਯੁਕਤ ਕਿਸਾਨ ਮੋਰਚੇ ਨੇ ਕਿਸਾਨਾਂ 'ਤੇ ਢਾਹੇ ਜਬਰ ਅਤੇ ਚੰਡੀਗੜ੍ਹ ਵਿੱਚ ਦਾਖ਼ਲ ਨਾ ਹੋਣ ਦੇ ਰੋਸ ਵਜੋਂ 16 ਮਈ ਨੂੰ ਪੂਰੇ ਪੰਜਾਬ ਵਿੱਚ ਭਾਜਪਾ ਅਤੇ ਰਾਜਪਾਲ ਦੇ ਪੁਤਲੇ ਫੂਕੇ ਜਾਣ ਦਾ ਐਲਾਨ ਕੀਤਾ ਹੈ। ਸੰਘਰਸ਼ ਦੀ ਅਗਲੀ ਰਣਨੀਤੀ ਲਈ 21 ਮਈ ਨੂੰ ਮੀਟਿੰਗ ਸੱਦਣ ਦਾ ਫ਼ੈਸਲਾ ਵੀ ਕੀਤਾ ਗਿਆ।

ਪੁਲਿਸ ਕਾਰਵਾਈ ਤੋਂ ਖ਼ਫ਼ਾ ਕਿਸਾਨਾਂ ਨੇ ਬੈਰੀਕੇਡਾਂ ਨੇੜੇ ਹੀ ਧਰਨਾ ਲਗਾ ਦਿੱਤਾ। ਕਿਸਾਨਾਂ ਨੇ ਦੋਸ਼ ਲਾਇਆ ਕਿ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਕਿਸਾਨਾਂ ਉੱਤੇ ਚੰਡੀਗੜ੍ਹ ਪੁਲੀਸ ਵੱਲੋਂ ਅੱਤਿਆਚਾਰ ਕੀਤਾ ਗਿਆ ਹੈ, ਜਿਸ ਦੀ ਭਾਜਪਾ ਨੂੰ ਕੀਮਤ ਤਾਰਨੀ ਪਵੇਗੀ। ਇੱਕ ਘੰਟੇ ਦੀ ਜੱਦੋ-ਜਹਿਦ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਕਿਸਾਨਾਂ ਨੂੰ ਛੱਡੇ ਜਾਣ ਤੋਂ ਬਾਅਦ ਕਿਸਾਨਾਂ ਨੇ ਧਰਨਾ ਖ਼ਤਮ ਕਰ ਦਿੱਤਾ। ਕਿਸਾਨਾਂ ਨੇ ਇਸ ਮੌਕੇ ਕੇਂਦਰ ਅਤੇ ਭਾਜਪਾ ਵਿਰੁੱਧ ਨਾਅਰੇਬਾਜ਼ੀ ਵੀ ਕੀਤੀ।

ਮੁਜ਼ਾਹਰੇ ਤੋਂ ਪਹਿਲਾਂ ਕਿਸਾਨ ਮੁਹਾਲੀ ਦੇ ਯਾਦਵਿੰਦਰਾ ਪਬਲਿਕ ਸਕੂਲ ਚੌਕ ਨੇੜੇ ਨੇਚਰ ਪਾਰਕ ਵਿੱਚ ਇੱਕਠੇ ਹੋਏ। ਪੰਜਾਬ ਭਰ ਤੋਂ ਆਏ ਵੱਡੀ ਗਿਣਤੀ ਕਿਸਾਨਾਂ ਨੂੰ ਬਲਬੀਰ ਸਿੰਘ ਰਾਜੇਵਾਲ, ਜੋਗਿੰਦਰ ਸਿੰਘ ਉਗਰਾਹਾਂ, ਹਰਿੰਦਰ ਸਿੰਘ ਲੱਖੋਵਾਲ, ਬਲਦੇਵ ਸਿੰਘ ਨਿਹਾਲਗੜ੍ਹ, ਰੁਲਦੂ ਸਿੰਘ ਮਾਨਸਾ, ਰਾਜਿੰਦਰ ਸਿੰਘ ਦੀਪਸਿੰਘਵਾਲਾ, ਮਨਜੀਤ ਸਿੰਘ ਧਨੇਰ, ਰਮਿੰਦਰ ਸਿੰਘ ਪਟਿਆਲਾ, ਗੁਰਮੀਤ ਸਿੰਘ ਮਹਿਮਾ, ਬੂਟਾ ਸਿੰਘ ਬੁਰਜ, ਗੁਰਨਾਮ ਸਿੰਘ ਭੀਖੀ, ਬੂਟਾ ਸਿੰਘ ਸ਼ਾਦੀਪੁਰ, ਡਾ. ਸਤਨਾਮ ਸਿੰਘ ਅਜਨਾਲਾ, ਪ੍ਰੇਮ ਸਿੰਘ ਭੰਗੂ, ਜੰਗਵੀਰ ਸਿੰਘ ਚੌਹਾਨ, ਬਲਵਿੰਦਰ ਸਿੰਘ ਮੱਲੀ ਨੰਗਲ ਤੇ ਬਲਵਿੰਦਰ ਸਿੰਘ ਰਾਜੂ ਸਣੇ ਕਈ ਹੋਰ ਆਗੂਆਂ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਕਿਸਾਨਾਂ ਨੂੰ ਨਹਿਰੀ ਪਾਣੀ ਲੈਣ ਲਈ ਅੱਗੇ ਆਉਣ ਦੀ ਅਪੀਲ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਪਾਣੀਆਂ ਦਾ ਮਸਲਾ ਰਿਪੇਰੀਅਨ-ਬੇਸਨ ਸਿਧਾਂਤ ਅਨੁਸਾਰ ਹੱਲ ਕਰਨ, ਪੰਜਾਬ ਪੁਨਰਗਠਨ ਐਕਟ ਦੀਆਂ ਵਿਤਕਰੇ ਪੂਰਨ ਧਾਰਾਵਾਂ 78,79 ਅਤੇ 80 ਨੂੰ ਰੱਦ ਕਰਨ ਅਤੇ ਸੂਬੇ ਨਾਲ ਹੋਏ ਸਾਰੇ ਗ਼ੈਰ-ਸੰਵਿਧਾਨਕ ਤੇ ਵਿਤਕਰੇਪੂਰਨ ਕਾਨੂੰਨੀ ਸਮਝੌਤੇ ਤੇ ਐਵਾਰਡ ਰੱਦ ਕਰਨ ਦੀ ਮੰਗ ਕਰਦਾ ਹੈ। ਬੁਲਾਰਿਆਂ ਨੇ ਕਿਹਾ ਕਿ ਡੈਮਾਂ ਤੇ ਹੈੱਡਵਰਕਸਾਂ ਨੂੰ ਡੀ-ਸਿਲਟ ਕਰਨ ਲਈ ਕੇਂਦਰ ਸਰਕਾਰ ਵਿਸ਼ੇਸ਼ ਵਿੱਤੀ ਪੈਕੇਜ ਜਾਰੀ ਕਰੇ। ਇਕੱਠ ਵਿੱਚ ਮਤਾ ਪਾਸ ਕਰ ਕੇ ਕੇਂਦਰ ਸਰਕਾਰ ਨੂੰ ਸਾਉਣੀ ਦੀਆਂ ਫ਼ਸਲਾਂ ਲਈ ਨਾਬਾਰਡ ਰਾਹੀਂ ਸੂਬੇ ਦੇ ਰੋਕੇ ਗਏ 2400 ਕਰੋੜ ਰੁਪਏ ਜਾਰੀ ਕਰਨ ਅਤੇ ਪੰਜਾਬ ਸਰਕਾਰ ਨੂੰ ਹੱਦ ਕਰਜ਼ਿਆਂ ਦੇ ਵਾਧੇ ਨੂੰ ਲਾਗੂ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰਨ ਦੀ ਮੰਗ ਕਰਨ ਸਬੰਧੀ ਮਤਾ ਪਾਸ ਕੀਤਾ ਗਿਆ। ਇਕੱਠ ਨੇ ਤੇਲ ਅਤੇ ਗੈਸ ਕੀਮਤਾਂ ਵਿੱਚ ਵਾਧੇ ਦੀ ਨਿੰਦਾ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਵੀ ਕੀਤੀ। ਉਨ੍ਹਾਂ ਝੋਨੇ ਦੀਆਂ ਕੀਮਤਾਂ ਦੇ ਨਿਗੂਣੇ ਵਾਧੇ ਨੂੰ ਵੀ ਰੱਦ ਕੀਤਾ। ਇਸ ਮੌਕੇ ਕਿਰਪਾਲ ਸਿੰਘ ਸਿਆਊ, ਪਰਮਦੀਪ ਸਿੰਘ ਬੈਦਵਾਨ, ਅੰਗਰੇਜ਼ ਸਿੰਘ, ਲਖਵਿੰਦਰ ਸਿੰਘ ਕਰਾਲਾ, ਜਸਪਾਲ ਸਿੰਘ ਨਿਆਮੀਆਂ ਸਣੇ ਮੁਹਾਲੀ ਜ਼ਿਲ੍ਹੇ ਦੇ ਸਮੁੱਚੇ ਕਿਸਾਨ ਆਗੂ ਵੀ ਹਾਜ਼ਰ ਸਨ। ਇਨਕਲਾਬੀ ਕੇਂਦਰ ਪੰਜਾਬ ਨੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਕਿਸਾਨਾਂ 'ਤੇ ਚੰਡੀਗੜ੍ਹ ਪੁਲੀਸ ਵੱਲੋਂ ਕੀਤੇ ਗਏ ਤਸ਼ੱਦਦ ਦੀ ਨਿਖੇਧੀ ਕੀਤੀ ਹੈ।



# ਕਿਸਾਨਾਂ ਨੇ ਭਾਜਪਾ ਅਤੇ ਰਾਜਪਾਲ ਦੇ ਪੁਤਲੇ ਫੂਕੇ

## ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ; ਪੰਜਾਬ ਦੇ ਹੱਕਾਂ ਲਈ ਡਟਣ ਦਾ ਅਹਿਦ ਲਿਆ

ਐੱਸ ਏ ਐੱਸ ਨਗਰ (ਮੁਹਾਲੀ) : ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਕਿਸਾਨ ਜਥੇਬੰਦੀਆਂ ਨੇ ਅੱਜ ਲਾਂਡਰਾਂ ਤੋਂ ਬਨੂੜ ਨੂੰ ਜਾਂਦੇ ਮਾਰਗ 'ਤੇ ਦੈੜੀ ਚੌਕ ਦੇ ਫ਼ਲਾਈਓਵਰ ਥੱਲੇ ਪੰਜਾਬ ਦੇ ਰਾਜਪਾਲ ਅਤੇ ਭਾਜਪਾ ਦਾ ਪੁਤਲਾ ਸਾੜਿਆ।

ਉਨ੍ਹਾਂ ਕੇਂਦਰ ਸਰਕਾਰ, ਭਾਜਪਾ ਅਤੇ ਰਾਜਪਾਲ ਖ਼ਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਕਿਸਾਨ ਆਗੂ ਪਰਮਦੀਪ ਸਿੰਘ ਬੈਦਵਾਣ, ਜਗਜੀਤ ਸਿੰਘ ਜੱਗੀ ਕਰਾਲਾ, ਦਰਸ਼ਨ ਸਿੰਘ ਦੁਰਾਲੀ, ਅੰਗਰੇਜ਼ ਸਿੰਘ ਭਦੌੜ, ਕਿਰਪਾਲ ਸਿੰਘ ਸਿਆਊ ਅਤੇ ਲਖਵਿੰਦਰ ਸਿੰਘ ਲੱਖੀ ਕਰਾਲਾ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ ਤੇ ਰਾਜਪਾਲ ਪੰਜਾਬ ਵੱਲੋਂ ਚੰਡੀਗੜ੍ਹ ਪੁਲੀਸ ਰਾਹੀਂ ਕਿਸਾਨਾਂ 'ਤੇ ਪਾਣੀ ਦੀਆਂ ਬੁਛਾੜਾਂ ਮਾਰਨ, ਲਾਠੀਚਾਰਜ ਕਰਨ, ਅੱਥਰੂ ਗੈਸ ਦੇ ਗੋਲੇ ਸੁੱਟਣ ਅਤੇ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਗ਼ੈਰ-ਸੰਵਿਧਾਨਕ ਹੈ। ਉਨ੍ਹਾਂ ਕਿ ਐੱਸ ਕੇ ਐਮ ਇਸ ਦਾ ਜਵਾਬ ਦੇਵੇਗਾ ਅਤੇ 21 ਮਈ ਨੂੰ ਰੱਖੀ ਮੀਟਿੰਗ ਵਿਚ ਅਗਲੇ ਸੰਘਰਸ਼ ਦਾ ਬਿਗਲ ਵਜਾਇਆ ਜਾਵੇਗਾ। ਕਿਸਾਨਾਂ ਨੇ ਤੇਲ ਦੀਆਂ ਕੀਮਤਾਂ ਦੇ ਵਾਧੇ ਦੀ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਕੋਲੋਂ ਸਹਿਕਾਰੀ ਸਭਾਵਾਂ ਦੇ ਮੈਂਬਰ ਕਿਸਾਨਾਂ ਦੇ ਵਧੇ ਹੋਏ ਫ਼ਸਲੀ ਹੱਦ ਕਰਜ਼ੇ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ। ਇਸ ਮੌਕੇ ਸੁਰਿੰਦਰ ਸਿੰਘ ਸ਼ਿੰਦਾ ਬਨੂੜ, ਜਸਵਿੰਦਰ ਸਿੰਘ ਕੰਡਾਲਾ, ਜਸਮੇਰ ਸਿੰਘ ਦੁਰਾਲੀ, ਸ਼ੇਰ ਸਿੰਘ ਦੈੜੀ, ਜੀਤ ਸਿੰਘ ਮਾਣਕਪੁਰ, ਗੁਰਵਿੰਦਰ ਸਿੰਘ ਸਿਆਊ, ਤੇਜਿੰਦਰ ਸਿੰਘ ਚਾਉਮਾਜਰਾ, ਕੁਲਵੰਤ ਸਿੰਘ ਚਿੱਲਾ ਤੇ ਅਮਰਜੀਤ ਸਿੰਘ ਸੁੱਖਗੜ ਹਾਜ਼ਰ ਸਨ।



### ਸਿੱਖ ਭਾਈਚਾਰੇ ਲਈ ਵੱਡੀ ਖ਼ਬਰ

# ਸਿੱਕਮ 'ਚ 1 ਜੂਨ ਤੋਂ ਲਾਗੂ ਹੋਵੇਗਾ 'ਅਨੰਦ ਕਾਰਜ ਐਕਟ', ਜਾਰੀ ਕੀਤਾ ਨੋਟੀਫਿਕੇਸ਼ਨ



ਨਵੀਂ ਦਿੱਲੀ: ਸਿੱਖ ਜੋੜਿਆਂ ਨੂੰ ਆਪਣੇ ਰਵਾਇਤੀ ਵਿਆਹ (ਅਨੰਦ ਕਾਰਜ) ਨੂੰ ਵਿਸ਼ੇਸ਼ ਕਾਨੂੰਨੀ ਢਾਂਚੇ ਤਹਿਤ ਰਜਿਸਟਰਡ ਕਰਨ ਦੀ ਇਜਾਜ਼ਤ ਦੇਣ ਵਾਲਾ ਅਨੰਦ ਕਾਰਜ ਐਕਟ ਸਿੱਕਮ 'ਚ ਪਹਿਲੀ ਜੂਨ ਤੋਂ ਲਾਗੂ ਹੋਵੇਗਾ। ਅਜਿਹਾ ਸੁਪਰੀਮ ਕੋਰਟ ਦੇ ਨਿਰਦੇਸ਼ ਤੋਂ ਬਾਅਦ ਸੰਭਵ ਹੋਇਆ ਹੈ। ਪੂਰਬ ਉੱਤਰ ਸੂਬੇ ਸਿੱਕਮ 'ਚ ਹੁਣ ਤੱਕ ਸਿੱਖ ਆਪਣਾ ਵਿਆਹ ਹਿੰਦੂ ਵਿਆਹ ਐਕਟ, 1955 ਤਹਿਤ ਰਜਿਸਟਰਡ ਕਰਦੇ ਰਹੇ ਹਨ। ਪਰ ਹੁਣ ਅਨੰਦ ਕਾਰਜ ਐਕਟ ਸਿੱਕਮ 'ਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਅਨੰਦ ਕਾਰਜ ਤਹਿਤ ਹੋਏ ਵਿਆਹ ਸਿੱਧਾ ਰਜਿਸਟਰਡ ਕਰਨ ਦੀ ਇਜਾਜ਼ਤ ਦੇਵੇਗਾ।

ਸਤੰਬਰ 2025 'ਚ ਸੁਪਰੀਮ ਕੋਰਟ ਦੇ ਇਕ ਫ਼ੈਸਲੇ ਨਾਲ ਤੇਜ਼ੀ ਨਾਲ ਨਾਲ 1909 ਦੇ ਇਸ ਕਾਨੂੰਨ 'ਤੇ ਅਮਲ ਸ਼ੁਰੂ ਹੋਇਆ ਹੈ। 14 ਮਈ ਨੂੰ ਜਾਰੀ ਕੇਂਦਰੀ ਕਾਨੂੰਨ ਮੰਤਰਾਲੇ ਦੇ ਨੋਟੀਫਿਕੇਸ਼ਨ ਮੁਤਾਬਕ ਕੇਂਦਰ ਸਰਕਾਰ ਵੱਲੋਂ 1 ਜੂਨ 2026 ਅਨੰਦ ਵਿਆਹ ਐਕਟ 1909 ਦੀਆਂ ਮੱਦਾਂ ਸਿੱਕਮ ਸੂਬੇ 'ਚ ਲਾਗੂ ਕਰਨ ਦੀ ਤਰੀਕ ਦੇ ਰੂਪ 'ਚ ਤੈਅ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ 2012 'ਚ ਕਾਨੂੰਨ 'ਚ ਇਕ ਸੋਧ ਨੇ ਅਨੰਦ ਕਾਰਜ ਐਕਟ, 1909 ਤਹਿਤ ਵਿਆਹਾਂ ਨੂੰ ਰਜਿਸਟਰਡ ਕਰਨ ਲਈ ਸੂਬਾ ਪੱਧਰ ਦੇ ਤੰਤਰ ਪੇਸ਼ ਕੀਤਾ। ਸਿੱਕਮ ਸਮੇਤ ਕਈ ਸੂਬਿਆਂ ਨੇ ਨਿਯਮ ਨਹੀਂ ਬਣਾਏ ਸਨ।

# ਭਾਜਪਾ ਆਗੂ ਵੱਲੋਂ ਮੁੱਖ ਮੰਤਰੀ ਨੂੰ ਪੱਤਰ; ਘੱਟ ਰਹੀ ਸਿੱਖ ਆਬਾਦੀ ਨੂੰ ਰੋਕਣ ਲਈ ਵਿੱਤੀ ਪ੍ਰੋਤਸਾਹਨ ਦੇਣ ਦਾ ਸੁਝਾਅ

ਅੰਮ੍ਰਿਤਸਰ : ਪੰਜਾਬ ਵਿੱਚ ਘੱਟ ਰਹੀ ਸਿੱਖ ਆਬਾਦੀ ਦੇ ਮੱਦੇਨਜ਼ਰ, ਸਿੱਖ ਜਨਸੰਖਿਆ ਨੂੰ ਵਧਾਉਣ ਲਈ ਸਰਕਾਰੀ ਪ੍ਰੋਤਸਾਹਨ ਦੇਣ ਦੀ ਮੰਗ ਉੱਭਰੀ ਹੈ। ਇਸ ਸਬੰਧ ਵਿੱਚ ਅੱਜ ਭਾਜਪਾ ਆਗੂ ਅਤੇ ਸਾਬਕਾ ਆਈ ਏ ਐੱਸ (IAS) ਅਧਿਕਾਰੀ ਡਾ. ਜਗਮੋਹਨ ਸਿੰਘ ਰਾਜੂ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਨੂੰ ਇੱਕ ਪੱਤਰ ਭੇਜਿਆ ਗਿਆ ਹੈ। ਇਸ ਪੱਤਰ ਵਿੱਚ ਭਾਜਪਾ ਆਗੂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਹਾਲ ਹੀ ਵਿੱਚ ਇਸ ਸਬੰਧੀ ਐਲਾਨੇ ਗਏ ਇੱਕ ਮਾਡਲ ਦਾ ਹਵਾਲਾ ਦਿੱਤਾ ਹੈ, ਜਿਸ ਵਿੱਚ ਤੀਜੇ ਬੱਚੇ ਦੇ ਜਨਮ 'ਤੇ 30 ਹਜ਼ਾਰ ਰੁਪਏ ਅਤੇ ਚੌਥੇ ਬੱਚੇ ਲਈ 40 ਹਜ਼ਾਰ ਰੁਪਏ ਸਰਕਾਰ ਵੱਲੋਂ ਬਤੌਰ ਪ੍ਰੋਤਸਾਹਨ ਦੇਣ ਦੀ ਗੱਲ ਆਖੀ ਗਈ ਹੈ।



ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਪੰਜਾਬ ਵਿੱਚ ਸਿੱਖਾਂ ਦੀ ਘੱਟ ਰਹੀ ਆਬਾਦੀ ਦਾ ਹਵਾਲਾ ਦਿੰਦਿਆਂ, ਇਸੇ ਤਰ੍ਹਾਂ ਦਾ ਮਾਡਲ ਪੰਜਾਬ ਵਿੱਚ ਵੀ ਲਾਗੂ ਕਰਨ ਦਾ ਸੁਝਾਅ ਦਿੱਤਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਇਸ ਮਾਮਲੇ ਵਿੱਚ ਵਿੱਤੀ ਪ੍ਰੋਤਸਾਹਨ ਲਾਗੂ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜੋ ਨੌਜਵਾਨ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਮਿਲ ਸਕੇ ਅਤੇ ਸਿੱਖ ਜਨਸੰਖਿਆ ਵਿੱਚ ਆ ਰਹੀ ਗਿਰਾਵਟ ਨੂੰ ਰੋਕਿਆ ਜਾ ਸਕੇ।

ਉਨ੍ਹਾਂ ਆਖਿਆ ਕਿ ਸਿੱਖ ਕੌਮ ਭਾਰਤ ਵਿੱਚ ਸੰਵਿਧਾਨਕ ਤੌਰ 'ਤੇ ਮਾਨਤਾ ਪ੍ਰਾਪਤ ਘੱਟ ਗਿਣਤੀ ਕੌਮ ਹੈ। ਐੱਨ ਐੱਫ ਐੱਚ ਐੱਸ (NFHS) ਦੇ ਅੰਕੜਿਆਂ ਅਨੁਸਾਰ, ਸਿੱਖਾਂ ਦੀ ਜਨਮ ਦਰ ਦੇਸ਼ ਦੇ ਮੁੱਖ ਭਾਈਚਾਰਿਆਂ ਵਿੱਚੋਂ ਸਭ ਤੋਂ ਘੱਟ ਹੈ। ਇਸ ਕਾਰਨ ਸਿੱਖ ਆਬਾਦੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ, ਜੋ ਕਿ ਬੇਹੱਦ ਚਿੰਤਾਜਨਕ ਹੈ।

ਉਨ੍ਹਾਂ ਦੱਸਿਆ ਕਿ ਪੰਜਾਬ ਦੀ ਕੁੱਲ ਆਬਾਦੀ ਵਿੱਚ ਸਿੱਖਾਂ ਦਾ ਹਿੱਸਾ ਸਾਲ 1991 ਵਿੱਚ 62.95 ਫੀਸਦੀ ਸੀ, ਜੋ ਘੱਟ ਕੇ ਸਾਲ 2011 ਦੀ ਮਰਦਮਸ਼ੁਮਾਰੀ ਵਿੱਚ 57.69 ਫੀਸਦੀ ਰਹਿ ਗਿਆ ਹੈ। ਉਨ੍ਹਾਂ ਆਖਿਆ ਕਿ ਇਹ ਅੰਕੜੇ ਇਸ ਗੱਲ ਦਾ ਸੰਕੇਤ ਹਨ ਕਿ ਇਹ ਰੁਝਾਨ ਅਜੇ ਵੀ ਜਾਰੀ ਹੈ। ਸਿੱਖ ਆਬਾਦੀ ਵਿੱਚ ਲਗਾਤਾਰ ਆ ਰਹੀ ਇਹ ਗਿਰਾਵਟ ਪੰਜਾਬ ਵਿੱਚ ਸਿੱਖ ਕੌਮ ਦੇ ਸਮਾਜਿਕ ਅਤੇ ਸੱਭਿਆਚਾਰਕ ਭਵਿੱਖ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਸਿੱਖਾਂ ਦੀ ਆਬਾਦੀ ਵਿੱਚ ਵਾਧੇ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਸੁਝਾਅ ਦਿੱਤਾ ਹੈ ਕਿ ਪੰਜਾਬ ਸਰਕਾਰ ਨੂੰ ਆਂਧਰਾ ਪ੍ਰਦੇਸ਼ ਸਰਕਾਰ ਵੱਲੋਂ ਹਾਲ ਹੀ ਵਿੱਚ ਐਲਾਨੇ ਗਏ ਮਾਡਲ ਦੇ ਤਹਿਤ ਪੰਜਾਬ ਵਿੱਚ ਤੀਜੇ ਬੱਚੇ ਲਈ 30 ਹਜ਼ਾਰ ਰੁਪਏ ਅਤੇ ਚੌਥੇ ਬੱਚੇ ਲਈ 40 ਹਜ਼ਾਰ ਰੁਪਏ ਦੇ ਵਿੱਤੀ ਪ੍ਰੋਤਸਾਹਨ ਨੂੰ ਲਾਗੂ ਕਰਨ ਬਾਰੇ ਗੰਭੀਰਤਾ ਨਾਲ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਿੱਖ ਕੌਮ ਇੱਕ ਦੇਸ਼ ਭਗਤ ਕੌਮ ਹੈ, ਜਿਸ ਨੇ ਭਾਰਤ ਦੀ ਆਜ਼ਾਦੀ, ਰੱਖਿਆ, ਖੇਤੀਬਾੜੀ ਅਤੇ ਰਾਸ਼ਟਰੀ ਵਿਕਾਸ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਅਜਿਹਾ ਫੈਸਲਾ ਸਿੱਖ ਕੌਮ ਦੀ ਘਟ ਰਹੀ ਆਬਾਦੀ ਨੂੰ ਰੋਕਣ ਵਿੱਚ ਬਹੁਤ ਮਦਦਗਾਰ ਸਾਬਤ ਹੋਵੇਗਾ।

# ਐਮਬੀਬੀਐਸ ਦੇ ਵਿਦਿਆਰਥੀ ਦਾ ਪੀਜੀ 'ਚ ਬੇਰਹਿਮੀ ਨਾਲ ਕਤਲ

ਪਟਿਆਲਾ : ਸਰਕਾਰੀ ਮੈਡੀਕਲ ਕਾਲਜ 'ਚ ਐਮ.ਬੀ.ਬੀ.ਐਸ. ਦੀ 2022 ਬੈਚ ਦੇ ਇਕ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ. ਮ੍ਰਿਤਕ ਕਮਲ ਵਾਸੀ ਜ਼ਿਲ੍ਹਾ ਮਾਨਸਾ ਦੀ ਲਾਸ਼ ਨਿਊ ਲਾਲ ਬਾਗ ਕਾਲੋਨੀ ਦੇ ਪੀਜੀ 'ਚੋਂ ਖ਼ੂਨ ਨਾਲ ਲੱਥਪੱਥ ਹੋਈ ਮਿਲੀ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਪਟਿਆਲਾ ਪੁਲਿਸ ਦੀਆਂ ਟੀਮਾਂ ਨੇ ਪਹੁੰਚ ਕੇ ਘਟਨਾ ਸਥਾਨ ਦਾ ਜਾਇਜ਼ਾ ਲੈਣ ਉਪਰੰਤ ਮ੍ਰਿਤਕਦੇਹ ਨੂੰ ਪੋਸਟਮਾਰਟਮ ਲਈ ਰਾਜਿੰਦਰਾ ਹਸਪਤਾਲ ਪਹੁੰਚਾਇਆ। ਪੁਲਿਸ ਵਲੋਂ ਆਲੇ ਦੁਆਲੇ ਸੀਸੀਟੀਵੀ ਕੈਮਰੇ ਦੇਖੇ ਜਾ ਰਹੇ ਹਨ ਤੇ ਮ੍ਰਿਤਕ ਦੀਆਂ ਫ਼ੋਨ ਕਾਲਾਂ ਦੀ ਵੀ ਪੁਲਿਸ ਵਲੋਂ ਛਾਣਬੀਣ ਕੀਤੀ ਜਾ ਰਹੀ ਹੈ। ਇਸ ਮਾਮਲੇ 'ਚ ਪੁਲਿਸ ਵਲੋਂ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਪਰ ਇਸ ਸੰਬੰਧੀ ਕਿਸੇ ਨੇ ਪੁਸ਼ਟੀ ਨਹੀਂ ਕੀਤੀ।



# ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਬਣਾਉਣ ਲਈ ਅੱਗੇ ਆਈ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਸ

### ਹੜ੍ਹਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਬਚਾਉਣ ਲਈ ਸ਼ੁਰੂ ਕੀਤਾ ਵੱਡਾ ਸੇਵਾ ਅਭਿਆਨ

ਫਿਰੋਜ਼ਪੁਰ: ਸੰਯੁਕਤ ਰਾਸ਼ਟਰ (UN) ਨਾਲ ਸੰਬੰਧਿਤ ਸਮਾਜ ਸੇਵੀ ਸੰਸਥਾ ਯੂਨਾਈਟਡ ਸਿੱਖਸ ਵੱਲੋਂ ਸਤਲੁਜ ਦਰਿਆ ਵਿੱਚ ਆਉਣ ਵਾਲੀਆਂ ਹੜ੍ਹਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਬਚਾਉਣ ਲਈ ਇੱਕ ਵੱਡਾ ਸੇਵਾ ਅਭਿਆਨ ਸ਼ੁਰੂ ਕੀਤਾ ਗਿਆ ਹੈ। ਸੰਸਥਾ ਨੇ ਦਰਿਆ ਦੇ ਕਮਜ਼ੋਰ ਅਤੇ ਸੰਵੇਦਨਸ਼ੀਲ ਕਿਨਾਰਿਆਂ 'ਤੇ ਮਜ਼ਬੂਤ ਬੰਨ੍ਹ ਤਿਆਰ ਕਰਨ ਦਾ ਫੈਸਲਾ ਕੀਤਾ ਹੈ, ਤਾਂ ਜੋ ਬਰਸਾਤ ਦੇ ਮੌਸਮ ਦੌਰਾਨ ਹੜ੍ਹਾਂ ਦਾ ਪਾਣੀ ਪਿੰਡਾਂ ਅਤੇ ਖੇਤਾਂ ਵਿੱਚ ਦਾਖਲ ਨਾ ਹੋ ਸਕੇ।



ਯੂਨਾਈਟਡ ਸਿੱਖਸ ਫਿਰੋਜ਼ਪੁਰ ਦੇ ਇੰਚਾਰਜ ਸ੍ਰੀ ਜਗਮੀਤ ਸਿੰਘ ਨੇ ਦੱਸਿਆ ਕਿ ਇਲਾਕੇ ਦੇ ਲੋਕ ਕਈ ਸਾਲਾਂ ਤੋਂ ਹੜ੍ਹਾਂ ਦੀ ਸਮੱਸਿਆ ਨਾਲ ਜੂਝ ਰਹੇ ਹਨ, ਪਰ ਅਜੇ ਤੱਕ ਇਸਦਾ ਕੋਈ ਪੱਕਾ ਹੱਲ ਨਹੀਂ ਨਿਕਲਿਆ ਸੀ। ਇਸੇ ਨੂੰ ਧਿਆਨ ਵਿੱਚ ਰੱਖਦਿਆਂ ਯੂਨਾਈਟਡ ਸਿੱਖਸ ਨੇ ਮਨੁੱਖਤਾ ਅਤੇ ਸੇਵਾ ਦੀ ਭਾਵਨਾ ਨਾਲ ਇਸ ਮਹੱਤਵਪੂਰਨ ਕੰਮ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ।

ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਸਥਾਨਕ ਸੰਗਤ, ਸੇਵਾਦਾਰਾਂ ਅਤੇ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਚਲਾਇਆ ਜਾਵੇਗਾ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਨੂੰ ਹੋਰ ਵੱਡੇ ਪੱਧਰ 'ਤੇ ਲਿਜਾਇਆ ਜਾਵੇਗਾ।

ਉਨ੍ਹਾਂ ਜਾਣਕਾਰੀ ਦਿੱਤੀ ਕਿ ਬਸਤੀ ਰਾਮ ਲਾਲ ਪਿੰਡ ਨੇੜੇ ਸਤਲੁਜ ਦਰਿਆ ਕਿਨਾਰੇ ਮਜ਼ਬੂਤ ਬੰਨ੍ਹ ਤਿਆਰ ਕੀਤੇ ਜਾਣਗੇ, ਜਿਸ ਨਾਲ ਆਸ-ਪਾਸ ਦੇ ਪਿੰਡਾਂ ਨੂੰ ਕਾਫੀ ਰਾਹਤ ਮਿਲਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਇਹ ਸੇਵਾ ਅਭਿਆਨ ਸਿਰਫ ਲੋਕਾਂ ਅਤੇ ਕਿਸਾਨਾਂ ਦੀ ਸੁਰੱਖਿਆ ਤੱਕ ਸੀਮਿਤ ਨਹੀਂ, ਸਗੋਂ ਇਸਦਾ ਮਕਸਦ ਮਨੁੱਖਤਾ, ਏਕਤਾ ਅਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦੇਣਾ ਵੀ ਹੈ।

ਸ੍ਰੀ ਜਗਮੀਤ ਸਿੰਘ ਨੇ ਹੋਰ ਦੱਸਿਆ ਕਿ ਬਸਤੀ ਰਾਮ ਲਾਲ ਪਿੰਡ ਵਿੱਚ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਸਮਾਜ ਸੇਵੀ, ਪ੍ਰਮੁੱਖ ਸ਼ਖ਼ਸੀਅਤਾਂ, ਰਾਜਨੀਤਿਕ ਪ੍ਰਤੀਨਿਧੀਆਂ ਅਤੇ ਧਾਰਮਿਕ ਸੰਤ ਸ਼ਾਮਲ ਹੋਣਗੇ। ਇਸ ਮੌਕੇ ਪਿੰਡ ਦੇ ਸਰਪੰਚ ਸ੍ਰੀ ਜਸਮੇਲ ਸਿੰਘ, ਸ੍ਰੀ ਦਲਜਿੰਦਰ ਸਿੰਘ ਮੰਗਾ ਸਮੇਤ ਕਈ ਮਾਣਯੋਗ ਹਸਤੀਆਂ ਵੀ ਮੌਜੂਦ ਰਹਿਣਗੀਆਂ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮਨੁੱਖਤਾ ਭਰੇ ਸੇਵਾ ਅਭਿਆਨ ਦਾ ਹਿੱਸਾ ਬਣਨ ਤਾਂ ਜੋ ਭਵਿੱਖ ਵਿੱਚ ਹੜ੍ਹਾਂ ਵਰਗੀਆਂ ਆਫ਼ਤਾਂ ਤੋਂ ਪਿੰਡਾਂ ਅਤੇ ਕਿਸਾਨਾਂ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਯੂਨਾਈਟਡ ਸਿੱਖਸ ਦੇ ਸ੍ਰੀ ਅੰਮ੍ਰਿਤਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੰਸਥਾ ਵੱਲੋਂ ਲਗਭਗ 3 ਕਿਲੋਮੀਟਰ ਖੇਤਰ ਵਿੱਚ ਬੰਨ੍ਹ ਬਣਾਉਣ ਦਾ ਕੰਮ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰਾ ਕੰਮ ਸ੍ਰੀ ਜਗਮੀਤ ਸਿੰਘ ਦੀ ਯੋਗ ਅਗਵਾਈ ਅਤੇ ਨੇਤ੍ਰਿਤਵ ਹੇਠ ਕੀਤਾ ਜਾ ਰਿਹਾ ਹੈ।

ਸ੍ਰੀ ਜਗਮੀਤ ਸਿੰਘ ਨੇ ਕਿਹਾ ਕਿ ਇਸ ਨੇਕ ਕਾਰਜ ਲਈ ਲਗਭਗ ਸਾਰੇ ਰਾਜਨੀਤਿਕ ਦਲਾਂ ਦੇ ਆਗੂ ਇਕੱਠੇ ਹੋਏ ਅਤੇ ਉਨ੍ਹਾਂ ਨੇ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਇਸ ਸੇਵਾ ਅਭਿਆਨ ਨੂੰ ਸਫਲ ਬਣਾਉਣ ਵਿੱਚ ਸਹਿਯੋਗ ਦੇਣ ਵਾਲਿਆਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਰਾਣਾ ਗੁਰਮੀਤ ਸਿੰਘ ਸੋਢੀ, ਭਾਰਤੀ ਰਾਸ਼ਟਰੀ ਕਾਂਗਰਸ ਦੇ ਸੰਸਦ ਮੈਂਬਰ ਸ੍ਰੀ ਸ਼ੇਰ ਸਿੰਘ ਘੁਬਾਇਆ, ਸਾਬਕਾ ਵਿਧਾਇਕ ਸ੍ਰੀ ਪਰਮਿੰਦਰ ਸਿੰਘ ਪਿੰਕੀ, ਸ੍ਰੀ ਰਵਿੰਦਰ ਸਿੰਘ ਔਲਖ, ਸ੍ਰੀ ਸੁਖਪਾਲ ਸਿੰਘ ਨੰਨੂ ਅਤੇ ਜਲਾਲਾਬਾਦ ਤੋਂ ਸਾਬਕਾ ਵਿਧਾਇਕ ਸ੍ਰੀ ਰਾਮਿੰਦਰ ਸਿੰਘ ਆਮਲਾ ਸਮੇਤ ਕਈ ਮਾਣਯੋਗ ਸ਼ਖ਼ਸੀਅਤਾਂ ਹਾਜ਼ਰ ਸਨ।

# ਬਹਿਬਲ ਕਲਾਂ ਪੁਲਿਸ ਗੋਲੀਬਾਰੀ ਪੀੜਤ ਦੇ ਪੁੱਤਰ ਵੱਲੋਂ ਬੇਅਦਬੀ ਵਿਰੋਧੀ ਬਿੱਲ ਦੀ ਹਮਾਇਤ

### ਬਹਿਬਲ ਕਲਾਂ ਇਨਸਾਫ਼ ਮੋਰਚਾ : ਵਿਰੋਧ ਕਰਨ ਤੋਂ ਪਹਿਲਾਂ ਦਸਤਾਵੇਜ਼ ਪੜ੍ਹਨ ਦੀ ਅਪੀਲ; ਖਾਮੀਆਂ ਬਾਰੇ ਸਰਕਾਰ ਨਾਲ ਗੱਲਬਾਤ ਕਰਨ 'ਤੇ ਜ਼ੋਰ

ਫਰੀਦਕੋਟ : ਬਹਿਬਲ ਕਲਾਂ ਇਨਸਾਫ਼ ਮੋਰਚੇ ਵਿਚ ਸ਼ਾਮਲ ਅਤੇ 2015 ਪੁਲੀਸ ਗੋਲੀਬਾਰੀ ਦੇ ਪੀੜਤ ਭਾਈ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਨਵੇਂ ਬੇਅਦਬੀ ਵਿਰੋਧੀ ਬਿੱਲ ਦੇ ਸਮਰਥਨ ਵਿੱਚ ਅੱਗੇ ਆਏ ਹਨ।



ਇਸ ਸਬੰਧੀ ਗੱਲਬਾਤ ਕਰਦਿਆਂ ਨਿਆਮੀਵਾਲਾ ਨੇ ਕਿਹਾ ਕਿ ਬਿੱਲ ਦੇ ਤੱਥਾਂ ਨੂੰ ਚੰਗੀ ਤਰ੍ਹਾਂ ਪੜ੍ਹੇ ਜਾਂ ਸਮਝੇ ਬਿਨਾਂ ਇਸ ਨੂੰ ਸਿੱਧੇ ਤੌਰ 'ਤੇ ਰੱਦ ਕਰਨਾ ਬਿਲਕੁਲ ਗਲਤ ਹੈ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੌਜੂਦਾ ਪੰਜਾਬ ਸਰਕਾਰ ਨੇ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਕੀਤੇ ਵਾਅਦੇ ਨੂੰ ਪੂਰਾ ਕਰਨ ਵੱਲ ਇੱਕ ਵੱਡਾ ਅਤੇ ਅਹਿਮ ਕਦਮ ਚੁੱਕਿਆ ਹੈ। ਨਿਆਮੀਵਾਲਾ ਨੇ ਵਿਰੋਧੀ ਧਿਰਾਂ ਨੂੰ ਅਪੀਲ ਕੀਤੀ ਕਿ ਉਹ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਨਕਾਰਨ ਦੀ ਬਜਾਏ ਇੱਕ ਸਹਿਯੋਗਾਤਮਕ ਪਹੁੰਚ ਅਪਣਾਉਣ। ਉਨ੍ਹਾਂ ਕਿਹਾ ਕਿ ਜੇਕਰ ਇਸ ਬਿੱਲ ਵਿੱਚ ਕੋਈ ਕਮੀਆਂ ਜਾਂ ਚਿੰਤਾ ਵਾਲੇ ਖੇਤਰ ਹਨ ਤਾਂ ਸਬੰਧਤ ਧਿਰਾਂ ਨੂੰ ਉਨ੍ਹਾਂ ਨੂੰ ਦੂਰ ਕਰਨ ਲਈ ਸਰਕਾਰ ਨਾਲ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਬਿੱਲ ਦੇ ਮੁੱਖ ਮਕਸਦ ਦਾ ਸਮਰਥਨ ਕਰਦੇ ਹੋਏ, ਉਨ੍ਹਾਂ ਨੇ ਸੁਝਾਅ ਦਿੱਤਾ ਕਿ ਪੰਜਾਬ ਸਰਕਾਰ ਨੂੰ ਵੀ ਇਸ ਮਾਮਲੇ ਵਿੱਚ ਲਚਕੀਲਾ ਰੁਖ਼ ਰੱਖਣਾ ਚਾਹੀਦਾ ਹੈ। ਜੇਕਰ ਕੁਝ ਧਾਰਾਵਾਂ ਵਿੱਚ ਸੁਧਾਰ ਜਾਂ ਹੋਰ ਸਪਸ਼ਟਤਾ ਦੀ ਲੋੜ ਹੈ ਤਾਂ ਸਰਕਾਰ ਨੂੰ ਇਸ ਕਾਨੂੰਨ ਨੂੰ ਪੂਰੀ ਤਰ੍ਹਾਂ ਨੁਕਸ ਰਹਿਤ ਬਣਾਉਣ ਲਈ ਛੋਟੀਆਂ-ਮੋਟੀਆਂ ਸੋਧਾਂ ਕਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਲੰਬੇ ਸਮੇਂ ਤੋਂ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਮਾਮਲਿਆਂ ਵਿੱਚ ਸਖ਼ਤ ਤੋਂ ਸਖ਼ਤ ਸਜ਼ਾ ਦੀ ਮੰਗ ਕਰ ਰਹੇ ਹਨ।

ਇਸ ਖੇਤਰ ਵਿੱਚ ਸਾਲ 2015 ਦੇ ਬੁਰਜ ਜਵਾਹਰ ਸਿੰਘ ਵਾਲਾ ਅਤੇ ਬਰਗਾੜੀ ਕਾਂਡ ਤੋਂ ਬਾਅਦ ਬੇਅਦਬੀ ਦਾ ਮੁੱਦਾ ਸੰਵੇਦਨਸ਼ੀਲ ਬਣਿਆ ਹੋਇਆ ਹੈ। ਇਨ੍ਹਾਂ ਘਟਨਾਵਾਂ ਦੇ ਵਿਰੋਧ ਵਿੱਚ ਬਹਿਬਲ ਕਲਾਂ ਵਿਚ ਸ਼ਾਂਤਮਈ ਪ੍ਰਦਰਸ਼ਨਾਂ ਦੌਰਾਨ ਸੁਖਰਾਜ ਸਿੰਘ ਦੇ ਪਿਤਾ ਦੀ ਮੌਤ ਹੋ ਗਈ ਸੀ।

ਕੁਝ ਹਲਕਿਆਂ ਵੱਲੋਂ ਨਵੇਂ ਪਾਸ ਕੀਤੇ ਗਏ ਬਿੱਲ 'ਤੇ ਕਾਨੂੰਨੀ ਜਾਂ ਪ੍ਰਸ਼ਾਸਨਿਕ ਸਵਾਲ ਚੁੱਕੇ ਜਾ ਰਹੇ ਹਨ, ਉੱਥੇ ਹੀ ਨਿਆਮੀਵਾਲਾ ਨੇ ਦਾਅਵਾ ਕੀਤਾ ਕਿ ਪੀੜਤ ਪਰਿਵਾਰ ਅਤੇ ਮੁੱਖ ਕਾਰਕੁਨ ਇਸ ਵਿਧਾਨਕ ਯਤਨ ਨੂੰ ਪੂਰੀ ਤਰ੍ਹਾਂ ਰੱਦ ਕਰਨ ਦੀ ਬਜਾਏ ਉਸਾਰੂ ਫੀਡਬੈਕ ਰਾਹੀਂ ਕਾਨੂੰਨ ਨੂੰ ਹੋਰ ਮਜ਼ਬੂਤ ਕਰਨ ਦੇ ਪੱਖ ਵਿੱਚ ਹਨ।

# ਬਾਣੀ ਵਿਚਾਰ ਚੇਤਨਾ ਮੰਚ ਵੱਲੋਂ ਗੁਰੂ ਰਵਿਦਾਸ ਬਾਰੇ ਸੈਮੀਨਾਰ




ਪਟਿਆਲਾ : 'ਬਾਣੀ ਵਿਚਾਰ ਚੇਤਨਾ ਮੰਚ ਪੰਜਾਬ' ਵੱਲੋਂ ਗੁਰੂ ਰਵਿਦਾਸ ਦੇ 650ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੈਮੀਨਾਰ ਕਰਵਾਉਣ ਦੀ ਸ਼ੁਰੂ ਕੀਤੀ ਲੜੀ ਤਹਿਤ ਤੀਜਾ ਸੈਮੀਨਾਰ ਸੰਸਥਾ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਦੀ ਅਗਵਾਈ ਹੇਠ ਪੰਜਾਬੀ ਯੂਨੀਵਰਸਿਟੀ ਵਿਚਲੇ 'ਵਰਲਡ ਪੰਜਾਬੀ ਸੈਂਟਰ' ਵਿੱਚ ਕਰਵਾਇਆ ਗਿਆ। ਇਸ ਦੌਰਾਨ ਗੁਰਨਾਮ ਸਿੰਘ ਅਕੀਦਾ ਵੱਲੋਂ ਗੁਰੂ ਰਵਿਦਾਸ ਜੀ ਬਾਰੇ ਲਿਖਿਆ ਨਾਟਕ 'ਨੀਚਿਹ ਊਚ ਕਰੇ ਮੇਰਾ ਗੋਬਿੰਦ.." ਵੀ ਰਿਲੀਜ਼ ਕੀਤਾ ਗਿਆ। ਇਸ ਦੇ ਮੰਚਨ ਲਈ ਥੀਏਟਰ ਡਾਇਰੈਕਟਰ ਡਾ. ਲੱਖਾ ਲਹਿਰੀ ਨੂੰ ਦੋ ਕਾਪੀਆਂ ਭੇਟ ਕੀਤੀਆਂ ਗਈਆਂ।

ਪਰਮਿੰਦਰ ਸਿੰਘ ਰਾਏਪੁਰ ਨੇ ਸੈਮੀਨਾਰ ਦੇ ਕੋਆਰਡੀਨੇਟਰ ਵਜੋਂ ਸੇਵਾ ਨਿਭਾਈ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ. ਰੰਜੂ ਬਾਲਾ ਨੇ ਕਿਹਾ ਕਿ ਜਦੋਂ ਗੁਰੂ ਰਵਿਦਾਸ ਜੀ ਦਾ ਜਨਮ ਹੋਇਆ, ਉਦੋਂ ਸਮਾਂ ਬੜਾ ਭਿਆਨਕ ਸੀ। ਵਿਤਕਰੇਬਾਜ਼ੀ ਦਾ ਰੁਝਾਨ ਸਿਖ਼ਰਾਂ 'ਤੇ ਸੀ। ਉਸ ਵੇਲੇ ਗੁਰੂ ਰਵਿਦਾਸ ਵੱਲੋਂ ਦਬੇ-ਕੁਚਲੇ ਲੋਕਾਂ ਦੇ ਪੱਖ ਵਿਚ ਆਵਾਜ਼ ਬੁਲੰਦ ਕੀਤੀ ਗਈ। ਇਸੇ ਨੂੰ ਗੁਰੂ ਨਾਨਕ ਦੇਵ ਜੀ ਨੇ ਅੱਗੇ ਤੋਰਿਆ ਤੇ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਵਿਦਾਸ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਕੇ ਮਾਨਤਾ ਦਿੱਤੀ। ਉਨ੍ਹਾਂ ਨਾਲ ਹੀ ਕਿਹਾ ਕਿ ਜ਼ੁਲਮ, ਅਤਿਆਚਾਰ ਅਤੇ ਵਿਤਕਰੇ ਭਰੀਆਂ ਕਾਰਵਾਈਆਂ ਦੇ ਖਿਲਾਫ਼ ਜੱਦੋਜਹਿਦ ਕਰਦਿਆਂ ਗੁਰੂ ਗੋਬਿੰਦ ਸਿੰਘ ਨੇ ਆਪਣਾ ਪਰਿਵਾਰ ਤੱਕ ਵਾਰ ਦਿੱਤਾ। ਸਵਾਗਤੀ ਭਾਸ਼ਣ 'ਚ ਵਰਲਡ ਪੰਜਾਬੀ ਸੈਂਟਰ ਦੇ ਡਾਇਰੈਕਟਰ ਡਾ. ਭੀਮਇੰਦਰ ਸਿੰਘ ਨੇ ਕਿਹਾ ਕਿ ਦੁਨੀਆ ਵਿੱਚ ਆ ਰਹੇ ਸੰਕਟ ਨੂੰ ਦੂਰ ਕਰਨ ਲਈ ਗੁਰੂ ਰਵਿਦਾਸ ਦੀ ਬਾਣੀ ਅਤੇ ਉਨ੍ਹਾਂ ਦੀ ਵਿਚਾਰਧਾਰਾ ਪੂਰੀ ਤਰ੍ਹਾਂ ਸਾਰਥਕ ਹੈ, ਜੋ ਪਰਪੱਕ ਰੂਪ ਵਿੱਚ ਦੁਨੀਆ ਨੂੰ ਰਾਹ ਦਿਖਾ ਸਕਦੀ ਹੈ। ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਰਾਜਿੰਦਰਪਾਲ ਬਰਾੜ ਨੇ ਕੁੰਜੀਵਤ ਭਾਸ਼ਣ ਦਿੰਦਿਆਂ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਜੀਵਨ, ਬਾਣੀ ਅਤੇ ਉਨ੍ਹਾਂ ਦੀਆਂ ਸਾਖੀਆਂ ਸ਼ੋਸ਼ਿਤ ਸਮਾਜ ਲਈ ਚਾਨਣ ਮੁਨਾਰਾ ਹਨ। ਮੰਚ ਦੇ ਮੁੱਖ ਸਰਪ੍ਰਸਤ ਬਲਵਿੰਦਰ ਸਿੰਘ ਜਾਤੀਵਾਲ (ਸਾਬਕਾ ਜੀ ਐਮ ਮਿਲਕਫੈੱਡ) ਨੇ ਪ੍ਰਧਾਨਗੀ ਭਾਸ਼ਣ ਦਿੱਤਾ। ਮੰਚ ਸੰਚਾਲਕ ਵਜੋਂ ਗੁਰਨਾਮ ਸਿੰਘ ਅਕੀਦਾ ਨੇ ਜਾਣਕਾਰੀ ਦਿੱਤੀ ਕਿ ਮੰਚ ਵੱਲੋਂ ਅਗਲੇ ਸੈਮੀਨਾਰ ਜੂਨ ਵਿਚ ਮੋਗਾ ਅਤੇ ਚੰਡੀਗੜ੍ਹ ਵਿਚ ਕਰਵਾਏ ਜਾਣਗੇ।

# ਕੇਂਦਰ ਸਰਕਾਰ ਵੱਲੋਂ ਚਾਂਦੀ ਦੀ ਦਰਾਮਦ 'ਤੇ ਸਖ਼ਤ ਪਾਬੰਦੀਆਂ

## ਗੈਰ ਜ਼ਰੂਰੀ ਦਰਾਮਦ ਨੂੰ ਘਟਾਉਣ 'ਤੇ ਜ਼ੋਰ; ਨਿਯਮਾਂ ਵਿਚ ਕੀਤਾ ਬਦਲਾਅ



ਚੰਡੀਗੜ੍ਹ : ਕੇਂਦਰ ਸਰਕਾਰ ਨੇ ਚਾਂਦੀ ਦੀ ਦਰਾਮਦ (ਇੰਪੋਰਟ) ਨੂੰ ਲੈ ਕੇ ਨਵੇਂ ਨਿਯਮ ਲਾਗੂ ਕਰ ਦਿੱਤੇ ਹਨ। ਸਰਕਾਰੀ ਨੋਟੀਫਿਕੇਸ਼ਨ ਮੁਤਾਬਕ ਹੁਣ ਵਿਦੇਸ਼ਾਂ ਤੋਂ ਚਾਂਦੀ ਮੰਗਵਾਉਣ ਦੀ ਪ੍ਰਕਿਰਿਆ ਨੂੰ ਕਾਫ਼ੀ ਸਖ਼ਤ ਕਰ ਦਿੱਤਾ ਗਿਆ ਹੈ ਤਾਂ ਕਿ ਦੇਸ਼ ਦੇ ਅੰਦਰ ਗੈਰ-ਜ਼ਰੂਰੀ ਦਰਾਮਦ ਨੂੰ ਘਟਾਇਆ ਜਾ ਸਕੇ ਅਤੇ ਵਿਦੇਸ਼ੀ ਮੁਦਰਾ ਦੇ ਖਰਚੇ 'ਤੇ ਕਾਬੂ ਪਾਇਆ ਜਾ ਸਕੇ। ਇਸ ਤੋਂ ਪਹਿਲਾਂ ਸਰਕਾਰ ਨੇ 13 ਮਈ ਨੂੰ ਸੋਨੇ ਅਤੇ ਚਾਂਦੀ 'ਤੇ ਲੱਗਣ ਵਾਲੀ ਦਰਾਮਦ ਡਿਊਟੀ (ਟੈਕਸ) ਨੂੰ ਵੀ 6 ਫੀਸਦੀ ਤੋਂ ਵਧਾ ਕੇ ਸਿੱਧਾ 15 ਫੀਸਦੀ ਕਰ ਦਿੱਤਾ ਸੀ।

ਸਰਕਾਰ ਨੇ ਇੱਕ ਨਵੇਂ ਨੋਟੀਫਿਕੇਸ਼ਨ ਰਾਹੀਂ ਚਾਂਦੀ ਦੀਆਂ ਕਈ ਸ਼੍ਰੇਣੀਆਂ ਦੇ ਦਰਾਮਦ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ। ਹੁਣ ਤੱਕ ਚਾਂਦੀ ਦੀ ਦਰਾਮਦ 'ਫਰੀ' (ਮੁਕਤ) ਕੈਟੇਗਰੀ ਵਿੱਚ ਸੀ, ਜਿਸ ਨੂੰ ਹੁਣ ਬਦਲ ਕੇ 'ਰਿਸਟ੍ਰਿਕਟਿਡ' (ਪਾਬੰਦੀਸ਼ੁਦਾ/ਸੀਮਤ) ਕੈਟੇਗਰੀ ਵਿੱਚ ਪਾ ਦਿੱਤਾ ਗਿਆ ਹੈ।

ਨਵੇਂ ਨਿਯਮਾਂ ਤਹਿਤ ਹੁਣ 99.9% ਸ਼ੁੱਧਤਾ ਵਾਲਾ ਸਿਲਵਰ ਬਾਰ (ਚਾਂਦੀ ਦੀਆਂ ਸਿੱਲੀਆਂ), ਬਿਨਾਂ ਸੋਧੀ ਕੱਚੀ ਚਾਂਦੀ, ਚਾਂਦੀ ਦਾ ਪਾਊਡਰ, ਅੱਧ-ਤਿਆਰ ਚਾਂਦੀ ਜਾਂ ਸੋਨੇ-ਪਲੈਟੀਨਮ ਦੀ ਪਰਤ ਚੜ੍ਹੀ ਚਾਂਦੀ ਨੂੰ ਕੋਈ ਵੀ ਕੰਪਨੀ ਜਾਂ ਕਾਰੋਬਾਰੀ ਸਿੱਧੇ ਭਾਰਤ ਨਹੀਂ ਲਿਆ ਸਕੇਗਾ। ਹੁਣ ਚਾਂਦੀ ਦੀ ਦਰਾਮਦ ਕਰਨ ਲਈ ਕੰਪਨੀਆਂ ਨੂੰ ਸਰਕਾਰ ਤੋਂ ਵਿਸ਼ੇਸ਼ ਲਾਇਸੈਂਸ ਲੈਣਾ ਪਵੇਗਾ। ਇਸ ਲਾਇਸੈਂਸ ਤੋਂ ਬਿਨਾਂ ਕਸਟਮ ਕਲੀਅਰੈਂਸ ਨਹੀਂ ਮਿਲੇਗੀ।

ਇਸ ਦੇ ਨਾਲ ਹੀ ਚਾਂਦੀ ਦੀਆਂ ਕੁਝ ਖਾਸ ਸ਼੍ਰੇਣੀਆਂ ਨੂੰ ਰਿਜ਼ਰਵ ਬੈਂਕ ਆਫ਼ ਇੰਡੀਆ ਦੀ ਨਿਗਰਾਨੀ ਦੇ ਘੇਰੇ ਵਿੱਚ ਵੀ ਲਿਆਂਦਾ ਗਿਆ ਹੈ। ਦੇਸ਼ ਵਿੱਚ ਲਗਾਤਾਰ ਵਧ ਰਹੀ ਗੈਰ-ਜ਼ਰੂਰੀ ਦਰਾਮਦ ਕਾਰਨ ਭਾਰਤ ਦੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਬੋਝ ਪੈ ਰਿਹਾ ਸੀ। ਸਰਕਾਰ ਨੇ ਵਿਦੇਸ਼ੀ ਮੁਦਰਾ ਦੇ ਖਰਚੇ ਨੂੰ ਸੰਤੁਲਿਤ ਕਰਨ, ਘਰੇਲੂ ਬਾਜ਼ਾਰ ਨੂੰ ਮਜ਼ਬੂਤ ਕਰਨ ਅਤੇ ਬਿਨਾਂ ਵਜ੍ਹਾ ਬਾਹਰੋਂ ਆਉਣ ਵਾਲੀ ਚਾਂਦੀ ਦੀ ਖੇਪ 'ਤੇ ਲਗਾਮ ਲਗਾਉਣ ਲਈ ਇਹ ਸਖ਼ਤ ਕਦਮ ਚੁੱਕਿਆ ਹੈ।

# ਕਤਲ ਦੇ ਮਾਮਲਿਆਂ 'ਚ ਦੇਸ਼ ਭਰ 'ਚ ਦੂਜੇ ਨੰਬਰ 'ਤੇ ਲੁਧਿਆਣਾ, NCRB ਰਿਪੋਰਟ ਨੇ ਵਧਾਈ ਚਿੰਤਾ




ਲੁਧਿਆਣਾ: ਪੰਜਾਬ ਦੀ ਉਦਯੋਗਿਕ ਰਾਜਧਾਨੀ ਲੁਧਿਆਣਾ ਵਿੱਚ ਵਧ ਰਹੇ ਹਿੰਸਕ ਅਪਰਾਧ ਹੁਣ ਕਾਨੂੰਨ-ਵਿਵਸਥਾ ਲਈ ਵੱਡੀ ਚੁਣੌਤੀ ਬਣਦੇ ਜਾ ਰਹੇ ਹਨ। ਸੜਕ ਹਾਦਸਿਆਂ ਤੋਂ ਬਾਅਦ ਹੁਣ ਕਤਲ ਦੇ ਮਾਮਲਿਆਂ ਵਿੱਚ ਵੀ ਸ਼ਹਿਰ ਦਾ ਰਿਕਾਰਡ ਚਿੰਤਾਜਨਕ ਬਣ ਗਿਆ ਹੈ। ਨੈਸ਼ਨਲ ਕਰਾਈਮ ਰਿਕਾਰਡਸ ਬਿਊਰੋ (ਐੱਨਸੀਆਰਬੀ) ਦੀ ਤਾਜ਼ਾ ਰਿਪੋਰਟ ਅਨੁਸਾਰ ਸਾਲ 2024 ਦੌਰਾਨ ਕਤਲ ਦੇ ਮਾਮਲਿਆਂ ਵਿੱਚ ਲੁਧਿਆਣਾ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਦੂਜੇ ਸਥਾਨ 'ਤੇ ਪਹੁੰਚ ਗਿਆ ਹੈ।

ਐੱਨਸੀਆਰਬੀ ਵੱਲੋਂ ਦੇਸ਼ ਦੇ 34 ਵੱਡੇ ਸ਼ਹਿਰਾਂ ਦੇ ਅਪਰਾਧ ਅੰਕੜਿਆਂ ਦੇ ਵਿਸ਼ਲੇਸ਼ਣ ਵਿੱਚ ਸਾਹਮਣੇ ਆਇਆ ਕਿ 2024 ਦੌਰਾਨ ਲੁਧਿਆਣਾ ਵਿੱਚ ਕਤਲ ਦੇ 56 ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 58 ਲੋਕਾਂ ਦੀ ਜਾਨ ਗਈ। ਮ੍ਰਿਤਕਾਂ ਵਿੱਚ 44 ਪੁਰਸ਼ ਅਤੇ 14 ਔਰਤਾਂ ਸ਼ਾਮਲ ਹਨ। ਇਸ ਸੂਚੀ ਵਿੱਚ ਫਰੀਦਾਬਾਦ 79 ਮਾਮਲਿਆਂ ਨਾਲ ਪਹਿਲੇ ਅਤੇ ਆਗਰਾ 53 ਮਾਮਲਿਆਂ ਨਾਲ ਤੀਜੇ ਨੰਬਰ 'ਤੇ ਰਿਹਾ।

ਰਿਪੋਰਟ ਅਨੁਸਾਰ 2022 ਵਿੱਚ ਲੁਧਿਆਣਾ ਵਿੱਚ 58 ਕਤਲ ਦੇ ਮਾਮਲੇ ਦਰਜ ਹੋਏ ਸਨ, ਜਦਕਿ 2023 ਅਤੇ 2024 ਵਿੱਚ ਇਹ ਗਿਣਤੀ 56 'ਤੇ ਸਥਿਰ ਰਹੀ। ਭਾਵੇਂ ਅੰਕੜਿਆਂ ਵਿੱਚ ਹਲਕੀ ਕਮੀ ਦਰਜ ਕੀਤੀ ਗਈ ਹੈ, ਪਰ ਲਗਾਤਾਰ ਉੱਚ ਪੱਧਰ ਸ਼ਹਿਰ ਵਿੱਚ ਵਧ ਰਹੀ ਹਿੰਸਕ ਪ੍ਰਵਿਰਤੀ ਵੱਲ ਇਸ਼ਾਰਾ ਕਰਦਾ ਹੈ।

ਰਿਪੋਰਟ ਵਿੱਚ ਕਤਲਾਂ ਦੇ ਕਾਰਨਾਂ ਨੂੰ ਲੈ ਕੇ ਵੀ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਸਭ ਤੋਂ ਵੱਧ ਕਤਲ ਪੁਰਾਣੀ ਰੰਜਿਸ਼ ਅਤੇ ਮਾਮੂਲੀ ਝਗੜਿਆਂ ਕਾਰਨ ਹੋਏ। 19 ਮਾਮਲੇ ਛੋਟੇ ਝਗੜਿਆਂ ਨਾਲ ਜੁੜੇ ਰਹੇ, ਜਦਕਿ 14 ਕਤਲ ਪੁਰਾਣੀ ਦੁਸ਼ਮਣੀ ਕਾਰਨ ਹੋਏ। ਅੱਠ ਮਾਮਲਿਆਂ ਵਿੱਚ ਨਾਜਾਇਜ਼ ਸੰਬੰਧ ਕਤਲ ਦੀ ਵਜ ?ਹਾ ਬਣੇ। ਇੱਕ ਮਾਮਲਾ ਗੈਂਗਵਾਰ ਨਾਲ ਜੁੜਿਆ ਮਿਲਿਆ, ਜਦਕਿ ਛੇ ਮਾਮਲਿਆਂ ਦੀ ਗੁੱਥੀ ਅਜੇ ਤੱਕ ਨਹੀਂ ਸੁਲਝ ਸਕੀ।

ਉਮਰ ਵਰਗ ਦੇ ਅਧਾਰ 'ਤੇ ਵੀ ਤਸਵੀਰ ਚਿੰਤਾਜਨਕ ਰਹੀ। 30 ਤੋਂ 45 ਸਾਲ ਉਮਰ ਵਰਗ ਦੇ ਸਭ ਤੋਂ ਵੱਧ 26 ਲੋਕ ਕਤਲ ਦਾ ਸ਼ਿਕਾਰ ਬਣੇ। ਇਸ ਵਿੱਚ 18 ਪੁਰਸ਼ ਅਤੇ ਅੱਠ ਔਰਤਾਂ ਸ਼ਾਮਲ ਸਨ। 18 ਤੋਂ 30 ਸਾਲ ਉਮਰ ਵਰਗ ਵਿੱਚ 18 ਲੋਕਾਂ ਦੀ ਹੱਤਿਆ ਹੋਈ, ਜਦਕਿ 45 ਤੋਂ 60 ਸਾਲ ਉਮਰ ਵਰਗ ਦੇ 12 ਲੋਕ ਮਾਰੇ ਗਏ। ਰਿਪੋਰਟ ਵਿੱਚ 16 ਤੋਂ 18 ਸਾਲ ਉਮਰ ਦੀ ਇਕ ਨਾਬਾਲਗ ਲੜਕੀ ਦੇ ਕਤਲ ਦਾ ਵੀ ਜ਼ਿਕਰ ਹੈ। ਐੱਨਸੀਆਰਬੀ ਦੀ ਰਿਪੋਰਟ ਨੇ ਲੁਧਿਆਣਾ ਵਿੱਚ ਵਧਦੇ ਹਿੰਸਕ ਅਪਰਾਧਾਂ ਨੂੰ ਲੈ ਕੇ ਕਈ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਹੁਣ ਨਿਗਾਹਾਂ ਪੁਲਿਸ ਅਤੇ ਪ੍ਰਸ਼ਾਸਨ 'ਤੇ ਟਿਕੀਆਂ ਹਨ ਕਿ ਕਤਲ ਦੇ ਵਧਦੇ ਗ੍ਰਾਫ ਨੂੰ ਰੋਕਣ ਲਈ ਕਿਹੜੀ ਠੋਸ ਰਣਨੀਤੀ ਅਪਣਾਈ ਜਾਂਦੀ ਹੈ।

ਕਤਲ ਦੇ ਮਾਮਲਿਆਂ ਪਿੱਛੇ ਮੁੱਖ ਕਾਰਨ
ਪੁਰਾਣੀ ਰੰਜਿਸ਼ : 14
ਮਾਮੂਲੀ ਝਗੜੇ/ਵਿਵਾਦ : 19
ਨਾਜਾਇਜ਼ ਸੰਬੰਧ : 8
ਗੈਂਗਵਾਰ : 1
ਅਣਸੁਲਝੇ ਮਾਮਲੇ : 6

# ਪੰਜਾਬੀਆਂ ਨੇ ਹਰ ਮੁਸੀਬਤ ਦਾ ਟਾਕਰਾ ਕੀਤਾ: ਕਟਾਰੀਆ

## ਰਾਜਪਾਲ ਨੇ ਹੜ੍ਹਾਂ ਮੌਕੇ ਨਿਭਾਈ ਭੂਮਿਕਾ ਲਈ ਸਲਾਹਿਆ; ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜੇ ਮੌਕੇ ਸਮਾਗਮ 'ਚ ਹਾਜ਼ਰੀ ਲਵਾਈ



ਨਾਭਾ : ਵਿਸ਼ਵਕਰਮਾ ਵੈੱਲਫੇਅਰ ਸੁਸਾਇਟੀ ਵੱਲੋਂ ਸਿੱਖ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦਾ 303ਵਾਂ ਜਨਮ ਦਿਹਾੜਾ ਵਿਸ਼ਵਕਰਮਾ ਭਵਨ 'ਚ ਮਨਾਇਆ ਗਿਆ, ਜਿਸ ਵਿੱਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਗਮ ਵਿੱਚ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਭਾਜਪਾ ਆਗੂ ਪਰਮਜੀਤ ਸਿੰਘ ਕੈਂਥ ਅਤੇ ਸਨਅਤਕਾਰ ਹਰੀ ਸਿੰਘ ਪ੍ਰੀਤ ਗਰੁੱਪ, ਚਰਨਜੀਤ ਸਿੰਘ ਮਲਕੀਤ ਐਗਰੋ ਨੇ ਜੱਸਾ ਸਿੰਘ ਰਾਮਗੜ੍ਹੀਆ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸੰਬੋਧਨ ਕਰਦਿਆਂ ਜੱਸਾ ਸਿੰਘ ਰਾਮਗੜ੍ਹੀਆ ਦੀ ਜੀਵਨੀ ਬਾਰੇ ਚਾਨਣਾ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਦੇ ਮਿਹਨਤਕਸ਼ ਲੋਕਾਂ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਉਨ੍ਹਾਂ (ਲੋਕਾਂ) ਨੇ ਹਰ ਮੁਸੀਬਤ ਦਾ ਸਾਹਮਣਾ ਹੱਸ ਕੇ ਕੀਤਾ ਹੈ, ਭਾਵੇਂ ਕਿ ਉਹ ਹੜ੍ਹ ਦੀ ਸਥਿਤੀ ਕਿਉਂ ਨਾ ਹੋਵੇ। ਸ੍ਰੀ ਕਟਾਰੀਆ ਮੁਤਾਬਕ, "ਹੜ੍ਹਾਂ ਦੌਰਾਨ ਪੰਜਾਬੀਆਂ ਨੇ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਈ ਸੀ ਅਤੇ ਇਹ ਪੰਜਾਬੀਆਂ ਦੀ ਖਾਸੀਅਤ ਹੈ ਕਿ ਉਹ ਔਖੇ ਵੇਲੇ ਵੀ ਹੌਸਲਾ ਨਹੀਂ ਹਾਰਦੇ।" ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗੁਆਂਢੀ ਮੁਲਕ ਵੱਲੋਂ ਨਸ਼ਿਆਂ ਨਾਲ ਨੌਜਵਾਨਾਂ ਨੂੰ ਸ਼ਿਕਾਰ ਬਣਾਉਣ ਲਈ ਲਗਾਤਾਰ ਕਿਸੇ ਨਾ ਕਿਸੇ ਤਰੀਕੇ ਨਸ਼ੇ ਭੇਜੇ ਜਾ ਰਹੇ ਹਨ। ਪਹਿਲਾਂ ਉਨ੍ਹਾਂ ਵੱਲੋਂ ਜ਼ਿਆਦਾ ਵੱਡੇ ਡਰੋਨ ਭੇਜੇ ਜਾਂਦੇ ਸਨ ਜਿਨ੍ਹਾਂ ਨੂੰ ਸਾਡੇ ਜਵਾਨ ਰੋਕ ਲੈਂਦੇ ਸਨ। ਹੁਣ ਗੁਆਂਢੀ ਮੁਲਕ ਨਵੀਂ ਤਕਨੀਕ ਨਾਲ ਡਰੋਨ ਭੇਜ ਰਿਹਾ ਹੈ ਜਿਨ੍ਹਾਂ ਨੂੰ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਨੂੰ ਰਲ ਕੇ ਅੱਗੇ ਆਉਣਾ ਪਵੇਗਾ।

# 'ਬਿਲਕੁਲ ਸਵੀਕਾਰਯੋਗ ਨਹੀਂ.. !' UAE ਦੇ ਪ੍ਰਮਾਣੂ ਪਾਵਰ ਪਲਾਂਟ 'ਤੇ ਹੋਏ ਹਮਲੇ ਦੀ ਭਾਰਤ ਨੇ ਕੀਤੀ ਨਿਖੇਧੀ

ਨਵੀਂ ਦਿੱਲੀ : ਸੰਯੁਕਤ ਅਰਬ ਅਮੀਰਾਤ ਦੇ 'ਬਰਾਕਾਹ ਪ੍ਰਮਾਣੂ ਪਾਵਰ ਪਲਾਂਟ' 'ਤੇ ਐਤਵਾਰ ਨੂੰ ਹੋਏ ਡਰੋਨ ਹਮਲੇ ਦੀ ਭਾਰਤ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਇਸ ਘਟਨਾ ਨੂੰ ਬੇਹੱਦ ਖ਼ਤਰਨਾਕ ਕਰਾਰ ਦਿੱਤਾ ਹੈ ਅਤੇ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਅਤੇ ਗੱਲਬਾਤ ਰਾਹੀਂ ਮਸਲੇ ਦਾ ਹੱਲ ਕੱਢਣ ਦੀ ਅਪੀਲ ਕੀਤੀ ਹੈ।

ਭਾਰਤੀ ਵਿਦੇਸ਼ ਮੰਤਰਾਲੇ ਨੇ ਆਪਣੇ ਬਿਆਨ ਵਿੱਚ ਕਿਹਾ, 'ਭਾਰਤ, ਯੂ.ਏ.ਈ. ਵਿੱਚ ਬਰਾਕਾਹ ਪ੍ਰਮਾਣੂ ਕੇਂਦਰ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਮਲੇ ਤੋਂ ਡੂੰਘੀ ਚਿੰਤਾ ਵਿੱਚ ਹੈ। ਅਜਿਹੀਆਂ ਕਾਰਵਾਈਆਂ ਬਿਲਕੁਲ ਵੀ ਸਵੀਕਾਰਯੋਗ ਨਹੀਂ ਹਨ। ਅਸੀਂ ਤੁਰੰਤ ਸਾਰੀਆਂ ਧਿਰਾਂ ਨੂੰ ਸੰਜਮ ਵਰਤਣ ਅਤੇ ਆਪਸੀ ਗੱਲਬਾਤ ਤੇ ਕੂਟਨੀਤੀ ਦੇ ਰਾਹ 'ਤੇ ਵਾਪਸ ਆਉਣ ਦੀ ਪੁਰਜ਼ੋਰ ਅਪੀਲ ਕਰਦੇ ਹਾਂ।' ਇਸ ਤੋਂ ਪਹਿਲਾਂ ਯੂ.ਏ.ਈ. ਨੇ ਪੁਸ਼ਟੀ ਕੀਤੀ ਸੀ ਕਿ ਅਲ ਧਾਫਰਾ ਖੇਤਰ ਵਿੱਚ ਸਥਿਤ ਪ੍ਰਮਾਣੂ ਪਲਾਂਟ ਦੇ ਬਾਹਰੀ ਹਿੱਸੇ ਵਿੱਚ ਰੱਖੇ ਇੱਕ ਬਿਜਲੀ ਜਨਰੇਟਰ ਨੂੰ ਡਰੋਨ ਰਾਹੀਂ ਨਿਸ਼ਾਨਾ



ਬਣਾਇਆ ਗਿਆ ਸੀ। ਯੂ.ਏ.ਈ. ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਇੱਕ ਅੱਤਵਾਦੀ ਹਮਲਾ ਅਤੇ ਦੇਸ਼ ਦੀ ਸੁਰੱਖਿਆ ਲਈ ਸਿੱਧੀ ਚੁਣੌਤੀ ਦੱਸਿਆ ਹੈ। ਸ਼ਾਂਤੀਪੂਰਨ ਉਦੇਸ਼ਾਂ ਲਈ ਵਰਤੇ ਜਾਣ ਵਾਲੇ ਪ੍ਰਮਾਣੂ ਊਰਜਾ ਕੇਂਦਰਾਂ ਨੂੰ ਨਿਸ਼ਾਨਾ ਬਣਾਉਣਾ ਕੌਮਾਂਤਰੀ ਕਾਨੂੰਨ, ਸੰਯੁਕਤ ਰਾਸ਼ਟਰ ਦੇ ਚਾਰਟਰ ਅਤੇ ਮਨੁੱਖਤਾਵਾਦੀ ਨਿਯਮਾਂ ਦੀ ਸ਼ਰੇਆਮ ਉਲੰਘਣਾ ਹੈ, ਕਿਉਂਕਿ ਅਜਿਹੇ ਹਮਲਿਆਂ ਨਾਲ ਆਮ ਨਾਗਰਿਕਾਂ ਅਤੇ ਵਾਤਾਵਰਣ ਨੂੰ ਬਹੁਤ ਵੱਡਾ ਖ਼ਤਰਾ ਪੈਦਾ ਹੋ ਸਕਦਾ ਹੈ। ਯੂ.ਏ.ਈ. ਨੇ ਸਪੱਸ਼ਟ ਕੀਤਾ ਹੈ ਕਿ ਉਹ ਆਪਣੀ ਪ੍ਰਭੂਸੱਤਾ ਅਤੇ ਸੁਰੱਖਿਆ ਨਾਲ ਕੋਈ ਸਮਝੌਤਾ ਨਹੀਂ ਕਰੇਗਾ ਅਤੇ ਕੌਮਾਂਤਰੀ ਕਾਨੂੰਨਾਂ ਦੇ ਤਹਿਤ ਇਸ ਹਮਲੇ ਦਾ ਜਵਾਬ ਦੇਣ ਲਈ ਉਸ ਕੋਲ ਪੂਰੇ ਸਿਆਸੀ ਅਤੇ ਮਿਲਟਰੀ ਅਧਿਕਾਰ ਸੁਰੱਖਿਅਤ ਹਨ। ਜ਼ਿਕਰਯੋਗ ਹੈ ਕਿ ਮਿਡਲ ਈਸਟ 'ਚ ਚੱਲ ਰਹੀ ਜੰਗ ਦੇ ਦੌਰਾਨ 20 ਬਿਲੀਅਨ ਡਾਲਰ ਦੀ ਲਾਗਤ ਨਾਲ ਦੱਖਣੀ ਕੋਰੀਆ ਦੇ ਸਹਿਯੋਗ ਨਾਲ ਬਣੇ ਇਸ ਪਲਾਂਟ ਨੂੰ ਪਹਿਲੀ ਵਾਰ ਨਿਸ਼ਾਨਾ ਬਣਾਇਆ ਗਿਆ ਹੈ। ਇਹ ਅਰਬ ਦਾ ਇੱਕਮਾਤਰ ਚਾਲੂ ਪ੍ਰਮਾਣੂ ਪਲਾਂਟ ਹੈ, ਜਿਸ 'ਤੇ ਹੋਏ ਹਮਲੇ ਮਗਰੋਂ ਇਲਾਕੇ 'ਚ ਚਿੰਤਾ ਤੇ ਤਣਾਅ ਦਾ ਮਾਹੌਲ ਹੈ।

# ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗ੍ਰੰਥੀ, ਪਾਠੀ, ਪ੍ਰਚਾਰਕ ਸਿੰਘਾਂ ਅਤੇ ਸਿੱਖ ਸੰਸਥਾਵਾਂ ਦੀ ਹੋਈ ਵਿਸ਼ੇਸ਼ ਇਕੱਤਰਤਾ

## ਜਥੇਦਾਰ ਕੁਲਦੀਪ ਸਿੰਘ ਗੜਗੱਜ ਸਮੇਤ ਕਈ ਉੱਘੀਆਂ ਹਸਤੀਆਂ ਨੇ ਵੀ ਕੀਤੀ ਸ਼ਮੂਲੀਅਤ








ਸ੍ਰੀ ਅਨੰਦਪੁਰ ਸਾਹਿਬ : ਪੰਜਾਬ ਸਰਕਾਰ ਵੱਲੋਂ ਪਾਸ ਕੀਤੀ ਗਈ 'ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026' ਵਿੱਚੋਂ ਸਿੱਖ ਭਾਵਨਾਵਾਂ ਅਨੁਸਾਰ ਇਤਰਾਜ਼ਯੋਗ ਮੱਦਾਂ ਨੂੰ ਹਟਾਉਣ ਲਈ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਗ੍ਰੰਥੀ, ਪਾਠੀ, ਪ੍ਰਚਾਰਕ ਸਿੰਘਾਂ ਅਤੇ ਸਿੱਖ ਸੰਸਥਾਵਾਂ ਦੀ ਵਿਸ਼ੇਸ਼ ਇਕੱਤਰਤਾ ਦਸ਼ਮੇਸ਼ ਦੀਵਾਨ ਹਾਲ, ਸ੍ਰੀ ਅਨੰਦਪੁਰ ਸਾਹਿਬ ਵਿੱਚ ਹੋਈ। ਇਸ ਮੌਕੇ ਵੱਖ-ਵੱਖ ਪੰਥਕ ਸ਼ਖ਼ਸੀਅਤਾਂ ਅਤੇ ਧਾਰਮਿਕ ਜਥੇਬੰਦੀਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿੱਚ ਪਹੁੰਚੇ।

ਇਸ ਇਕੱਤਰਤਾ ਵਿੱਚ ਜਥੇਦਾਰ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਗਿਆਨੀ ਬਲਜੀਤ ਸਿੰਘ, ਗਿਆਨੀ ਗੁਰਮੁਖ ਸਿੰਘ, ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਾਬਾ ਸਤਨਾਮ ਸਿੰਘ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ, ਬਾਬਾ ਜਰਨੈਲ ਸਿੰਘ, ਬਾਬਾ ਕਰਮ ਸਿੰਘ ਸਮੇਤ ਕਈ ਗ੍ਰੰਥੀ ਸਿੰਘ ਸਭਾਵਾਂ, ਕੀਰਤਨ ਜਥੇਬੰਦੀਆਂ ਅਤੇ ਸੰਗਤਾਂ ਹਾਜ਼ਰ ਰਹੀਆਂ।

ਜਥੇਦਾਰਾਂ ਨੇ ਕਿਹਾ ਕਿ ਸਿੱਖ ਕੌਮ ਦੁਨੀਆ ਦੀ ਇਕੱਲੀ ਅਜਿਹੀ ਕੌਮ ਹੈ ਜਿਸਨੂੰ ਗੁਰੂ ਸਾਹਿਬ ਨੇ ਆਪ ਸ਼ਬਦ ਗੁਰੂ ਦੇ ਲੜ ਲਾਇਆ। "ਆਤਮਾ ਗੁਰੂ ਗ੍ਰੰਥ ਵਿੱਚ ਤੇ ਸਰੀਰ ਗੁਰੂ ਪੰਥ ਵਿੱਚ"ਦੇ ਸਿਧਾਂਤ ਨੂੰ ਕੋਈ ਵੀ ਸਰਕਾਰ ਵੱਖ ਨਹੀਂ ਕਰ ਸਕਦੀ। ਗੁਰੂ ਗ੍ਰੰਥ ਸਾਹਿਬ ਤੋਂ ਪੰਥ ਨੂੰ ਅਤੇ ਪੰਥ ਤੋਂ ਗੁਰੂ ਗ੍ਰੰਥ ਸਾਹਿਬ ਨੂੰ ਅਲੱਗ ਨਹੀਂ ਕੀਤਾ ਜਾ ਸਕਦਾ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ 2008 ਦੇ ਸਤਿਕਾਰ ਐਕਟ ਵਿੱਚ 2026 ਦੌਰਾਨ ਕੀਤੀਆਂ ਸੋਧਾਂ ਦੌਰਾਨ ਨਾ ਤਾਂ ਅਕਾਲ ਤਖ਼ਤ ਸਾਹਿਬ ਨਾਲ ਸਲਾਹ ਕੀਤੀ, ਨਾ ਹੀ ਐਸ.ਜੀ.ਪੀ.ਸੀ. ਨਾਲ ਕੋਈ ਵਿਚਾਰ-ਵਟਾਂਦਰਾ ਕੀਤਾ। ਖ਼ਾਸ ਕਰਕੇ "ਕਸਟੋਡੀਅਨ" ਵਾਲੀਆਂ ਮੱਦਾਂ ਰਾਹੀਂ ਸਰਕਾਰ ਨੇ ਅਕਾਲ ਤਖ਼ਤ ਸਾਹਿਬ ਦੇ ਅਧਿਕਾਰ ਖੇਤਰ ਵਿੱਚ ਦਖ਼ਲ ਦਿੱਤਾ ਹੈ, ਜਦਕਿ ਗੁਰੂ ਸਾਹਿਬ ਦੇ ਸਰੂਪ ਦਾ ਸਤਿਕਾਰ, ਸੰਭਾਲ ਅਤੇ ਮਰਿਆਦਾ ਸਬੰਧੀ ਫ਼ੈਸਲੇ ਸਿਰਫ਼ ਅਕਾਲ ਤਖ਼ਤ ਸਾਹਿਬ ਦੇ ਅਧੀਨ ਹਨ।

ਉਹਨਾਂ ਕਿਹਾ ਕਿ ਦੁਨੀਆ ਦਾ ਕੋਈ ਕਾਨੂੰਨ ਕਿਸੇ ਧਰਮ ਉੱਤੇ ਮਨਮਰਜ਼ੀ ਨਾਲ ਕਾਨੂੰਨ ਥੋਪਣ ਦੀ ਇਜਾਜ਼ਤ ਨਹੀਂ ਦਿੰਦਾ। ਜਦੋਂ ਖ਼ਾਲਸਾ ਪੰਥ ਦੀ ਸਲਾਹ ਨਹੀਂ ਲਈ ਗਈ, ਅਕਾਲ ਤਖ਼ਤ ਸਾਹਿਬ ਅਤੇ ਐਸ.ਜੀ.ਪੀ.ਸੀ. ਨੂੰ ਬਾਈਪਾਸ ਕੀਤਾ ਗਿਆ, ਤਾਂ ਅਜਿਹਾ ਕਾਨੂੰਨ ਸਿੱਖ ਕੌਮ ਨੂੰ ਪ੍ਰਵਾਨ ਨਹੀਂ ਹੋ ਸਕਦਾ। ਜਥੇਦਾਰਾਂ ਨੇ ਇਤਿਹਾਸ ਦਾ ਹਵਾਲਾ ਦਿੰਦਿਆਂ ਕਿਹਾ ਕਿ 1958 ਵਿੱਚ ਮਾਸਟਰ ਤਾਰਾ ਸਿੰਘ ਅਤੇ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਵੀ ਜਦੋਂ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਦਖ਼ਲ ਦੀ ਕੋਸ਼ਿਸ਼ ਹੋਈ ਸੀ ਤਾਂ ਪੰਥ ਨੇ ਉਸਨੂੰ ਸਵੀਕਾਰ ਨਹੀਂ ਕੀਤਾ ਅਤੇ ਆਖ਼ਰਕਾਰ ਕੇਂਦਰ ਸਰਕਾਰ ਨੂੰ ਪਿੱਛੇ ਹਟਣਾ ਪਿਆ ਸੀ। ਉਸ ਸਮਝੌਤੇ ਅਨੁਸਾਰ ਸਿੱਖਾਂ ਦੀ ਮਰਜ਼ੀ ਅਤੇ ਦੋ ਤਿਹਾਈ ਬਹੁਮਤ ਤੋਂ ਬਿਨਾਂ ਕੋਈ ਕਾਨੂੰਨ ਨਹੀਂ ਬਣਾਇਆ ਜਾ ਸਕਦਾ।

ਉਹਨਾਂ ਸਪਸ਼ਟ ਕੀਤਾ ਕਿ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਸਜ਼ਾ ਦੇਣ ਵਾਲੀਆਂ ਮੱਦਾਂ ਨਾਲ ਪੰਥ ਸਹਿਮਤ ਹੈ, ਪਰ ਜਿਹੜੀਆਂ ਹੋਰ ਮੱਦਾਂ ਅਕਾਲ ਤਖ਼ਤ ਸਾਹਿਬ ਦੇ ਅਧਿਕਾਰਾਂ ਵਿੱਚ ਦਖ਼ਲ ਦਿੰਦੀਆਂ ਹਨ, ਉਹਨਾਂ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਜਥੇਦਾਰਾਂ ਨੇ ਕਿਹਾ ਕਿ ਸਰਕਾਰ ਨੂੰ 15 ਦਿਨ ਦਾ ਸਮਾਂ ਦਿੱਤਾ ਗਿਆ ਹੈ। ਜੇਕਰ ਇਸ ਦੌਰਾਨ ਇਤਰਾਜ਼ਯੋਗ ਮੱਦਾਂ ਹਟਾਈਆਂ ਨਾ ਗਈਆਂ ਤਾਂ ਅਗਲਾ ਪ੍ਰੋਗਰਾਮ ਪੰਥ ਦੀ ਸਲਾਹ ਨਾਲ ਤੈਅ ਕੀਤਾ ਜਾਵੇਗਾ। ਉਹਨਾਂ ਇਹ ਵੀ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਨਾਲ ਪੰਥ ਪੂਰੀ ਤਰ੍ਹਾਂ ਖੜਾ ਹੈ ਅਤੇ ਕਿਸੇ ਵੀ ਨਾਦਰਸ਼ਾਹੀ ਫ਼ਰਮਾਨ ਨੂੰ ਧੱਕੇ ਨਾਲ ਲਾਗੂ ਨਹੀਂ ਹੋਣ ਦਿੱਤਾ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਰੋਸ ਮਾਰਚ

## ਬੰਦੀ ਸਿੰਘਾਂ ਦੀ ਰਿਹਾਈ ਤੇ ਅੰਮ੍ਰਿਤਪਾਲ ਸਿੰਘ 'ਤੇ ਦਰਜ ਕੇਸ ਰੱਦ ਕਰਨ ਦੀ ਮੰਗ ਕੀਤੀ



ਲੁਧਿਆਣਾ : ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ 'ਤੇ ਦਰਜ ਕੇਸਾਂ ਨੂੰ ਰੱਦ ਕਰਵਾਉਣ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਕਰਾਉਣ ਲਈ ਰੋਸ ਮਾਰਚ ਕੀਤਾ ਗਿਆ।

ਲਾਡੋਵਾਲ ਟੋਲ ਪਲਾਜ਼ਾ ਤੋਂ ਪਿੰਡ ਢੋਲਣਵਾਲ ਤੱਕ ਕੀਤੇ ਗਏ ਰੋਸ ਮਾਰਚ ਦੀ ਰਵਾਨਗੀ ਮੌਕੇ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਖਾਲਸਾ ਹਾਜ਼ਰ ਹੋਏ। ਉਨ੍ਹਾਂ ਸੰਬੋਧਨ ਕਰਦਿਆਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਸਿੱਖ ਕੌਮ ਦੀ ਆਵਾਜ਼ ਦਬਾਉਣ ਲਈ ਘਟੀਆ ਹੱਥਕੰਡੇ ਵਰਤ ਰਹੀ ਹੈ। ਇਸੇ ਤਹਿਤ ਅੰਮ੍ਰਿਤਪਾਲ ਖ਼ਿਲਾਫ਼ ਝੂਠੇ ਪਰਚੇ ਦਰਜ ਕੀਤੇ ਜਾ ਰਹੇ ਹਨ ਅਤੇ ਉਸ ਦੇ ਅਕਸ ਨੂੰ ਖ਼ਰਾਬ ਕਰਨ ਲਈ ਝੂਠਾ ਅਤੇ ਗੁਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਤਰਸੇਮ ਸਿੰਘ ਖਾਲਸਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਬਦਲਾਖ਼ੋਰੀ ਦੀ ਨੀਤੀ ਤਹਿਤ ਅੰਮ੍ਰਿਤਪਾਲ ਨੂੰ ਪੰਜਾਬ ਤੋਂ ਹਜ਼ਾਰਾਂ ਮੀਲ ਦੂਰ ਡਿਬਰੂਗੜ੍ਹ ਜੇਲ੍ਹ ਵਿੱਚ ਰੱਖਿਆ ਹੋਇਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ 'ਵਾਰਿਸ ਪੰਜਾਬ ਦੇ' ਨੂੰ ਮਜ਼ਬੂਤ ਕਰਨ ਤਾਂ ਜੋ ਪੰਜਾਬ ਨੂੰ ਮੁੜ ਖੁਸ਼ਹਾਲ ਅਤੇ ਵਿਕਸਿਤ ਸੂਬਾ ਬਣਾਇਆ ਜਾ ਸਕੇ।

ਇਸ ਮੌਕੇ ਸੀਨੀਅਰ ਆਗੂ ਪਰਮਜੀਤ ਸਿੰਘ ਜੌਹਲ, ਜਸਕਰਨ ਸਿੰਘ ਕਾਹਨਸਿੰਘਵਾਲਾ, ਪ੍ਰਿਥੀਪਾਲ ਸਿੰਘ ਬਟਾਲਾ, ਜਸਵੰਤ ਸਿੰਘ ਚੀਮਾ, ਹਰਪਾਲ ਸਿੰਘ ਕੋਹਲੀ ਅਤੇ ਹਨੀ ਸਿੰਗਲਾ ਨੇ ਵੀ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਐਡਵੋਕੇਟ ਇੰਦਰਜੀਤ ਸਿੰਘ, ਜਸਪਾਲ ਸਿੰਘ ਪ੍ਰਿੰਸ, ਜੱਗਾ ਸਿੰਘ ਲੁਧਿਆਣਾ, ਰਾਜੀਵ ਕੁਮਾਰ ਲਵਲੀ ਤੇ ਮਲਕੀਤ ਸਿੰਘ ਬੱਲ ਹਾਜ਼ਰ ਸਨ।

# ਸਰ ਮਾਰਸ਼ਲ ਕਾਨਵੈਂਟ ਸਕੂਲ ਨੈਣੋਵਾਲ ਵੈਦ ਵਿੱਚ ਗਤੀਵਿਧੀ ਦਿਵਸ ਉਤਸ਼ਾਹ ਨਾਲ ਆਯੋਜਿਤ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਚੇਅਰਮੈਨ ਸ੍ਰੀ ਰਜਿੰਦਰ ਸਿੰਘ ਮਾਰਸ਼ਲ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਰ ਮਾਰਸ਼ਲ ਕਾਨਵੈਂਟ ਸਕੂਲ, ਨੈਣੋਵਾਲ ਵੈਦ ਵਿੱਚ ਵਿਦਿਆਰਥੀਆਂ ਲਈ ਵਿਸ਼ੇਸ਼ ਗਤੀਵਿਧੀ ਦਿਵਸ ਆਯੋਜਿਤ ਕੀਤਾ ਗਿਆ। ਇਸ ਦਿਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਨੂੰ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਦੀਆਂ ਲੁਕੀਆਂ ਹੋਈਆਂ ਪ੍ਰਤਿਭਾਵਾਂ ਨੂੰ ਨਿਖਾਰਨਾ ਸੀ। ਸਕੂਲ ਦੀਆਂ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ।

**ਕਿੰਡਰਗਾਰਟਨ ਲਈ ਵਿਸ਼ੇਸ਼ ਗਤੀਵਿਧੀਆਂ:** ਕਲਾਸ ਨਰਸਰੀ, ਕੇ. ਜੀ.-1, ਕੇ. ਜੀ.-2, ਪਹਿਲੀ, ਦੂਜੀ ਅਤੇ ਤੀਜੀ ਜਮਾਤ ਦੇ ਵਿਦਿਆਰਥੀਆਂ ਲਈ ਚੰਗੀਆਂ ਆਦਤਾਂ ਅਤੇ ਚੰਗੇ ਵਿਦਿਆਰਥੀ ਬਣਨ ਦੀ ਪ੍ਰੇਰਣਾ ਦੇਣ ਲਈ ਪ੍ਰੇਰਨਾਦਾਇਕ ਫ਼ਿਲਮ ਦਿਖਾਈ ਗਈ। ਇਸ ਤੋਂ ਇਲਾਵਾ ਬੱਚਿਆਂ ਦੇ ਮਾਨਸਿਕ, ਰਚਨਾਤਮਕ ਅਤੇ ਬੌਧਿਕ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਰੌਚਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

**ਵੱਖ-ਵੱਖ ਕਲੱਬਾਂ ਰਾਹੀਂ ਪ੍ਰਤਿਭਾ ਦਾ ਪ੍ਰਦਰਸ਼ਨ :** ਚੌਥੀ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਬਣਾਏ ਗਏ ਵੱਖ-ਵੱਖ ਕਲੱਬਾਂ ਜਿਵੇਂ ਰੀਡਿੰਗ ਕਲੱਬ, ਸਪੋਰਟਸ ਕਲੱਬ, ਈਕੋ ਕਲੱਬ, ਹੈਰੀਟੇਜ ਕਲੱਬ ਅਤੇ ਹੈਲਥ ਐਂਡ ਵੈਲਨੈੱਸ ਕਲੱਬ ਵਿੱਚ ਵਿਦਿਆਰਥੀਆਂ ਨੇ ਬੜੇ ਜੋਸ਼ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਆਪਣੀਆਂ ਰਚਨਾਤਮਕ ਅਤੇ ਬੌਧਿਕ ਯੋਗਤਾਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਆਪਣੀ ਪ੍ਰਤਿਭਾ ਨੂੰ ਨਿਖਾਰਿਆ।

**ਭਾਸ਼ਾਈ ਕੌਸ਼ਲ ਵਿੱਚ ਸੁਧਾਰ ਲਈ ਵਿਸ਼ੇਸ਼ ਸੈਸ਼ਨ:** ਵਿਦਿਆਰਥੀਆਂ ਦੀ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹਨ ਅਤੇ ਲਿਖਣ ਸੰਬੰਧੀ ਆ ਰਹੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਵਿਸ਼ੇਸ਼ ਡਾਊਟ ਕਲੀਅਰ ਸੈਸ਼ਨ ਵੀ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ ਭਾਸ਼ਾਈ ਕੌਸ਼ਲ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਅਧਿਆਪਕਾਂ ਵੱਲੋਂ ਉਨ੍ਹਾਂ ਦੀਆਂ ਦਿੱਕਤਾਂ ਦਾ ਹੱਲ ਕੀਤਾ ਗਿਆ।

**ਪ੍ਰਿੰਸੀਪਲ ਸਰ ਦੇ ਪ੍ਰੇਰਣਾਦਾਇਕ ਸ਼ਬਦ :** ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸ. ਪਰਵਿੰਦਰ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਮਾਤਾ-ਪਿਤਾ ਦਾ ਸਤਿਕਾਰ ਕਰਨ, ਅਨੁਸ਼ਾਸਨ ਅਤੇ ਸਮਾਜਿਕ ਸਿਸ਼ਟਾਚਾਰ ਅਪਣਾਉਣ, ਪੜ੍ਹਾਈ ਵਿੱਚ ਮਿਹਨਤ ਕਰਨ ਅਤੇ ਨਸ਼ਿਆਂ ਸਮੇਤ ਹਰ ਕਿਸਮ ਦੀਆਂ ਬੁਰੀਆਂ ਆਦਤਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਸਹੀ ਸਿੱਖਿਆ ਦੇ ਨਾਲ ਚੰਗੇ ਸੰਸਕਾਰ ਵੀ ਜੀਵਨ ਵਿੱਚ ਸਫਲਤਾ ਲਈ ਬਹੁਤ ਜ਼ਰੂਰੀ ਹਨ।

ਇਸ ਮੌਕੇ ਵਾਈਸ ਪ੍ਰਿੰਸੀਪਲ ਸਰਬਜੀਤ ਕੌਰ ਸਮੇਤ ਅਧਿਆਪਕ ਮਨਦੀਪ ਸਿੰਘ, ਸੁਖਲਿੰਦਰ ਪਾਲ ਸਿੰਘ, ਕਿਰਨਦੀਪ ਕੌਰ, ਦਲਜੀਤ ਕੌਰ, ਰਾਜਦੀਪ ਸੈਣੀ, ਗੁਰਪ੍ਰੀਤ ਕੌਰ, ਨਵਨੀਤ ਕੌਰ, ਸੰਦੀਪ ਕੌਰ, ਇੰਦਰਵੀਰ ਕੌਰ, ਸਿਮਰਪ੍ਰੀਤ, ਪਰਮਦੀਪ ਕੌਰ, ਬਬੀਤਾ, ਨੀਲਮਾ ਦੇਵੀ, ਅਵਤਾਰ ਕੌਰ, ਮਨਪ੍ਰੀਤ ਕੌਰ, ਸਿਮਰਨ ਸੈਣੀ, ਸ਼ਿਵਾਨੀ ਅਤੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

# ਯੂ.ਕੇ. 'ਚ ਤੁਸ਼ਾਰ ਬਣੇ ਸਭ ਤੋਂ ਛੋਟੀ ਉਮਰ ਦੇ ਭਾਰਤੀ ਮੂਲ ਦੇ ਮੇਅਰ

ਲੰਡਨ : ਭਾਰਤੀ ਮੂਲ ਦੇ ਲੇਬਰ ਪਾਰਟੀ ਦੇ ਕੌਂਸਲਰ ਤੁਸ਼ਾਰ ਕੁਮਾਰ ਨੇ ਯੂਨਾਈਟਿਡ ਕਿੰਗਡਮ ਦੇ ਇਤਿਹਾਸ ਵਿਚ ਸਭ ਤੋਂ ਘੱਟ ਉਮਰ ਦੇ ਭਾਰਤੀ ਮੂਲ ਦੇ ਮੇਅਰ ਬਣ ਕੇ ਇਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਮਹਿਜ਼ 23 ਸਾਲ ਦੀ ਉਮਰ ਵਿਚ, ਉਨ੍ਹਾਂ ਨੂੰ ਹਰਟਫੋਰਡਸ਼ਾਇਰ (ਲੰਡਨ ਦੇ ਬਿਲਕੁਲ ਉੱਤਰ ਵਿਚ) ਦੇ ਇਕ ਕਸਬੇ, ਐਲਸਟ੍ਰੀ ਅਤੇ ਬੋਰਹੈਮਵੁੱਡ ਦਾ ਨਵਾਂ ਮੇਅਰ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਦੀ ਪੁਸ਼ਟੀ ਬੋਰਹੈਮਵੁੱਡ ਦੇ ਫੇਅਰਵੇਅ ਹਾਲ ਵਿਖੇ ਹੋਏ ਸਾਲਾਨਾ 'ਮੇਅਰ ਮੇਕਿੰਗ ਸਮਾਰੋਹ' ਦੌਰਾਨ ਕੀਤੀ ਗਈ। ਤੁਸ਼ਾਰ ਕੁਮਾਰ ਨੇ ਕਿੰਗਜ਼ ਕਾਲਜ ਲੰਡਨ ਤੋਂ ਰਾਜਨੀਤੀ ਸ਼ਾਸਤਰ ਦੀ ਪੜ੍ਹਾਈ ਕੀਤੀ ਹੈ। ਉਹ ਯੂ.ਕੇ. ਦੇ ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨਜ਼ ਵਿਚ ਪਾਲਿਸੀ ਐਡਵਾਈਜ਼ਰ ਵਜੋਂ ਵੀ ਕੰਮ ਕਰ ਚੁੱਕੇ ਹਨ। ਉਹ 20 ਸਾਲ ਦੀ ਉਮਰ ਵਿਚ ਪਹਿਲੀ ਵਾਰ ਕੌਂਸਲਰ ਚੁਣੇ ਗਏ ਸਨ, ਜੋ ਕਿ ਉਸ ਸਮੇਂ ਵੀ ਇਕ ਰਿਕਾਰਡ ਸੀ। ਮੇਅਰ ਬਣਨ ਤੋਂ ਪਹਿਲਾਂ ਉਹ ਡਿਪਟੀ ਮੇਅਰ ਵਜੋਂ ਸੇਵਾਵਾਂ ਨਿਭਾ ਰਹੇ ਸਨ। ਤੁਸ਼ਾਰ ਦੀ ਮਾਤਾ, ਕੌਂਸਲਰ ਪਰਵੀਨ ਰਾਣੀ (ਜੋ ਖੁਦ ਸਾਬਕਾ ਡਿਪਟੀ ਮੇਅਰ ਰਹਿ ਚੁੱਕੇ ਹਨ), ਉਨ੍ਹਾਂ ਦੀ ਸਿਆਸੀ ਪ੍ਰੇਰਨਾ ਸਰੋਤ ਰਹੇ ਹਨ। ਤੁਸ਼ਾਰ ਨੇ ਕਿਹਾ ਕਿ ਕਿੰਗਜ਼ ਕਾਲਜ ਲੰਡਨ ਵਿੱਚ ਰਾਜਨੀਤਕ ਸ਼ਾਸਤਰ ਦੀ ਪੜ੍ਹਾਈ ਕਰਨ ਤੋਂ ਲੈ ਕੇ ਮੇਅਰ ਦੇ ਅਹੁਦੇ ਤੱਕ ਦਾ ਸਫ਼ਰ ਬਹੁਤ ਹੀ ਸ਼ਾਨਦਾਰ ਰਿਹਾ ਹੈ। ਮੇਅਰ ਵਜੋਂ ਮੇਰਾ ਮੁੱਖ ਮਕਸਦ ਸਥਾਨਕ ਲੋਕਾਂ ਅਤੇ ਸੰਸਥਾਵਾਂ ਦੀ ਮਦਦ ਕਰਨਾ ਅਤੇ ਨੌਜਵਾਨਾਂ ਨੂੰ ਜਨਤਕ ਸੇਵਾਵਾਂ ਵਿਚ ਅੱਗੇ ਆਉਣ ਲਈ ਪ੍ਰੇਰਿਤ ਕਰਨਾ ਹੈ।





ਡਾ. ਗੁਰਿੰਦਰ ਸਿੰਘ ਗਰੇਵਾਲ
209-321-3771

**ਕੀ ਅੰਨ੍ਹੇ ਮੁਨਾਫ਼ੇ ਦੀ ਅਮਰੀਕੀ ਦੌੜ ਵਿੱਚ ਵਪਾਰਕ ਸਫ਼ਲਤਾ ਅਤੇ ਉੱਚ ਨੈਤਿਕਤਾ ਇੱਕ ਸਾਥ ਚੱਲ ਸਕਦੇ ਹਨ ?**

ਅੱਜ ਜਿੱਥੇ ਗਲੋਬਲ ਕਾਰਪੋਰੇਟ ਜਗਤ ਸਿਰਫ਼ ਨਿੱਜੀ ਲਾਲਚ, ਹੰਕਾਰ ਅਤੇ ਬੇਰਹਿਮ ਮੁਕਾਬਲੇਬਾਜ਼ੀ ਦੇ ਹਨੇਰੇ ਵਿੱਚ ਗੁਆਚ ਕੇ ਮਨੁੱਖੀ ਕਦਰਾਂ-ਕੀਮਤਾਂ ਨੂੰ ਵਿਸਾਰ ਰਿਹਾ ਹੈ, ਉੱਥੇ ਸਦੀਆਂ ਪੁਰਾਣਾ ਸਿੱਖ ਫਲਸਫਾ ਵਿਸ਼ਵ ਨੂੰ ਇੱਕ ਨਵਾਂ, ਰੋਸ਼ਨ ਅਤੇ ਪਵਿੱਤਰ ਮਾਰਗ ਦਿਖਾਉਂਦਾ ਹੈ। ਇਸ ਹਫ਼ਤੇ, ਮੈਨੂੰ ਬਤੌਰ ਸੰਪਾਦਕ 'ਸਾਡੇ ਲੋਕ' ਦੇ ਸੁਝਵਾਨ ਪਾਠਕਾਂ ਦੇ ਰੂਬਰੂ ਕਰਦਿਆਂ ਬੇਹੱਦ ਮਾਣ ਮਹਿਸੂਸ ਹੋ ਰਿਹਾ ਹੈ - ਡਾ. ਗੁਰਿੰਦਰ ਸਿੰਘ ਗਰੇਵਾਲ (MD) ਦਾ ਇਹ ਵਿਸ਼ੇਸ਼, ਸ਼ਕਤੀਸ਼ਾਲੀ ਅਤੇ ਵਿਚਾਰਸ਼ੀਲ ਲੇਖ। ਡਾ. ਸਾਹਿਬ ਨੇ ਆਪਣੀ ਡੂੰਘੀ ਬੌਧਿਕ ਸੂਝ ਰਾਹੀਂ ਇਹ ਬਾਖੂਬੀ ਸਿੱਧ ਕੀਤਾ ਹੈ ਕਿ ਕਿਵੇਂ 'ਕਿਰਤ ਕਰਨੀ', 'ਵੰਡ ਛਕਣਾ' ਅਤੇ 'ਨਿਸ਼ਕਾਮ ਸੇਵਾ' ਵਰਗੇ ਅਟੱਲ ਸਿੱਖ ਸਿਧਾਂਤ ਆਧੁਨਿਕ ਅਮਰੀਕੀ ਵਪਾਰ ਅਤੇ ਪ੍ਰਸ਼ਾਸਨਿਕ ਲੀਡਰਸ਼ਿਪ ਨੂੰ ਵਧੇਰੇ ਨਿਆਂਪੂਰਨ, ਟਿਕਾਊ ਅਤੇ ਮਨੁੱਖਤਾਵਾਦੀ ਬਣਾ ਸਕਦੇ ਹਨ। ਇਹ ਸਿਰਫ਼ ਇੱਕ ਲੇਖ ਨਹੀਂ, ਬਲਕਿ ਮੁਨਾਫ਼ੇ ਤੋਂ ਪਹਿਲਾਂ ਮਨੁੱਖਤਾ ਨੂੰ ਮੁੱਖ ਰੱਖਣ ਵਾਲੀ ਇੱਕ ਕ੍ਰਾਂਤੀਕਾਰੀ ਲੀਡਰਸ਼ਿਪ ਦਾ ਖਰੜਾ ਹੈ। ਆਓ, ਇਸ ਵੱਡਮੁੱਲੇ ਵਿਚਾਰ-ਪ੍ਰਵਾਹ ਨਾਲ ਜੁੜੀਏ ਅਤੇ ਆਪਣੇ ਸੰਗਠਨਾਤਮਕ ਤੇ ਨਿੱਜੀ ਜੀਵਨ ਨੂੰ ਇੱਕ ਉੱਚੇ ਨੈਤਿਕ ਮਿਆਰ ਵੱਲ ਲੈ ਕੇ ਚੱਲੀਏ। - ਸਤਨਾਮ ਸਿੰਘ ਖਾਲਸਾ

## ਮੁਨਾਫ਼ੇ ਤੋਂ ਪਹਿਲਾਂ ਮਨੁੱਖਤਾ: ਆਧੁਨਿਕ ਲੀਡਰਸ਼ਿਪ ਲਈ ਗੁਰਮਤਿ ਦਾ ਸੁਨੇਹਾ

# ਅਮਰੀਕੀ ਵਪਾਰ ਅਤੇ ਸਮਾਜ 'ਚ ਵਪਾਰਕ ਸਫ਼ਲਤਾ ਅਤੇ ਨੈਤਿਕਤਾ ਦਾ ਸੁਮੇਲ

ਆਧੁਨਿਕ ਅਮਰੀਕੀ ਵਪਾਰਕ ਮਾਹੌਲ ਅਕਸਰ ਬੇਰਹਿਮ ਮੁਕਾਬਲੇਬਾਜ਼ੀ, ਮਾਰਕੀਟ ਦੇ ਦਬਦਬੇ ਅਤੇ ਸਭ ਤੋਂ ਉੱਪਰ ਸ਼ੇਅਰਧਾਰਕਾਂ (shareholders) ਦੇ ਮੁਨਾਫੇ ਨੂੰ ਪਹਿਲ ਦਿੰਦਾ ਹੈ। ਹਾਲਾਂਕਿ ਇਹ ਕਾਰਕ ਥੋੜ੍ਹੇ ਸਮੇਂ ਲਈ ਵਿਕਾਸ ਨੂੰ ਵਧਾ ਸਕਦੇ ਹਨ, ਪਰ ਮੁਨਾਫੇ 'ਤੇ ਵਿਸ਼ੇਸ਼ ਧਿਆਨ ਦੇਣ ਕਾਰਨ ਵੱਡੇ ਪੱਧਰ 'ਤੇ ਨੈਤਿਕ ਗਿਰਾਵਟ, ਕਾਰਪੋਰੇਟ ਘੁਟਾਲੇ ਅਤੇ ਸਮਾਜਿਕ ਨੁਕਸਾਨ ਹੋਇਆ ਹੈ। ਸਿੱਖ ਸਿਧਾਂਤ, ਜੋ ਕਿ ਨੈਤਿਕ ਦਲੇਰੀ ਅਤੇ ਨਿਆਂ ਦੀ ਸਦੀਆਂ ਪੁਰਾਣੀ ਪਰੰਪਰਾ ਵਿੱਚ ਜੜ੍ਹੇ ਹੋਏ ਹਨ, ਇੱਕ ਅਜਿਹਾ ਪਰਿਵਰਤਨਸ਼ੀਲ ਨੈਤਿਕ ਢਾਂਚਾ ਪ੍ਰਦਾਨ ਕਰਦੇ ਹਨ ਜੋ ਸੰਸਥਾਵਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਆਰਥਿਕ ਸਫਲਤਾ ਨੂੰ ਮਨੁੱਖਤਾਵਾਦੀ, ਟਿਕਾਊ ਅਤੇ ਭਰੋਸੇਮੰਦ ਅਭਿਆਸਾਂ ਨਾਲ ਇਕਸਾਰ ਕਰਨ। ਸੰਗਠਨਾਤਮਕ ਲੀਡਰਸ਼ਿਪ ਵਿੱਚ ਸਿੱਖ ਕਦਰਾਂ-ਕੀਮਤਾਂ ਨੂੰ ਜੋੜਨਾ ਕਾਰੋਬਾਰਾਂ ਨੂੰ ਸੰਕੁਚਿਤ ਸਵਾਰਥਾਂ ਤੋਂ ਉੱਪਰ ਉੱਠਣ ਅਤੇ ਇੱਕ ਉੱਚ ਸਮਾਜਿਕ ਅਤੇ ਨੈਤਿਕ ਉਦੇਸ਼ ਨੂੰ ਪੂਰਾ ਕਰਨ ਲਈ ਪ੍ਰੇਰਿਤ ਕਰਦਾ ਹੈ।

ਸਿੱਖੀ ਸਿਰਫ਼ ਰਸਮੀ ਪੂਜਾ ਤੱਕ ਸੀਮਤ ਕੋਈ ਅਧਿਆਤਮਿਕ ਮਾਰਗ ਨਹੀਂ ਹੈ। ਇਹ ਸੱਚ, ਬਰਾਬਰੀ, ਸੇਵਾ, ਕਿਰਤ, ਦਇਆ ਅਤੇ ਸਮਾਜਿਕ ਜ਼ਿੰਮੇਵਾਰੀ 'ਤੇ ਆਧਾਰਿਤ ਜੀਵਨ ਦਾ ਇੱਕ ਵਿਹਾਰਕ ਫਲਸਫਾ ਹੈ। ਸਿੱਖ ਧਰਮ ਦੇ ਗੁਰੂ ਸਾਹਿਬਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਧਿਆਤਮਿਕਤਾ ਅਤੇ ਸੰਸਾਰਿਕ ਜੀਵਨ ਵੱਖਰੇ ਨਹੀਂ ਹਨ। ਕੋਈ ਵੀ ਵਿਅਕਤੀ ਵਪਾਰ, ਪ੍ਰਸ਼ਾਸਨ, ਰਾਜਨੀਤੀ, ਡਾਕਟਰੀ, ਖੇਤੀਬਾੜੀ, ਸਿੱਖਿਆ ਅਤੇ ਉਦਯੋਗ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਹੋਏ ਵੀ ਅਧਿਆਤਮਿਕ ਜੀਵਨ ਜੀ ਸਕਦਾ ਹੈ। ਇਹ ਗੱਲ ਸਿੱਖ ਫਲਸਫੇ ਨੂੰ ਆਧੁਨਿਕ ਸੰਗਠਨਾਤਮਕ ਲੀਡਰਸ਼ਿਪ ਅਤੇ ਵਪਾਰਕ ਨੈਤਿਕਤਾ ਲਈ ਵਿਸ਼ੇਸ਼ ਤੌਰ 'ਤੇ ਢੁਕਵੀਂ ਬਣਾਉਂਦੀ ਹੈ।

1. ਵਪਾਰ ਦਾ ਉਦੇਸ਼: ਮੁਨਾਫੇ ਤੋਂ ਪਹਿਲਾਂ ਸੇਵਾ

ਸਿੱਖ ਧਰਮ ਦਾ ਇੱਕ ਮੁੱਖ ਸਿਧਾਂਤ ਇਹ ਹੈ ਕਿ ਮਨੁੱਖੀ ਜੀਵਨ ਇੱਕ ਉੱਚ ਨੈਤਿਕ ਉਦੇਸ਼ ਦੀ ਸੇਵਾ ਕਰਨ ਲਈ ਹੈ ਜੋ ਸਵਾਰਥ ਅਤੇ ਪਦਾਰਥਕ ਲਾਭ ਤੋਂ ਉੱਪਰ ਹੈ। ਕਾਰੋਬਾਰ ਦੇ ਬਚਾਅ ਅਤੇ ਵਿਕਾਸ ਲਈ ਮੁਨਾਫਾ ਜ਼ਰੂਰੀ ਹੋ ਸਕਦਾ ਹੈ, ਪਰ ਸਿੱਖ ਫਲਸਫਾ ਸਪੱਸ਼ਟ ਤੌਰ 'ਤੇ ਇਸ ਵਿਚਾਰ ਨੂੰ ਰੱਦ ਕਰਦਾ ਹੈ ਕਿ ਮੁਨਾਫਾ ਹੀ ਮਨੁੱਖੀ ਕੋਸ਼ਿਸ਼ਾਂ ਦਾ ਇੱਕਮਾਤਰ ਜਾਂ ਮੁੱਖ ਉਦੇਸ਼ ਹੋਣਾ ਚਾਹੀਦਾ ਹੈ।

ਅੱਜ ਦੇ ਕਾਰਪੋਰੇਟ ਸੱਭਿਆਚਾਰ ਵਿੱਚ, ਕਾਰੋਬਾਰ ਕਈ ਵਾਰ ਗਾਹਕਾਂ ਨੂੰ ਸਿਰਫ਼ 'ਉਪਭੋਗਤਾ' ਜਾਂ 'ਟਾਰਗੇਟ' ਵਜੋਂ ਦੇਖਦੇ ਹਨ। ਸਿੱਖ ਫਲਸਫਾ ਇਸ ਮਾਨਸਿਕਤਾ ਨੂੰ ਚੁਣੌਤੀ ਦਿੰਦਾ ਹੈ। ਹਰ ਗਾਹਕ ਇੱਕ ਮਨੁੱਖ ਹੈ ਜੋ ਸਨਮਾਨ, ਨਿਰਪੱਖਤਾ, ਇਮਾਨਦਾਰੀ ਅਤੇ ਦਇਆ ਦਾ ਹੱਕਦਾਰ ਹੈ। ਸੰਸਥਾਵਾਂ ਨੂੰ ਨਾ ਸਿਰਫ਼ ਇਹ ਪੁੱਛਣਾ ਚਾਹੀਦਾ ਹੈ:

'ਅਸੀਂ ਕਿੰਨਾ ਪੈਸਾ ਕਮਾ ਸਕਦੇ ਹਾਂ ?'

ਬਲਕਿ ਇਹ ਵੀ ਪੁੱਛਣਾ ਚਾਹੀਦਾ ਹੈ:

'ਅਸੀਂ ਮਨੁੱਖਤਾ ਲਈ ਕਿੰਨਾ ਮੁੱਲ (value) ਪੈਦਾ ਕਰ ਸਕਦੇ ਹਾਂ ?'

ਇਹ ਸਿਧਾਂਤ ਸਿੱਖਾਂ ਦੇ ਸੇਵਾ (ਨਿਸ਼ਕਾਮ ਸੇਵਾ) ਦੇ ਸੰਕਲਪ ਨਾਲ ਡੂੰਘਾ ਜੁੜਿਆ ਹੋਇਆ ਹੈ। ਸੇਵਾ ਦਾ ਮਤਲਬ ਆਰਥਿਕ ਗਤੀਵਿਧੀਆਂ ਨੂੰ ਛੱਡਣਾ ਨਹੀਂ ਹੈ। ਬਲਕਿ, ਇਸਦਾ ਮਤਲਬ ਆਰਥਿਕ ਗਤੀਵਿਧੀਆਂ ਨੂੰ ਨੈਤਿਕ ਅਤੇ ਜ਼ਿੰਮੇਵਾਰ ਤਰੀਕੇ ਨਾਲ ਚਲਾਉਣਾ ਹੈ।

**ਸਿੱਖ ਸਿਧਾਂਤਾਂ ਦੁਆਰਾ ਨਿਰਦੇਸ਼ਿਤ ਇੱਕ ਕਾਰੋਬਾਰ:**

- ਸਹੀ ਅਤੇ ਗੁਣਵੱਤਾ ਭਰਪੂਰ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰੇਗਾ।
- ਕਮਜ਼ੋਰ ਜਾਂ ਲੋੜਵੰਦ ਆਬਾਦੀ ਦਾ ਸ਼ੋਸ਼ਣ ਕਰਨ ਤੋਂ ਬਚੇਗਾ।
- ਧੋਖਾਧੜੀ ਵਾਲੇ ਇਸ਼ਤਿਹਾਰਾਂ ਨੂੰ ਰੱਦ ਕਰੇਗਾ।
- ਕੀਮਤਾਂ ਵਿੱਚ ਇਮਾਨਦਾਰੀ ਬਣਾਈ ਰੱਖੇਗਾ।
- ਕਰਮਚਾਰੀਆਂ ਨੂੰ ਵਰਤ ਕੇ ਸੁੱਟਣ ਵਾਲੇ ਸਾਧਨਾਂ ਦੀ ਬਜਾਏ ਮਨੁੱਖ ਵਜੋਂ ਸਤਿਕਾਰ ਦੇਵੇਗਾ।
- ਫੈਸਲਿਆਂ ਦੇ ਸਮਾਜਿਕ ਪ੍ਰਭਾਵਾਂ 'ਤੇ ਵਿਚਾਰ ਕਰੇਗਾ।

ਵਾਜਬ ਮੁਨਾਫਾ ਕਮਾਉਣਾ ਸਵੀਕਾਰਯੋਗ ਅਤੇ ਜ਼ਰੂਰੀ ਹੈ, ਪਰ ਸਿੱਖ ਧਰਮ ਸ਼ੋਸ਼ਣ, ਹੇਰਾਫੇਰੀ ਜਾਂ ਲਾਲਚ ਦੁਆਰਾ ਦੌਲਤ ਇਕੱਠੀ ਕਰਨ ਦੀ ਸਖ਼ਤ ਨਿੰਦਾ ਕਰਦਾ ਹੈ। ਸਿੱਖ ਵਿਚਾਰਧਾਰਾ ਵਿੱਚ, ਦੌਲਤ ਸੇਵਾ ਅਤੇ ਲੋਕਾਂ ਦੇ ਭਲੇ ਲਈ ਇੱਕ ਸਾਧਨ ਹੈ—ਨੈਤਿਕਤਾ ਨਾਲ ਸਮਝੌਤਾ ਕਰਨ ਦਾ ਲਾਇਸੰਸ ਨਹੀਂ।

ਸਿੱਖ ਗੁਰੂ ਸਾਹਿਬਾਨ ਨੇ ਸਿਖਾਇਆ ਕਿ ਇਮਾਨਦਾਰੀ ਨਾਲ ਕਮਾਈ ਗਈ ਅਤੇ ਜ਼ਿੰਮੇਵਾਰੀ ਨਾਲ ਵਰਤੀ ਗਈ ਦੌਲਤ ਇੱਕ ਅਜਿਹੇ ਸੰਤੁਲਿਤ ਜੀਵਨ ਦਾ ਸਮਰਥਨ ਕਰਦੀ ਹੈ ਜੋ ਨਿੱਜੀ ਲੋੜਾਂ ਅਤੇ ਸਮਾਜਿਕ ਭਲਾਈ ਦੋਵਾਂ ਦੀ ਸੇਵਾ ਕਰਦਾ ਹੈ।

**2. ਇਮਾਨਦਾਰੀ ਦੀ ਲੇਬਰ: ਕਿਰਤ ਕਰਨੀ ਦਾ ਸਿਧਾਂਤ**

ਗੁਰੂ ਨਾਨਕ ਦੇਵ ਜੀ ਨੇ ਕਿਰਤ ਕਰਨੀ—ਭਾਵ ਇਮਾਨਦਾਰੀ ਦੀ ਕਮਾਈ ਨਾਲ ਆਪਣੀ ਆਜੀਵਿਕਾ ਕਮਾਉਣ ਦਾ ਸਿਧਾਂਤ ਸਿਖਾਇਆ। ਆਧੁਨਿਕ ਸੰਸਥਾਵਾਂ ਲਈ ਇਸ ਸੰਕਲਪ ਦੇ ਬਹੁਤ ਵੱਡੇ ਅਰਥ ਹਨ।

ਵਿਹਾਰਕ ਵਪਾਰਕ ਸੰਦਰਭ ਵਿੱਚ, ਇਮਾਨਦਾਰ ਕਿਰਤ ਦਾ ਮਤਲਬ ਹੈ:

- ਖਾਤੇ-ਕਿਤਾਬਾਂ (accounting) ਵਿੱਚ ਪਾਰਦਰਸ਼ਤਾ
- ਕੰਟਰੈਕਟਸ (ਸਮਝੌਤਿਆਂ) ਵਿੱਚ ਇਮਾਨਦਾਰੀ
- ਕਰਮਚਾਰੀਆਂ ਨਾਲ ਨੈਤਿਕ ਵਿਵਹਾਰ
- ਗੱਲਬਾਤ ਵਿੱਚ ਸੱਚਾਈ
- ਕਾਨੂੰਨ ਦੇ ਨਿਯਮਾਂ ਅਤੇ ਭਾਵਨਾਵਾਂ ਦੋਵਾਂ ਦੀ ਪਾਲਣਾ ਕਰਨਾ
- ਭ੍ਰਿਸ਼ਟਾਚਾਰ ਅਤੇ ਧੋਖਾਧੜੀ ਤੋਂ ਬਚਣਾ

ਇਮਾਨਦਾਰੀ 'ਤੇ ਬਣੀ ਸੰਸਥਾ ਲੰਬੇ ਸਮੇਂ ਦੀ ਭਰੋਸੇਯੋਗਤਾ ਵਿਕਸਿਤ ਕਰਦੀ ਹੈ।

**ਮੁੱਖ ਨੁਕਤਾ:** ਭਰੋਸਾ (Trust) ਇੱਕ ਮਹੱਤਵਪੂਰਨ ਸੰਗਠਨਾਤਮਕ ਸੰਪਤੀ ਹੈ।

ਵਿੱਤੀ ਧੋਖਾਧੜੀ ਤੋਂ ਲੈ ਕੇ ਵਾਤਾਵਰਣ ਸੰਬੰਧੀ ਧੋਖੇਬਾਜ਼ੀ ਤੱਕ, ਬਹੁਤ ਸਾਰੇ ਆਧੁਨਿਕ ਕਾਰਪੋਰੇਟ ਘੁਟਾਲੇ ਇਸ ਲਈ ਹੁੰਦੇ ਹਨ ਕਿਉਂਕਿ ਸੰਸਥਾਵਾਂ ਨੈਤਿਕ ਇਮਾਨਦਾਰੀ ਨਾਲੋਂ ਥੋੜ੍ਹੇ ਸਮੇਂ ਦੇ ਲਾਭ ਨੂੰ ਪਹਿਲ ਦਿੰਦੀਆਂ ਹਨ। ਸਿੱਖ ਫਲਸਫਾ ਸਿਖਾਉਂਦਾ ਹੈ ਕਿ




ਬੇਈਮਾਨੀ ਨਾਲ ਮਿਲੀ ਸਫਲਤਾ ਅੰਤ ਵਿੱਚ ਸਮਾਜ ਅਤੇ ਸੰਸਥਾ ਦੋਵਾਂ ਨੂੰ ਕਮਜ਼ੋਰ ਕਰਦੀ ਹੈ।

ਅਮਰੀਕੀ ਕਾਰੋਬਾਰ ਨੈਤਿਕ ਭਰੋਸੇ ਨੂੰ ਇੱਕ ਮੁੱਖ ਸੰਗਠਨਾਤਮਕ ਮੁੱਲ ਵਜੋਂ ਬਹਾਲ ਕਰਕੇ ਬਹੁਤ ਲਾਭ ਉਠਾ ਸਕਦੇ ਹਨ। ਲੰਬੇ ਸਮੇਂ ਵਿੱਚ:

- ਭਰੋਸਾ ਟਕਰਾਅ ਨੂੰ ਘਟਾਉਂਦਾ ਹੈ।
- ਨੈਤਿਕ ਆਚਰਣ ਕਰਮਚਾਰੀਆਂ ਦੇ ਮਨੋਬਲ ਨੂੰ ਸੁਧਾਰਦਾ ਹੈ।
- ਪਾਰਦਰਸ਼ਤਾ ਗਾਹਕਾਂ ਦੀ ਵਫ਼ਾਦਾਰੀ ਪੈਦਾ ਕਰਦੀ ਹੈ।
- ਇਮਾਨਦਾਰੀ ਬ੍ਰਾਂਡ ਦੀ ਸਾਖ ਨੂੰ ਮਜ਼ਬੂਤ ਕਰਦੀ ਹੈ।

ਹੇਰਾਫੇਰੀ ਰਾਹੀਂ ਅਸਥਾਈ ਸਫਲਤਾ ਮਿਲ ਸਕਦੀ ਹੈ, ਪਰ ਸਦੀਵੀ ਸੰਸਥਾਵਾਂ ਲਈ ਭਰੋਸੇਯੋਗਤਾ ਦੀ ਲੋੜ ਹੁੰਦੀ ਹੈ।

**3. ਮਨੁੱਖਤਾ ਦੀ ਬਰਾਬਰੀ**

ਸਿੱਖ ਧਰਮ ਦੀਆਂ ਸਭ ਤੋਂ ਕ੍ਰਾਂਤੀਕਾਰੀ ਸਿੱਖਿਆਵਾਂ ਵਿੱਚੋਂ ਇੱਕ ਹੈ ਸਾਰੇ ਮਨੁੱਖਾਂ ਦੀ ਪੂਰਨ ਬਰਾਬਰੀ। ਗੁਰੂ ਨਾਨਕ ਦੇਵ ਜੀ ਨੇ ਘੋਸ਼ਣਾ ਕੀਤੀ ਕਿ ਸਾਰੇ ਲੋਕ ਇੱਕੋ ਹੀ ਰੱਬੀ ਜੋਤ ਦਾ ਰੂਪ ਹਨ, ਚਾਹੇ ਉਨ੍ਹਾਂ ਦੀ:

- ਨਸਲ (race)
- ਧਰਮ
- ਲਿੰਗ (gender)
- ਰਾਸ਼ਟਰੀਅਤਾ
- ਸਮਾਜਿਕ ਸ਼੍ਰੇਣੀ (social class)
- ਜਾਤੀ (ethnicity) ਕੋਈ ਵੀ ਹੋਵੇ।

ਇਸ ਸਿਧਾਂਤ ਦੇ ਅਮਰੀਕੀ ਸੰਸਥਾਵਾਂ ਅਤੇ ਨਾਗਰਿਕ ਸੰਸਥਾਵਾਂ ਲਈ ਡੂੰਘੇ ਅਰਥ ਹਨ। ਸਿੱਖ ਫਲਸਫਾ ਸਮੁੱਚੀ ਮਨੁੱਖਤਾ ਦੀ ਬਰਾਬਰ ਗੌਰਵਤਾ ਨੂੰ ਸਿਰਫ਼ ਬਰਦਾਸ਼ਤ (tolerate) ਕਰਨ ਦੀ ਬਜਾਏ, ਉਸ ਨੂੰ ਦਿਲੋਂ ਸਵੀਕਾਰ ਕਰਦਾ ਹੈ; ਇਹ ਵਿਭਿੰਨਤਾ (diversity) ਅਤੇ ਸਮਾਵੇਸ਼ (inclusion) ਦੀਆਂ ਆਮ ਧਾਰਨਾਵਾਂ ਨਾਲੋਂ ਕਿਤੇ ਵੱਧ ਡੂੰਘਾ ਹੈ।

ਸਿੱਖਾਂ ਦੀ ਲੰਗਰ (ਸਾਂਝੀ ਰਸੋਈ) ਦੀ ਸੰਸਥਾ ਇਸ ਬਰਾਬਰੀ ਦਾ ਪ੍ਰਤੀਕ ਹੈ। ਹਰ ਕੋਈ ਆਪਣੇ ਰੁਤਬੇ ਦੀ ਪਰਵਾਹ ਕੀਤੇ ਬਿਨਾਂ ਇੱਕੋ ਪੰਗਤ ਵਿੱਚ ਇਕੱਠੇ ਬੈਠਦਾ ਹੈ ਅਤੇ ਇੱਕੋ ਜਿਹਾ ਭੋਜਨ ਛਕਦਾ ਹੈ। ਇਤਿਹਾਸਕ ਤੌਰ 'ਤੇ ਇਸਨੇ ਜਾਤੀ ਪ੍ਰਥਾ, ਸਮਾਜਿਕ ਵਿਤਕਰੇ ਅਤੇ ਕੁਲੀਨ ਵਰਗ (elitism) ਦੇ ਹੰਕਾਰ ਨੂੰ ਚੁਣੌਤੀ ਦਿੱਤੀ।

ਵਪਾਰ ਅਤੇ ਸੰਗਠਨਾਤਮਕ ਲੀਡਰਸ਼ਿਪ 'ਤੇ ਲਾਗੂ ਹੋਣ ਦਾ ਮਤਲਬ ਹੈ:

- ਹਰ ਪੱਧਰ 'ਤੇ ਕਰਮਚਾਰੀਆਂ ਨਾਲ ਸਨਮਾਨਪੂਰਵਕ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ।
- ਲੀਡਰਸ਼ਿਪ ਨੂੰ ਹੰਕਾਰ ਅਤੇ ਕੁਲੀਨ ਮਾਨਸਿਕਤਾ ਤੋਂ ਬਚਣਾ ਚਾਹੀਦਾ ਹੈ।
- ਸੰਸਥਾਵਾਂ ਨੂੰ ਨਿਰਪੱਖਤਾ ਅਤੇ ਯੋਗਤਾ (merit) ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।
- ਕਮਜ਼ੋਰ ਵਰਗਾਂ ਦਾ ਸ਼ੋਸ਼ਣ ਨਹੀਂ ਕੀਤਾ ਜਾਣਾ ਚਾਹੀਦਾ।
- ਵਿਤਕਰਾ ਸੰਸਥਾ ਦੀ ਨੈਤਿਕ ਜਾਇਜ਼ਤਾ ਨੂੰ ਕਮਜ਼ੋਰ ਕਰਦਾ ਹੈ।

ਬਰਾਬਰੀ 'ਤੇ ਆਧਾਰਿਤ ਕੰਮ ਵਾਲੀ ਥਾਂ ਮਾਨਸਿਕ ਅਤੇ ਸਮਾਜਿਕ ਤੌਰ 'ਤੇ ਸਿਹਤਮੰਦ ਬਣਦੀ ਹੈ।

**ਮੁੱਖ ਨੁਕਤਾ:** ਕਰਮਚਾਰੀਆਂ ਦਾ ਸਤਿਕਾਰ ਵਫ਼ਾਦਾਰੀ ਅਤੇ ਰਚਨਾਤਮਕਤਾ ਨੂੰ ਵਧਾਉਂਦਾ ਹੈ।

ਨਸਲ, ਰਾਜਨੀਤੀ ਅਤੇ ਸਮਾਜਿਕ ਪਛਾਣ ਦੇ ਨਾਮ 'ਤੇ ਵੰਡੇ ਹੋਏ ਸਮਾਜ ਵਿੱਚ, ਸਿੱਖ ਸਿਧਾਂਤ ਇੱਕ ਪਰਖਿਆ ਹੋਇਆ ਅਤੇ ਮਜ਼ਬੂਤ ਨੈਤਿਕ ਢਾਂਚਾ ਪੇਸ਼ ਕਰਦੇ ਹਨ ਜੋ ਅਮਰੀਕੀ ਸੰਸਥਾਵਾਂ ਨੂੰ ਅਸਲ ਬਰਾਬਰੀ ਅਤੇ ਸਾਂਝੀ ਮਨੁੱਖਤਾ ਦੇ ਦੁਆਲੇ ਇੱਕਜੁੱਟ ਕਰ ਸਕਦਾ ਹੈ। ਸਿੱਖ ਫਲਸਫਾ ਸਿਰਫ਼ ਇੱਕ ਕਲਪਨਾ ਨਹੀਂ ਹੈ, ਬਲਕਿ ਇਹ ਅਜਿਹੇ ਵਿਹਾਰਕ ਸਾਧਨ ਅਤੇ ਇਤਿਹਾਸਕ ਉਦਾਹਰਣਾਂ ਪ੍ਰਦਾਨ ਕਰਦਾ ਹੈ ਜੋ ਵਪਾਰਕ ਅਤੇ ਨਾਗਰਿਕ ਲੀਡਰਸ਼ਿਪ ਨੂੰ ਨਿਆਂ, ਦਇਆ ਅਤੇ ਹਰ ਵਿਅਕਤੀ ਦੀ ਅੰਦਰੂਨੀ ਕੀਮਤ 'ਤੇ ਅਧਾਰਿਤ ਇੱਕ ਉੱਚ ਨੈਤਿਕ ਮਿਆਰ ਤੱਕ ਲੈ ਜਾ ਸਕਦੇ ਹਨ।

**4. ਦਇਆ ਅਤੇ ਨੈਤਿਕ ਜ਼ਿੰਮੇਵਾਰੀ**

ਸਿੱਖ ਸਿੱਖਿਆਵਾਂ ਸਾਰੇ ਲੋਕਾਂ ਪ੍ਰਤੀ ਦਇਆ ਅਤੇ ਹਮਦਰਦੀ 'ਤੇ ਜ਼ੋਰ ਦਿੰਦੀਆਂ ਹਨ। ਭਾਈ ਘਨੱਈਆ ਜੀ ਦੀ ਮਸ਼ਹੂਰ ਉਦਾਹਰਣ ਇਸ ਨੂੰ ਬਹੁਤ ਸੁੰਦਰਤਾ ਨਾਲ ਬਿਆਨ ਕਰਦੀ ਹੈ। ਸਿੱਖਾਂ ਅਤੇ ਮੁਗਲ ਫੌਜਾਂ ਵਿਚਕਾਰ ਹੋਈਆਂ ਜੰਗਾਂ ਦੌਰਾਨ ਭਾਈ ਘਨੱਈਆ ਜੀ ਦੋਵਾਂ ਪਾਸਿਆਂ ਦੇ ਜ਼ਖਮੀ ਸਿਪਾਹੀਆਂ ਨੂੰ ਪਾਣੀ ਪਿਲਾਉਂਦੇ ਸਨ। ਜਦੋਂ ਕੁਝ ਸਿੱਖਾਂ ਨੇ ਸ਼ਿਕਾਇਤ ਕੀਤੀ ਕਿ ਉਹ ਦੁਸ਼ਮਣ ਦੀ ਮਦਦ ਕਰ ਰਹੇ ਹਨ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀ ਮਨੁੱਖਤਾ ਨੂੰ ਇੱਕ ਸਮਾਨ ਦੇਖਣ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ ਅਤੇ ਜ਼ਖਮੀਆਂ ਦੇ ਇਲਾਜ ਲਈ ਉਨ੍ਹਾਂ ਨੂੰ ਮਲ੍ਹਮ ਵੀ ਦਿੱਤੀ। ਇਸ ਕਹਾਣੀ ਵਿੱਚ ਆਧੁਨਿਕ ਸੰਸਥਾਵਾਂ ਲਈ ਇੱਕ ਸਦੀਵੀ ਸੰਦੇਸ਼ ਹੈ: ਸੱਚੀ ਨੈਤਿਕਤਾ ਚੋਣਵੀਂ (selective) ਨਹੀਂ ਹੁੰਦੀ।

ਸੰਸਥਾਵਾਂ ਅਕਸਰ ਉਦੋਂ ਹੀ ਨੈਤਿਕ ਤੌਰ 'ਤੇ ਕੰਮ ਕਰਦੀਆਂ ਹਨ ਜਦੋਂ ਇਹ ਉਨ੍ਹਾਂ ਲਈ ਸੁਵਿਧਾਜਨਕ ਹੁੰਦਾ ਹੈ, ਪਰ ਸਿੱਖ ਫਲਸਫਾ ਦਬਾਅ ਹੇਠ ਵੀ ਨਿਰੰਤਰ ਨੈਤਿਕ ਆਚਰਣ 'ਤੇ ਜ਼ੋਰ ਦਿੰਦਾ ਹੈ। ਸੰਸਥਾਵਾਂ ਲਈ, ਇਸਦਾ ਅਰਥ ਹੈ:

- ਸੰਕਟ ਦੇ ਸਮੇਂ ਗਾਹਕਾਂ ਨਾਲ ਨੈਤਿਕ ਵਿਵਹਾਰ।
- ਕਮੀ (shortages) ਦੇ ਸਮੇਂ ਵੀ ਸਹੀ ਕੀਮਤਾਂ ਰੱਖਣਾ।
- ਜ਼ਿੰਮੇਵਾਰ ਸਿਹਤ ਸੰਭਾਲ (healthcare) ਅਤੇ ਬੀਮਾ ਅਭਿਆਸ।
- ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਕਰਮਚਾਰੀਆਂ ਪ੍ਰਤੀ ਹਮਦਰਦੀ।
- ਡਰ ਜਾਂ ਮਜਬੂਰੀ ਦਾ ਸ਼ੋਸ਼ਣ ਕਰਨ ਤੋਂ ਇਨਕਾਰ ਕਰਨਾ।

ਇਹ ਸਿਧਾਂਤ ਹੈਲਥਕੇਅਰ, ਵਿੱਤ (finance), ਹਾਊਸਿੰਗ, ਬੀਮਾ ਅਤੇ ਫਾਰਮਾਸਿਊਟੀਕਲ ਵਰਗੇ ਉਦਯੋਗਾਂ ਵਿੱਚ ਖਾਸ ਤੌਰ 'ਤੇ ਮਹੱਤਵਪੂਰਨ ਹੈ, ਜਿੱਥੇ ਕਮਜ਼ੋਰ ਵਿਅਕਤੀਆਂ ਦਾ ਆਸਾਨੀ ਨਾਲ ਸ਼ੋਸ਼ਣ ਕੀਤਾ ਜਾ ਸਕਦਾ ਹੈ।

ਇੱਕ ਨੈਤਿਕ ਸੰਸਥਾ, ਖਾਸ ਤੌਰ 'ਤੇ ਸਿੱਖ ਕਦਰਾਂ-ਕੀਮਤਾਂ ਦੁਆਰਾ ਨਿਰਦੇਸ਼ਿਤ ਸੰਸਥਾ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ: ਮਨੁੱਖੀ ਦੁੱਖ ਕਦੇ ਵੀ ਵਪਾਰ ਕਰਨ ਦੀ ਪ੍ਰਵਾਨਿਤ ਕੀਮਤ ਜਾਂ ਮੁਨਾਫੇ ਦਾ ਰਸਤਾ ਨਹੀਂ ਹੋ ਸਕਦੇ। ਦਇਆ, ਜਿਵੇਂ ਕਿ ਸਿੱਖ ਸਿੱਖਿਆਵਾਂ ਦੁਆਰਾ ਲਾਜ਼ਮੀ ਹੈ, ਨੂੰ ਸਾਰੇ ਮੁਨਾਫੇ ਦੇ ਉਦੇਸ਼ਾਂ ਤੋਂ ਉੱਪਰ ਪਹਿਲ ਮਿਲਣੀ ਚਾਹੀਦੀ ਹੈ—ਖਾਸ ਕਰਕੇ ਜਦੋਂ ਲੋਕਾਂ ਦੀਆਂ ਜ਼ਿੰਦਗੀਆਂ ਅਤੇ ਸਨਮਾਨ ਦਾਅ 'ਤੇ ਹੋਣ।

5. ਲੀਡਰਸ਼ਿਪ ਇੱਕ ਜ਼ਿੰਮੇਵਾਰੀ ਵਜੋਂ, ਵਿਸ਼ੇਸ਼ ਅਧਿਕਾਰ ਨਹੀਂ

ਸਿੱਖ ਧਰਮ ਲੀਡਰਸ਼ਿਪ ਨੂੰ ਦਬਦਬਾ ਬਣਾਉਣ ਦੀ ਬਜਾਏ ਸੇਵਾ ਵਜੋਂ ਦੇਖਦਾ ਹੈ। ਸਿੱਖ ਗੁਰੂਆਂ ਨੇ ਨਿੱਜੀ ਤੌਰ 'ਤੇ ਆਮ ਲੋਕਾਂ ਵਿੱਚ ਰਹਿ ਕੇ ਕੰਮ ਕੀਤਾ ਅਤੇ ਬਹੁਤ ਜ਼ਿਆਦਾ ਉੱਚ-ਨੀਚ (hierarchy) ਅਤੇ ਸ਼ਾਹੀ ਹੰਕਾਰ ਨੂੰ ਰੱਦ ਕੀਤਾ।

ਆਧੁਨਿਕ ਸੰਸਥਾਵਾਂ ਅਕਸਰ ਉਦੋਂ ਨੁਕਸਾਨ ਉਠਾਉਂਦੀਆਂ ਹਨ ਜਦੋਂ ਲੀਡਰਸ਼ਿਪ ਕਰਮਚਾਰੀਆਂ ਅਤੇ ਗਾਹਕਾਂ ਤੋਂ ਟੁੱਟ ਜਾਂਦੀ ਹੈ। ਸਿੱਖ ਸਿਧਾਂਤ ਸੇਵਕ ਲੀਡਰਸ਼ਿਪ (servant leadership) ਨੂੰ ਉਤਸ਼ਾਹਿਤ ਕਰਦੇ ਹਨ:

- ਹੁਕਮ ਦੇਣ ਤੋਂ ਪਹਿਲਾਂ ਸੁਣਨਾ
- ਹੰਕਾਰ (ego) ਤੋਂ ਪਹਿਲਾਂ ਨਿਮਰਤਾ
- ਅਧਿਕਾਰ (authority) ਤੋਂ ਪਹਿਲਾਂ ਜਵਾਬਦੇਹੀ (accountability)

**ਸਿੱਖੀ ਤੋਂ ਪ੍ਰੇਰਿਤ ਇੱਕ ਸੰਗਠਨਾਤਮਕ ਆਗੂ:**

- ਸੰਗਠਨ ਦੇ ਮਿਸ਼ਨ ਨੂੰ ਨਿੱਜੀ ਹੰਕਾਰ ਤੋਂ ਉੱਪਰ ਰੱਖੇਗਾ।
- ਨੈਤਿਕ ਫੈਸਲੇ ਲੈਣ ਨੂੰ ਉਤਸ਼ਾਹਿਤ ਕਰੇਗਾ।
- ਆਲੋਚਨਾ ਨੂੰ ਰਚਨਾਤਮਕ ਤੌਰ 'ਤੇ ਸਵੀਕਾਰ ਕਰੇਗਾ।
- ਕਰਮਚਾਰੀਆਂ ਲਈ ਹਮੇਸ਼ਾ ਉਪਲਬਧ (accessible) ਰਹੇਗਾ।
- ਥੋੜ੍ਹੇ ਸਮੇਂ ਦੇ ਦਿਖਾਵੇ ਨਾਲੋਂ ਲੰਬੇ ਸਮੇਂ ਦੀ ਸਮਾਜਿਕ ਭਲਾਈ ਨੂੰ ਪਹਿਲ ਦੇਵੇਗਾ।

ਇਹ ਫਲਸਫਾ ਇਹਨਾਂ ਚੀਜ਼ਾਂ ਵਿੱਚ ਸੁਧਾਰ ਕਰ ਸਕਦਾ ਹੈ:

- ਕਰਮਚਾਰੀਆਂ ਦਾ ਭਰੋਸਾ
- ਸੰਗਠਨਾਤਮਕ ਸੱਭਿਆਚਾਰ (organizational culture)
- ਟੀਮ ਦਾ ਤਾਲਮੇਲ
- ਜਨਤਕ ਭਰੋਸੇਯੋਗਤਾ

ਬਹੁਤ ਸਾਰੀਆਂ ਕਾਰਪੋਰੇਟ ਅਸਫਲਤਾਵਾਂ ਵਿੱਚ, ਸਮੱਸਿਆ ਸਮਝਦਾਰੀ ਦੀ ਕਮੀ ਨਹੀਂ ਬਲਕਿ ਨੈਤਿਕ ਬੁੱਧੀ (ethical wisdom) ਦੀ ਕਮੀ ਹੁੰਦੀ ਹੈ।

**6. ਨੈਤਿਕ ਅਨੁਸ਼ਾਸਨ ਨਾਲ ਪਦਾਰਥਕ ਸਫਲਤਾ ਦਾ ਸੰਤੁਲਨ**

ਸਿੱਖ ਧਰਮ ਪਦਾਰਥਕ ਤਰੱਕੀ ਨੂੰ ਰੱਦ ਨਹੀਂ ਕਰਦਾ। ਗੁਰੂ ਸਾਹਿਬਾਨ ਨੇ ਉਤਪਾਦਕ ਕੰਮ, ਉੱਦਮਸ਼ੀਲਤਾ (entrepreneurship), ਖੇਤੀਬਾੜੀ ਅਤੇ ਭਾਈਚਾਰਕ ਵਿਕਾਸ ਨੂੰ ਉਤਸ਼ਾਹਿਤ ਕੀਤਾ। ਸਿੱਖ ਇਤਿਹਾਸਕ ਤੌਰ 'ਤੇ ਸਫਲ ਕਿਸਾਨ, ਵਪਾਰੀ, ਸਿਪਾਹੀ, ਉਦਯੋਗਪਤੀ ਅਤੇ ਪੇਸ਼ੇਵਰ (professionals) ਬਣੇ।

ਹਾਲਾਂਕਿ, ਪਦਾਰਥਕ ਸਫਲਤਾ ਹਮੇਸ਼ਾ ਨੈਤਿਕ ਅਨੁਸ਼ਾਸਨ ਦੇ ਅਧੀਨ ਹੋਣੀ ਚਾਹੀਦੀ ਹੈ। ਆਧੁਨਿਕ ਪੂੰਜੀਵਾਦ (capitalism) ਕਈ ਵਾਰ ਬੇਅੰਤ ਖਪਤ, ਬਹੁਤ ਜ਼ਿਆਦਾ ਲਾਲਚ ਅਤੇ ਗੈਰ-ਸਿਹਤਮੰਦ ਮੁਕਾਬਲੇਬਾਜ਼ੀ ਨੂੰ ਵਧਾਵਾ ਦਿੰਦਾ ਹੈ। ਸਿੱਖ ਫਲਸਫਾ ਇਸ ਵਿੱਚ ਸੰਤੁਲਨ ਲਿਆਉਂਦਾ ਹੈ:

- ਇਮਾਨਦਾਰੀ ਨਾਲ ਕਮਾਓ
- ਦੂਜਿਆਂ ਨਾਲ ਵੰਡੋ
- ਨੈਤਿਕ ਤੌਰ 'ਤੇ ਜੀਓ
- ਅਧਿਆਤਮਿਕ ਤੌਰ 'ਤੇ ਜੁੜੇ ਰਹੋ

ਇਹ ਸੰਤੁਲਨ ਇਹਨਾਂ ਚੀਜ਼ਾਂ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ:

- ਮਾਨਸਿਕ ਥਕਾਵਟ (burnout)
- ਅਨੈਤਿਕ ਮੁਕਾਬਲਾ
- ਜ਼ਹਿਰੀਲਾ ਕੰਮ ਦਾ ਸੱਭਿਆਚਾਰ (toxic workplace culture)
- ਕਾਰਪੋਰੇਟ ਭ੍ਰਿਸ਼ਟਾਚਾਰ
- ਸਮਾਜਿਕ ਇਕੱਲਾਪਣ

ਜਿਹੜੀਆਂ ਸੰਸਥਾਵਾਂ ਸਿਰਫ਼ ਵਿੱਤੀ ਅੰਕੜਿਆਂ 'ਤੇ ਧਿਆਨ ਦਿੰਦੀਆਂ ਹਨ, ਉਹ ਅਕਸਰ ਆਪਣੀ ਨੈਤਿਕ ਦਿਸ਼ਾ ਗੁਆ ਬਹਿੰਦੀਆਂ ਹਨ।

**ਮੁੱਖ ਨੁਕਤਾ:** ਭਰੋਸਾ ਬਣਾਈ ਰੱਖਣ ਲਈ ਵਿੱਤੀ ਅਤੇ ਨੈਤਿਕ ਟੀਚਿਆਂ ਵਿੱਚ ਸੰਤੁਲਨ ਬਣਾਓ।

ਸਿੱਖ ਸਿੱਖਿਆਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਸੰਸਥਾਵਾਂ ਸਿਰਫ਼ ਸ਼ੇਅਰਧਾਰਕਾਂ ਪ੍ਰਤੀ ਹੀ ਨਹੀਂ, ਸਗੋਂ ਸਮਾਜ ਅਤੇ ਸਿਰਜਣਹਾਰ (ਪ੍ਰਮਾਤਮਾ) ਪ੍ਰਤੀ ਵੀ ਜਵਾਬਦੇਹ ਹਨ। ਸਿੱਖ ਸਿਧਾਂਤਾਂ ਵਿੱਚ ਜੜ੍ਹੀਆਂ ਸੰਸਥਾਵਾਂ ਨਾ ਸਿਰਫ਼ ਆਰਥਿਕ ਉੱਤਮਤਾ ਪ੍ਰਾਪਤ ਕਰਦੀਆਂ ਹਨ, ਸਗੋਂ ਪਵਿੱਤਰ ਨੈਤਿਕ ਜ਼ਿੰਮੇਵਾਰੀਆਂ ਨੂੰ ਵੀ ਪੂਰਾ ਕਰਦੀਆਂ ਹਨ ਜੋ ਜਨਤਕ ਭਰੋਸੇ ਨੂੰ ਬਹਾਲ ਕਰਦੀਆਂ ਹਨ, ਕਮਜ਼ੋਰਾਂ ਦੀ ਰੱਖਿਆ ਕਰਦੀਆਂ ਹਨ, ਅਤੇ ਨਿਆਂ ਨੂੰ ਅੱਗੇ ਵਧਾਉਂਦੀਆਂ ਹਨ—ਜੋ ਕਿ ਇਸ ਲੇਖ ਦਾ ਮੁੱਖ ਤਰਕ ਹੈ।

**7. ਸਮਾਜਿਕ ਜ਼ਿੰਮੇਵਾਰੀ ਅਤੇ ਭਾਈਚਾਰਕ ਭਲਾਈ**

ਸਿੱਖਾਂ ਦਾ ਵੰਡ ਛਕਣਾ—ਭਾਵ ਦੂਜਿਆਂ ਨਾਲ ਸਾਂਝਾ ਕਰਨਾ—ਦਾ ਸੰਕਲਪ ਸਮਾਜਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਦਾ ਹੈ। ਦੌਲਤ ਸਿਰਫ਼ ਨਿੱਜੀ ਐਸ਼ੋ-ਆਰਾਮ 'ਤੇ ਹੀ ਕੇਂਦਰਿਤ ਨਹੀਂ ਰਹਿਣੀ ਚਾਹੀਦੀ ਜਦੋਂ ਕਿ ਸਮਾਜ ਦੁੱਖ ਭੋਗ ਰਿਹਾ ਹੋਵੇ।

ਅਮਰੀਕੀ ਸੰਸਥਾਵਾਂ ਇਸ ਸਿਧਾਂਤ ਨੂੰ ਇਹਨਾਂ ਰਾਹੀਂ ਲਾਗੂ ਕਰ ਸਕਦੀਆਂ ਹਨ:

- ਸਾਰਥਕ ਪਰਉਪਕਾਰ (meaningful philanthropy)
- ਭਾਈਚਾਰਕ ਨਿਵੇਸ਼ (community investment)
- ਕਰਮਚਾਰੀਆਂ ਦੀ ਭਲਾਈ ਦੇ ਪ੍ਰੋਗਰਾਮ
- ਵਿਦਿਅਕ ਸਹਾਇਤਾ
- ਵਾਤਾਵਰਣ ਸੰਬੰਧੀ ਜ਼ਿੰਮੇਵਾਰੀ
- ਨੈਤਿਕ ਸਿਹਤ ਸੰਭਾਲ ਤੱਕ ਪਹੁੰਚ
- ਆਫ਼ਤ ਰਾਹਤ ਯਤਨ (disaster relief)

ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (CSR) ਸਿਰਫ਼ ਇੱਕ ਮਾਰਕੀਟਿੰਗ ਰਣਨੀਤੀ ਨਹੀਂ ਬਣਨੀ ਚਾਹੀਦੀ। ਇਹ ਸੱਚੀ ਨੈਤਿਕ ਵਚਨਬੱਧਤਾ ਵਿੱਚੋਂ ਪੈਦਾ ਹੋਣੀ ਚਾਹੀਦੀ ਹੈ। ਜਿਹੜੀਆਂ ਸੰਸਥਾਵਾਂ ਸਮਾਜ ਵਿੱਚ ਸਕਾਰਾਤਮਕ ਯੋਗਦਾਨ ਪਾਉਂਦੀਆਂ ਹਨ, ਉਹ ਮਜ਼ਬੂਤ ਜਨਤਕ ਮਾਨਤਾ ਅਤੇ ਭਾਈਚਾਰਿਆਂ ਨਾਲ ਇੱਕ ਡੂੰਘਾ ਭਾਵਨਾਤਮਕ ਸਬੰਧ ਵਿਕਸਿਤ ਕਰਦੀਆਂ ਹਨ।

**8. ਸਰਕਾਰ ਅਤੇ ਜਨਤਕ ਪ੍ਰਸ਼ਾਸਨ ਲਈ ਮਹੱਤਤਾ**

ਸਿੱਖ ਧਰਮ ਦੇ ਸਿਧਾਂਤ ਸਿਰਫ਼ ਨਿੱਜੀ ਕਾਰੋਬਾਰਾਂ ਤੱਕ ਹੀ ਸੀਮਤ ਨਹੀਂ ਹਨ। ਇਹ ਸਰਕਾਰੀ ਸੰਸਥਾਵਾਂ ਅਤੇ ਜਨਤਕ ਪ੍ਰਸ਼ਾਸਨ (public administration) 'ਤੇ ਵੀ ਲਾਗੂ ਹੁੰਦੇ ਹਨ। ਜਨਤਕ ਅਧਿਕਾਰੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ:

- ਸਰਕਾਰ ਨਾਗਰਿਕਾਂ ਦੀ ਸੇਵਾ ਲਈ ਮੌਜੂਦ ਹੈ।
- ਨੀਤੀਆਂ ਨੂੰ ਮਨੁੱਖੀ ਸਨਮਾਨ ਦੀ ਰੱਖਿਆ ਕਰਨੀ ਚਾਹੀਦੀ ਹੈ।
- ਭ੍ਰਿਸ਼ਟਾਚਾਰ ਜਨਤਕ ਭਰੋਸੇ ਨੂੰ ਖਤਮ ਕਰਦਾ ਹੈ।
- ਨਿਰਪੱਖਤਾ ਅਤੇ ਨਿਆਂ ਨੈਤਿਕ ਜ਼ਿੰਮੇਵਾਰੀਆਂ ਹਨ।

ਸਿੱਖ ਗੁਰੂਆਂ ਨੇ ਹਮੇਸ਼ਾ ਜ਼ੁਲਮ ਅਤੇ ਸੱਤਾ ਦੀ ਦੁਰਵਰਤੋਂ ਦਾ ਵਿਰੋਧ ਕੀਤਾ। ਇਸ ਲਈ, ਸਿੱਖ ਫਲਸਫਾ ਲੀਡਰਸ਼ਿਪ ਵਿੱਚ ਨੈਤਿਕ ਦਲੇਰੀ ਨੂੰ ਉਤਸ਼ਾਹਿਤ ਕਰਦਾ ਹੈ। ਚਾਹੇ ਕੋਈ ਵਿਅਕਤੀ:

- ਸਿਹਤ ਸੰਭਾਲ (healthcare)
- ਸਿੱਖਿਆ
- ਕਾਨੂੰਨ ਲਾਗੂ ਕਰਨ (law enforcement)
- ਰਾਜਨੀਤੀ
- ਵਪਾਰ
- ਗੈਰ-ਮੁਨਾਫਾ ਸੰਸਥਾਵਾਂ (nonprofits) ਵਿੱਚ ਕੰਮ ਕਰਦਾ ਹੋਵੇ,

ਮੁੱਖ ਮਾਰਗਦਰਸ਼ਕ ਸਿਧਾਂਤ ਹਮੇਸ਼ਾ ਇਹ ਹੋਣਾ ਚਾਹੀਦਾ ਹੈ: ਮਨੁੱਖਤਾ ਦੀ ਸੇਵਾ।

**ਸਿੱਟਾ (Conclusion)**

ਸਿੱਖ ਧਰਮ ਦੀਆਂ ਸਿੱਖਿਆਵਾਂ ਆਧੁਨਿਕ ਅਮਰੀਕੀ ਸੰਸਥਾਵਾਂ ਅਤੇ ਕਾਰੋਬਾਰਾਂ ਲਈ ਇੱਕ ਡੂੰਘਾ ਢੁਕਵਾਂ ਨੈਤਿਕ ਮਾਡਲ ਪ੍ਰਦਾਨ ਕਰਦੀਆਂ ਹਨ। ਪਦਾਰਥਵਾਦ, ਧਰੁਵੀਕਰਨ (polarization) ਅਤੇ ਸੰਸਥਾਗਤ ਅਵਿਸ਼ਵਾਸ ਦੇ ਇਸ ਦੌਰ ਵਿੱਚ, ਸਿੱਖ ਫਲਸਫਾ ਇੱਕ ਸ਼ਕਤੀਸ਼ਾਲੀ ਸੁਧਾਰ ਪੇਸ਼ ਕਰਦਾ ਹੈ ਜੋ ਇਹਨਾਂ ਚੀਜ਼ਾਂ 'ਤੇ ਅਧਾਰਿਤ ਹੈ:

- ਬਰਾਬਰੀ
- ਇਮਾਨਦਾਰੀ
- ਦਇਆ
- ਸੇਵਾ
- ਨਿਮਰਤਾ
- ਨੈਤਿਕ ਲੀਡਰਸ਼ਿਪ

ਸਿੱਖ ਧਰਮ ਮੁਨਾਫੇ, ਨਵੀਨਤਾ (innovation) ਜਾਂ ਪਦਾਰਥਕ ਸਫਲਤਾ ਦਾ ਵਿਰੋਧ ਨਹੀਂ ਕਰਦਾ। ਬਲਕਿ, ਇਹ ਨੈਤਿਕ ਸਪੱਸ਼ਟਤਾ ਨਾਲ ਇਹ ਦਾਅਵਾ ਕਰਦਾ ਹੈ ਕਿ ਇਹ ਚੀਜ਼ਾਂ ਹਮੇਸ਼ਾ ਮਨੁੱਖੀ ਸਨਮਾਨ, ਨਿਆਂ ਅਤੇ ਨੈਤਿਕ ਜ਼ਿੰਮੇਵਾਰੀ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ। ਸਿੱਖ ਨਜ਼ਰੀਏ ਵਿੱਚ, ਅਸਲ ਤਰੱਕੀ ਸਿਰਫ਼ ਦੌਲਤ ਨਾਲ ਨਹੀਂ, ਸਗੋਂ ਇਸ ਗੱਲ ਨਾਲ ਮਾਪੀ ਜਾਂਦੀ ਹੈ ਕਿ ਇੱਕ ਕਾਰੋਬਾਰ ਆਪਣੇ ਕਰਮਚਾਰੀਆਂ, ਭਾਈਚਾਰਿਆਂ ਅਤੇ ਸਮੁੱਚੇ ਸਮਾਜ ਲਈ ਕਿੰਨਾ ਸਦੀਵੀ ਭਲਾ ਕਰਦਾ ਹੈ।

ਇੱਕ ਕਾਰੋਬਾਰ ਨੂੰ ਸਿਰਫ਼ ਇਹ ਨਹੀਂ ਪੁੱਛਣਾ ਚਾਹੀਦਾ:

'ਅਸੀਂ ਵਿੱਤੀ ਤੌਰ 'ਤੇ ਕਿੰਨੇ ਸਫਲ ਹਾਂ ?'

**ਇਸ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ:**

- 'ਅਸੀਂ ਨੈਤਿਕ ਤੌਰ 'ਤੇ ਕਿਵੇਂ ਕੰਮ ਕਰ ਰਹੇ ਹਾਂ ?'
- 'ਅਸੀਂ ਲੋਕਾਂ ਨਾਲ ਕਿਵੇਂ ਵਿਵਹਾਰ ਕਰਦੇ ਹਾਂ ?'
- 'ਕੀ ਅਸੀਂ ਸਮਾਜ ਨੂੰ ਬਿਹਤਰ ਬਣਾ ਰਹੇ ਹਾਂ ?'
- 'ਕੀ ਅਸੀਂ ਮਨੁੱਖਤਾ ਦੀ ਸੇਵਾ ਕਰ ਰਹੇ ਹਾਂ ਜਾਂ ਇਸਦਾ ਸ਼ੋਸ਼ਣ ਕਰ ਰਹੇ ਹਾਂ ?'

ਸਿੱਖ ਗੁਰੂ ਸਾਹਿਬਾਨ ਨੇ ਸਿਖਾਇਆ ਕਿ ਸਾਰੇ ਮਨੁੱਖ ਇੱਕੋ ਸਿਰਜਣਹਾਰ ਦੀ ਅੰਸ਼ ਹਨ। ਜਦੋਂ ਸੰਸਥਾਵਾਂ ਸੱਚਮੁੱਚ ਇਸ ਸਿਧਾਂਤ ਨੂੰ ਆਪਣੇ ਅੰਦਰ ਉਤਾਰ ਲੈਂਦੀਆਂ ਹਨ, ਤਾਂ ਵਪਾਰ ਸਿਰਫ਼ ਇੱਕ ਆਰਥਿਕ ਗਤੀਵਿਧੀ ਨਹੀਂ ਰਹਿ ਜਾਂਦਾ—ਇਹ ਮਨੁੱਖੀ ਤਰੱਕੀ, ਨਿਆਂ ਅਤੇ ਸਮੂਹਿਕ ਭਲਾਈ ਦਾ ਇੱਕ ਸਾਧਨ ਬਣ ਜਾਂਦਾ ਹੈ।

# ਕਬੱਡੀ ਜਗਤ 'ਚ ਵੱਡਾ ਸਿਆਸੀ ਧਮਾਕਾ

## ਕੌਮਾਂਤਰੀ ਖਿਡਾਰੀ ਸੰਦੀਪ ਲੁੱਧਰ 'ਆਪ' ਵਿੱਚ ਸ਼ਾਮਲ; ਸੀਐਮ ਭਗਵੰਤ ਮਾਨ ਨੇ ਸਿਰੋਪਾਓ ਪਾ ਕੇ ਕੀਤਾ ਸਵਾਗਤ !







ਚੰਡੀਗੜ੍ਹ: ਪੰਜਾਬ ਦੀ ਮਕਬੂਲ ਖੇਡ ਕਬੱਡੀ ਦੇ ਵਿਸ਼ਵ ਪ੍ਰਸਿੱਧ ਸਟਾਰ ਖਿਡਾਰੀ ਸੰਦੀਪ ਲੁੱਧਰ ਅੱਜ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ (AAP) ਵਿੱਚ ਸ਼ਾਮਲ ਹੋ ਗਏ ਹਨ। ਚੰਡੀਗੜ੍ਹ ਵਿਖੇ ਹੋਏ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਦੀਪ ਲੁੱਧਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਪਾਰਟੀ ਵਿੱਚ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਿਰੋਪਾਓ ਭੇਟ ਕਰਕੇ ਰਸਮੀ ਤੌਰ 'ਤੇ 'ਆਪ' ਪਰਿਵਾਰ ਦਾ ਹਿੱਸਾ ਬਣਾਇਆ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਮਾਣ ਅਤੇ ਨੌਜਵਾਨਾਂ ਦੇ ਦਿਲਾਂ ਦੀ ਧੜਕਨ ਸੰਦੀਪ ਲੁੱਧਰ ਦੇ ਆਉਣ ਨਾਲ ਪਾਰਟੀ ਨੂੰ ਹੋਰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਖੇਡ ਮੈਦਾਨਾਂ ਵਿੱਚ ਪੰਜਾਬ ਦਾ ਨਾਂ ਰੌਸ਼ਨ ਕਰਨ ਵਾਲੇ ਅਜਿਹੇ ਨੌਜਵਾਨਾਂ ਦੇ ਸਹਿਯੋਗ ਨਾਲ 'ਰੰਗਲਾ ਪੰਜਾਬ' ਬਣਾਉਣ ਦੇ ਮਿਸ਼ਨ ਨੂੰ ਹੋਰ ਹੁਲਾਰਾ ਮਿਲੇਗਾ ਅਤੇ ਉਨ੍ਹਾਂ ਦਾ ਤਜਰਬਾ ਸੂਬੇ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਵਿੱਚ ਮਦਦਗਾਰ ਸਾਬਤ ਹੋਵੇਗਾ। ਦੂਜੇ ਪਾਸੇ, ਸੰਦੀਪ ਲੁੱਧਰ ਨੇ ਕਿਹਾ ਕਿ ਉਹ ਮਾਨ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਏ ਹਨ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਇਮਾਨਦਾਰੀ ਨਾਲ ਕੰਮ ਕਰਨਗੇ।

# 100 ਕਰੋੜ ਦੇ GST ਘੁਟਾਲੇ 'ਚ ਘਿਰੇ ਮੰਤਰੀ ਸੰਜੀਵ ਅਰੋੜਾ ਨੂੰ 14 ਦਿਨਾਂ ਦੀ ਜੁਡੀਸ਼ੀਅਲ ਹਿਰਾਸਤ; ਪਰਿਵਾਰ ਨੂੰ ਮਿਲ ਕੇ ਹੋਏ ਭਾਵੁਕ !







ਗੁਰੂਗ੍ਰਾਮ (ਹਰਿਆਣਾ): ਕਥਿਤ 100 ਕਰੋੜ ਰੁਪਏ ਦੇ ਫਰਜ਼ੀ GST ਬਿਲਿੰਗ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ ਫਸੇ ਪੰਜਾਬ ਦੇ ਉਦਯੋਗ ਅਤੇ ਕਾਮਰਸ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਗੁਰੂਗ੍ਰਾਮ ਦੀ ਵਿਸ਼ੇਸ਼ PMLA ਅਦਾਲਤ ਨੇ 14 ਦਿਨਾਂ ਦੀ ਨਿਆਇਕ ਹਿਰਾਸਤ (Judicial Custody) ਵਿੱਚ ਜੇਲ੍ਹ ਭੇਜ ਦਿੱਤਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ (ED) ਵੱਲੋਂ ਦੋ ਦਿਨ ਦਾ ਵਧਿਆ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਈਡੀ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੀ ਪੁੱਛਗਿੱਛ ਮੁਕੰਮਲ ਹੋ ਚੁੱਕੀ ਹੈ, ਜਿਸ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ 1 ਜੂਨ ਤੱਕ ਜੇਲ੍ਹ ਭੇਜਣ ਦੇ ਹੁਕਮ ਦਿੱਤੇ।

ਅਦਾਲਤ ਵਿੱਚ ਪੇਸ਼ੀ ਦੌਰਾਨ ਇੱਕ ਬੇਹੱਦ ਭਾਵੁਕ ਦ੍ਰਿਸ਼ ਦੇਖਣ ਨੂੰ ਮਿਲਿਆ। ਗ੍ਰਿਫ਼ਤਾਰੀ ਤੋਂ ਬਾਅਦ ਪਹਿਲੀ ਵਾਰ ਆਪਣੇ ਪਰਿਵਾਰਕ ਮੈਂਬਰਾਂ ਨੂੰ ਮਿਲਦਿਆਂ 62 ਸਾਲਾ ਸੰਜੀਵ ਅਰੋੜਾ ਆਪਣੇ ਹੰਝੂ ਨਾ ਰੋਕ ਸਕੇ ਅਤੇ ਕਾਫੀ ਕਮਜ਼ੋਰ ਨਜ਼ਰ ਆਏ। ਦੂਜੇ ਪਾਸੇ, ਅਦਾਲਤ ਨੇ ਉਨ੍ਹਾਂ ਦੇ ਵਕੀਲ ਦੀ ਅਰਜ਼ੀ ਨੂੰ ਪ੍ਰਵਾਨ ਕਰਦਿਆਂ ਜੇਲ੍ਹ ਵਿੱਚ ਲੋੜੀਂਦੀਆਂ ਡਾਕਟਰੀ ਸਹੂਲਤਾਂ ਅਤੇ ਰੋਜ਼ਾਨਾ ਇੱਕ ਘੰਟਾ ਵਕੀਲ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 1 ਜੂਨ ਨੂੰ ਵੀਡੀਓ ਕਾਨਫਰੰਸਿੰਗ (Virtual) ਰਾਹੀਂ ਹੋਵੇਗੀ।

### ਆਨਲਾਈਨ ਦਵਾਈਆਂ ਦੀ ਵਿਕਰੀ ਖ਼ਿਲਾਫ਼ ਕੈਮਿਸਟਾਂ ਦਾ ਹੱਲਾਬੋਲ

# ਠਾਣੇ 'ਚ ਮੈਡੀਕਲ ਸਟੋਰ ਪੂਰੀ ਤਰ੍ਹਾਂ ਬੰਦ, ਇੱਕ ਰੋਜ਼ਾ ਹੜਤਾਲ ਨਾਲ ਪ੍ਰਦਰਸ਼ਨ !




ਠਾਣੇ (ਮਹਾਰਾਸ਼ਟਰ) : ਈ-ਫਾਰਮੇਸੀ (Online Medicine Sales) ਦੇ ਵਧ ਰਹੇ ਰੁਝਾਨ ਅਤੇ ਆਨਲਾਈਨ ਦਵਾਈਆਂ ਦੀ ਗ਼ੈਰ-ਕਾਨੂੰਨੀ ਵਿਕਰੀ ਦੇ ਵਿਰੋਧ ਵਿੱਚ ਅੱਜ ਠਾਣੇ ਸ਼ਹਿਰ ਦੇ ਸਮੁੱਚੇ ਕੈਮਿਸਟ ਅਤੇ ਡਰੱਗਿਸਟ ਐਸੋਸੀਏਸ਼ਨ ਵੱਲੋਂ ਇੱਕ ਰੋਜ਼ਾ ਮੁਕੰਮਲ ਹੜਤਾਲ ਕੀਤੀ ਗਈ। ਹੜਤਾਲ ਦੇ ਸੱਦੇ ਕਾਰਨ ਬੁੱਧਵਾਰ ਨੂੰ ਸ਼ਹਿਰ ਦੇ ਲਗਭਗ ਸਾਰੇ ਮੈਡੀਕਲ ਸਟੋਰ ਅਤੇ ਕੈਮਿਸਟ ਦੁਕਾਨਾਂ ਪੂਰੀ ਤਰ੍ਹਾਂ ਬੰਦ ਰਹੀਆਂ, ਜਿਸ ਕਾਰਨ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।

ਪ੍ਰਦਰਸ਼ਨਕਾਰੀ ਕੈਮਿਸਟਾਂ ਨੇ ਕੇਂਦਰ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਉਨ੍ਹਾਂ ਦਾ ਤਰਕ ਹੈ ਕਿ ਆਨਲਾਈਨ ਪੋਰਟਲ ਬਿਨਾਂ ਕਿਸੇ ਪੁਖ਼ਤਾ ਡਾਕਟਰੀ ਪਰਚੀ (Prescription) ਦੇ ਨਸ਼ੀਲੀਆਂ ਅਤੇ ਪਾਬੰਦੀਸ਼ੁਦਾ ਦਵਾਈਆਂ ਦੀ ਹੋਮ ਡਿਲੀਵਰੀ ਕਰ ਰਹੇ ਹਨ, ਜੋ ਨੌਜਵਾਨ ਪੀੜ੍ਹੀ ਲਈ ਬੇਹੱਦ ਖ਼ਤਰਨਾਕ ਹੈ। ਇਸ ਦੇ ਨਾਲ ਹੀ ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਆਨਲਾਈਨ ਫਾਰਮੇਸੀਆਂ 'ਤੇ ਸਖ਼ਤ ਨਿਯਮ ਨਾ ਲਗਾਏ, ਤਾਂ ਲੱਖਾਂ ਸਥਾਨਕ ਦੁਕਾਨਦਾਰਾਂ ਦਾ ਰੁਜ਼ਗਾਰ ਬਰਬਾਦ ਹੋ ਜਾਵੇਗਾ ਅਤੇ ਆਉਣ ਵਾਲੇ ਦਿਨਾਂ ਵਿੱਚ ਇਸ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

# ਸਤੌਂਜ 'ਚ ਬਿਜਲੀ ਤਾਰਾਂ ਜ਼ਮੀਨਦੋਜ਼ ਕਰਨ ਦਾ ਪ੍ਰਾਜੈਕਟ ਸ਼ੁਰੂ

### ਮੁੱਖ ਮੰਤਰੀ ਨੇ ਆਪਣੇ ਜੱਦੀ ਪਿੰਡ ਵਿੱਚ ਸ਼ੁਰੂਆਤ ਕੀਤੀ; ਪ੍ਰਾਜੈਕਟ 'ਤੇ ਆਵੇਗੀ 8 ਕਰੋੜ ਰੁਪਏ ਦੀ ਲਾਗਤ



ਚੀਮਾ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਨੂੰ ਦੇਸ਼ ਦਾ ਪਹਿਲਾ ਖੰਭਾ-ਮੁਕਤ ਪਿੰਡਾਂ ਵਾਲਾ ਸੂਬਾ ਬਣਾਉਣ ਲਈ ਅੱਜ ਆਪਣੇ ਜੱਦੀ ਪਿੰਡ ਸਤੌਂਜ ਵਿੱਚ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ (ਜ਼ਮੀਨਦੋਜ਼) ਪਾਉਣ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖ ਕੇ ਆਪਣੀ ਕਿਸਮ ਦੀ ਨਿਵੇਕਲੀ ਸ਼ੁਰੂਆਤ ਕੀਤੀ। ਇਸ ਪ੍ਰਾਜੈਕਟ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਧੁਨਿਕ ਬੁਨਿਆਦੀ ਢਾਂਚੇ, ਨਿਰਵਿਘਨ ਬਿਜਲੀ ਸਪਲਾਈ ਅਤੇ ਸੁਰੱਖਿਅਤ ਪਿੰਡਾਂ 'ਤੇ ਅਧਾਰਿਤ 'ਰੌਸ਼ਨ ਪੰਜਾਬ' ਦੀ ਸ਼ੁਰੂਆਤ ਦੱਸਿਆ।

'ਸਤੌਂਜ ਮਾਡਲ' ਨੂੰ ਪੂਰੇ ਦੇਸ਼ ਲਈ ਮਿਸਾਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨਾਲ ਪਿੰਡਾਂ ਨੂੰ ਤਾਰਾਂ ਮੁਕਤ ਕਰਨ ਦਾ ਆਪਣਾ ਵਾਅਦਾ ਪੂਰਾ ਕੀਤਾ ਹੈ। ਇਸ ਪਾਇਲਟ ਪ੍ਰਾਜੈਕਟ ਤਹਿਤ ਸਤੌਂਜ ਵਿੱਚ ਬਿਜਲੀ ਦੀਆਂ ਉਪਰੋਂ ਲੰਘਦੀਆਂ ਤਾਰਾਂ ਨੂੰ ਕਰੀਬ 8 ਕਰੋੜ ਰੁਪਏ ਦੀ ਲਾਗਤ ਨਾਲ ਜ਼ਮੀਨਦੋਜ਼ ਕੀਤਾ ਜਾਵੇਗਾ। ਇਹ ਦੇਸ਼ ਦਾ ਪਹਿਲਾ ਅਜਿਹਾ ਪ੍ਰਾਜੈਕਟ ਹੈ ਅਤੇ ਇਸ ਪਹਿਲਕਦਮੀ ਨਾਲ ਪੰਜਾਬ ਪੂਰੇ ਦੇਸ਼ ਲਈ ਮਾਡਲ ਪ੍ਰਾਜੈਕਟ ਵਜੋਂ ਉਭਰੇਗਾ। ਉਨ੍ਹਾਂ ਦੱਸਿਆ, "ਪ੍ਰਾਜੈਕਟ ਤਹਿਤ 800 ਖਪਤਕਾਰਾਂ ਦੇ ਘਰਾਂ ਨੂੰ ਜੋੜਨ ਵਾਲੀ 41 ਕਿਲੋਮੀਟਰ ਸਰਵਿਸ ਕੇਬਲ ਜ਼ਮੀਨਦੋਜ਼ ਵਿਛਾਈ ਜਾਵੇਗੀ। ਪਿੰਡਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ, ਮੀਂਹ ਤੇ ਤੇਜ਼ ਹਵਾਵਾਂ ਹੁਣ ਬਿਜਲੀ ਸਪਲਾਈ ਵਿੱਚ ਵਿਘਨ ਨਹੀਂ ਪਾ ਸਕਣਗੀਆਂ। ਆਪਣੇ ਪਿੰਡ ਦੀ ਦੁਖਦਾਈ ਘਟਨਾ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, "ਇਸ ਪਿੰਡ ਦੇ ਤਿੰਨ ਨੌਜਵਾਨਾਂ ਦੀ ਕੰਬਾਈਨਾਂ ਨਾਲ ਬਿਜਲੀ ਦਾ ਕਰੰਟ ਲੱਗਣ ਕਾਰਨ ਜਾਨ ਚਲੀ ਗਈ ਸੀ। ਇਹ ਪ੍ਰਾਜੈਕਟ ਉਨ੍ਹਾਂ ਨੌਜਵਾਨਾਂ ਨੂੰ ਸ਼ਰਧਾਂਜਲੀ ਹੈ।" ਇਸ ਪਹਿਲਕਦਮੀ ਨੂੰ ਦੇਸ਼ ਲਈ ਬਦਲਾਅ ਦਾ ਮਾਡਲ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, "ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਨੂੰ ਵੱਡੀ ਰਾਹਤ ਦੇਣ ਲਈ ਪੂਰੇ ਦੇਸ਼ ਵਿੱਚ 'ਸਤੌਂਜ ਮਾਡਲ' ਜਾਣਿਆ ਜਾਵੇਗਾ। 'ਆਪ' ਸਰਕਾਰ ਤੁਹਾਡੀ ਸੇਵਾ ਵਿੱਚ ਅਤੇ ਪੰਜਾਬ ਦੀ ਤਰੱਕੀ ਲਈ ਪੂਰੀ ਲਗਨ ਨਾਲ ਦਿਨ-ਰਾਤ ਕੰਮ ਕਰ ਰਹੀ ਹੈ।

# ਲੰਡਨ ਓਂਟਾਰੀਓ ਵਿਖੇ ਸਜਾਇਆ ਨਗਰ ਕੀਰਤਨ



ਲੰਡਨ ਓਂਟਾਰੀਓ : ਖ਼ਾਲਸੇ ਦੇ ਸਾਜਨਾ ਦਿਵਸ ਦੇ ਸਬੰਧ 'ਚ ਲੰਡਨ ਸਿੱਖ ਸੁਸਾਇਟੀ ਓਂਟਾਰੀਓ ਵੱਲੋਂ ਨਗਰ ਕੀਰਤਨ ਇੱਥੋਂ ਦੇ ਵਿਕਟੋਰੀਆ ਪਾਰਕ ਵਿਖੇ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪੰਜ ਨਿਸ਼ਾਨਚੀਆਂ ਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰੂ ਗ੍ਰੰਥ ਜੀ ਦੀ ਸੁਨਿਹਰੀ ਪਾਲਕੀ ਦੀ ਸ਼ਤਰ ਛਾਇਆ 'ਚ ਨਗਰ ਕੀਰਤਨ ਰਵਾਨਾ ਹੋਇਆ। ਇਸ ਮੌਕੇ ਸਵੇਰੇ 10 ਵਜੇ ਤੋਂ 4 ਵਜੇ ਤੱਕ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਕੀਰਤਨੀ ਜੱਥਿਆ ਜਿਨ੍ਹਾਂ 'ਚ ਭਾਈ ਅਨੰਤਵੀਰ ਸਿੰਘ, ਭਾਈ ਜਗਜੀਤ ਸਿੰਘ ਬੰਬੀਹਾ ਤੇ ਭਾਈ ਮਨਪ੍ਰੀਤ ਸਿੰਘ ਹੁਰਾ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ। ਸੰਗਤਾਂ ਵੱਲੋਂ ਦਰਜਨਾਂ ਵੱਖ-ਵੱਖ ਲੰਗਰ ਦੇ ਸਟਾਲ ਲਾਏ ਗਏ। ਗੁਰਦੁਆਰਾ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ। ਇਹ ਚੌਥਾ ਉਪਰਾਲਾ ਸੀ ਜਿਸ 'ਚ ਨੇੜਲੇ ਸ਼ਹਿਰਾਂ ਇੰਗਰਸੋਲ, ਵੁੱਡਸਟਾਕ, ਕਿਚਨਰ ਵਾਟਰਲੂ ਦੀਆਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ 'ਚ ਹਿੱਸਾ ਲਿਆ। ਵਿਕਟੋਰੀਆ ਪਾਰਕ ਦੇ ਇਸ ਖੁੱਲ੍ਹੇ ਮੈਦਾਨ 'ਚ ਓਂਟਾਰੀਓ ਪਰੋਵਿਨਸ਼ੀਅਲ ਪੁਲਿਸ, ਜਸਵੰਤ ਸਿੰਘ ਖਾਲੜਾ ਖ਼ਾਲਸਾ ਸਕੂਲ, ਸਿੱਖ ਹੈਰੀਟੇਜ ਮਿਊਜ਼ੀਅਮ, ਸੂਹੇ ਅੱਖਰ ਕਿਤਾਬ ਘਰ ਦੇ ਬੂਥ ਤੇ ਹਰ ਉਮਰ ਦੇ ਗੱਤਕਾ ਗਰੱਪ ਸੰਗਤਾਂ ਦੀ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਸਿਟੀ ਆਫ ਲੰਡਨ ਓਨਟਾਰੀਓ ਦੇ ਮੇਅਰ ਜੋਸ਼ ਮਾਰਗਨ ਅੱਤ ਇਸ ਹਲਕੇ ਦੇ ਮੈਂਬਰ ਪਾਰਲੀਮੈਂਟ ਕੁਰਤ ਹੋਲਮੈਨ ਨੇ ਇਸ ਸ਼ੁਭ ਮੌਕੇ 'ਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਤੇ ਸਿੱਖ ਸੰਗਤਾਂ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ ਵੀ ਕੀਤਾ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਪ੍ਰਧਾਨ ਸਰਦਾਰ ਹਕੀਕਤ ਸਿੰਘ ਹੁਰਾਂ ਨੇ ਸਮੂੰਹ ਸੰਗਤਾਂ ਦਾ ਧੰਨਵਾਦ ਕੀਤਾ।

# ਜਲੰਧਰ 'ਚ ਗੁਟਕਾ ਸਾਹਿਬ ਦੀ ਬੇਅਦਬੀ, ਖਾਲੀ ਪਲਾਟ 'ਚ ਖ਼ਿੱਲਰੇ ਮਿਲੇ ਪਵਿੱਤਰ ਅੰਗ

ਜਲੰਧਰ : ਕਮਿਸ਼ਨਰੇਟ ਪੁਲਸ ਦੇ ਥਾਣਾ ਬਸਤੀ ਬਾਵਾ ਖੇਲ ਦੇ ਇਲਾਕੇ ਰਾਜਾ ਗਾਰਡਨ ਵਿਚ ਸਥਿਤ ਇਕ ਖਾਲੀ ਪਲਾਟ ਵਿਚੋਂ ਦੇਰ ਰਾਤ ਗੁਟਕਾ ਸਾਹਿਬ ਦੇ ਪਵਿੱਤਰ ਅੰਗ ਮਿਲਣ ਨਾਲ ਇਲਾਕੇ ਵਿਚ ਭਾਰੀ ਰੋਸ ਫੈਲ ਗਿਆ। ਇਸ ਸਬੰਧ ਵਿਚ ਸਿੱਖ ਜਥੇਬੰਦੀਆਂ ਨੇ ਗੁਰੂ ਸਾਹਿਬ ਦੇ ਪਵਿੱਤਰ ਅੰਗ ਮਿਲਣ ਤੋਂ ਬਾਅਦ ਰੋਸ ਜ਼ਾਹਰ ਕੀਤਾ ਅਤੇ ਸੂਚਨਾ ਮਿਲਦਿਆਂ ਹੀ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਸਮੇਤ ਏ. ਸੀ. ਪੀ. ਵੈਸਟ ਆਤਿਸ਼ ਭਾਟੀਆ ਵੀ ਮੌਕੇ 'ਤੇ ਪਹੁੰਚ ਗਏ।



ਘਟਨਾ ਸਥਾਨ 'ਤੇ ਪਹੁੰਚੀਆਂ ਪੁਲਸ ਟੀਮਾਂ ਪਲਾਟ ਦੇ ਨਾਲ ਲੱਗਦੀ ਦੁਕਾਨ ਵਿਚ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਛਾਣਨ ਵਿਚ ਜੁਟ ਗਈਆਂ ਤਾਂ ਜੋ ਇਹ ਪਤਾ ਲੱਗ ਸਕੇ ਕਿ ਇਹ ਬੇਅਦਬੀ ਕਿਸ ਨੇ ਕੀਤੀ ਹੈ। ਘਟਨਾ ਵਾਲੀ ਥਾਂ 'ਤੇ ਪਹੁੰਚੇ ਬਘੇਲ ਸਿੰਘ ਨੇ ਦੱਸਿਆ ਕਿ ਉਹ ਕੀਰਤਨ ਦਰਬਾਰ ਵਿਚ ਸਨ। ਉਨ੍ਹਾਂ ਨੂੰ ਕਿਸੇ ਵਿਅਕਤੀ ਦਾ ਫੋਨ ਆਇਆ ਕਿ ਖਾਲੀ ਪਲਾਟ ਵਿਚ ਗੁਟਕਾ ਸਾਹਿਬ ਦੇ ਅੰਗ ਖ਼ਿੱਲਰੇ ਹੋਏ ਹਨ, ਜਿਸ ਤੋਂ ਬਾਅਦ ਉਨ੍ਹਾਂ ਗੁਟਕਾ ਸਾਹਿਬ ਦੇ ਅੰਗਾਂ ਨੂੰ ਝੋਲੀ ਵਿਚ ਪਾਇਆ ਅਤੇ ਪੁਲਸ ਨੂੰ ਸੂਚਿਤ ਕੀਤਾ। ਉਨ੍ਹਾਂ ਇਸ ਗੱਲ 'ਤੇ ਡੂੰਘਾ ਰੋਸ ਪ੍ਰਗਟ ਕਰਦਿਆਂ ਕਿਹਾ ਕਿ ਜਿਸ ਕਿਸੇ ਨੇ ਵੀ ਇਹ ਬੇਅਦਬੀ ਕੀਤੀ ਹੈ, ਉਸ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉੱਥੇ ਹੀ, ਮੌਕੇ 'ਤੇ ਸਿੱਖ ਤਾਲਮੇਲ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਗੁਟਕਾ ਸਾਹਿਬ ਦੇ ਅੰਗ ਖਾਲੀ ਪਲਾਟ ਵਿਚ ਸੁੱਟੇ ਗਏ ਸਨ, ਜਿਸ ਤੋਂ ਬਾਅਦ ਉਹ ਆਪਣੀ ਸੰਸਥਾ ਦੇ ਨਾਲ ਇਥੇ ਪਹੁੰਚੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਬੇਅਦਬੀ ਕਰਨ ਵਾਲੇ ਮੁਲਜ਼ਮ ਬੇਨਕਾਬ ਨਹੀਂ ਹੋ ਜਾਂਦੇ ਅਤੇ ਉਨ੍ਹਾਂ ਨੂੰ ਸਖ਼ਤ ਸਜ਼ਾ ਨਹੀਂ ਮਿਲਦੀ, ਉਦੋਂ ਤੱਕ ਉਹ ਇਥੇ ਹੀ ਆਪਣਾ ਰੋਸ ਪ੍ਰਦਰਸ਼ਨ ਜਾਰੀ ਰੱਖਣਗੇ। ਏ. ਸੀ. ਪੀ. ਵੈਸਟ ਆਤਿਸ਼ ਭਾਟੀਆ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਤੋਂ ਸੂਚਨਾ ਮਿਲੀ ਸੀ ਕਿ ਬਸਤੀ ਬਾਵਾ ਖੇਲ ਇਲਾਕੇ ਦੇ ਬਾਬਾ ਬੁੱਢਾ ਜੀ ਪੁਲ ਨੇੜੇ ਸਥਿਤ ਪਲਾਟ ਵਿਚ ਗੁਟਕਾ ਸਾਹਿਬ ਨੂੰ ਪਾੜ ਕੇ ਬੇਅਦਬੀ ਕੀਤੀ ਗਈ ਹੈ, ਜਿਸ ਤੋਂ ਬਾਅਦ ਉਹ ਟੀਮ ਸਮੇਤ ਮੌਕੇ 'ਤੇ ਪਹੁੰਚੇ ਹਨ। ਪਲਾਟ ਦੇ ਆਲੇ-ਦੁਆਲੇ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਨੂੰ ਛਾਣਿਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਟੀਮ ਨੇ ਬੇਅਦਬੀ ਕਰਨ ਵਾਲੇ ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਤੇ ਉਹ ਜਲਦ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲੈਣਗੇ।




ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਜੰਮੂ-ਕਸ਼ਮੀਰ ਪੁਲਿਸ ਦੇ ਨਵ-ਨਿਯੁਕਤ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਸੌਂਪੇ

# ਇਜ਼ਰਾਈਲ ਦੀ ਗਾਜ਼ਾ 'ਚ ਵੱਡੀ ਕਾਰਵਾਈ ! ਮਾਰ ਸੁੱਟਿਆ ਹਮਾਸ ਦਾ ਮੁਖੀ

ਇਜ਼ਰਾਈਲੀ ਫੌਜ ਨੇ ਸ਼ਨੀਵਾਰ ਨੂੰ ਐਲਾਨ ਕੀਤਾ ਕਿ ਉਸ ਨੇ ਹਮਾਸ ਦੇ ਫੌਜ ਮੁਖੀ ਇਜ਼ੇਦੀਨ ਅਲ ਹੱਦਾਦ ਨੂੰ ਹਵਾਈ ਹਮਲੇ ਵਿਚ ਮਾਰ ਦਿੱਤਾ ਹੈ। ਇਜ਼ਰਾਈਲੀ ਡਿਫੈਂਸ ਫੋਰਸ ਵੱਲੋਂ ਦੱਸਿਆ ਗਿਆ ਕਿ ਹੱਦਾਦ ਉਨ੍ਹਾਂ ਹਮਾਸ ਕਮਾਂਡਰਾਂ ਵਿਚ ਸ਼ਾਮਲ ਸੀ, ਜਿਨ੍ਹਾਂ ਨੇ 7 ਅਕਤੂਬਰ ਦਾ ਪਲਾਨ ਬਣਾਇਆ ਸੀ। ਗਾਜ਼ਾ ਵਿਚ ਹਵਾਈ ਹਮਲੇ ਤੋਂ ਬਾਅਦ ਫੌਜ ਅਤੇ ਇਜ਼ਰਾਈਲ ਦੀ ਘਰੇਲੂ ਸੁਰੱਖਿਆ ਏਜੰਸੀ ਨੇ ਇਸ ਐਕਸ਼ਨ ਦੀ ਪੁਸ਼ਟੀ ਕੀਤੀ।

ਫੌਜ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਆਈ.ਡੀ.ਐੱਫ. ਅਤੇ ਆਈ.ਐੱਸ.ਏ. ਐਲਾਨ ਕਰਦੇ ਹਨ ਕਿ ਕੱਲ ਗਾਜ਼ਾ ਸ਼ਹਿਰ ਦੇ ਇਲਾਕੇ ਵਿਚ ਇਕ ਸਟੀਕ ਹਮਲੇ ਵਿਚ ਅੱਤਵਾਦੀ ਇਜ਼ੇਦੀਨ ਅਲ-ਹੱਦਾਦ ਨੂੰ ਮਾਰ ਸੁੱਟਿਆ ਗਿਆ।



ਇਜ਼ਰਾਈਲ ਵੱਲੋਂ ਆਏ ਇਸ ਬਿਆਨ ਤੋਂ ਬਾਅਦ ਹਮਾਸ ਦੇ ਅਧਿਕਾਰੀਆਂ ਨੇ ਵੀ ਇਸ ਦੀ ਪੁਸ਼ਟੀ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਹੱਦਾਦ ਸ਼ੁੱਕਰਵਾਰ ਨੂੰ ਇਕ ਰਿਹਾਇਸ਼ੀ ਅਪਾਰਟਮੈਂਟ ਵਿਚ ਮੌਜੂਦ ਸੀ, ਉਸੇ ਦੌਰਾਨ ਉੱਥੇ ਹੋਏ ਹਮਲੇ ਵਿਚ ਉਸ ਦੀ ਜਾਨ ਚਲੀ ਗਈ। ਹੱਦਾਦ ਦੀ ਮੌਤ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਸ ਦੇ ਜਨਾਜ਼ੇ 'ਚ ਸ਼ਾਮਲ ਹੋਏ, ਜਿਸ ਵਿਚ ਛੋਟੇ ਬੱਚੇ ਵੀ ਸ਼ਾਮਲ ਸਨ।

# ਲੰਡਨ ਵਿਰੋਧ ਪ੍ਰਦਰਸ਼ਨ: ਪਰਵਾਸ ਵਿਰੋਧੀਆਂ ਨੂੰ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਸਖ਼ਤ ਚਿਤਾਵਨੀ

## ਫ਼ਲਸਤੀਨ ਪੱਖੀਆਂ ਵੱਲੋਂ ਇਜ਼ਰਾਈਲ ਨੂੰ ਹਥਿਆਰ ਦੇਣ ਦਾ ਤਿੱਖਾ ਵਿਰੋਧ


ਲੰਡਨ : ਲੰਡਨ ਦੇ ਕੇਂਦਰੀ ਹਿੱਸੇ ਵਿੱਚ ਦੋ ਵੱਖ-ਵੱਖ ਪ੍ਰਦਰਸ਼ਨਾਂ ਦੌਰਾਨ ਹਜ਼ਾਰਾਂ ਲੋਕਾਂ ਨੇ ਮਾਰਚ ਕੀਤਾ। ਇੱਕ ਮੁਜ਼ਾਹਰਾ ਦੇਸ਼ ਵਿੱਚ ਪਰਵਾਸ ਵਿੱਚ ਬੜੋਤਰੀ ਖ਼ਿਲਾਫ਼ ਸੀ ਜਦਕਿ ਦੂਜਾ ਫ਼ਲਸਤੀਨੀਆਂ ਦੇ ਸਮਰਥਨ ਵਿੱਚ ਸੀ। ਪੁਲੀਸ ਨੇ ਇਸ ਮੁਹਿੰਮ ਲਈ 4,000 ਅਧਿਕਾਰੀ ਤਾਇਨਾਤ ਕੀਤੇ ਸਨ, ਜਿਨ੍ਹਾਂ ਵਿੱਚ ਰਾਜਧਾਨੀ ਤੋਂ ਬਾਹਰੋਂ ਸੱਦੀ ਗਈ ਵਾਧੂ ਫੋਰਸ ਦੇ ਅਧਿਕਾਰੀ ਤੇ ਮੁਲਾਜ਼ਮ ਵੀ ਸ਼ਾਮਲ ਸਨ। ਪੁਲੀਸ ਨੇ ਇਸ ਨੂੰ ਪਿਛਲੇ ਕਈ ਸਾਲਾਂ ਵਿੱਚ ਆਪਣੀ ਸਭ ਤੋਂ ਵੱਡੀ ਜਨਤਕ ਵਿਵਸਥਾ ਮੁਹਿੰਮ ਦੱਸਦਿਆਂ ਆਪਣੀਆਂ ਸ਼ਕਤੀਆਂ ਦੀ ਹਰ ਸੰਭਵ ਸਖ਼ਤੀ ਨਾਲ ਵਰਤੋਂ ਕਰਨ ਦਾ ਵਾਅਦਾ ਕੀਤਾ।



ਦੋਵੇਂ ਮਾਰਚ ਸ਼ੁਰੂ ਹੋਣ ਤੋਂ ਕੁਝ ਦੇਰ ਬਾਅਦ, ਦੁਪਹਿਰ 12 ਵਜੇ ਤੱਕ ਪੁਲੀਸ ਨੇ ਦੱਸਿਆ ਕਿ ਉਨ੍ਹਾਂ ਨੇ ਵੱਖ-ਵੱਖ ਅਪਰਾਧਾਂ ਲਈ 11 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਪਹਿਲਾਂ ਇਨ੍ਹਾਂ ਮੁਜ਼ਾਹਰਿਆਂ ਵਿੱਚ ਘੱਟੋ-ਘੱਟ 80,000 ਲੋਕਾਂ ਦੇ ਸ਼ਾਮਲ ਹੋਣ ਦਾ ਅਨੁਮਾਨ ਲਾਇਆ ਸੀ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਸ਼ੁੱਕਰਵਾਰ ਨੂੰ 'ਯੂਨਾਈਟਿਡ ਦਿ ਕਿੰਗਡਮ' ਮਾਰਚ ਦੇ ਪ੍ਰਬੰਧਕਾਂ 'ਤੇ ਨਿਸ਼ਾਨਾ ਸੇਧਦੇ ਹੋਏ ਉਨ੍ਹਾਂ 'ਤੇ ਸਿੱਧੇ ਤੌਰ 'ਤੇ ਨਫ਼ਰਤ ਅਤੇ ਵੰਡ ਨੂੰ ਹੁਲਾਰਾ ਦੇਣ ਦਾ ਦੋਸ਼ ਲਾਇਆ।

ਇਹ ਮਾਰਚ ਇਸਲਾਮ ਵਿਰੋਧੀ ਕਾਰਕੁਨ ਸਟੀਫਨ ਯੈਕਸਲੇ-ਲੈਨਨ ਵੱਲੋਂ ਕੀਤਾ ਗਿਆ, ਜਿਸ ਨੂੰ ਟੌਮੀ ਰੌਬਿਨਸਨ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਸਰਕਾਰ ਨੇ 11 ਵਿਅਕਤੀਆਂ ਨੂੰ ਬਰਤਾਨੀਆ ਵਿੱਚ ਦਾਖ਼ਲ ਹੋਣ ਤੋਂ ਰੋਕ ਦਿੱਤਾ, ਜਿਨ੍ਹਾਂ ਨੂੰ ਸਰਕਾਰ ਨੇ ਵਿਦੇਸ਼ੀ ਸੱਜੇ-ਪੱਖੀ ਭੜਕਾਊ ਪ੍ਰਦਰਸ਼ਨਕਾਰੀਆਂ ਵਜੋਂ ਦਰਸਾਇਆ ਸੀ। ਅੱਜ ਰੌਬਿਨਸਨ ਦੇ ਹਮਾਇਤੀ ਕੇਂਦਰੀ ਲੰਡਨ ਵਿੱਚ ਇਕੱਠੇ ਹੋਏ, ਜਿਨ੍ਹਾਂ ਦੇ ਹੱਥਾਂ ਵਿੱਚ ਬਰਤਾਨਵੀ ਝੰਡੇ ਸਨ।

# ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਸਲਮਾਨ ਖੁਰਸ਼ੀਦ ਨੇ ਯੂਰਪੀਅਨ ਯੂਨੀਅਨ ਦੇ ਪ੍ਰਤੀਨਿਧੀਆਂ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਅੱਜ ਨਵੀਂ ਦਿੱਲੀ ਦੇ ਸ਼ਾਂਤੀ ਨਿਕੇਤਨ ਵਿਖੇ ਯੂਰਪੀਅਨ ਯੂਨੀਅਨ (EU) ਦੇ ਵਫਦ ਵੱਲੋਂ ਇੱਕ ਵਿਸ਼ੇਸ਼ ਦੁਪਹਿਰ ਦੇ ਖਾਣੇ (Luncheon) ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਦੇ ਵਿਦੇਸ਼ ਮਾਮਲਿਆਂ ਦੇ ਵਿਭਾਗ ਦੇ ਚੇਅਰਮੈਨ ਸਲਮਾਨ ਖੁਰਸ਼ੀਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

**ਵਿਸ਼ਵ ਅਤੇ ਖੇਤਰੀ ਗਤੀਵਿਧੀਆਂ 'ਤੇ ਚਰਚਾ**

ਇਸ ਮੁਲਾਕਾਤ ਦੌਰਾਨ ਭਾਰਤ ਅਤੇ ਯੂਰਪੀਅਨ ਯੂਨੀਅਨ ਵਿਚਕਾਰ ਰਣਨੀਤਕ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ 'ਤੇ ਚਰਚਾ ਕੀਤੀ ਗਈ। ਭਾਰਤ ਵਿੱਚ ਯੂਰਪੀਅਨ ਯੂਨੀਅਨ ਦੇ ਰਾਜਦੂਤ ਹਰਵੇ ਡੇਲਫਿਨ ਨੇ ਇਸ ਮੁਲਾਕਾਤ ਨੂੰ ਯੂਨੀਅਨ ਵੱਲੋਂ ਭਾਰਤੀ ਰਾਜਨੀਤਿਕ ਪਾਰਟੀਆਂ ਨਾਲ ਜੁੜਨ ਦੀ ਪ੍ਰਕਿਰਿਆ ਦਾ ਇੱਕ ਹਿੱਸਾ ਦੱਸਿਆ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਨੇ ਮੌਜੂਦਾ ਭਾਰਤੀ ਅਤੇ ਵਿਸ਼ਵ ਭੂ-ਰਾਜਨੀਤਿਕ ਸਥਿਤੀਆਂ (geopolitical dynamics) ਬਾਰੇ ਵਿਚਾਰ-ਵਟਾਂਦਰਾ ਕੀਤਾ।

**ਰਣਨੀਤਕ ਭਾਈਵਾਲੀ ਦੀ ਮਹੱਤਤਾ**

ਇਸ ਮੌਕੇ ਯੂਰਪੀਅਨ ਯੂਨੀਅਨ ਦੇ ਰਾਜਦੂਤ ਨੇ ਕਿਹਾ ਕਿ ਭਾਰਤ ਅਤੇ ਯੂਰਪੀਅਨ ਯੂਨੀਅਨ ਦੇ ਮੈਂਬਰ ਦੇਸ਼ਾਂ ਵਿਚਕਾਰ ਸਬੰਧ ਪਹਿਲਾਂ ਨਾਲੋਂ ਕਿਤੇ ਵਧੇਰੇ ਡੂੰਘੇ ਹੋ ਰਹੇ ਹਨ। ਦੋਵਾਂ ਧਿਰਾਂ ਨੇ ਭਾਰਤ-EU ਰਣਨੀਤਕ ਸਬੰਧਾਂ ਨੂੰ 'ਸੀਮਾਹੀਨ, ਅਭਿਲਾਸ਼ੀ ਅਤੇ ਪ੍ਰਗਤੀਸ਼ੀਲ' ਕਰਾਰ ਦਿੱਤਾ। ਇਹ ਮੁਲਾਕਾਤ ਅਜਿਹੇ ਸਮੇਂ ਹੋਈ ਹੈ ਜਦੋਂ ਹਾਲ ਹੀ ਦੇ ਮਹੀਨਿਆਂ ਵਿੱਚ ਭਾਰਤ ਅਤੇ EU ਵਿਚਕਾਰ ਆਰਥਿਕ ਅਤੇ ਰਣਨੀਤਕ ਸਬੰਧਾਂ ਵਿੱਚ ਕਾਫੀ ਤੇਜ਼ੀ ਆਈ ਹੈ।

ਇਸ ਸਮਾਗਮ ਵਿੱਚ 27 ਯੂਰਪੀਅਨ ਯੂਨੀਅਨ ਦੇਸ਼ਾਂ ਦੇ ਮਿਸ਼ਨ ਮੁਖੀ (Heads of Mission) ਸ਼ਾਮਲ ਹੋਏ, ਜਿਨ੍ਹਾਂ ਨੇ ਭਾਰਤੀ ਨੇਤਾਵਾਂ ਨਾਲ ਸਾਂਝੇ ਭਵਿੱਖ ਅਤੇ ਗਲੋਬਲ ਮੁੱਦਿਆਂ 'ਤੇ ਸਹਿਯੋਗ ਵਧਾਉਣ ਲਈ ਗੱਲਬਾਤ ਕੀਤੀ।

## ਸ਼ੇਰਾਂ ਨੂੰ ਮਿਲਿਆ ਆਪਣਾ ਇਤਿਹਾਸਕਾਰ

# ਡਾ. ਤਰਲੋਚਨ ਸਿੰਘ ਨਾਹਲ ਦੀ ਨਵੀਂ ਖੋਜ ਪੁਸਤਕ ਨੇ ਰਾਜੇ ਪੋਰਸ ਅਤੇ ਸਿਕੰਦਰ ਮਹਾਨ ਬਾਰੇ ਯੂਰਪੀਨ ਭੁਲੇਖਿਆਂ ਨੂੰ ਕੀਤਾ ਚਕਨਾਚੂਰ


ਡਾ. ਤਰਲੋਚਨ ਸਿੰਘ ਨਾਹਲ

ਸੈਨ ਹੋਜ਼ੇ, ਕੈਲੇਫੋਰਨੀਆ : ਅਫਰੀਕਾ ਦੀ ਇਕ ਮਸ਼ਹੂਰ ਕਹਾਵਤ ਹੈ, 'ਜਿਨਾਂ ਚਿਰ ਸ਼ੇਰਾਂ ਕੋਲ ਆਪਣੇ ਇਤਿਹਾਸਕਾਰ ਨਾ ਹੋਣ, ਉਨਾਂ ਚਿਰ ਉਹਨਾਂ ਦੇ ਸ਼ਿਕਾਰ ਦੀਆਂ ਕਹਾਣੀਆਂ ਵਿਚ ਸ਼ਿਕਾਰੀਆਂ ਦੇ ਹੀ ਗੁਣ ਗਾਏ ਜਾਣਗੇ।' ਪਿਛਲੇ 2350 ਸਾਲਾਂ ਤੋਂ ਸਿਕੰਦਰ ਦੀਆਂ ਜਿੱਤਾਂ ਦਾ ਇਤਿਹਾਸ ਸਿਰਫ ਪੱਛਮੀ (ਯੂਰਪੀਨ) ਦ੍ਰਿਸ਼ਟੀਕੋਣ ਤੋਂ ਹੀ ਲਿਖਿਆ ਅਤੇ ਪੜ੍ਹਿਆ ਜਾ ਰਿਹਾ ਸੀ, ਜਿਸ ਕਾਰਨ ਪ੍ਰਾਚੀਨ ਪੰਜਾਬ ਦੇ ਸੂਰਮਿਆਂ ਵਲੋਂ ਕੀਤੇ ਗਏ ਬੇਮਿਸਾਲ ਮੁਕਾਬਲੇ ਨੂੰ ਇਤਿਹਾਸ ਦੇ ਪੰਨਿਆਂ ਵਿੱਚ ਉਹ ਸਥਾਨ ਨਹੀਂ ਮਿਲਿਆ ਜਿਸ ਦੇ ਉਹ ਹੱਕਦਾਰ ਸਨ।


ਪਰ ਹੁਣ, ਇਤਿਹਾਸ ਦਾ ਇਹ ਪੱਖਪਾਤ ਹਮੇਸ਼ਾ ਲਈ ਖ਼ਤਮ ਹੋਣ ਜਾ ਰਿਹਾ ਹੈ।

ਭਾਰਤੀ ਮੂਲ ਦੇ ਪ੍ਰਸਿੱਧ ਅਮਰੀਕਨ ਖੋਜ ਵਿਦਵਾਨ ਡਾ. ਤਰਲੋਚਨ ਸਿੰਘ ਨਾਹਲ ਨੇ 14 ਸਾਲ ਦੀ ਲੰਮੀ ਅਤੇ ਅਣਥੱਕ ਖੋਜ ਤੋਂ ਬਾਅਦ 504 ਪੰਨਿਆਂ ਦੀ ਇਕ ਇਤਿਹਾਸਕ ਖੋਜ ਪੁਸਤਕ 'Alexander the Great's Invasion of India and Battle with King Porus: Battle of the Hydaspes and Punjabi Resistance' (ਸਿਕੰਦਰ ਮਹਾਨ ਦਾ ਹਿੰਦੋਸਤਾਨ ਉਪਰ ਹਮਲਾ ਅਤੇ ਰਾਜੇ ਪੋਰਸ ਨਾਲ ਜੰਗ: ਜੇਹਲਮ ਦੇ ਕੰਢੇ ਲੜਾਈ ਅਤੇ ਪੰਜਾਬੀਆਂ ਵੱਲੋਂ ਮੁਕਾਬਲਾ) ਰਿਲੀਜ਼ ਕੀਤੀ ਹੈ । ਅਮਰੀਕਾ ਦੀ ਮਸ਼ਹੂਰ 'ਆਰਚਵੇਅ ਪਬਲਿਸ਼ਿੰਗ ਕੰਪਨੀ' (ਜੋ ਕਿ ਵਿਸ਼ਵ ਪ੍ਰਸਿੱਧ ਸਾਈਮਨ ਐਂਡ ਸ਼ੂਸਟਰ ਦੀ ਭਾਈਵਾਲ ਹੈ) ਵੱਲੋਂ ਪ੍ਰਕਾਸ਼ਿਤ ਇਹ ਪੁਸਤਕ ਯੂਰੋਕੇਂਦਰੀ ਪੱਖਪਾਤ ਤੋਂ ਪੂਰੀ ਤਰ੍ਹਾਂ ਮੁਕਤ ਹੈ ।

**14 ਸਾਲਾਂ ਦੀ ਖੋਜ: ਇਹ ਇਕ ਨਾਟਕੀ ਟੋਟਕਾ ਨਹੀਂ ਹੈ, ਸ਼ਹੀਦਾਂ ਦੀ ਅਸਲ ਦਾਸਤਾਨ ਹੈ।** ਪੰਜਾਬ ਵਿੱਚ ਆਮ ਤੌਰ 'ਤੇ ਲੋਕ ਰਾਜੇ ਪੋਰਸ ਅਤੇ ਸਿਕੰਦਰ ਦੀ ਲੜਾਈ ਬਾਰੇ ਸਿਰਫ਼ ਇਕ ਨਾਟਕੀ ਟੋਟਕਾ ਹੀ ਜਾਣਦੇ ਹਨ ਕਿ ਜਦੋਂ ਪੋਰਸ ਨੂੰ ਬੰਦੀ ਬਣਾ ਕੇ ਪੇਸ਼ ਕੀਤਾ ਗਿਆ, ਤਾਂ ਸਿਕੰਦਰ ਦੇ ਸਵਾਲ 'ਦੱਸ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ?' 'ਤੇ ਪੋਰਸ ਨੇ ਜਵਾਬ ਦਿੱਤਾ ਸੀ, 'ਜਿਵੇਂ ਇਕ ਰਾਜਾ ਦੂਜੇ ਰਾਜੇ ਨਾਲ ਕਰਦਾ ਹੈ'।

ਡਾ. ਨਾਹਲ ਅਨੁਸਾਰ ਪੋਰਸ ਦੀ ਅਣਖ ਅਤੇ ਪੰਜਾਬੀਆਂ ਦੀ ਸੂਰਮਗਤੀ ਨੂੰ ਸਿਰਫ਼ ਇਸ ਇਕ ਟੋਟਕੇ ਤੱਕ ਸੀਮਤ ਕਰ ਦੇਣਾ ਇੱਕੋ ਦਿਨ ਸ਼ਹੀਦ ਹੋਏ 12,000 ਪੰਜਾਬੀਆਂ ਦੀ ਸ਼ਹਾਦਤ ਨਾਲ ਕੋਝਾ ਮਜ਼ਾਕ ਹੈ। ਇਹ ਸੰਬਾਦ ਅਸਲ ਵਿੱਚ ਉਸ ਵੇਲੇ ਹੋਇਆ ਸੀ ਜਦੋਂ ਪੋਰਸ ਦੀ ਲਾਸਾਨੀ ਬਹਾਦਰੀ ਤੋਂ ਪ੍ਰਭਾਵਿਤ ਹੋ ਕੇ ਸਿਕੰਦਰ ਨੇ ਉਸ ਨੂੰ ਨਾ ਸਿਰਫ਼ ਉਸ ਦਾ ਰਾਜ ਵਾਪਸ ਦਿੱਤਾ, ਬਲਕਿ ਲਾਗਲੇ ਜਿੱਤੇ ਹੋਏ ਇਲਾਕੇ ਵੀ ਸੌਂਪ ਦਿੱਤੇ ਸਨ।

ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਸਿਕੰਦਰ ਨੂੰ ਪੰਜਾਬ ਵਿੱਚ ਸਿਰਫ਼ ਪੋਰਸ ਹੀ ਨਹੀਂ, ਬਲਕਿ ਪੰਜਾਬ, ਪਿਸ਼ਾਵਰ, ਸਵਾਤ, ਮਾਝੇ ਅਤੇ ਸਿੰਧ ਦੇ ਬੇਅੰਤ ਕਬੀਲਿਆਂ ਅਤੇ ਛੋਟੇ ਰਾਜਿਆਂ ਨੇ 15 ਵੱਖ-ਵੱਖ ਥਾਵਾਂ 'ਤੇ ਭਿਆਨਕ ਟੱਕਰ ਦਿੱਤੀ ਸੀ। ਪ੍ਰਾਚੀਨ ਯੂਨਾਨੀ ਇਤਿਹਾਸਕਾਰ ਪਲੂਟਾਰਕ ਦੇ ਹਵਾਲੇ ਨਾਲ ਲੇਖਕ ਲਿਖਦੇ ਹਨ ਕਿ ਪੰਜਾਬੀਆਂ ਨਾਲ ਹੋਈ ਇਸ ਭਿਆਨਕ ਲੜਾਈ ਨੇ 'ਮਕਦੂਨੀਆਂ (ਯੂਨਾਨੀਆਂ) ਦੀ ਹਿੰਮਤ ਦੀ ਧਾਰ ਖੁੰਢੀ ਕਰ ਦਿੱਤੀ ਸੀ'। ਇਸੇ ਕਰਕੇ ਸਿਕੰਦਰ ਦੀ ਫ਼ੌਜ ਨੇ ਬਿਆਸ ਦਰਿਆ 'ਤੇ ਬਗਾਵਤ ਕਰ ਦਿੱਤੀ ਅਤੇ ਉਸ ਨੂੰ ਪੰਜਾਬ ਵਿੱਚੋਂ ਵਾਪਸ ਮੁੜਨ ਲਈ ਮਜਬੂਰ ਹੋਣਾ ਪਿਆ ।


ਰਾਜਾ ਪੋਰਸ


ਸਿਕੰਦਰ ਮਹਾਨ

**ਲੜਾਈ ਦਾ ਦ੍ਰਿਸ਼ ਅਤੇ ਰਾਜੇ ਪੋਰਸ ਦਾ ਚਿੱਤਰ ਡਾ. ਨਾਹਲ ਨੇ ਇਕ ਜਗਤ ਪ੍ਰਸਿੱਧ ਕਲਾਕਾਰ ਪਾਸੋਂ ਇਸ ਪੁਸਤਕ ਵਾਸਤੇ ਉਚੇਚੇ ਤੌਰ 'ਤੇ ਬਣਵਾਏ ਹਨ ਜੋ ਉਸਦੇ ਸ਼ਾਹੀ ਜਲਾਲ ਅਤੇ ਸੂਰਮਗਤੀ ਨੂੰ ਉਜਾਗਰ ਕਰਦੇ ਹਨ।**

**ਪੁਸਤਕ ਦੀਆਂ ਮੁੱਖ ਵਿਸ਼ੇਸ਼ਤਾਵਾਂ**

ਇਹ ਪੁਸਤਕ ਪ੍ਰਾਚੀਨ ਇਤਿਹਾਸ ਨੂੰ ਬਹੁਤ ਹੀ ਸਰਲ ਅਤੇ ਦਸਤਾਵੇਜ਼ੀ ਰੂਪ ਵਿੱਚ ਪੇਸ਼ ਕਰਦੀ ਹੈ:

**ਨਕਸ਼ੇ ਅਤੇ ਚਿੱਤਰ:** ਪਾਠਕਾਂ ਦੀ ਸਹੂਲਤ ਲਈ ਇਸ ਵਿੱਚ 120 ਚਿੱਤਰ ਅਤੇ 30 ਤੋਂ ਵੱਧ ਪੁਰਾਤਨ ਤੇ ਅਜੋਕੇ ਨਕਸ਼ੇ ਸ਼ਾਮਲ ਕੀਤੇ ਗਏ ਹਨ।


**ਵਿਸਤ੍ਰਿਤ ਸ਼ਬਦਕੋਸ਼ (Glossary):** ਪੁਸਤਕ ਵਿੱਚ ਇਕ ਵਿਸ਼ੇਸ਼ ਸ਼ਬਦਕੋਸ਼ ਹੈ, ਜੋ ਸਿਕੰਦਰ ਦੇ ਯੁੱਗ ਦੇ ਪ੍ਰਾਚੀਨ ਯੂਨਾਨੀ ਨਾਵਾਂ ਅਤੇ ਅਸਥਾਨਾਂ ਨੂੰ ਉਹਨਾਂ ਦੇ ਅਜੋਕੇ ਆਧੁਨਿਕ ਨਾਵਾਂ ਨਾਲ ਜੋੜਦਾ ਹੈ, ਤਾਂ ਜੋ ਪਾਠਕ ਅੱਜ ਵੀ ਉਹਨਾਂ ਥਾਵਾਂ ਨੂੰ ਆਸਾਨੀ ਨਾਲ ਲੱਭ ਸਕਣ।

**ਸਿਕੰਦਰ ਦੀ 'ਮਹਾਨਤਾ' ਦਾ ਦੂਜਾ ਪੱਖ:** ਪੁਸਤਕ ਵਿੱਚ ਉਜਾਗਰ ਕੀਤਾ ਗਿਆ ਹੈ ਕਿ ਸਿਕੰਦਰ ਦੀ ਕਥਿਤ ਮਹਾਨਤਾ ਯੂਰਪ, ਈਰਾਨ ਅਤੇ ਭਾਰਤ ਵਿੱਚ ਲਗਭਗ 5 ਲੱਖ ਲੋਕਾਂ ਦੇ ਕਤਲੇਆਮ ਨਾਲ ਦਾਗਦਾਰ ਹੈ। ਉਸ ਦੀ ਮੌਤ ਤੋਂ ਬਾਅਦ ਜਿਸ ਤਰ੍ਹਾਂ ਖਾਨਾਜੰਗੀ ਵਿੱਚ ਉਸ ਦਾ ਪੂਰਾ ਪਰਿਵਾਰ ਖ਼ਤਮ ਹੋਇਆ, ਉਹ ਯੂਨਾਨ ਦੇ ਇਕ ਵਿਯੋਗ ਨਾਟਕ (ਤਰਾਸਦੀ) ਵਰਗਾ ਹੈ।

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਇਤਿਹਾਸ ਵਿਭਾਗ ਦੇ ਸਾਬਕਾ ਪ੍ਰੋਫੈਸਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਨੇ ਇਸ ਕਾਰਜ ਦੀ ਸ਼ਲਾਘਾ ਕਰਦਿਆਂ ਕਿਹਾ: 'ਲੇਖਕ ਨੇ ਪ੍ਰਾਚੀਨ ਅਤੇ ਆਧੁਨਿਕ ਸਰੋਤਾਂ ਦੀ ਡੂੰਘਾਈ ਵਿੱਚ ਜਾ ਕੇ ਇਕ ਨਵਾਂ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਪ੍ਰਾਚੀਨ ਭਾਰਤੀ ਇਤਿਹਾਸ ਦੇ ਇਸ ਘੱਟ ਜਾਣੇ ਜਾਂਦੇ ਦੌਰ ਲਈ ਇਹ ਬਹੁਤ ਕੀਮਤੀ ਅਤੇ ਮਹੱਤਵਪੂਰਨ ਦਸਤਾਵੇਜ਼ੀ ਯੋਗਦਾਨ ਹੈ।'

**ਲੇਖਕ ਬਾਰੇ**

ਡਾ. ਤਰਲੋਚਨ ਸਿੰਘ ਨਾਹਲ ਸਿੱਖ ਧਰਮ ਅਤੇ ਪੰਜਾਬ ਦੇ ਇਤਿਹਾਸ ਦੇ ਸੁਤੰਤਰ ਖੋਜ ਵਿਦਵਾਨ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਅੰਗਰੇਜ਼ੀ ਸਾਹਿਤ ਵਿੱਚ ਐਮ.ਏ. ਕਰਨ ਤੋਂ ਬਾਅਦ ਉਹ 1979 ਵਿੱਚ ਅਮਰੀਕਾ ਆ ਗਏ। ਉਹਨਾਂ ਨੇ ਯੂਨੀਵਰਸਿਟੀ ਆਫ਼ ਕੈਲੇਫੋਰਨੀਆ, ਸਾਂਟਾ ਕਰੂਜ਼ ਦੇ ਪ੍ਰੋਫੈਸਰ ਅਮੈਰੀਟਸ ਪ੍ਰੋ. ਨੋਇਲ ਕਿੰਗ ਦੀ ਰਹਿਨੁਮਾਈ ਹੇਠ ਸੀਨੀਅਰ ਯੂਨੀਵਰਸਿਟੀ ਅਮਰੀਕਾ ਤੋਂ ਪੀਐਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਡਾ. ਨਾਹਲ ਪਿਛਲੇ ਚਾਰ ਦਹਾਕਿਆਂ ਤੋਂ ਸਿਲੀਕਨ ਵੈਲੀ ਵਿੱਚ ਪ੍ਰਿੰਸੀਪਲ ਤਕਨੀਕੀ ਲਿਖਾਰੀ (Technical Writer) ਵਜੋਂ ਕੰਮ ਕਰ ਰਹੇ ਹਨ ਅਤੇ ਇਸ ਤੋਂ ਪਹਿਲਾਂ 2011 ਵਿੱਚ ਉਹਨਾਂ ਦੀ ਪ੍ਰਸਿੱਧ ਪੁਸਤਕ 'Religion and Politics in Sikhism: The Khalsa Perspective' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ।




**ਪੁਸਤਕ ਦਾ ਵੇਰਵਾ ਅਤੇ ਕਿੱਥੋਂ ਮਿਲੇਗੀ?**

ਇਹ ਪੁਸਤਕ ਅੰਗਰੇਜ਼ੀ ਭਾਸ਼ਾ ਵਿੱਚ ਉਪਲਬਧ ਹੈ ਅਤੇ ਇਸ ਨੂੰ ਦੁਨੀਆ ਭਰ ਵਿੱਚ ਆਨਲਾਈਨ ਖ਼ਰੀਦਿਆ ਜਾ ਸਕਦਾ ਹੈ:

**ਪੁਸਤਕ ਦਾ ਨਾਮ:** Alexander the Great's Invasion of India and Battle with King Porus

ਪੰਨੇ: 504

ਫਾਰਮੈਟ ਅਤੇ ਕੀਮਤ: ਸੌਫਟਕਵਰ ($35.99) ਈਬੁੱਕ ($8.99)

ਮਿਲਣ ਦੇ ਪਤੇ: ਇਹ ਪੁਸਤਕ Archway Publishing Bookstore, Amazon ਅਤੇ Barnes & Noble ਦੇ ਸਟੋਰਾਂ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

**ਲੇਖਕ ਨਾਲ ਸੰਪਰਕ:**
**godespunjab@gmail.com**
**www.archwaypublishing.com**
**Phone : +844-669-3957**

# ਤਾਮਿਲਨਾਡੂ ਵਿੱਚ ਹਿੰਦੂ ਫ਼ਲਸਫ਼ੇ ਦੀ ਮਨੂਸਮ੍ਰਿਤੀ ਜੜ੍ਹ ਨੂੰ ਪੱਟਣ ਦੀ ਸ਼ੁਰੂਆਤ

## ਭਾਰਤੀ ਸਮਾਜ ਵਿੱਚ ਜਾਤਪਾਤ ਦੀ ਕੈਂਸਰ ਤੋਂ ਵੀ ਖਤਰਨਾਕ ਬਿਮਾਰੀ ਨੂੰ ਖਤਮ ਕਰਨ ਲਈ 100ਵਾਂ ਜਾਤ-ਪਾਤ ਖ਼ਾਤਮਾ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਾਦੇ, ਪ੍ਰੇਰਨਾਦਾਇਕ ਤਰੀਕੇ ਨਾਲ ਨੇਪਰੇ ਚੜ੍ਹਿਆ।




ਪਿਛਲੇ 25 ਸਾਲਾਂ ਦੇ ਸਮਾਜਿਕ ਅਤੇ ਰਾਜਨੀਤਿਕ ਸੰਘਰਸ਼ ਦੌਰਾਨ, ਸਰਦਾਰ ਜੀਵਨ ਸਿੰਘ ਨੇ ਅਣਗਿਣਤ ਵਿਆਹ ਸਮਾਗਮਾਂ ਦੀ ਪ੍ਰਧਾਨਗੀ ਕੀਤੀ ਹੈ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਿਆ ਹੈ। ਹਾਲਾਂਕਿ, ਉਨ੍ਹਾਂ ਦੇ ਜਨਤਕ ਜੀਵਨ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਸਥਾਪਤ ਕਰਦਿਆਂ, 17 ਮਈ ਨੂੰ ਮੀਰੀ ਪੀਰੀ ਸਕੂਲ ਵਿੱਚ 100ਵਾਂ ਜਾਤ-ਪਾਤ ਖ਼ਾਤਮਾ ਵਿਆਹ ਬਹੁਤ ਹੀ ਸਾਦੇ ਪਰ ਪ੍ਰੇਰਨਾਦਾਇਕ ਤਰੀਕੇ ਨਾਲ ਨੇਪਰੇ ਚੜ੍ਹਿਆ। ਪੇਰੀਆਰ ਅਤੇ ਮਾਨਵਰ



ਕਾਂਸ਼ੀ ਰਾਮ ਦੁਆਰਾ ਪ੍ਰਚਾਰੀ ਗਈ ਸਮਾਨਤਾ ਦੀ ਭਾਵਨਾ ਦੇ ਤਹਿਤ ਕਰਵਾਏ ਗਏ ਇਸ ਸਮਾਗਮ ਵਿੱਚ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ, ਵਕੀਲਾਂ, ਡਾਕਟਰਾਂ, ਪ੍ਰੋਫੈਸਰਾਂ ਅਤੇ ਮਹਿਲਾ ਆਗੂਆਂ ਨੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਸੌ ਤੋਂ ਵੱਧ ਲੋਕਾਂ ਨੇ ਹਿੱਸਾ ਲਿਆ, ਨਵ-ਵਿਆਹੇ ਜੋੜੇ ਨੂੰ ਅਸੀਸਾਂ ਦਿੱਤੀਆਂ ਅਤੇ ਜਾਤ-ਪਾਤ ਦੇ ਖ਼ਾਤਮੇ ਅਤੇ ਮਾਨਵਤਾ ਦੀ ਮਹੱਤਤਾ 'ਤੇ ਭਾਸ਼ਣ ਦਿੱਤੇ।

### ਸਰਦਾਰ ਜੀਵਨ ਸਿੰਘ ਦਾ ਭਾਸ਼ਣ ਕੁਦਰਤ ਅਤੇ ਪਿਆਰ

'ਤਮਿਲ ਸਮਾਜ ਵਿੱਚ ਪ੍ਰੇਮ ਵਿਆਹਾਂ ਨੂੰ ਵੱਡੇ ਪੱਧਰ 'ਤੇ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਪੰਛੀ, ਜਾਨਵਰ, ਇੱਥੋਂ ਤੱਕ ਕਿ ਸਭ ਤੋਂ ਛੋਟੇ ਕੀੜੇ-ਮਕੌੜੇ ਅਤੇ ਪੌਦੇ ਵੀ ਇੱਕ ਕੁਦਰਤੀ ਖਿੱਚ ਰੱਖਦੇ ਹਨ ਜਿਸ ਨੂੰ ਪਿਆਰ ਕਿਹਾ ਜਾਂਦਾ ਹੈ। ਫਿਰ ਵੀ ਮਨੁੱਖ, ਜੋ ਮਾਣ ਨਾਲ 'ਛੇਵੀਂ ਇੰਦਰੀ ਦੀ ਬੁੱਧੀ' ਹੋਣ ਦਾ ਦਾਅਵਾ ਕਰਦਾ ਹੈ, ਅੱਜ ਵੀ ਸਾਥੀ ਮਨੁੱਖਾਂ ਵਿਚਕਾਰ ਪਿਆਰ ਨੂੰ ਸਵੀਕਾਰ ਕਰਨ ਦੀ ਪਰਿਪੱਕਤਾ ਤੋਂ ਬਿਨਾਂ ਜੀ ਰਿਹਾ ਹੈ। ਸਦੀਆਂ ਤੋਂ ਤਮਿਲ ਸਮਾਜ ਦੇ ਅੰਦਰ ਚੱਲ ਰਹੀ ਸਭ ਤੋਂ ਵੱਡੀ ਜੰਗ ਖ਼ੁਦ ਪਿਆਰ ਦੇ ਖ਼ਿਲਾਫ਼ ਰਹੀ ਹੈ। ਤਮਿਲ ਕੁਦਰਤ ਤੋਂ ਸਭ ਤੋਂ ਸਰਲ ਸੱਚਾਈਆਂ ਸਿੱਖਣ ਵਿੱਚ ਵੀ ਅਸਫਲ ਰਹੇ ਹਨ।

'ਇਹ ਤਮਿਲਾਂ ਲਈ ਜਾਤ-ਪਾਤ ਦੀ ਨਫ਼ਰਤ ਨੂੰ ਸੁਆਹ ਕਰਨ ਅਤੇ ਇੱਕ ਕੌਮ ਵਜੋਂ ਉੱਠਣ ਦਾ ਇਤਿਹਾਸਕ ਪਲ ਹੈ!'

ਤਮਿਲਨਾਡੂ ਵਿੱਚ, ਗੌਂਡਰ, ਥੇਵਰ ਅਤੇ ਵੰਨੀਯਾਰ ਵਰਗੀਆਂ ਵਿਚਕਾਰਲੀਆਂ ਜਾਤਾਂ ਵਿੱਚ ਉੱਚ ਜਾਤੀ ਦਾ ਹੰਕਾਰ ਅਜੇ ਵੀ ਮਜ਼ਬੂਤੀ ਨਾਲ ਮੌਜੂਦ ਹੈ। ਅਸੀਂ ਦੇਖ ਸਕਦੇ ਹਾਂ ਕਿ ਕਈ ਹੋਰ ਜਾਤੀ ਸਮੂਹਾਂ ਵਿੱਚ ਹੋਣ ਵਾਲੇ ਵਿਆਹ ਕੋਈ ਗੰਭੀਰ ਸਮਾਜਿਕ ਪ੍ਰਤੀਕਿਰਿਆ ਪੈਦਾ ਨਹੀਂ ਕਰਦੇ। ਪਰ, ਜਦੋਂ ਇਹਨਾਂ ਹੀ ਵਿਚਕਾਰਲੀਆਂ ਜਾਤਾਂ ਦੇ ਲੋਕ ਤਮਿਲ ਸਮਾਜ ਦੇ ਮੂਲ ਦੱਬੇ-ਕੁਚਲੇ ਭਾਈਚਾਰਿਆਂ — ਪੱਲਰ, ਪਰਾਈਯਾਰ ਅਤੇ ਅਰੁਣਥਥੀਯਾਰ — ਨਾਲ ਵਿਆਹ ਦੇ ਰਿਸ਼ਤੇ ਜੋੜਦੇ ਹਨ, ਤਾਂ ਕਥਿਤ 'ਆਨਰ ਕਿਲਿੰਗ' (ਇੱਜ਼ਤ ਦੀ ਖ਼ਾਤਰ ਕਤਲ) ਵਰਗੀਆਂ ਘਟਨਾਵਾਂ ਵਾਪਰਦੀਆਂ ਹਨ।



ਜੇਕਰ ਅਸੀਂ ਸੱਚਮੁੱਚ ਜਾਤੀ ਹੰਕਾਰ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ, ਤਾਂ ਤਮਿਲ ਸਮਾਜ ਦੇ ਨਾਲ-ਨਾਲ ਪੇਰੀਆਰਵਾਦੀ ਅਤੇ ਕਾਂਸ਼ੀ ਰਾਮ ਤੋਂ ਪ੍ਰੇਰਿਤ ਲਹਿਰਾਂ ਦੀ ਇਹ ਸਮੂਹਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੱਬੇ-ਕੁਚਲੇ ਭਾਈਚਾਰੇ ਦੇ ਨੌਜਵਾਨਾਂ ਅਤੇ ਵਿਚਕਾਰਲੀ ਜਾਤੀ ਦੇ ਨੌਜਵਾਨਾਂ ਵਿਚਕਾਰ ਪਨਪਣ ਵਾਲੇ ਪਿਆਰ ਦੀ ਰੱਖਿਆ ਕਰਨ ਅਤੇ ਉਸ ਦਾ ਜਸ਼ਨ ਮਨਾਉਣ।

### ਜਾਤ-ਪਾਤ ਖ਼ਾਤਮਾ ਵਿਆਹ ਕੀ ਹੈ ?

'ਜਾਤ-ਪਾਤ ਖ਼ਾਤਮਾ ਵਿਆਹ ਉਹ ਵਿਆਹ ਹੁੰਦਾ ਹੈ ਜੋ ਅਨੁਸੂਚਿਤ ਜਾਤੀਆਂ (SC), ਅਨੁਸੂਚਿਤ ਕਬੀਲਿਆਂ (ST) ਅਤੇ ਪੱਛੜੇ ਜਾਂ ਹਾਸ਼ੀਏ 'ਤੇ ਪੱਛੜੇ ਭਾਈਚਾਰਿਆਂ ਵਿਚਕਾਰ ਹੁੰਦਾ ਹੈ। ਇੱਕ ਅਨੁਸੂਚਿਤ ਜਾਤੀ ਜਾਂ ਪੱਛੜੀ ਜਾਤੀ ਦੇ ਵਿਅਕਤੀ ਅਤੇ ਬ੍ਰਾਹਮਣਵਾਦੀ ਵਰਣ ਵਿਵਸਥਾ ਨਾਲ ਸਬੰਧਤ ਕਿਸੇ ਵਿਅਕਤੀ ਵਿਚਕਾਰ ਹੋਣ ਵਾਲੇ ਵਿਆਹ ਨੂੰ ਕਦੇ ਵੀ ਸੱਚਮੁੱਚ ਜਾਤ-ਪਾਤ ਦਾ ਖ਼ਾਤਮਾ ਨਹੀਂ ਕਿਹਾ ਜਾ ਸਕਦਾ; ਇਸ ਦੀ ਬਜਾਏ, ਇਹ ਅਕਸਰ ਜਾਤੀ ਲੜੀ ਨੂੰ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ।

ਅੱਜ ਕੁਝ ਦਲਿਤ ਆਗੂ ਅਤੇ ਸੀਨੀਅਰ ਸਰਕਾਰੀ ਅਧਿਕਾਰੀ ਬਾਬਾ ਸਾਹਿਬ ਅੰਬੇਡਕਰ ਦਾ ਹਵਾਲਾ ਦੇ ਕੇ ਬ੍ਰਾਹਮਣ ਔਰਤਾਂ ਨਾਲ ਵਿਆਹ ਕਰਨ ਨੂੰ ਜਾਇਜ਼ ਠਹਿਰਾ ਰਹੇ ਹਨ। ਇਹ ਰੁਝਾਨ, ਹਾਲਾਂਕਿ, ਅਗਾਂਹਵਧੂ ਸੋਚ ਦੀ ਇੱਕ ਸਿਹਤਮੰਦ ਮਿਸਾਲ ਨਹੀਂ ਹੈ। ਬ੍ਰਾਹਮਣ ਪਰਿਵਾਰਕ ਪਿਛੋਕੜ ਵਿੱਚ ਪਲੇ-ਵਧੇ ਵਿਅਕਤੀ ਦਾ ਪਾਲਣ-ਪੋਸ਼ਣ ਕੁਦਰਤੀ ਤੌਰ 'ਤੇ ਬ੍ਰਾਹਮਣਵਾਦੀ ਵਿਚਾਰਧਾਰਕ ਢਾਂਚੇ ਦੇ ਅੰਦਰ ਹੁੰਦਾ ਹੈ, ਜਦੋਂ ਕਿ ਪੱਛੜੇ ਅਤੇ ਦੱਬੇ-ਕੁਚਲੇ ਭਾਈਚਾਰੇ ਇਤਿਹਾਸਕ ਤੌਰ 'ਤੇ ਕਿਰਤ-ਮੁਖੀ ਅਤੇ ਸਮਾਨਤਾਵਾਦੀ ਕਦਰਾਂ-ਕੀਮਤਾਂ ਰਾਹੀਂ ਘੜੇ ਗਏ ਹਨ। ਇਹਨਾਂ ਬੁਨਿਆਦੀ ਤੌਰ 'ਤੇ ਵੱਖੋ-ਵੱਖਰੇ ਦ੍ਰਿਸ਼ਟੀਕੋਣਾਂ ਦੇ ਕਾਰਨ, ਅਜਿਹੇ ਬਹੁਤ ਸਾਰੇ ਰਿਸ਼ਤੇ ਇੱਕ ਸਿਹਤਮੰਦ ਪਰਿਵਾਰਕ ਜੀਵਨ ਬਣਾਈ ਰੱਖਣ ਵਿੱਚ ਅਸਫਲ ਰਹਿੰਦੇ ਹਨ।

ਇਸ ਲਈ, ਜਾਤ-ਪਾਤ ਦੇ ਖ਼ਾਤਮੇ ਦਾ ਮਤਲਬ ਬ੍ਰਾਹਮਣਵਾਦੀ ਵਰਣ ਵਿਵਸਥਾ ਵਿੱਚ ਸ਼ਾਮਲ ਹੋਣਾ ਨਹੀਂ ਹੈ। ਇਸ ਦਾ ਮਤਲਬ ਇਸ ਧਰਤੀ ਦੇ ਧੀਆਂ-ਪੁੱਤਾਂ ਵਿਚਕਾਰ ਸਮਾਨਤਾ ਸਥਾਪਤ ਕਰਨਾ ਹੈ। ਇਹਨਾਂ ਸ਼ਬਦਾਂ ਨਾਲ ਉਨ੍ਹਾਂ ਨੇ ਆਪਣਾ ਭਾਸ਼ਣ ਸਮਾਪਤ ਕੀਤਾ।

### ਕੋਰਕਈ ਪਲਾਨੀਚਾਮੀ ਸਿੰਘ: ਮਨੂਸਮ੍ਰਿਤੀ ਅਤੇ ਭਾਰਤੀ ਪਿਆਰ 'ਤੇ ਵਿਚਾਰ

ਇਸ ਤੋਂ ਬਾਅਦ ਕੋਰਕਈ ਪਲਾਨੀਚਾਮੀ ਸਿੰਘ ਨੇ ਕਿਹਾ:

'ਚਾਹੇ ਤੁਸੀਂ ਬਹੁਤ ਅਮੀਰ ਵਿਅਕਤੀ ਹੋਵੋ ਜਾਂ ਇੱਕ ਗਰੀਬ ਮਜ਼ਦੂਰ, ਇਸ ਭਾਰਤੀ ਸਰਜ਼ਮੀਨ 'ਤੇ ਪਿਆਰ ਨੂੰ ਕੁਦਰਤੀ ਤੌਰ 'ਤੇ ਪ੍ਰਫੁੱਲਤ ਹੋਣ ਦੀ ਇਜਾਜ਼ਤ ਨਹੀਂ ਹੈ। ਇਸ ਦਾ ਕਾਰਨ 'ਕਿਸਮਤ' ਦੇ ਨਾਂ 'ਤੇ ਸਿਰਜੀਆਂ ਗਈਆਂ ਧਾਰਮਿਕ ਅਤੇ ਦਾਰਸ਼ਨਿਕ ਪ੍ਰਣਾਲੀਆਂ ਵਿੱਚ ਛਿਪਿਆ ਹੈ। ਉਸ ਫ਼ਲਸਫ਼ੇ ਦੀ ਜੜ੍ਹ ਵਿੱਚ ਹਿੰਦੂ ਮਨੂਸਮ੍ਰਿਤੀ ਖੜ੍ਹੀ ਹੈ। ਜਦੋਂ ਤੱਕ ਇਸ ਧਰਤੀ 'ਤੇ ਮਨੂਸਮ੍ਰਿਤੀ ਦਾ ਗ਼ਲਬਾ ਰਹੇਗਾ, ਉਹ ਨਾ ਤਾਂ ਪਿਆਰ ਨੂੰ ਜਿਊਂਦਾ ਰਹਿਣ ਦੇਣਗੇ ਅਤੇ ਨਾ ਹੀ ਲੋਕਾਂ ਨੂੰ ਖੁੱਲ੍ਹ ਕੇ ਪਿਆਰ ਕਰਨ ਦੀ ਇਜਾਜ਼ਤ ਦੇਣਗੇ। ਸਾਡਾ ਮਿਸ਼ਨ ਉਸ ਜ਼ੁਲਮੀ ਢਾਂਚੇ ਨੂੰ ਤਹਿਸ-ਨਹਿਸ ਕਰਨਾ ਹੈ।'

**ਸਰਦਾਰ ਸੇਲਵਾ ਸਿੰਘ ਦਾ ਭਾਸ਼ਣ** : ਇਸ ਭਰਵੇਂ ਅਤੇ ਜਾਗਰੂਕ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸਰਦਾਰ ਸੇਲਵਾ ਸਿੰਘ ਨੇ ਕਿਹਾ ਕੀ 'ਜੇਕਰ ਮਾਨਵਤਾ ਨੂੰ ਵਧਣਾ-ਫੁੱਲਣਾ ਹੈ, ਤਾਂ ਜਾਤ-ਪਾਤ ਨੂੰ ਖ਼ਤਮ ਹੋਣਾ ਪਵੇਗਾ। ਜੇਕਰ ਜਾਤ-ਪਾਤ ਨੂੰ ਖ਼ਤਮ ਕਰਨਾ ਹੈ, ਤਾਂ ਤਰਕਸ਼ੀਲ ਸੋਚ ਨੂੰ ਵਧਾਉਣਾ ਹੋਵੇਗਾ। ਜੇ ਤਰਕਸ਼ੀਲ ਸੋਚ ਨੂੰ ਵਧਾਉਣਾ ਹੈ, ਤਾਂ ਲੋਕਾਂ ਨੂੰ ਬ੍ਰਾਹਮਣਵਾਦੀ ਰੀਤੀ-ਰਿਵਾਜਾਂ ਨੂੰ ਨਕਾਰਨਾ ਪਵੇਗਾ ਜੋ ਮਨੁੱਖੀ ਸੋਚ ਨੂੰ ਦਬਾਉਂਦੇ ਹਨ ਅਤੇ ਇਸ ਦੀ ਬਜਾਏ ਗੁਰੂ ਸਾਹਿਬਾਨਾਂ ਦੁਆਰਾ ਦਿਖਾਏ ਗਏ ਮਾਰਗ 'ਤੇ ਚੱਲਣਾ ਹੋਵੇਗਾ। ਇਸ ਮਕਸਦ ਲਈ ਅਜਿਹੇ ਪ੍ਰੋਗਰਾਮਾਂ ਨੂੰ ਅੱਗੇ ਵਧਾਇਆ ਜਾਣਾ ਚਾਹੀਦਾ ਹੈ। ਮੈਂ ਨਵ-ਵਿਆਹੇ ਜੋੜੇ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸਿੱਖਿਆਵਾਂ ਦੇ ਮਾਰਗ 'ਤੇ ਚੱਲਦਿਆਂ ਇੱਕ ਖੁਸ਼ਹਾਲ ਜੀਵਨ ਦੀ ਕਾਮਨਾ ਕਰਦਾ ਹਾਂ।'

### ਡਾ. ਵਸੰਤੀ ਵੱਲੋਂ ਅਸੀਸਾਂ

ਡਾ. ਵਸੰਤੀ ਨੇ ਇੱਕ ਕਾਵਿਕ ਸੁਨੇਹੇ ਰਾਹੀਂ ਜੋੜੇ ਨੂੰ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ:

'ਜਿਵੇਂ ਮੀਂਹ ਦਾ ਪਾਣੀ ਉਪਜਾਊ ਲਾਲ ਮਿੱਟੀ ਵਿੱਚ ਮਿਲ ਜਾਂਦਾ ਹੈ, ਪਿਆਰ ਵਿੱਚ ਬੱਝੇ ਦੋ ਦਿਲ ਅੱਜ ਵਿਆਹੁਤਾ ਜੀਵਨ ਵਿੱਚ ਇੱਕ ਹੋ ਗਏ ਹਨ।'

ਉਹ ਆਪਸੀ ਪਿਆਰ ਵਿੱਚ ਹਮੇਸ਼ਾ ਅਟੁੱਟ ਰਹਿਣ, ਸ਼ਾਂਤੀ, ਖੁਸ਼ੀ ਅਤੇ ਸਦਭਾਵਨਾ ਨਾਲ ਜੀਵਨ ਬਤੀਤ ਕਰਨ।

ਨੇਕੀ ਅਤੇ ਪਿਆਰ ਉਨ੍ਹਾਂ ਦੇ ਸਾਥੀ ਬਣਨ, ਅਤੇ ਏਕਤਾ ਤੇ ਤਰੱਕੀ ਉਨ੍ਹਾਂ ਦਾ ਮਾਰਗ ਹੋਵੇ, ਉਨ੍ਹਾਂ ਨੂੰ ਜੀਵਨ ਦੀਆਂ ਸਾਰੀਆਂ ਅਸੀਸਾਂ ਮਿਲਣ ਅਤੇ ਉਹ ਲੰਮੀ ਉਮਰ ਤੱਕ ਇਕੱਠੇ ਖੁਸ਼ਹਾਲ ਜੀਵਨ ਜਿਉਣ।'

-Mundasu Tamil

(733) 925-9996




# ਮੋਦੀ ਵਲੋਂ ਪੱਛਮੀ ਏਸ਼ੀਆ ਤੇ ਯੂਕਰੇਨ 'ਚ ਸੰਘਰਸ਼ਾਂ ਦੇ ਸ਼ਾਂਤੀਪੂਰਨ ਹੱਲ ਦਾ ਸੱਦਾ

## • ਪ੍ਰਧਾਨ ਮੰਤਰੀ ਨੂੰ ਨਾਰਵੇ ਦਾ ਸਰਬਉਚ ਨਾਗਰਿਕ ਸਨਮਾਨ ਪ੍ਰਦਾਨ

## • ਨਾਰਵੇ ਦੇ ਹਮਰੁਤਬਾ ਜੋਨਾਸ ਗਹਿਰ ਸਟੋਰ ਨਾਲ ਕੀਤੀ ਮੁਲਾਕਾਤ







ਓਸਲੋ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੋਮਵਾਰ ਨੂੰ ਪੱਛਮੀ ਏਸ਼ੀਆ ਸੰਕਟ ਅਤੇ ਯੂਕਰੇਨ ਸੰਘਰਸ਼ ਨੂੰ ਗੱਲਬਾਤ ਅਤੇ ਕੂਟਨੀਤੀ ਰਾਹੀਂ ਹੱਲ ਕਰਨ ਦਾ ਸੱਦਾ ਦਿੱਤਾ ਅਤੇ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਫੌਜੀ ਕਾਰਵਾਈ ਨਾਲ ਹੀ ਸਥਾਈ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਮੋਦੀ ਨੇ ਇਹ ਟਿੱਪਣੀਆਂ ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਿਰ ਸਟੋਰ ਨਾਲ ਵਿਆਪਕ ਗੱਲਬਾਤ ਕਰਨ ਤੋਂ ਬਾਅਦ ਕੀਤੀਆਂ। ਇਸ ਗੱਲਬਾਤ ਦਾ ਮੁੱਖ ਮਕਸਦ ਦੋਵਾਂ ਦੇਸ਼ਾਂ ਵਿਚਾਲੇ ਦੁਵੱਲੇ ਸੰਬੰਧਾਂ ਨੂੰ ਹੋਰ ਮਜ਼ਬੂਤ ਬਣਾਉਣਾ ਸੀ। ਮੋਦੀ ਨੇ ਮੀਡੀਆ ਨੂੰ ਦਿੱਤੇ ਬਿਆਨ 'ਚ ਕਿਹਾ ਕਿ ਭਾਰਤ ਅਤੇ ਨਾਰਵੇ, ਦੋਵੇਂ ਹੀ ਨਿਯਮ-ਆਧਾਰਿਤ ਵਿਵਸਥਾ, ਗੱਲਬਾਤ ਅਤੇ ਕੂਟਨੀਤੀ 'ਚ ਵਿਸ਼ਵਾਸ ਰੱਖਦੇ ਹਨ। ਅਸੀਂ ਇਸ ਗੱਲ 'ਤੇ ਸਹਿਮਤ ਹਾਂ ਕਿ ਕੋਈ ਵੀ ਮੁੱਦਾ ਸਿਰਫ਼ ਫ਼ੌਜੀ ਟਕਰਾਅ ਰਾਹੀਂ ਹੱਲ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਚਾਹੇ ਯੂਕਰੇਨ ਹੋਵੇ ਜਾਂ ਪੱਛਮੀ ਏਸ਼ੀਆ, ਅਸੀਂ ਟਕਰਾਅ ਜਲਦ ਤੋਂ ਜਲਦ ਖਤਮ ਕਰਨ ਅਤੇ ਸ਼ਾਂਤੀ ਲਿਆਉਣ ਲਈ ਹਰ ਕੋਸ਼ਿਸ਼ ਦਾ ਸਮਰਥਨ ਕਰਦੇ ਰਹਾਂਗੇ। ਮੋਦੀ ਸਵੀਡਨ ਤੋਂ ਓਸਲੋ ਪਹੁੰਚਣ ਤੋਂ ਕੁਝ ਘੰਟਿਆਂ ਬਾਅਦ ਸਟੋਰ ਨੂੰ ਮਿਲੇ। ਪ੍ਰਧਾਨ ਮੰਤਰੀ ਨੇ ਵਿਸ਼ਵ ਸੰਸਥਾਵਾਂ 'ਚ ਸੁਧਾਰ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅਸੀਂ ਇਸ ਨੁਕਤੇ 'ਤੇ ਵੀ ਸਹਿਮਤ ਹਾਂ ਕਿ ਵਧਦੀਆਂ ਵਿਸ਼ਵ ਚੁਣੌਤੀਆਂ ਨਾਲ ਨਜਿੱਠਣ ਲਈ ਵਿਸ਼ਵ ਸੰਸਥਾਵਾਂ 'ਚ ਸੁਧਾਰ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਹਰ ਰੂਪ 'ਚ ਅੱਤਵਾਦ ਨੂੰ ਇਸ ਦੀਆਂ ਜੜ੍ਹਾਂ ਤੋਂ ਖਤਮ ਕਰਨਾ ਸਾਡੀ ਸਾਂਝੀ ਵਚਨਬੱਧਤਾ ਹੈ। ਮੋਦੀ ਨੇ ਪਿਛਲੇ ਸਾਲ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੂੰ ਦਿੱਤੇ ਗਏ ਸਮਰਥਨ ਲਈ ਨਾਰਵੇ ਦੀ ਤਰੀਫ਼ ਵੀ ਕੀਤੀ। ਉਨ੍ਹਾਂ ਕਿਹਾ ਕਿ ਮੈਂ ਪਿਛਲੇ ਸਾਲ ਨਾਰਵੇ ਆਉਣਾ ਸੀ, ਪਰ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਕਾਰਨ ਮੈਨੂੰ ਯਾਤਰਾ ਮੁਲਤਵੀ ਕਰਨੀ ਪਈ। ਉਸ ਮੁਸ਼ਕਿਲ ਸਮੇਂ ਦੌਰਾਨ ਨਾਰਵੇ ਅੱਤਵਾਦ ਦੇ ਵਿਰੁੱਧ ਭਾਰਤ ਨਾਲ ਮਜ਼ਬੂਤੀ ਨਾਲ ਖੜ੍ਹਾ ਰਿਹਾ ਅਤੇ ਸੱਚੀ ਦੋਸਤੀ ਦਾ ਸਬੂਤ ਦਿੱਤਾ। ਮੋਦੀ ਨੇ ਕਿਹਾ ਕਿ ਅੱਜ ਜਦੋਂ ਮੈਂ ਨਾਰਵੇ ਆਇਆ ਹਾਂ, ਤਾਂ ਮੈਂ ਉਸ ਇਕਜੁਟਤਾ ਲਈ ਆਪਣਾ ਦਿਲੋਂ ਧੰਨਵਾਦ ਪ੍ਰਗਟ ਕਰਦਾ ਹਾਂ। ਮੋਦੀ ਨੇ ਭਾਰਤ ਦੀ ਅਗਵਾਈ ਵਾਲੀ ਹਿੰਦ-ਪ੍ਰਸ਼ਾਂਤ ਮਹਾਂਸਾਗਰ ਪਹਿਲਕਦਮੀ 'ਚ ਸ਼ਾਮਿਲ ਹੋਣ ਦੇ ਨਾਰਵੇ ਦੇ ਫੈਸਲੇ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਦੋ ਪ੍ਰਮੁੱਖ ਸਮੁੰਦਰੀ ਦੇਸ਼ ਹੋਣ ਨਾਤੇ ਅਸੀਂ ਸਮੁੰਦਰੀ ਅਰਥਵਿਵਸਥਾ, ਸਮੁੰਦਰੀ ਸੁਰੱਖਿਆ ਅਤੇ ਸਮਰੱਥਾ ਨਿਰਮਾਣ ਦੇ ਖੇਤਰਾਂ 'ਚ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕਰਾਂਗੇ।

**ਨਾਰਵੇ ਦੇ ਰਾਜੇ ਨਾਲ ਮੁਲਾਕਾਤ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਸਲੋ ਦੇ ਰਾਇਲ ਪੈਲੇਸ ਵਿਖੇ ਨਾਰਵੇ ਦੇ ਮਹਾਂਮਹਿਮ ਰਾਜਾ ਹੈਰਾਲਡ ਪੰਜਵੇਂ ਨਾਲ ਮੁਲਾਕਾਤ ਕੀਤੀ ਅਤੇ ਭਾਰਤ 'ਚ ਤੇਜ਼ੀ ਨਾਲ ਹੋ ਰਹੇ ਬਦਲਾਵਾਂ ਅਤੇ ਨਾਰਵੇ ਦੇ ਕਾਰੋਬਾਰਾਂ ਲਈ ਇਸ ਨਾਲ ਪੈਦਾ ਹੋ ਰਹੇ ਨਵੇਂ ਮੌਕਿਆਂ 'ਤੇ ਚਾਨਣਾ ਪਾਇਆ।

**ਨਾਰਵੇ ਦੀਆਂ ਕੰਪਨੀਆਂ ਨੂੰ ਨਿਵੇਸ਼ ਦਾ ਸੱਦਾ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾਰਵੇ ਦੀਆਂ ਕੰਪਨੀਆਂ ਨੂੰ ਭਾਰਤ 'ਚ ਨਿਵੇਸ਼ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਦੇਸ਼ ਨੇ ਟੈਕਸ, ਲੇਬਰ ਕੋਡ ਤੇ ਸ਼ਾਸਨ 'ਚ ਕਈ ਸੁਧਾਰ ਕੀਤੇ ਹਨ। ਇੰਡੀਆ-ਨਾਰਵੇ ਵਪਾਰਕ ਤੇ ਖੋਜ ਸੰਮੇਲਨ 'ਚ ਬੋਲਦੇ ਹੋਏ ਉਨ੍ਹਾਂ ਨੇ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਸਾਂਝੇਦਾਰੀ ਦੀ ਨੀਂਹ ਬਹੁਤ ਮਜ਼ਬੂਤ ਹੈ। ਉਨ੍ਹਾਂ ਕਿਹਾ ਕਿ ਅੱਜ ਜਦੋਂ ਭੋਜਨ, ਈਂਧਨ ਤੇ ਖਾਦ ਦੀ ਸੁਰੱਖਿਆ ਇਕ ਤਰ੍ਹਾਂ ਨਾਲ ਵਿਸ਼ਵ ਚੁਣੌਤੀ ਬਣ ਗਈ ਹੈ ਤਾਂ ਭਾਰਤ ਤੇ ਨਾਰਵੇ ਇਸ ਸਮੱਸਿਆ ਦਾ ਹੱਲ ਕਰਨ ਲਈ ਮਿਲ ਕੇ ਕੰਮ ਕਰ ਰਹੇ ਹਨ। ਇਸ ਸੰਮੇਲਨ 'ਚ ਵਪਾਰਕ ਤੇ ਖੋਜ ਭਾਈਚਾਰਿਆਂ ਤੋਂ 50 ਤੋਂ ਜ਼ਿਆਦਾ ਕੰਪਨੀਆਂ ਦੇ ਸੀ.ਈ.ਓਜ਼ ਤੇ 250 ਤੋਂ ਵੱਧ ਪ੍ਰਤੀਨਿਧੀਆਂ ਨੇ ਹਿੱਸਾ ਲਿਆ।



**ਨਾਰਵੇ ਦਾ ਸਰਬਉੱਚ ਨਾਗਰਿਕ ਸਨਮਾਨ ਮਿਲਿਆ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਾਰਵੇ ਦੇ ਸਰਬਉੱਚ ਨਾਗਰਿਕ ਸਨਮਾਨ 'ਗ੍ਰੈਂਡ ਕਰਾਸ ਆਫ਼ ਦ ਰਾਇਲ ਨਾਰਵੇਜੀਅਨ ਆਰਡਰ ਆਫ਼ ਮੈਰਿਟ' ਨਾਲ ਸਨਮਾਨਿਤ ਕੀਤਾ ਗਿਆ। ਇਹ ਮੋਦੀ ਦਾ 32ਵਾਂ ਅੰਤਰਰਾਸ਼ਟਰੀ ਸਨਮਾਨ ਹੈ। 'ਗ੍ਰੈਂਡ ਕਰਾਸ' 'ਰਾਇਲ ਨਾਰਵੇਜੀਅਨ ਆਰਡਰ ਆਫ਼ ਮੈਰਿਟ' ਦਾ ਸਭ ਤੋਂ ਉੱਚਾ ਦਰਜਾ ਹੈ। ਇਹ ਨਾਰਵੇ ਦੇ ਹਿੱਤਾਂ ਅਤੇ ਅੰਤਰਰਾਸ਼ਟਰੀ ਸੰਬੰਧਾਂ ਨੂੰ ਅੱਗੇ ਵਧਾਉਣ 'ਚ ਬੇਮਿਸਾਲ ਸੇਵਾ ਲਈ ਦਿੱਤਾ ਜਾਂਦਾ ਹੈ। ਇਕ ਦਿਨ ਪਹਿਲਾਂ, ਮੋਦੀ ਨੂੰ ਦੁਵੱਲੇ ਸੰਬੰਧਾਂ 'ਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਅਤੇ ਉਨ੍ਹਾਂ ਦੀ ਦੂਰਦਰਸ਼ੀ ਲੀਡਰਸ਼ਿਪ ਦੇ ਸਨਮਾਨ 'ਚ ਸਵੀਡਨ ਦਾ ਵੱਕਾਰੀ 'ਰਾਇਲ ਆਰਡਰ ਆਫ਼ ਦ ਪੋਲਰ ਸਟਾਰ, ਡਿਗਰੀ ਕਮਾਂਡਰ ਗ੍ਰੈਂਡ ਕਰਾਸ' ਨਾਲ ਸਨਮਾਨਿਤ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਮੋਦੀ ਅੱਜ ਸਵੀਡਨ ਤੋਂ ਦੋ ਦਿਨਾਂ ਦੌਰੇ 'ਤੇ ਇਥੇ ਪਹੁੰਚੇ। ਇਹ ਮੋਦੀ ਦੀ ਨਾਰਵੇ ਦੀ ਪਹਿਲੀ ਯਾਤਰਾ ਹੈ ਅਤੇ 43 ਸਾਲਾਂ 'ਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਇਸ ਦੇਸ਼ ਦੀ ਪਹਿਲੀ ਯਾਤਰਾ ਹੈ।



ਗੋਥੇਨਬਰਗ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਵੀਡਨ ਦੇ ਸਰਬ ਉਚ ਸਨਮਾਨ 'ਰਾਇਲ ਆਰਡਰ ਆਫ਼ ਪੋਲਰ ਸਟਾਰ' ਨਾਲ ਸਨਮਾਨ ਕਰਦੀ ਹੋਈ ਰਾਜ ਕੁਮਾਰੀ ਵਿਕਟੋਰੀਆ।

# ਭਾਰਤ ਤੇ ਨੀਦਰਲੈਂਡ ਵਲੋਂ ਸੈਮੀਕੰਡਕਟਰ ਖੇਤਰ 'ਚ ਮਹੱਤਵਪੂਰਨ ਸਮਝੌਤਾ

## ਪ੍ਰਧਾਨ ਮੰਤਰੀ ਮੋਦੀ ਨੇ ਡੱਚ ਕੰਪਨੀਆਂ ਨੂੰ ਭਾਰਤ 'ਚ ਡਿਜ਼ਾਈਨ, ਨਵੀਨਤਾ ਤੇ ਨਿਰਮਾਣ ਲਈ ਦਿੱਤਾ ਸੱਦਾ

ਹੇਗ : 5 ਦੇਸ਼ਾਂ ਦੇ ਦੌਰੇ ਦੇ ਦੂਜੇ ਪੜਾਅ ਤਹਿਤ ਨੀਦਰਲੈਂਡ ਪੁੱਜੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਨੂੰ ਯੂਰਪ ਦੇ ਇਕ ਭਰੋਸੇਮੰਦ ਤਕਨਾਲੋਜੀ ਅਤੇ ਨਿਰਮਾਣ ਭਾਈਵਾਲ ਵਜੋਂ ਪੇਸ਼ ਕੀਤਾ। ਇਸ ਦੌਰਾਨ ਟਾਟਾ ਇਲੈਕਟ੍ਰਾਨਿਕਸ ਨੇ ਗੁਜਰਾਤ 'ਚ ਭਾਰਤ ਦੇ ਪਹਿਲੇ ਫਰੰਟ-ਐਂਡ ਚਿੱਪ ਫੈਬਰੀਕੇਸ਼ਨ ਪਲਾਂਟ ਲਈ ਨੀਦਰਲੈਂਡ ਦੀ ਦਿੱਗਜ ਸੈਮੀਕੰਡਕਟਰ ਕੰਪਨੀ ਏ.ਐੱਸ.ਐੱਮ.ਐੱਲ. ਨਾਲ ਇਕ ਬਹੁਤ ਹੀ ਮਹੱਤਵਪੂਰਨ ਸਮਝੌਤੇ 'ਤੇ ਦਸਤਖ਼ਤ ਕੀਤੇ। ਹੇਗ 'ਚ ਪ੍ਰਧਾਨ ਮੰਤਰੀ ਮੋਦੀ ਅਤੇ ਨੀਦਰਲੈਂਡ ਦੇ ਪ੍ਰਧਾਨ ਮੰਤਰੀ ਰੌਬ ਜੈਟਨ ਦੀ ਮੌਜੂਦਗੀ 'ਚ ਇਹ ਸਮਝੌਤਾ ਹੋਇਆ। ਇਸ ਨਾਲ ਗੁਜਰਾਤ ਦੇ ਧੋਲੇਰਾ 'ਚ ਲੱਗ ਰਹੇ ਸੈਮੀਕੰਡਕਟਰ ਫੈਬਰੀਕੇਸ਼ਨ ਪਲਾਂਟ ਨੂੰ ਵੱਡੀ ਮਦਦ ਮਿਲਣ ਦੀ ਉਮੀਦ ਹੈ ਅਤੇ ਇਹ ਭਾਰਤ ਦੇ ਅੰਦਰ ਹੀ ਚਿੱਪ ਨਿਰਮਾਣ ਦਾ ਆਪਣਾ ਸਿਸਟਮ (ਈਕੋਸਿਸਟਮ) ਤਿਆਰ ਕਰਨ ਦੇ ਯਤਨਾਂ 'ਚ ਇਕ ਬਹੁਤ ਵੱਡਾ ਕਦਮ ਹੈ। ਸੈਮੀਕੰਡਕਟਰ ਚਿੱਪ ਬਣਾਉਣ ਲਈ ਬੇਹੱਦ ਜ਼ਰੂਰੀ ਮੰਨੀ ਜਾਂਦੀ ਉੱਨਤ ਲਿਥੋਗ੍ਰਾਫੀ ਪ੍ਰਣਾਲੀ ਦੇਣ ਵਾਲੀ ਦੁਨੀਆ ਦੀ ਸਭ ਤੋਂ ਵੱਡੀ ਕੰਪਨੀ ਏ.ਐੱਸ.ਐੱਮ.ਐੱਲ. ਇਸ ਪ੍ਰੋਜੈਕਟ 'ਚ ਟਾਟਾ ਇਲੈਕਟ੍ਰਾਨਿਕਸ ਨਾਲ ਮਿਲ ਕੇ ਕੰਮ ਕਰੇਗੀ।



ਭਾਰਤ ਸਰਕਾਰ ਇਸ ਸਮਝੌਤੇ ਨੂੰ ਦੁਨੀਆ ਭਰ ਦੀ ਸਪਲਾਈ ਚੇਨ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਰਣਨੀਤਕ ਤੌਰ 'ਤੇ ਬਹੁਤ ਮਹੱਤਵਪੂਰਨ ਮੰਨ ਰਹੀ ਹੈ। ਸੈਮੀਕੰਡਕਟਰ ਖੇਤਰ ਨੂੰ ਮਿਲਿਆ ਇਹ ਹੁਲਾਰਾ ਨੀਦਰਲੈਂਡ 'ਚ ਪ੍ਰਧਾਨ ਮੰਤਰੀ ਮੋਦੀ ਦੀਆਂ ਮੁਲਾਕਾਤਾਂ ਦਾ ਮੁੱਖ ਕੇਂਦਰ ਰਿਹਾ, ਜਿਥੇ ਉਨ੍ਹਾਂ ਨੇ ਬੰਦਰਗਾਹਾਂ, ਲੌਜਿਸਟਿਕਸ, ਸਵੱਛ ਊਰਜਾ, ਸਿਹਤ ਸੰਭਾਲ, ਹਵਾਬਾਜ਼ੀ (ਐਵੀਏਸ਼ਨ), ਖੇਤੀਬਾੜੀ-ਕਾਰੋਬਾਰ ਅਤੇ ਤਕਨਾਲੋਜੀ ਸਮੇਤ ਵੱਖ-ਵੱਖ ਖੇਤਰਾਂ ਦੇ ਪ੍ਰਮੁੱਖ ਡੱਚ ਕੰਪਨੀਆਂ ਦੇ ਸੀ.ਈ.ਓਜ਼ ਨਾਲ ਵੀ ਚਰਚਾ ਕੀਤੀ। ਡੱਚ ਪ੍ਰਧਾਨ ਮੰਤਰੀ ਦੇ ਨਾਲ ਕਾਰੋਬਾਰੀ ਆਗੂਆਂ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਭਾਰਤ ਦੇ ਆਰਥਿਕ ਸੁਧਾਰਾਂ 'ਤੇ ਚਾਨਣਾ ਪਾਇਆ ਅਤੇ ਸੈਮੀਕੰਡਕਟਰਾਂ, ਸਮੁੰਦਰੀ ਬੁਨਿਆਦੀ ਢਾਂਚੇ, ਨਵਿਆਉਣਯੋਗ ਊਰਜਾ, ਮਸਨੂਈ ਬੌਧਿਕਤਾ (ਏ.ਆਈ.) ਤੇ ਡਿਜੀਟਲ ਤਕਨਾਲੋਜੀਆਂ 'ਚ ਡੂੰਘੀ ਵਪਾਰਕ ਭਾਈਵਾਲੀ ਦਾ ਸੱਦਾ ਦਿੱਤਾ।

# ਰੋਮ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸ਼ਾਨਦਾਰ ਸਵਾਗਤ

## ਇਟਲੀ ਦੇ ਕਲਾਕਾਰਾਂ ਨੇ ਦਿਖਾਈ ਭਾਰਤੀ ਸੱਭਿਆਚਾਰ ਦੀ ਝਲਕ, ਵਾਰਾਣਸੀ ਦੀ ਪੇਂਟਿੰਗ ਕੀਤੀ ਭੇਟ !












ਰੋਮ (ਇਟਲੀ): ਆਪਣੇ ਪੰਜ ਦੇਸ਼ਾਂ ਦੇ ਕੂਟਨੀਤਕ ਦੌਰੇ ਦੇ ਆਖ਼ਰੀ ਪੜਾਅ ਤਹਿਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਟਲੀ ਦੀ ਰਾਜਧਾਨੀ ਰੋਮ ਪਹੁੰਚੇ, ਜਿੱਥੇ ਹੋਟਲ ਪਹੁੰਚਣ ’ਤੇ ਭਾਰਤੀ ਭਾਈਚਾਰੇ (Indian diaspora) ਵੱਲੋਂ ਉਨ੍ਹਾਂ ਦਾ ਬੇਹੱਦ ਨਿੱਘਾ ਅਤੇ ਇਤਿਹਾਸਕ ਸਵਾਗਤ ਕੀਤਾ ਗਿਆ। ਇਸ ਦੌਰਾਨ ਪੂਰਾ ਮਾਹੌਲ ਭਾਰਤੀ ਰੰਗਾਂ ਵਿੱਚ ਰੰਗਿਆ ਨਜ਼ਰ ਆਇਆ।

ਪ੍ਰਧਾਨ ਮੰਤਰੀ ਦੇ ਸਵਾਗਤ ਲਈ ਇਟਲੀ ਦੇ ਸਥਾਨਕ ਕਲਾਕਾਰਾਂ ਵੱਲੋਂ ਖ਼ਾਸ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਵਿੱਚ ਭਾਰਤੀ ਕਲਾਸੀਕਲ ਨ੍ਰਿਤ (Classical Dance) ਅਤੇ ਰੂਹਾਨੀ ਸੰਗੀਤ ਦੀਆਂ ਪੇਸ਼ਕਾਰੀਆਂ ਸ਼ਾਮਲ ਸਨ। ਇਸ ਮੌਕੇ ਸਭ ਤੋਂ ਵਿਸ਼ੇਸ਼ ਖਿੱਚ ਦਾ ਕੇਂਦਰ ਇਟਲੀ ਦੇ ਪ੍ਰਸਿੱਧ ਚਿੱਤਰਕਾਰ ਜਿਉਮਪਾਓਲੋ ਤੋਮਾਸੇਤੀ (Giampaolo Tomassetti) ਵੱਲੋਂ ਤਿਆਰ ਕੀਤੀ ਗਈ ਪਵਿੱਤਰ ਸ਼ਹਿਰ ਵਾਰਾਣਸੀ (ਕਾਸ਼ੀ) ਦੀ ਖ਼ੂਬਸੂਰਤ ਪੇਂਟਿੰਗ ਰਹੀ, ਜਿਸ ਨੂੰ ਦੇਖ ਕੇ ਪੀਐਮ ਮੋਦੀ ਬੇਹੱਦ ਪ੍ਰਭਾਵਿਤ ਹੋਏ। ਪੀਐਮ ਮੋਦੀ ਨੇ ਉੱਥੇ ਮੌਜੂਦ ਬੱਚਿਆਂ ਨਾਲ ਗੱਲਬਾਤ ਕੀਤੀ, ਆਟੋਗ੍ਰਾਫ ਦਿੱਤੇ ਅਤੇ ਭਾਰਤੀ ਭਾਈਚਾਰੇ ਦਾ ਇਸ ਅਦਭੁਤ ਪਿਆਰ ਲਈ ਦਿਲੋਂ ਧੰਨਵਾਦ ਕੀਤਾ।

## ਰੋਮ ਦੀ ਧਰਤੀ ’ਤੇ ਗੂੰਜਿਆ ‘ਮੋਦੀ-ਮੋਦੀ’; ਪ੍ਰਧਾਨ ਮੰਤਰੀ ਦੇ ਸੁਆਗਤ ਲਈ ਹੋਟਲ ਬਾਹਰ ਉਮੜਿਆ ਪ੍ਰਵਾਸੀ ਭਾਰਤੀਆਂ ਦਾ ਭਾਰੀ ਇਕੱਠ !









### ਰੋਮ ’ਚ ‘ਕਾਰ ਡਿਪਲੋਮੇਸੀ’ ਤੇ ਇਤਿਹਾਸਕ ਕੋਲੋਸੀਅਮ ਦੀ ਸੈਰ

### ਪੀਐਮ ਮੋਦੀ ਅਤੇ ਜੌਰਜੀਆ ਮੈਲੋਨੀ ਦੀਆਂ ਤਸਵੀਰਾਂ ਇੰਟਰਨੈੱਟ ’ਤੇ ਵਾਇਰਲ !

ਰੋਮ (ਇਟਲੀ): ਆਪਣੇ ਪੰਜ ਦੇਸ਼ਾਂ ਦੇ ਦੌਰੇ ਦੇ ਆਖ਼ਰੀ ਪੜਾਅ ਤਹਿਤ ਇਟਲੀ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਵਿਚਾਲੇ ਬੇਹੱਦ ਨਿੱਘੀ ਕੈਮਿਸਟਰੀ ਦੇਖਣ ਨੂੰ ਮਿਲੀ।

ਦੋਵਾਂ ਆਗੂਆਂ ਨੇ ਰੋਮ ਦੀਆਂ ਸੜਕਾਂ ’ਤੇ ਇੱਕੋ ਗੱਡੀ ਵਿੱਚ ਸਫ਼ਰ ਕਰਕੇ ‘ਕਾਰ ਡਿਪਲੋਮੇਸੀ’ ਦੀ ਝਲਕ ਦਿਖਾਈ ਅਤੇ ਇਸ ਤੋਂ ਬਾਅਦ ਰਾਤ ਦੇ ਸਮੇਂ ਰੋਮ ਦੇ ਇਤਿਹਾਸਕ ਤੇ ਵਿਸ਼ਵ ਪ੍ਰਸਿੱਧ ‘ਕੋਲੋਸੀਅਮ’ (Colosseum) ਦਾ ਦੌਰਾ ਕੀਤਾ।

ਪੀਐਮ ਮੋਦੀ ਨੇ ਸੋਸ਼ਲ ਮੀਡੀਆ ’ਤੇ ਇਸ ਮੁਲਾਕਾਤ ਦੀਆਂ ਖ਼ੂਬਸੂਰਤ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ ਕਿ ਰੋਮ ਉਤਰਨ ਤੋਂ ਬਾਅਦ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਮੇਲੋਨੀ ਨਾਲ ਰਾਤ ਦੇ ਖਾਣੇ (Dinner) ’ਤੇ ਮਿਲਣ ਅਤੇ ਇਤਿਹਾਸਕ ਕੋਲੋਸੀਅਮ ਦੇਖਣ ਦਾ ਮੌਕਾ ਮਿਲਿਆ, ਜਿੱਥੇ ਦੋਵਾਂ ਆਗੂਆਂ ਵਿਚਾਲੇ ਕਈ ਅਹਿਮ ਵਿਸ਼ਿਆਂ ’ਤੇ ਡੂੰਘੀ ਚਰਚਾ ਹੋਈ। ਦੂਜੇ ਪਾਸੇ ਪੀਐਮ ਮੇਲੋਨੀ ਨੇ ਵੀ ਸੋਸ਼ਲ ਮੀਡੀਆ ’ਤੇ ਇੱਕ ਸੈਲਫੀ ਪੋਸਟ ਕਰਦਿਆਂ ਲਿਖਿਆ, ‘ਰੋਮ ਵਿੱਚ ਤੁਹਾਡਾ ਸਵਾਗਤ ਹੈ, ਮੇਰੇ ਦੋਸਤ!’। ਦੋਵਾਂ ਦੇਸ਼ਾਂ ਦੇ ਮੁਖੀਆਂ ਵਿਚਾਲੇ ਹੋਈ ਇਸ ਗੈਰ-ਰਸਮੀ ਮੁਲਾਕਾਤ ਨੇ ਭਾਰਤ-ਇਟਲੀ ਦੀ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਦੇ ਸੰਕੇਤ ਦਿੱਤੇ ਹਨ, ਜਿਸ ਤੋਂ ਬਾਅਦ ਅੱਜ ਦੋਵੇਂ ਆਗੂ ਉੱਚ-ਪੱਧਰੀ ਦੁਵੱਲੀ ਬੈਠਕ (Bilateral talks) ਕਰਨਗੇ।

ਰੋਮ (ਇਟਲੀ): ਆਪਣੇ ਅਧਿਕਾਰਤ ਦੌਰੇ ਤਹਿਤ ਇਟਲੀ ਦੀ ਰਾਜਧਾਨੀ ਰੋਮ ਪਹੁੰਚੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਉੱਥੇ ਰਹਿ ਰਹੇ ਭਾਰਤੀ ਭਾਈਚਾਰੇ (Indian Diaspora) ਵੱਲੋਂ ਬੇਹੱਦ ਜੋਸ਼ੀਲਾ ਅਤੇ ਨਿੱਘਾ ਸਵਾਗਤ ਕੀਤਾ ਗਿਆ। ਮੰਗਲਵਾਰ ਨੂੰ ਜਿਵੇਂ ਹੀ ਪੀਐਮ ਮੋਦੀ ਰੋਮ ਦੇ ਹੋਟਲ ਪਹੁੰਚੇ, ਤਾਂ ਉੱਥੇ ਪਹਿਲਾਂ ਤੋਂ ਹੀ ਮੌਜੂਦ ਸੈਂਕੜੇ ਪ੍ਰਵਾਸੀ ਭਾਰਤੀਆਂ ਨੇ ਦੇਸ਼ ਭਗਤੀ ਦੇ ਨਾਅਰਿਆਂ ਅਤੇ ‘ਮੋਦੀ-ਮੋਦੀ’ ਦੀ ਗੂੰਜ ਨਾਲ ਉਨ੍ਹਾਂ ਦਾ ਸੁਆਗਤ ਕੀਤਾ।

ਇਸ ਵਿਸ਼ੇਸ਼ ਸੁਆਗਤੀ ਸਮਾਰੋਹ ਦੌਰਾਨ ਪ੍ਰਵਾਸੀ ਭਾਰਤੀਆਂ ਵਿੱਚ ਪ੍ਰਧਾਨ ਮੰਤਰੀ ਦੀ ਇੱਕ ਝਲਕ ਪਾਉਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਪੀਐਮ ਮੋਦੀ ਨੇ ਵੀ ਨਿਰਾਸ਼ ਨਾ ਕਰਦਿਆਂ ਸੁਰੱਖਿਆ ਘੇਰਾ ਤੋੜ ਕੇ ਲੋਕਾਂ ਦੇ ਕੋਲ ਜਾ ਕੇ ਉਨ੍ਹਾਂ ਨਾਲ ਹੱਥ ਮਿਲਾਇਆ, ਬੱਚਿਆਂ ਨਾਲ ਲਾਡ ਲਡਾਇਆ ਅਤੇ ਉੱਥੇ ਮੌਜੂਦ ਸੰਗਤ ਦਾ ਪਿਆਰ ਸਵੀਕਾਰ ਕੀਤਾ। ਭਾਰਤੀ ਭਾਈਚਾਰੇ ਦੇ ਲੋਕਾਂ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਫੇਰੀ ਕਾਰਨ ਰੋਮ ਵਿੱਚ ਮੌਜੂਦ ਭਾਰਤੀਆਂ ਅੰਦਰ ਬਹੁਤ ਮਾਣ ਵਾਲਾ ਮਾਹੌਲ ਬਣਿਆ ਹੋਇਆ ਹੈ।


ੴ
WAHEGURU JI KA KHALSA
WAHEGURU JI KI FATEH
First
BARSI
SAMAGAM
IN LOVING MEMORY OF
OUR BELOVED FATHER
BHAI INDERJEET
SINGH KHALSA
BOMBAY WALE
HAZURI RAGI
SRI DARBAR SAHIB
LOVING MEMORY
ਕੀਰਤਨੀਏ
GURU GHAR DE KIRTANIYE
The family humbly invites Guru Roop Sangat Ji
to attend the following programmes and
bless the occasion with their presence.
SATURDAY,
30TH MAY 2026
6:00PM - 9:00PM
LOCATION
SIKH GURDWARA
SAN JOSE
3636 Gurdwara Ave,
San Jose, CA 95148
KIRTAN BY
BHAI HARJINDER SINGH JI
SRINAGAR VALE

# ਪੰਜਾਬ ’ਚ ਕਹਿਰ ਦੀ ਗਰਮੀ : ਸਿਹਤ ਵਿਭਾਗ ਵਲੋਂ ਅਲਰਟ

## ਅੰਮ੍ਰਿਤਸਰ ਦੀ ਅੱਤ ਦੀ ਗਰਮੀ ’ਚ ਨਿਹੰਗ ਸਿੰਘ ਨੇ ਲਗਾਈ ‘ਛਬੀਲ’, ਪਿਆਸਿਆਂ ਲਈ ਬਣੇ ਮਸੀਹਾ





ਮਨੁੱਖਤਾ ਦੀ ਸੇਵਾ ਲਈ ਹਰ ਸਿੱਖ ਭਾਈ ਘਨਈਆਂ ਸਿੱਖ





ਅੰਮ੍ਰਿਤਸਰ, (ਸਾਡੇ ਲੋਕ) : ਕੁਦਰਤੀ ਜਾਂ ਮਨੱਖ ਵਲੋਂ ਤਾਕਤ ਅਤੇ ਹੰਕਾਰ ਚ ਪੈਦਾ ਕੀਤੀ ਆਫਤ ਕੋਈ ਵੀ ਹੋਵੇ ਗੁਰੂ ਦੇ ਸੇਵਾਦਾਰਾ ਵਲੋਂ ਉਸਨੂੰ ਖਿੜੇ ਮੱਥੇ ਨਾਲ ਗੁਰੂ ਦੇ ਭਾਣੇ ਅਤੇ ਬਾਣੇ ਵਿੱਚ ਨਿਮਰਤਾ ਅਤੇ ਸੇਵਾ ਨਾਲ ਟਾਕਰਾ ਕਰਨਾ ਦਸਿਆ ਹੈ ਇਸ ਲਈ ਕਿਹਾ ਜਾਂਦਾ ਹੈ ਕੀਮਨੁੱਖਤਾ ਦੀ ਸੇਵਾ ਲਈ ਹਰ ਸਿੱਖ ਭਾਈ ਘਨਈਆਂ ਸਿੱਖ ਹੈ।

ਗੁਰੂ ਕੀ ਨਗਰੀ ਅੰਮ੍ਰਿਤਸਰ ਵਿੱਚ ਅੱਜ ਅੱਤ ਦੀ ਪੈ ਰਹੀ ਕੜਕਦੀ ਗਰਮੀ ਅਤੇ ਲੂ ਦੇ ਵਿਚਕਾਰ, ਸਿੱਖੀ ਦੀ ਮਹਾਨ ਸੇਵਾ ਭਾਵਨਾ ਦੀ ਇੱਕ ਬਹੁਤ ਹੀ ਖੂਬਸੂਰਤ ਅਤੇ ਸ਼ਕਤੀਸ਼ਾਲੀ ਤਸਵੀਰ ਸਾਹਮਣੇ ਆਈ ਹੈ। ਇੱਕ ਨਿਹੰਗ ਸਿੰਘ ਵਲੰਟੀਅਰ (ਸੇਵਾਦਾਰ) ਵੱਲੋਂ ਆਪਣੀ ਰੇਹੜੀ ’ਤੇ ਪੀਣ ਵਾਲੇ ਸਾਫ਼ ਪਾਣੀ ਦੇ ਵੱਡੇ-ਵੱਡੇ ਕੈਨ (ਕੰਟੇਨਰ) ਲੱਦ ਕੇ ਲੋਕਾਂ ਤੱਕ ਪਹੁੰਚਾਉਣ ਦਾ ਵੀਡੀਓ ਅਤੇ ਤਸਵੀਰ ਸੋਸ਼ਲ ਮੀਡੀਆ ’ਤੇ ਸੁਰਖੀਆਂ ਬਟੋਰ ਰਹੀ ਹੈ।

ਇਹ ਨਿਹੰਗ ਸਿੰਘ ਇਸ ਭਿਆਨਕ ਗਰਮੀ ਦੀ ਪਰਵਾਹ ਕੀਤੇ ਬਿਨਾਂ, ਸੜਕਾਂ ’ਤੇ ਆਉਣ-ਜਾਣ ਵਾਲੇ ਰਾਹਗੀਰਾਂ ਦੀ ਪਿਆਸ ਬੁਝਾਉਣ ਲਈ ਲਗਾਈ ਗਈ ਮੁਫ਼ਤ ’ਛਬੀਲ’ ਦੇ ਸਟਾਲ ਤੱਕ ਲਗਾਤਾਰ ਪਾਣੀ ਪਹੁੰਚਾ ਰਹੇ ਹਨ।

ਸਤਨਾਮ ਸਿੰਘਾਂ ਸਭ ਬਰਫਾਂ ਪਾ ਪਾ ਪੀਵਦੇ ਲੱਸੀਆਂ ਤੇ ਪਾਣੀ,

**ਖੂਨ ਨਿਚੋੜੇ ਜਿਸਮ ਤੋ ਗਰਮੀ ਮਰ ਜਾਣੀ**

**ਗੁਰੂ ਦੀ ਸਿੱਖਿਆ ’ਤੇ ਪਹਿਰਾ:** ਜਿੱਥੇ ਪਾਰਾ ਅਸਮਾਨ ਨੂੰ ਛੂਹ ਰਿਹਾ ਹੈ ਅਤੇ ਲੋਕ ਘਰਾਂ ਤੋਂ ਬਾਹਰ ਨਿਕਲਣ ਤੋਂ ਕਤਰਾ ਰਹੇ ਹਨ, ਉੱਥੇ ਇਹ ਸੇਵਾਦਾਰ ਨਿਸ਼ਕਾਮ ਭਾਵਨਾ ਨਾਲ ‘ਸੇਵਾ’ ਵਿੱਚ ਜੁਟੇ ਹੋਏ ਹਨ।

**ਸਾਂਝੀਵਾਲਤਾ ਦਾ ਸੁਨੇਹਾ:** ਪੰਜਾਬ ਦੀ ਇਹ ਰਵਾਇਤ ਰਹੀ ਹੈ ਕਿ ਗਰਮੀਆਂ ਦੇ ਦਿਨਾਂ ਵਿੱਚ ਬਿਨਾਂ ਕਿਸੇ ਭੇਦਭਾਵ ਦੇ ਹਰ ਧਰਮ ਅਤੇ ਵਰਗ ਦੇ ਲੋਕਾਂ ਨੂੰ ਠੰਡਾ-ਮਿੱਠਾ ਪਾਣੀ ਪਿਲਾ ਕੇ ‘ਛਬੀਲ’ ਲਗਾਈ ਜਾਂਦੀ ਹੈ।

ਨਿਹੰਗ ਸਿੰਘਾਂ ਦਾ ਜਜ਼ਬਾ: ਆਪਣੇ ਰਵਾਇਤੀ ਬਾਣੇ ਵਿੱਚ ਸਜੇ ਨਿਹੰਗ ਸਿੰਘ ਨੇ ਇਹ ਸਾਬਤ ਕਰ ਦਿੱਤਾ ਕਿ ਮੈਦਾਨ-ਏ-ਜੰਗ ਹੋਵੇ ਜਾਂ ਮਨੁੱਖਤਾ ਦੀ ਸੇਵਾ, ਉਹ ਹਮੇਸ਼ਾ ਫਰੰਟ ਲਾਈਨ ’ਤੇ ਖੜ੍ਹੇ ਹੁੰਦੇ ਹਨ। ‘ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ’ ਦੇ ਮਹਾਨ ਸੰਕਲਪ ਨੂੰ ਦਰਸਾਉਂਦੀ ਇਹ ਤਸਵੀਰ ਸਾਨੂੰ ਯਾਦ ਦਿਵਾਉਂਦੀ ਹੈ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ। ਇਸ ਤਪਦੇ ਹੋਏ ਵੀਰਵਾਰ ਨੂੰ ਇਸ ਨਿਹੰਗ ਸਿੰਘ ਦੀ ਸੇਵਾ ਨੇ ਹਜ਼ਾਰਾਂ ਲੋਕਾਂ ਦੇ ਦਿਲਾਂ ਨੂੰ ਠੰਡਕ ਪਹੁੰਚਾਈ ਹੈ।










### ‘ਸੀਜ਼ਰ ਸ਼ਾਵੇਜ਼ ਸਕੂਲ’ ਦਾ ਨਾਂ ਬਦਲਣ ਦੇ ਸਰਵੇਖਣ ’ਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਪਹਿਲੇ ਸਥਾਨ ’ਤੇ; ਜਨਤਕ ਸੁਣਵਾਈ ਦੌਰਾਨ ਉਮੜਿਆ ਸੰਗਤਾਂ ਦਾ ਬੇਮਿਸਾਲ ਹੜ੍ਹ

# ‘ਅਮਰੀਕੀ ਆਜ਼ਾਦੀ ਦੇ ਮੂਲ ਸਿਧਾਂਤ-ਲਾਈਫ਼, ਲਿਬਰਟੀ ਐਂਡ ਪਰਸੂਟ ਆਫ਼ ਹੈਪੀਨੇਸ-ਸਿਰਫ਼ ਅਮਰੀਕਾ ਲਈ ਨਹੀਂ, ਬਲਕਿ ਸਮੁੱਚੀ ਮਾਨਵਤਾ ਲਈ ਹਨ, ਜਿਨ੍ਹਾਂ ਦੀ ਰਾਖੀ ਲਈ ਭਾਈ ਖਾਲੜਾ ਨੇ ਸ਼ਹਾਦਤ ਦਿੱਤੀ : ਸ. ਭਜਨ ਸਿੰਘ ਭਿੰਡਰ

## ਯੂਨੀਅਨ ਸਿਟੀ ਦੇ ਮੇਅਰ ਸ. ਗੈਰੀ ਸਿੰਘ ਅਤੇ ਸਮੂਹ ਸੰਗਤਾਂ ਦੇ ਭਾਰੀ ਸਹਿਯੋਗ ਅਤੇ ਯਤਨਾਂ ਸਦਕਾ ਜਸਵੰਤ ਸਿੰਘ ਖਾਲੜਾ ਮਿਡਲ ਸਕੂਲ 527 ਵੋਟਾਂ ਨਾਲ ਪਹਿਲੇ ਰੈਂਕ ’ਤੇ







**ਵਿਸ਼ੇਸ਼ ਰਿਪੋਰਟ**

ਯੂਨੀਅਨ ਸਿਟੀ/ਨਿਊ ਹੈਵਨ (ਕੈਲੀਫੋਰਨੀਆ/ਅਮਰੀਕਾ) : ਮਨੁੱਖੀ ਅਧਿਕਾਰਾਂ, ਇਨਸਾਫ਼ ਅਤੇ ਵਿਸ਼ਵਵਿਆਪੀ ਨੈਤਿਕਤਾ ਦੇ ਇਤਿਹਾਸ ਵਿੱਚ ਇੱਕ ਬੇਹੱਦ ਦੂਰਅੰਦੇਸ਼ੀ ਅਤੇ ਇਤਿਹਾਸਕ ਮੀਲ-ਪੱਥਰ ਸਥਾਪਿਤ ਕਰਦਿਆਂ, ਨਿਊ ਹੈਵਨ ਯੂਨੀਫਾਈਡ ਸਕੂਲ ਡਿਸਟ੍ਰਿਕਟ (NHUSD) ਵੱਲੋਂ ‘ਸੀਜ਼ਰ ਸ਼ਾਵੇਜ਼ ਮਿਡਲ ਸਕੂਲ’ (CCMS) ਦਾ ਨਾਂ ਬਦਲਣ ਦੀ ਅਧਿਕਾਰਤ ਪ੍ਰਕਿਰਿਆ ਦਾ ਆਗਾਜ਼ ਕਰ ਦਿੱਤਾ ਗਿਆ ਹੈ। ਪਿਛਲੇ ਲੰਮੇ ਸਮੇਂ ਤੋਂ ਫਾਰਮ ਯੂਨੀਅਨ ਦੇ ਪ੍ਰਮੁੱਖ ਆਗੂ ਰਹੇ ਸੀਜ਼ਰ ਸ਼ਾਵੇਜ਼ ਨਾਲ ਜੁੜੇ ਕੁਝ ਅਜਿਹੇ ਨਵੇਂ, ਚਿੰਤਾਜਨਕ ਅਤੇ ਵਿਵਾਦਿਤ ਇਤਿਹਾਸਕ ਤੱਥ ਸਾਹਮਣੇ ਆਏ ਹਨ, ਜਿਸ ਕਾਰਨ ਸਕੂਲ ਡਿਸਟ੍ਰਿਕਟ ਨੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਇਸ ਵਿੱਦਿਅਕ ਸੰਸਥਾ ਦਾ ਨਾਂ ਬਦਲਣ ਦਾ ਦ੍ਰਿੜ ਫੈਸਲਾ ਲਿਆ ਹੈ।

ਇਸ ਵੱਕਾਰੀ ਅਤੇ ਸੰਵੇਦਨਸ਼ੀਲ ਕਾਰਜ ਲਈ ਗਠਿਤ ਕੀਤੀ ਗਈ ਉੱਚ-ਪੱਧਰੀ 8-ਮੈਂਬਰੀ ਕਮੇਟੀ ਵੱਲੋਂ ਅੱਜ ਸਕੂਲ ਦੇ ਮੁੱਖ ਹਾਲ ਵਿੱਚ ਪਹਿਲੀ ਅਧਿਕਾਰਤ ਜਨਤਕ ਸੁਣਵਾਈ (Public Hearing) ਕੀਤੀ ਗਈ। ਇਸ ਇਤਿਹਾਸਕ ਮੌਕੇ ਫਰੀਮਾਂਟ, ਯੂਨੀਅਨ ਸਿਟੀ, ਹੇਵਰਡ ਅਤੇ ਸਮੁੱਚੇ ਬੇਅ-ਏਰੀਆ (Bay Area) ਤੋਂ ਇਨਸਾਫ਼-ਪਸੰਦ ਲੋਕਾਂ, ਵੱਖ-ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ, ਮਾਨਵਤਾਵਾਦੀ ਸੰਸਥਾਵਾਂ, ਪਤਵੰਤੇ ਸੱਜਣਾਂ ਅਤੇ ਸਕੂਲੀ ividafrQIaF ਦਾ ਇੱਕ ਅਥਾਹ ਅਤੇ ਅਣਪਛਾਤਾ ਹੜ੍ਹ ਉਮੜ ਪਿਆ, ਜਿਸ ਨੇ ਹਾਲ ਦੀਆਂ ਸਾਰੀਆਂ ਸਰਹੱਦਾਂ ਤੋੜ ਦਿੱਤੀਆਂ।

**ਅਧਿਕਾਰਤ ਸਰਵੇਖਣ ਦੇ ਅੰਕੜੇ: ਭਾਈ ਖਾਲੜਾ ਦੇ ਨਾਂ ਦੀ ਜ਼ਬਰਦਸਤ ਅਤੇ ਇੱਕਤਰਫ਼ਾ ਲਹਿਰ**

ਸਕੂਲ ਡਿਸਟ੍ਰਿਕਟ ਵੱਲੋਂ ਜਾਰੀ ਕੀਤੇ ਗਏ ਸਰਵੇਖਣ ਦੇ ਅਧਿਕਾਰਤ ਅੰਕੜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਜਨਤਾ ਦੇ ਦਿਲਾਂ ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਲਈ ਕਿੰਨਾ ਸਤਿਕਾਰ ਹੈ। ਕਮੇਟੀ ਵੱਲੋਂ ਪੂਰੀ ਪਾਰਦਰਸ਼ਤਾ ਨੀਤੀ ਤਹਿਤ ਕੁੱਲ 2,385 ਐਂਟਰੀਆਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਗਲਤ ਅਤੇ ਅਧੂਰੀਆਂ ਐਂਟਰੀਆਂ ਨੂੰ ਬਾਹਰ ਕੱਢਣ ਤੋਂ ਬਾਅਦ, 2,341 ਵੈਧ (Valid) ਵੋਟਾਂ ਦੇ ਆਧਾਰ ’ਤੇ ਜੋ ਫੈਸਲਾ ਸਾਹਮਣੇ ਆਇਆ, ਉਸ ਨੇ ਨਵਾਂ ਇਤਿਹਾਸ ਲਿਖ ਦਿੱਤਾ।

**ਵਿਸ਼ੇਸ਼ ਇਤਿਹਾਸਕ ਨੋਟ:** ਮੌਜੂਦਾ ਨਾਮ ‘ਸੀਜ਼ਰ ਸ਼ਾਵੇਜ਼ ਮਿਡਲ ਸਕੂਲ’ ਲੋਕਾਂ ਦੀ ਪਸੰਦ ਵਿੱਚ ਬਹੁਤ ਪਿੱਛੇ ਪਛੜ ਕੇ ਸਿੱਧਾ 7ਵੇਂ ਸਥਾਨ ’ਤੇ ਚਲਾ ਗਿਆ ਹੈ। ਇਹ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਸਥਾਨਕ ਭਾਈਚਾਰਾ ਅਤੇ ਨਵੀਂ ਪੀੜ੍ਹੀ ਹੁਣ ਇਸ ਨਾਮ ਨੂੰ ਬਦਲ ਕੇ ਇੱਕ ਮਹਾਨ ਮਨੁੱਖੀ ਅਧਿਕਾਰ ਰੱਖਿਅਕ ਦਾ ਨਾਮ ਦੇਖਣਾ ਚਾਹੁੰਦੀ ਹੈ।

**ਅਮਰੀਕੀ ਆਜ਼ਾਦੀ ਦੇ ਮੂਲ ਸਿਧਾਂਤ ਅਤੇ ਭਾਈ ਖਾਲੜਾ ਦਾ ਵਿਸ਼ਵਵਿਆਪੀ ਪ੍ਰਭਾਵ**

ਇਸ ਇਤਿਹਾਸਕ ਅਤੇ ਜੋਸ਼ੀਲੇ ਇਕੱਠ ਨੂੰ ਸੰਬੋਧਨ ਕਰਦਿਆਂ, ‘ਆਰਗੇਨਾਈਜ਼ੇਸ਼ਨ ਫਾਰ ਮਾਈਨੋਰਿਟੀਜ਼’ (OFMI) ਅਤੇ ‘ਸਿੱਖ ਇਨਫਰਮੇਸ਼ਨ ਸੈਂਟਰ’ ਦੇ ਮਾਧਿਅਮ ਰਾਹੀਂ ਅੰਤਰਰਾਸ਼ਟਰੀ ਪੱਧਰ ’ਤੇ ਘੱਟਗਿਣਤੀਆਂ ਦੀ ਬੁਲੰਦ ਆਵਾਜ਼ ਬਣੇ ਸ. ਭਜਨ ਸਿੰਘ ਭਿੰਡਰ ਨੇ ਅਮਰੀਕਨ ਮੇਨਸਟ੍ਰੀਮ ਭਾਈਚਾਰੇ, ਸਕੂਲ ਬੋਰਡ ਅਤੇ ਵੱਖ-ਵੱਖ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦੇ ਸਾਹਮਣੇ ਬਹੁਤ ਹੀ ਡੂੰਘੇ ਅਤੇ ਦਾਰਸ਼ਨਿਕ ਵਿਚਾਰ ਰੱਖੇ। ਉਨ੍ਹਾਂ ਕਿਹਾ:

ਅਮਰੀਕਾ ਦਾ ਸੰਵਿਧਾਨ ਅਤੇ ਇਸ ਦੀ ਹੋਂਦ ਸੰਸਾਰ ਦੇ ਸਭ ਤੋਂ ਪਵਿੱਤਰ ਮੂਲ ਸਿਧਾਂਤਾਂ—ਲਾਈਫ਼, ਲਿਬਰਟੀ ਐਂਡ ਪਰਸੂਟ ਆਫ਼ ਹੈਪੀਨੇਸ’ (ਹਰ ਇਨਸਾਨ ਦੀ ਜ਼ਿੰਦਗੀ, ਉਸ ਦੀ ਆਜ਼ਾਦੀ ਅਤੇ ਖੁਸ਼ੀ ਦੀ ਚੋਣ ਦਾ ਅਟੁੱਟ ਹੱਕ) ’ਤੇ ਟਿਕੀ ਹੋਈ ਹੈ। ਅਮਰੀਕਾ ਦੇ ਮੋਢੀ ਪਿਤਾਵਾਂ (Founding

**ਸਰਵੇਖਣ ਦੀ ਅਧਿਕਾਰਤ ਦਰਜਾਬੰਦੀ (Official Ranking) ਅਤੇ ਲੋਕਾਂ ਦੀ ਰਾਏ ਇਸ ਪ੍ਰਕਾਰ ਰਹੀ:**

| ਰੈਂਕ (Rank) | ਪ੍ਰਸਤਾਵਿਤ ਨਵਾਂ ਨਾਮ (Standardized Name) | ਕੁੱਲ ਵੋਟਾਂ / ਤਰਜੀਹਾਂ (Total Mentions) |
|---|---|---|
| Rank 1 | ਜਸਵੰਤ ਸਿੰਘ ਖਾਲੜਾ ਮਿਡਲ ਸਕੂਲ (Jaswant Singh Khalra MS) | 527 |
| Rank 2 | ਨਿਊ ਹੈਵਨ ਮਿਡਲ ਸਕੂਲ (New Haven MS) | 424 |
| Rank 3 | ਡੋਲੋਰਸ ਹੁਏਰਤਾ ਮਿਡਲ ਸਕੂਲ (Dolores Huerta MS) | 166 |
| Rank 4 | ਯੂਨੀਅਨ ਸਿਟੀ ਮਿਡਲ ਸਕੂਲ (Union City MS) | 121 |
| Rank 5 | ਟੌਮੀ ਲਿੰਡਸੇ ਜੂਨੀਅਰ ਮਿਡਲ ਸਕੂਲ (Tommie Lindsey Jr. MS) | 52 |






### 'ਸੀਜ਼ਰ ਸ਼ਾਵੇਜ਼ ਸਕੂਲ' ਦਾ ਨਾਂ ਬਦਲਣ ਦੇ ਸਰਵੇਖਣ 'ਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਪਹਿਲੇ ਸਥਾਨ 'ਤੇ; ਜਨਤਕ ਸੁਣਵਾਈ ਦੌਰਾਨ ਉਮੜਿਆ ਸੰਗਤਾਂ ਦਾ ਬੇਮਿਸਾਲ ਹੜ੍ਹ

# 'ਅਮਰੀਕੀ ਆਜ਼ਾਦੀ ਦੇ ਮੂਲ ਸਿਧਾਂਤ-ਲਾਈਫ਼, ਲਿਬਰਟੀ ਐਂਡ ਪਰਸੂਟ ਆਫ਼ ਹੈਪੀਨੇਸ-ਸਿਰਫ਼ ਅਮਰੀਕਾ ਲਈ ਨਹੀਂ, ਬਲਕਿ ਸਮੁੱਚੀ ਮਾਨਵਤਾ ਲਈ ਹਨ, ਜਿਨ੍ਹਾਂ ਦੀ ਰਾਖੀ ਲਈ ਭਾਈ ਖਾਲੜਾ ਨੇ ਸ਼ਹਾਦਤ ਦਿੱਤੀ : ਸ. ਭਜਨ ਸਿੰਘ ਭਿੰਡਰ

## ਯੂਨੀਅਨ ਸਿਟੀ ਦੇ ਮੇਅਰ ਸ. ਗੈਰੀ ਸਿੰਘ ਅਤੇ ਸਮੂਹ ਸੰਗਤਾਂ ਦੇ ਭਾਰੀ ਸਹਿਯੋਗ ਅਤੇ ਯਤਨਾਂ ਸਦਕਾ ਜਸਵੰਤ ਸਿੰਘ ਖਾਲੜਾ ਮਿਡਲ ਸਕੂਲ 527 ਵੋਟਾਂ ਨਾਲ ਪਹਿਲੇ ਰੈਂਕ 'ਤੇ

















CCMS name suggestion analysis

| Rank | Standardized Name | Total Mentions |
| --- | --- | --- |
| 1 | Jaswant Singh Khalra Middle School | 527 |
| 2 | New Haven Middle School | 424 |
| 3 | Dolores Huerta Middle School | 166 |
| 4 | Union City Middle School | 121 |
| 5 | Tommie Lindsey Jr. Middle School | 52 |
| 6 | Hop Ranch Middle School | |
| 7 | Cesar Chavez Middle School | |
| 8 | Decoto Middle School | |
| 9 | Alvarado Middle Sch | |

Fathers) ਅਤੇ ਰਾਸ਼ਟਰਪਤੀ ਇਬਰਾਹੀਮ ਲਿੰਕਨ ਵਰਗੀਆਂ ਯੁੱਗ-ਪੁਰਸ਼ ਸ਼ਖਸੀਅਤਾਂ ਨੇ ਇਹ ਬਿਲਕੁਲ ਸਾਫ਼ ਕਰ ਦਿੱਤਾ ਸੀ ਕਿ ਇਹ ਬ੍ਰਹਿਮੰਡੀ ਨਿਯਮ ਸਿਰਫ਼ ਅਮਰੀਕਾ ਦੀ ਭੂਗੋਲਿਕ ਹੱਦ ਤੱਕ ਸੀਮਤ ਨਹੀਂ ਹਨ, ਬਲਕਿ ਇਹ ਪੂਰੀ ਦੁਨੀਆ ਦੀ ਸਮੁੱਚੀ ਮਾਨਵਤਾ ਲਈ ਹਨ। ਅੱਜ ਦੇ ਆਧੁਨਿਕ ਇਤਿਹਾਸ ਵਿੱਚ ਜੇਕਰ ਕੋਈ ਸ਼ਖਸੀਅਤ ਇਹਨਾਂ ਅਮਰੀਕੀ ਅਤੇ ਮਾਨਵਤਾਵਾਦੀ ਅਸੂਲਾਂ 'ਤੇ ਪੂਰੀ ਤਰ੍ਹਾਂ ਖਰੀ ਉੱਤਰਦੀ ਹੈ ਤਾਂ ਉਹ ਮਨੁੱਖੀ ਅਧਿਕਾਰਾਂ ਦੇ ਮਹਾਨ ਆਲਮਬਰਦਾਰ ਅਮਰ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਹਨ, ਜਿਨ੍ਹਾਂ ਨੇ ਦੂਜਿਆਂ ਦੀ ਆਜ਼ਾਦੀ ਲਈ ਆਪਣੀ ਜਾਨ ਨਿਛਾਵਰ ਕਰ ਦਿੱਤੀ।'

**ਪੰਜਾਬ ਦਾ ਭਿਆਨਕ ਦੌਰ ਅਤੇ ਭਾਈ ਖਾਲੜਾ ਦੀ ਬੇਮਿਸਾਲ ਦਲੇਰੀ**

ਸ. ਭਿੰਡਰ ਨੇ ਬੇਹੱਦ ਗੰਭੀਰ ਅਤੇ ਵਲੂੰਧਰ ਦੇਣ ਵਾਲੇ ਸ਼ਬਦਾਂ ਵਿੱਚ ਪੰਜਾਬ ਦੇ ਉਸ ਕਾਲੇ ਦੌਰ ਦਾ ਜ਼ਿਕਰ ਕੀਤਾ, ਜਿਸ ਨੇ ਮਨੁੱਖਤਾ ਦੇ ਹਿਰਦੇ ਛਲਣੀ ਕਰ ਦਿੱਤੇ ਸਨ। ਉਨ੍ਹਾਂ ਸਾਰਿਆਂ ਨੂੰ ਯਾਦ ਕਰਵਾਇਆ ਕਿ ਕਿਸ ਤਰ੍ਹਾਂ 1980 ਅਤੇ 1990 ਦੇ ਦਹਾਕੇ ਵਿੱਚ ਭਾਰਤੀ ਹਕੂਮਤ, ਨੀਮ-ਫ਼ੌਜੀ ਬਲਾਂ (Paramilitary Forces) ਅਤੇ ਸਰਕਾਰੀ ਸਰਪ੍ਰਸਤੀ ਪ੍ਰਾਪਤ ਗੁਪਤ 'ਮੌਤ ਦੇ ਦਸਤਿਆਂ' (Death Squads) ਰਾਹੀਂ ਪੰਜਾਬ ਦੀ ਪਵਿੱਤਰ ਧਰਤੀ 'ਤੇ ਸਿੱਖ ਨੌਜਵਾਨਾਂ ਦਾ ਬੇਰਹਿਮੀ ਨਾਲ 'ਸ਼ਿਕਾਰ' ਖੇਡਿਆ ਜਾਂਦਾ ਸੀ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਮਾਸੂਮ ਬੱਚਿਆਂ ਨੂੰ ਘਰਾਂ ਅਤੇ ਸ਼੍ਰੇਣੀਆਂ ਵਿੱਚੋਂ ਜ਼ਬਰਦਸਤੀ ਚੁੱਕ ਕੇ ਹੈਵਾਨੀਅਤ ਦਾ ਸ਼ਿਕਾਰ ਬਣਾਇਆ ਗਿਆ ਅਤੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਕੇ ਹਮੇਸ਼ਾ ਲਈ ਗਾਇਬ ਕਰ ਦਿੱਤਾ ਗਿਆ। ਅਜਿਹਾ ਸਰਕਾਰ ਵੱਲੋਂ ਕੀਤਾ ਗਿਆ ਸੰਗਠਿਤ ਜ਼ੁਲਮ ਸ਼ਾਇਦ ਮਨੁੱਖੀ ਇਤਿਹਾਸ ਵਿੱਚ ਪਹਿਲਾਂ ਕਦੇ ਨਹੀਂ ਵਾਪਰਿਆ ਸੀ।

ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਭਿਆਨਕ, ਦਹਿਸ਼ਤਜ਼ਦਾ ਅਤੇ ਖ਼ੌਫ਼ਨਾਕ ਮਾਹੌਲ ਵਿੱਚ, ਜਦੋਂ ਹਰ ਪਾਸੇ ਮੌਤ ਦਾ ਸਨਾਟਾ ਸੀ ਅਤੇ ਜ਼ੁਲਮ ਦੇ ਖ਼ਿਲਾਫ਼ ਬੋਲਣ ਵਾਲੀ ਹਰ ਜ਼ੁਬਾਨ ਨੂੰ ਕੱਟ ਦਿੱਤਾ ਜਾਂਦਾ ਸੀ, ਉਸ ਸਮੇਂ ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ, ਹਿੱਕ ਦੇ ਜ਼ੋਰ 'ਤੇ ਪੰਜਾਬ ਦੀਆਂ ਸ਼ਮਸ਼ਾਨਘਾਟਾਂ ਦੇ ਸਰਕਾਰੀ ਰਿਕਾਰਡ ਖੰਗਾਲੇ। ਉਨ੍ਹਾਂ ਨੇ 25,000 ਲਾਵਾਰਿਸ ਕਰਾਰ ਦਿੱਤੀਆਂ ਗਈਆਂ ਸਿੱਖਾਂ ਦੀਆਂ ਲਾਸ਼ਾਂ ਦਾ ਸੱਚ ਪੂਰੇ ਦਸਤਾਵੇਜ਼ੀ ਸਬੂਤਾਂ ਸਮੇਤ ਕੌਮਾਂਤਰੀ ਦੁਨੀਆ ਦੇ ਸਾਹਮਣੇ ਲਿਆ ਕੇ ਰੱਖ ਦਿੱਤਾ। ਇਸ ਇਤਿਹਾਸਕ ਖੁਲਾਸੇ ਤੋਂ ਬੁਖਲਾਹਟ ਵਿੱਚ ਆਈ ਭਾਰੀ ਫ਼ੌਜ ਅਤੇ ਪੁਲਿਸ ਨੇ 6 ਸਤੰਬਰ 1995 ਨੂੰ ਉਨ੍ਹਾਂ ਨੂੰ ਅਗਵਾ ਕਰ ਲਿਆ। ਉਨ੍ਹਾਂ 'ਤੇ ਅਣਮਨੁੱਖੀ ਤਸ਼ੱਦਦ ਢਾਹਿਆ ਗਿਆ ਅਤੇ ਅਖੀਰ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਜ਼ੁਲਮ ਦੀ ਇੰਤਹਾ ਇਹ ਸੀ ਕਿ ਉਨ੍ਹਾਂ ਦੀ ਮ੍ਰਿਤਕ ਦੇਹ (ਲਾਸ਼) ਵੀ ਅੱਜ ਤੱਕ ਪਰਿਵਾਰ ਨੂੰ ਨਸੀਬ ਨਹੀਂ ਹੋਣ ਦਿੱਤੀ ਗਈ।


**ਸਿੱਖਾਂ ਦੀ ਨਵੀਂ ਪੀੜ੍ਹੀ ਲਈ ਨਵੀਂ ਸਵੇਰ ਅਤੇ ਅਮਰ ਹੋਂਦ ਦਾ ਪ੍ਰਤੀਕ**

ਅੱਜ ਸੰਯੁਕਤ ਰਾਸ਼ਟਰ (UN), ਯੂਰਪੀਅਨ ਯੂਨੀਅਨ, ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਵਰਗੀਆਂ ਸੰਸਾਰ ਦੀਆਂ ਸਰਵਉੱਚ ਸੰਸਥਾਵਾਂ ਅਤੇ ਜਮਹੂਰੀ ਮੁਲਕ ਭਾਈ ਜਸਵੰਤ ਸਿੰਘ ਖਾਲੜਾ ਦੀ ਮਹਾਨ ਕੁਰਬਾਨੀ, ਉੱਚੇ ਮਨੁੱਖੀ ਅਸੂਲਾਂ ਅਤੇ ਲੋਕਤੰਤਰ ਪ੍ਰਤੀ ਉਨ੍ਹਾਂ ਦੀ ਦੇਣ ਨੂੰ ਅਧਿਕਾਰਤ ਤੌਰ 'ਤੇ ਮਾਨਤਾ ਦੇ ਚੁੱਕੇ ਹਨ। ਉਨ੍ਹਾਂ ਦੇ ਜੀਵਨ, ਖੋਜ ਅਤੇ ਸ਼ਹਾਦਤ 'ਤੇ ਅਨੇਕਾਂ ਅੰਤਰਰਾਸ਼ਟਰੀ ਕਿਤਾਬਾਂ, ਦਸਤਾਵੇਜ਼ੀ ਫ਼ਿਲਮਾਂ (Documentaries) ਅਤੇ ਹਾਲੀਵੁੱਡ-ਪਾਲੀਵੁੱਡ ਦੀਆਂ ਵੱਡੀਆਂ ਫ਼ਿਲਮਾਂ ਬਣ ਚੁੱਕੀਆਂ ਹਨ।

ਸਕੂਲ ਦਾ ਨਾਂ ਬਦਲ ਕੇ 'ਭਾਈ ਖਾਲੜਾ' ਦੇ ਨਾਂ 'ਤੇ ਰੱਖਣ ਦੀ ਜ਼ੋਰਦਾਰ ਵਕਾਲਤ ਕਰਦਿਆਂ ਸ. ਭਜਨ ਸਿੰਘ ਭਿੰਡਰ ਅਤੇ ਹੋਰ ਪ੍ਰਮੁੱਖ ਸਿੱਖ ਆਗੂਆਂ ਨੇ ਬੜੇ ਮਾਣ ਅਤੇ ਜਜ਼ਬੇ ਨਾਲ ਕਿਹਾ: 'ਇਸ ਸਕੂਲ ਵਿੱਚ ਪੜ੍ਹਨ ਆਉਣ ਵਾਲੇ ਬਹੁਤ ਸਾਰੇ ਬੱਚਿਆਂ ਦੇ ਮਾਤਾ-ਪਿਤਾ ਪੰਜਾਬ ਦੇ ਉਸੇ ਭਿਆਨਕ ਨਸਲਕੁਸ਼ੀ ਵਾਲੇ ਦੌਰ ਵਿੱਚੋਂ, ਜਦੋਂ ਸਿੱਖਾਂ ਦੀ ਹੋਂਦ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਕਿਸੇ ਨਾ ਕਿਸੇ ਤਰ੍ਹਾਂ ਆਪਣੀਆਂ ਜਾਨਾਂ ਬਚਾ ਕੇ ਅਮਰੀਕਾ ਦੀ ਇਸ ਮੁਕਤ ਧਰਤੀ 'ਤੇ ਆਏ ਸਨ। ਇਹ ਉਹ ਪਰਿਵਾਰ ਹਨ ਜਿਨ੍ਹਾਂ ਦੀ ਹੋਂਦ, ਨਸਲ ਅਤੇ ਮਨੁੱਖੀ ਹੱਕਾਂ ਦੀ ਲੜਾਈ ਭਾਈ ਖਾਲੜਾ ਜੀ ਨੇ ਆਪਣਾ ਸਰਬੰਸ ਵਾਰ ਕੇ ਲੜੀ ਸੀ। ਅੱਜ ਜਦੋਂ ਇਹਨਾਂ ਪਰਿਵਾਰਾਂ ਦੇ ਬੱਚੇ ਇਸ ਸਕੂਲ ਦੀਆਂ ਬਰੂਹਾਂ 'ਤੇ ਪੈਰ ਰੱਖਣਗੇ ਅਤੇ ਸਕੂਲ ਦੇ ਮੁੱਖ ਬੋਰਡ 'ਤੇ ਉਸ ਮਹਾਨ ਕੌਮਾਂਤਰੀ ਯੋਧੇ ਦਾ ਨਾਂ ਦੇਖਣਗੇ, ਤਾਂ ਸਾਡੀ ਆਉਣ ਵਾਲੀ ਨਵੀਂ ਪੀੜ੍ਹੀ ਦਾ ਸਿਰ ਦੁਨੀਆ ਦੇ ਸਾਹਮਣੇ ਫ਼ਖਰ ਨਾਲ ਉੱਚਾ ਹੋ ਜਾਵੇਗਾ। ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦਾ ਨਾਮ ਅਮਰੀਕਾ ਦੇ ਮੁਢਲੇ ਸੰਵਿਧਾਨਕ ਅਸੂਲਾਂ ਨਾਲ ਮੇਲ ਖਾਂਦਾ ਸਭ ਤੋਂ ਢੁਕਵਾਂ, ਨਿਆਪੂਰਨ ਅਤੇ ਪਵਿੱਤਰ ਨਾਮ ਹੈ। ਜਦੋਂ ਵੀ ਸੰਸਾਰ ਮਨੁੱਖੀ ਅਧਿਕਾਰਾਂ ਲਈ ਜਾਨ ਵਾਰਨ ਵਾਲੇ ਇਸ ਮਹਾਨ ਸ਼ਖਸ ਦਾ ਨਾਮ ਇਸ ਸਰਕਾਰੀ ਸੰਸਥਾ 'ਤੇ ਦੇਖੇਗਾ, ਤਾਂ ਪੂਰੀ ਦੁਨੀਆ ਇਸ ਡਿਸਟ੍ਰਿਕਟ 'ਤੇ ਮਾਣ ਮਹਿਸੂਸ ਕਰੇਗੀ।'

ਸਮਾਗਮ ਦੇ ਅਖੀਰ ਵਿੱਚ, ਸਕੂਲ ਦੇ ਪ੍ਰਿੰਸੀਪਲ, ਸਮੁੱਚੀ ਪ੍ਰਬੰਧਕੀ ਕਮੇਟੀ (School Board) ਦੇ ਮੈਂਬਰਾਂ ਅਤੇ ਇਸ ਇਤਿਹਾਸਕ ਅਤੇ ਇਨਸਾਫ਼ ਦੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਦੂਰ-ਦੁਰਾਡੇ ਦੇ ਸ਼ਹਿਰਾਂ ਤੋਂ ਪਹੁੰਚੀਆਂ ਸਾਰੀਆਂ ਸੰਗਤਾਂ, ਨੌਜਵਾਨਾਂ ਅਤੇ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਸ਼ੁਕਰਾਨਾ ਅਤੇ ਧੰਨਵਾਦ ਕੀਤਾ ਗਿਆ। ਇਹ ਸੁਣਵਾਈ ਅਮਰੀਕਾ ਵਿੱਚ ਸਿੱਖ ਇਤਿਹਾਸ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਲਈ ਇੱਕ ਸੁਨਹਿਰੀ ਪੰਨਾ ਸਾਬਤ ਹੋਈ ਹੈ।





Melissa Hernandez

# ਕਾਂਗਰਸ ਉਮੀਦਵਾਰ ਮੇਲਿਸਾ ਹਰਨਾਂਡੇਜ਼ ਦੇ ਹੱਕ 'ਚ ਫਰੀਮਾਂਟ 'ਚ ਜੁੜਿਆ ਪੰਜਾਬੀਆਂ ਦਾ ਵੱਡਾ ਇਕੱਠ

## ਸਾਕੂਨ ਰੈਸਟੋਰੈਂਟ ਵਿੱਚ ਹੋਏ ਹਾਈ-ਪ੍ਰੋਫਾਈਲ ਫੰਡਰੇਜ਼ਰ ਦੌਰਾਨ ਸਥਾਨਕ ਆਗੂਆਂ ਅਤੇ ਪ੍ਰਮੁੱਖ ਕਾਰੋਬਾਰੀਆਂ ਵੱਲੋਂ ਹਰਨਾਂਡੇਜ਼ ਦੀ ਜਿੱਤ ਯਕੀਨੀ












ਫਰੀਮਾਂਟ, ਕੈਲੀਫੋਰਨੀਆ: (ਸਾਡੇ ਲੋਕ ਬਿਊਰੋ) ਕੈਲੀਫੋਰਨੀਆ ਦੇ 14ਵੇਂ ਕਾਂਗਰਸਨਲ ਜ਼ਿਲ੍ਹੇ (District 14) ਤੋਂ ਚੋਣ ਲੜ ਰਹੇ ਮੇਲਿਸਾ ਹਰਨਾਂਡੇਜ਼ (Melissa Hernandez) ਦੀ ਚੋਣ ਮੁਹਿੰਮ ਨੂੰ ਉਸ ਵੇਲੇ ਵੱਡਾ ਹੁੰਗਾਰਾ ਮਿਲਿਆ, ਜਦੋਂ ਫਰੀਮਾਂਟ ਦੇ ਮਸ਼ਹੂਰ 'ਸਾਕੂਨ ਰੈਸਟੋਰੈਂਟ' ਵਿਖੇ ਸਾਊਥ ਏਸ਼ੀਅਨ ਭਾਈਚਾਰੇ ਦੇ ਆਗੂਆਂ, ਪ੍ਰਮੁੱਖ ਕਾਰੋਬਾਰੀਆਂ ਅਤੇ ਸਥਾਨਕ ਚੁਣੇ ਹੋਏ ਨੁਮਾਇੰਦਿਆਂ ਵੱਲੋਂ ਇੱਕ ਵਿਸ਼ਾਲ 'ਮੀਟ-ਐਂਡ-ਗ੍ਰੀਟ' ਅਤੇ ਫੰਡਰੇਜ਼ਿੰਗ ਸਮਾਗਮ ਕਰਵਾਇਆ ਗਿਆ। ਸ਼ਾਮ ਤੱਕ ਚੱਲੇ ਇਸ ਪ੍ਰਭਾਵਸ਼ਾਲੀ ਸਮਾਗਮ ਨੇ ਸਾਬਤ ਕਰ ਦਿੱਤਾ ਕਿ ਹਰਨਾਂਡੇਜ਼ ਦੀ ਖੇਤਰ ਵਿੱਚ ਪਕੜ ਬੇਹੱਦ ਮਜ਼ਬੂਤ ਹੈ ਅਤੇ ਉਹ ਇਸ ਚੋਣ ਦੌੜ ਵਿੱਚ ਸਭ ਤੋਂ ਅੱਗੇ ਚੱਲ ਰਹੇ ਹਨ।




**ਖੇਤਰੀ ਲੀਡਰਸ਼ਿਪ ਅਤੇ ਪੰਜਾਬੀ/ਸਾਊਥ ਏਸ਼ੀਅਨ ਭਾਈਚਾਰੇ ਦਾ ਵੱਡਾ ਗੱਠਜੋੜ**

ਇਸ ਸਮਾਗਮ ਦੀ ਮੇਜ਼ਬਾਨੀ (Host Committee) ਵਿੱਚ ਸਥਾਨਕ ਸਰਕਾਰਾਂ ਦੇ ਵੱਡੇ ਚਿਹਰੇ ਅਤੇ ਭਾਈਚਾਰੇ ਦੇ ਸਿਰਕੱਢ ਆਗੂ ਸ਼ਾਮਲ ਸਨ। ਕਾਊਂਟੀ ਸੁਪਰਵਾਈਜ਼ਰ ਡੇਵਿਡ ਹਾਊਬਰਟ (David Haubert) ਅਤੇ ਸਿਟੀ ਕੌਂਸਲ ਮੈਂਬਰ ਕੈਥੀ ਕਿੰਬਰਲਿਨ (Kathy Kimberlin) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਸਾਊਥ ਏਸ਼ੀਅਨ ਅਤੇ ਪੰਜਾਬੀ ਪ੍ਰਬੰਧਕਾਂ ਦੀ ਭਾਰੀ ਮੌਜੂਦਗੀ ਇਹ ਦਰਸਾਉਂਦੀ ਹੈ ਕਿ ਮੇਲਿਸਾ ਹਰਨਾਂਡੇਜ਼ ਵਿੱਚ ਵੱਖ-ਵੱਖ ਭਾਈਚਾਰਿਆਂ ਨੂੰ ਇੱਕ ਮੰਚ 'ਤੇ ਲਿਆਉਣ ਅਤੇ ਸੰਘੀ ਲੀਡਰਸ਼ਿਪ (Federal Leadership) ਲਈ ਇੱਕ ਵਿਸ਼ਾਲ ਆਧਾਰ ਤਿਆਰ ਕਰਨ ਦੀ ਵਿਲੱਖਣ ਸਮਰੱਥਾ ਹੈ।

**'ਮੇਲਿਸਾ ਹਰਨਾਂਡੇਜ਼ ਵਾਅਦੇ ਪੂਰੇ ਕਰਨ ਵਾਲੀ ਇੱਕ ਪਰਖੀ ਹੋਈ ਅਤੇ ਪੰਜਾਬੀਆਂ ਨਾਲ ਹਮੇਸ਼ਾ ਚਟਾਨ ਵਾਂਗ ਖੜਨ ਵਾਲੀ ਆਗੂ' — ਬਲਕਾਰ ਸਿੰਘ ਬੰਬੇ ਗਾਰਡਨ**

ਸਮਾਗਮ ਦੇ ਸਹਿ-ਮੇਜ਼ਬਾਨ ਅਤੇ ਪ੍ਰਮੁੱਖ ਆਗੂ ਬਲਕਾਰ ਸਿੰਘ ਨੇ ਹਰਨਾਂਡੇਜ਼ ਦਾ ਪੁਰਜ਼ੋਰ ਸਮਰਥਨ ਕਰਦਿਆਂ ਕਿਹਾ, 'ਮੈਂ ਮੇਲਿਸਾ ਹਰਨਾਂਡੇਜ਼ ਨੂੰ ਪਿਛਲੇ 20 ਸਾਲਾਂ ਤੋਂ ਨਿੱਜੀ ਤੌਰ 'ਤੇ ਜਾਣਦਾ ਹਾਂ। ਡਬਲਿਨ (Dublin) ਦੇ ਮੇਅਰ ਵਜੋਂ ਦੋ ਸਫਲ ਕਾਰਜਕਾਲ ਪੂਰੇ ਕਰਨ ਅਤੇ ਮੌਜੂਦਾ ਸਮੇਂ ਬਾਰਟ (BART) ਬੋਰਡ ਦੇ ਪ੍ਰਧਾਨ ਵਜੋਂ ਸੇਵਾ ਨਿਭਾਉਂਦਿਆਂ ਉਨ੍ਹਾਂ ਨੇ ਖੁਦ ਨੂੰ ਕਾਂਗਰਸ ਲਈ ਇੱਕ ਬਿਹਤਰੀਨ ਉਮੀਦਵਾਰ ਸਾਬਤ ਕੀਤਾ ਹੈ। ਉਹ ਸਾਡੇ ਭਾਈਚਾਰੇ ਦੀਆਂ ਲੋੜਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ, ਸਭ ਦੀ ਗੱਲ ਸੁਣਦੇ ਹਨ ਅਤੇ ਸਭ ਤੋਂ ਅਹਿਮ ਗੱਲ ਇਹ ਹੈ ਕਿ ਉਹ ਜੋ ਵਾਅਦਾ ਕਰਦੇ ਹਨ, ਉਸਨੂੰ ਪੂਰਾ ਕਰਦੇ ਹਨ।' ਉਨ੍ਹਾਂ ਨੇ ਸਮੂਹ ਵੋਟਰਾਂ ਅਤੇ ਕਾਰੋਬਾਰੀਆਂ ਨੂੰ ਅਪੀਲ ਕੀਤੀ ਕਿ ਉਹ ਡਿਸਟ੍ਰਿਕਟ 14 ਤੋਂ ਮੇਲਿਸਾ ਨੂੰ ਜਿਤਾ ਕੇ ਵਾਸ਼ਿੰਗਟਨ ਭੇਜਣ।

**ਸਹਿਯੋਗੀਆਂ ਅਤੇ ਪਤਵੰਤੇ ਸੱਜਣਾਂ ਦੀ ਲੰਮੀ ਸੂਚੀ**

ਇਸ ਹਾਈ-ਪ੍ਰੋਫਾਈਲ ਮੀਟਿੰਗ ਨੂੰ ਕਾਮਯਾਬ ਬਣਾਉਣ ਅਤੇ ਮੇਲਿਸਾ ਹਰਨਾਂਡੇਜ਼ ਦੀ ਪਿੱਠ 'ਤੇ ਖੜ੍ਹਨ ਲਈ ਖੇਤਰ ਦੀਆਂ ਕਈ ਨਾਮਵਰ ਸ਼ਖਸੀਅਤਾਂ ਨੇ ਹਾਜ਼ਰੀ ਲਵਾਈ। ਪ੍ਰਮੁੱਖ ਸਹਿਯੋਗੀਆਂ ਅਤੇ ਮਹਿਮਾਨਾਂ ਵਿੱਚ ਸ਼ਾਮਲ ਸਨ:

**ਮੁੱਖ ਪ੍ਰਬੰਧਕ ਤੇ ਆਗੂ:** ਬਲਕਾਰ ਸਿੰਘ ਬੰਬੇ ਗਾਰਡਨ, ਸਰਦਾਰ ਇੰਦਰ ਦੁਸਾਂਝ. ਟੀ ਜੇ. ਧਾਮੀ, ਸਰਦਾਰ ਜੋ ਜੋਹਲ, ਸਰਦਾਰ ਰਾਜ ਧਾਮੀ, ਬਲਵੀਰ ਸਿੰਘ, ਰਿਕ ਜੋਨਸ ਅਤੇ ਧਰਮਿੰਦਰ ਦੀਵਾਨ।

**ਪ੍ਰਮੁੱਖ ਸਖ਼ਸ਼ੀਅਤਾਂ:** ਕੰਵਰ ਬਰਾਰ, ਸੈਮ ਸਿੰਘ, ਬੌਬੀ ਸਿੰਘ, ਹਰਮੇਸ਼ ਸਿੱਧੂ, ਸੁੱਚਾ ਰਾਮ ਜੀ, ਦਰਸ਼ਨ ਔਜਲਾ, ਬੀਕਰ ਬਰਾਰ, ਸਮਾਈਲ, ਅਤੇ ਮੇਜਰ ਸਿੰਘ ਬੈਂਸ ਟੀਮ।

**ਸੰਸਥਾਵਾਂ ਅਤੇ ਕਲੱਬ:** ਡਾਇਮੰਡ ਕਲੱਬ ਬੇਅ ਏਰੀਆ (Diamond Club Bayarea) ਵੱਲੋਂ ਬੰਟੀ ਥਿੰਦ, ਇੰਦਰਜੀਤ ਸਿੱਧੂ, ਮਿਸਟਰ ਗਿੱਲ, ਰਵਿੰਦਰ ਸਿੰਘ, ਜਸਵਿੰਦਰ ਮਲ੍ਹੀ, ਮਨਜੀਤ ਸਿੰਘ, ਰਵੀ ਪਰਮਾਰ, ਬਲਜੀਤ ਸਿੰਘ, ਅਤੇ ਜੈਸੀ ਸਿੰਘ।

**ਹੋਰ ਪਤਵੰਤੇ ਸੱਜਣ:** ਬਾਬੂ ਭਾਈਜੀ, ਰਾਜਿੰਦਰ ਸਿੰਘ, ਪਰਮਜੀਤ ਸਿੰਘ, ਦੀਪਕ, ਸਿੱਧਾਰਥ, ਅਜੇ, ਪੀਟ (Pete), ਟੋਨੀ (ਓਰਅਜ), ਕ੍ਰਿਸਟਨ (Christen), ਪਾਲਾ, ਕੇਵਲ ਸਿੰਘ, ਪੰਕਜ ਅਤੇ ਕਈ ਹੋਰ ਗਣਮਾਨਯ ਮਹਿਮਾਨ।




Alameda county District Attorney Ursula Jones Dickson and Melissa Hernandez for Congress District 14th

ਚੋਣ ਮੁਹਿੰਮ ਨੂੰ ਮਿਲਿਆ ਭਰਵਾਂ ਆਰਥਿਕ ਤੇ ਨੈਤਿਕ ਸਮਰਥਨ

ਇਸ ਫੰਡਰੇਜ਼ਰ ਦੌਰਾਨ ਭਾਈਚਾਰੇ ਨੇ ਖੁੱਲ੍ਹੇ ਦਿਲ ਨਾਲ ਫੰਡ ਦਿੱਤੇ। ਕਈ ਦਾਨੀ ਸੱਜਣਾਂ ਵੱਲੋਂ ਪ੍ਰਾਇਮਰੀ ਅਤੇ ਜਨਰਲ ਚੋਣਾਂ ਲਈ ਫੈਡਰਲ ਨਿਯਮਾਂ ਅਨੁਸਾਰ ਵੱਧ ਤੋਂ ਵੱਧ ਦੇ ਯੋਗਦਾਨ ਪਾਏ ਗਏ। ਇਹ ਭਾਰੀ ਵਿੱਤੀ ਸਹਿਯੋਗ ਮੇਲਿਸਾ ਹਰਨਾਂਡੇਜ਼ ਦੀਆਂ ਨੀਤੀਆਂ ਵਿੱਚ ਭਾਈਚਾਰੇ ਦੇ ਡੂੰਘੇ ਵਿਸ਼ਵਾਸ ਅਤੇ ਜ਼ਮੀਨੀ ਪੱਧਰ 'ਤੇ ਉਨ੍ਹਾਂ ਦੇ ਮਜ਼ਬੂਤ ਅਧਾਰ ਨੂੰ ਦਰਸਾਉਂਦਾ ਹੈ।

ਸਮਾਗਮ ਦੇ ਅੰਤ ਵਿੱਚ, ਪ੍ਰਬੰਧਕਾਂ ਨੇ ਆਏ ਹੋਏ ਸਾਰੇ ਮਹਿਮਾਨਾਂ ਅਤੇ ਦਾਨੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸ਼ਾਮ ਨਾ ਸਿਰਫ਼ ਆਰਥਿਕ ਪੱਖੋਂ ਸਫਲ ਰਹੀ, ਬਲਕਿ ਇਸ ਨੇ 14ਵੇਂ ਕਾਂਗਰਸਨਲ ਜ਼ਿਲ੍ਹੇ ਲਈ ਹਰਨਾਂਡੇਜ਼ ਦੇ ਵਿਜ਼ਨ ਦੇ ਹੱਕ ਵਿੱਚ ਪੂਰੇ ਸਾਊਥ ਏਸ਼ੀਅਨ ਭਾਈਚਾਰੇ ਦੀ ਇੱਕਜੁੱਟਤਾ ਦਾ ਇੱਕ ਵੱਡਾ ਅਤੇ ਸਪਸ਼ਟ ਸੰਦੇਸ਼ ਦਿੱਤਾ ਹੈ।









# ਹੁਣ ਹਾਦਸਿਆਂ ਲਈ ਸਿਰਫ਼ ਡਰਾਈਵਰ ਨਹੀਂ, 'ਫਰੇਟ ਬ੍ਰੋਕਰ' ਵੀ ਹੋਣਗੇ ਜ਼ਿੰਮੇਵਾਰ !

## ਅਮਰੀਕੀ ਸੁਪਰੀਮ ਕੋਰਟ ਦੇ 9-0 ਦੇ ਇਤਿਹਾਸਕ ਫੈਸਲੇ ਨਾਲ ਟਰੱਕਿੰਗ ਉਦਯੋਗ 'ਚ ਭੂਚਾਲ




ਵਾਸ਼ਿੰਗਟਨ ਡੀ.ਸੀ. (ਸਾਡੇ ਲੋਕ) ਅਮਰੀਕੀ ਸੁਪਰੀਮ ਕੋਰਟ (US Supreme Court) ਵੱਲੋਂ ਸੁਣਾਏ ਗਏ ਇੱਕ ਬੇਹੱਦ ਦੂਰਗਾਮੀ ਅਤੇ ਇਤਿਹਾਸਕ ਫੈਸਲੇ ਨੇ ਪੂਰੇ ਅਮਰੀਕਾ ਦੇ ਟਰੱਕਿੰਗ ਅਤੇ ਲੌਜਿਸਟਿਕਸ ਉਦਯੋਗ (Trucking Industry) ਵਿੱਚ ਭਾਰੀ ਹਲਚਲ ਪੈਦਾ ਕਰ ਦਿੱਤੀ ਹੈ। ਅਦਾਲਤ ਨੇ ਸਾਰੇ ਜੱਜਾਂ ਦੀ ਇੱਕਸੁਰਤਾ ਨਾਲ 9-0 ਦੇ ਬਹੁਮਤ ਨਾਲ ਇਹ ਵੱਡਾ ਫੈਸਲਾ ਦਿੱਤਾ ਹੈ ਕਿ ਜੇਕਰ ਕੋਈ ਫਰੇਟ ਬ੍ਰੋਕਰ (Freight Broker) ਲਾਪਰਵਾਹੀ ਜਾਂ ਗਲਤ ਤਰੀਕੇ ਨਾਲ ਕਿਸੇ ਅਜਿਹੀ ਟਰੱਕਿੰਗ ਕੰਪਨੀ ਦੀ ਚੋਣ ਕਰਦਾ ਹੈ ਜਿਸ ਕਾਰਨ ਸੜਕ 'ਤੇ ਕੋਈ ਦਰਦਨਾਕ ਹਾਦਸਾ ਵਾਪਰਦਾ ਹੈ, ਤਾਂ ਪੀੜਤ ਪਰਿਵਾਰ ਹੁਣ ਉਸ ਮੁੱਖ ਬ੍ਰੋਕਰ ਖਿਲਾਫ਼ ਵੀ ਕਾਨੂੰਨੀ ਕੇਸ ਦਰਜ ਕਰ ਸਕਣਗੇ।

ਕਾਨੂੰਨੀ ਗਲਿਆਰਿਆਂ ਅਤੇ ਟ?ਰਕਿੰਗ ਜਗਤ ਵਿੱਚ ਇਸ ਮੀਲ-ਪੱਥਰ ਕੇਸ ਨੂੰ "Montgomery vs. Caribe Transport II" ਦੇ ਨਾਮ ਨਾਲ ਜਾਣਿਆ ਜਾ ਰਿਹਾ ਹੈ। ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਟਰੱਕਿੰਗ ਸੁਰੱਖਿਆ ਨਾਲ ਜੁੜੇ ਸੰਗਠਨਾਂ ਅਤੇ ਸੜਕ ਹਾਦਸਿਆਂ ਦੇ ਪੀੜਤ ਪਰਿਵਾਰਾਂ ਨੇ ਇਸ ਨੂੰ ਆਪਣੀ ਬਹੁਤ ਵੱਡੀ ਜਿੱਤ ਦੱਸਿਆ ਹੈ।

**ਕੌਣ ਹੁੰਦੇ ਹਨ 'ਫਰੇਟ ਬ੍ਰੋਕਰ' ਅਤੇ ਕੀ ਹਨ ਉਨ੍ਹਾਂ 'ਤੇ ਦੋਸ਼ ?**

ਫਰੇਟ ਬ੍ਰੋਕਰ ਅਸਲ ਵਿੱਚ ਉਹ ਵਿਚੋਲੀਆਂ (ਮੱਧਵਰਤੀ) ਕੰਪਨੀਆਂ ਹੁੰਦੀਆਂ ਹਨ, ਜੋ ਸਾਮਾਨ ਭੇਜਣ ਵਾਲੀਆਂ ਵੱਡੀਆਂ ਕੰਪਨੀਆਂ (Shippers) ਨੂੰ ਟਰੱਕਿੰਗ ਕੈਰੀਅਰਾਂ ਅਤੇ ਡਰਾਈਵਰਾਂ ਨਾਲ ਜੋੜਦੀਆਂ ਹਨ।

**ਮੁਨਾਫ਼ੇ ਦੀ ਅੰਨ੍ਹੀ ਦੌੜ:** ਆਲੋਚਕਾਂ ਅਤੇ ਪੀੜਤ ਪੱਖ ਦਾ ਲੰਬੇ ਸਮੇਂ ਤੋਂ ਇਹ ਦੋਸ਼ ਰਿਹਾ ਹੈ ਕਿ ਕਈ ਵੱਡੇ ਬ੍ਰੋਕਰ ਸੜਕੀ ਸੁਰੱਖਿਆ ਨਿਯਮਾਂ ਨੂੰ ਛਿੱਕੇ ਟੰਗ ਕੇ ਸਿਰਫ਼ ਘੱਟ ਖਰਚੇ ਅਤੇ ਵੱਧ ਮੁਨਾਫ਼ੇ (High Profits) ਨੂੰ ਤਰਜੀਹ ਦਿੰਦੇ ਸਨ।

**ਗੈਰ-ਤਜਰਬੇਕਾਰ ਡਰਾਈਵਰਾਂ ਦੀ ਭਰਤੀ:** ਜ਼ਿਆਦਾ ਪੈਸਾ ਕਮਾਉਣ ਦੇ ਚੱਕਰ ਵਿੱਚ ਇਹ ਬ੍ਰੋਕਰ ਅਕਸਰ ਅਜਿਹੀਆਂ ਟਰੱਕਿੰਗ ਕੰਪਨੀਆਂ ਨੂੰ ਕੰਮ ਸੌਂਪ ਦਿੰਦੇ ਸਨ, ਜੋ ਬਿਨਾਂ ਪੂਰੀ ਪੜਤਾਲ ਦੇ (ਅਣਪੜਤਾਲੇ) ਜਾਂ ਬੇਹੱਦ ਘੱਟ ਤਜਰਬੇਕਾਰ ਡਰਾਈਵਰਾਂ ਤੋਂ ਕੰਮ ਕਰਵਾਉਂਦੀਆਂ ਸਨ।

**ਗੈਰ-ਕਾਨੂੰਨੀ ਪ੍ਰਵਾਸੀ ਅਤੇ ਭਾਸ਼ਾ ਦੀ ਸਮੱਸਿਆ 'ਤੇ ਤਿੱਖੇ ਸਵਾਲ**

ਇਸ ਇਤਿਹਾਸਕ ਫੈਸਲੇ ਵਿੱਚ ਖਾਸ ਤੌਰ 'ਤੇ ਇੱਕ ਬਹੁਤ ਹੀ ਸੰਵੇਦਨਸ਼ੀਲ ਅਤੇ ਗੰਭੀਰ ਦਾਅਵਾ ਕੀਤਾ ਗਿਆ ਹੈ। ਫੈਸਲੇ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਅਜਿਹੇ ਗੈਰ-ਕਾਨੂੰਨੀ ਪ੍ਰਵਾਸੀਆਂ (Illegal Immigrants) ਨੂੰ ਵੀ ਕਮਰਸ਼ੀਅਲ ਟਰੱਕਿੰਗ (Commercial Trucking) ਦੇ ਖੇਤਰ ਵਿੱਚ ਲਿਆਂਦਾ ਗਿਆ, ਜਿਨ੍ਹਾਂ ਨੂੰ ਅਮਰੀਕਾ ਦੇ ਨਿਯਮਾਂ ਅਤੇ ਅੰਗਰੇਜ਼ੀ ਭਾਸ਼ਾ ਦੀ ਬਿਲਕੁਲ ਵੀ ਪੂਰੀ ਜਾਣਕਾਰੀ ਨਹੀਂ ਸੀ।

ਇਸ ਦੇ ਨਾਲ ਹੀ, ਇਸ ਫੈਸਲੇ ਨੇ ਮੌਜੂਦਾ ਬਾਈਡਨ ਪ੍ਰਸ਼ਾਸਨ (Biden Administration) ਸਣੇ ਕੈਲੀਫੋਰਨੀਆ ਅਤੇ ਨਿਊਯਾਰਕ ਵਰਗੇ ਵੱਡੇ ਰਾਜਾਂ ਦੀਆਂ ਨੀਤੀਆਂ 'ਤੇ ਵੀ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਦੋਸ਼ ਲਗਾਇਆ ਗਿਆ ਹੈ ਕਿ ਇਨ੍ਹਾਂ ਨੀਤੀਆਂ ਕਾਰਨ ਹੀ ਬਾਹਰੋਂ ਆਉਣ ਵਾਲੇ ਸਸਤੇ ਮਜ਼ਦੂਰਾਂ (Cheap Labor) ਲਈ ਨਿਯਮਾਂ ਨੂੰ ਨਜ਼ਰਅੰਦਾਜ਼ ਕਰਨ ਦੇ ਮੌਕੇ ਵਧੇ, ਜਿਸ ਦਾ ਖਾਮਿਆਜ਼ਾ ਆਮ ਅਮਰੀਕੀ ਨਾਗਰਿਕਾਂ ਨੂੰ ਭੁਗਤਣਾ ਪਿਆ।

**ਦਰਦਨਾਕ ਹਾਦਸੇ ਅਤੇ ਪੀੜਤ ਪਰਿਵਾਰਾਂ ਦਾ ਦਰਦ**

ਇਸ ਪੂਰੇ ਮਾਮਲੇ ਦੀ ਸੁਣਵਾਈ ਦੌਰਾਨ ਕੁਝ ਅਜਿਹੇ ਦਰਦਨਾਕ ਸੜਕ ਹਾਦਸਿਆਂ ਦਾ ਜ਼ਿਕਰ ਵੀ ਕੀਤਾ ਗਿਆ, ਜਿੱਥੇ ਲਾਪਰਵਾਹੀ ਕਾਰਨ ਪਰਿਵਾਰਾਂ ਨੇ ਆਪਣੇ ਬੇਹੱਦ ਪਿਆਰੇ ਮੈਂਬਰਾਂ ਨੂੰ ਹਮੇਸ਼ਾ ਲਈ ਗੁਆ ਦਿੱਤਾ।

ਪੀੜਤਾਂ ਦਾ ਕਹਿਣਾ ਹੈ ਕਿ ਪਹਿਲਾਂ ਕਾਨੂੰਨ ਵਿੱਚ ਅਜਿਹਾ ਲੂਪਹੋਲ (ਖਾਮੀ) ਸੀ ਕਿ ਹਾਦਸੇ ਤੋਂ ਬਾਅਦ ਸਾਰੀ ਜ਼ਿੰਮੇਵਾਰੀ ਸਿਰਫ਼ ਗਰੀਬ ਡਰਾਈਵਰ ਜਾਂ ਛੋਟੀ ਟਰੱਕਿੰਗ ਕੰਪਨੀ ਸਿਰ ਮੜ੍ਹ ਦਿੱਤੀ ਜਾਂਦੀ ਸੀ, ਜਦਕਿ ਕਰੋੜਾਂ ਡਾਲਰ ਕਮਾਉਣ ਵਾਲੇ ਵੱਡੇ 'ਫਰੇਟ ਬ੍ਰੋਕਰ' ਕਾਨੂੰਨੀ ਤੌਰ 'ਤੇ ਸਾਫ਼ ਬਚ ਨਿਕਲਦੇ ਸਨ। ਪਰ ਹੁਣ ਸੁਪਰੀਮ ਕੋਰਟ ਦੇ ਇਸ ਫੈਸਲੇ ਤੋਂ ਬਾਅਦ ਉਨ੍ਹਾਂ ਵੱਡੇ ਮਗਰਮੱਛਾਂ ਖਿਲਾਫ਼ ਵੀ ਕਾਨੂੰਨੀ ਸ਼ਿਕੰਜਾ ਕੱਸਣ ਦਾ ਰਸਤਾ ਸਾਫ਼ ਹੋ ਗਿਆ ਹੈ।

**ਅੱਗੇ ਕੀ ? ਉਦਯੋਗ ਵਿੱਚ ਬਹਿਸ ਛਿੜੀ**

ਹਾਲਾਂਕਿ, ਕਾਨੂੰਨੀ ਮਾਹਰਾਂ ਦਾ ਕਹਿਣਾ ਹੈ ਕਿ ਇਹ ਫੈਸਲਾ ਇੱਕ 'ਰਾਏ-ਆਧਾਰਿਤ' (Opinion-based) ਫੈਸਲਾ ਹੈ, ਜਿਸ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਟਰੱਕਿੰਗ ਉਦਯੋਗ ਦੇ ਗੱਠਜੋੜ ਨੂੰ ਲੈ ਕੇ ਕਈ ਤਿੱਖੇ ਦੋਸ਼ ਲਗਾਏ ਗਏ ਹਨ। ਇਸ ਮੁੱਦੇ 'ਤੇ ਵੱਖ-ਵੱਖ ਰਾਜਨੀਤਿਕ ਅਤੇ ਸਮਾਜਿਕ ਪੱਖਾਂ ਵੱਲੋਂ ਵੱਖਰੀ ਰਾਇ ਹੋਣੀ ਲਾਜ਼ਮੀ ਹੈ।

ਪਰ ਇੱਕ ਗੱਲ ਬਿਲਕੁਲ ਸਾਫ਼ ਹੈ—ਇਸ ਫੈਸਲੇ ਤੋਂ ਬਾਅਦ ਹੁਣ ਪੂਰੇ ਅਮਰੀਕਾ ਦੇ ਟਰੱਕਿੰਗ ਉਦਯੋਗ ਵਿੱਚ ਸੁਰੱਖਿਆ ਮਿਆਰਾਂ (Safety Standards), ਡਰਾਈਵਰਾਂ ਦੀ ਬੈਕਗ੍ਰਾਊਂਡ ਜਾਂਚ ਪ੍ਰਕਿਰਿਆ ਅਤੇ ਫਰੇਟ ਬ੍ਰੋਕਰਾਂ ਦੀ ਜਵਾਬਦੇਹੀ ਨੂੰ ਲੈ ਕੇ ਇੱਕ ਬਹੁਤ ਵੱਡੀ ਅਤੇ ਨਵੀਂ ਚਰਚਾ ਸ਼ੁਰੂ ਹੋਣ ਜਾ ਰਹੀ ਹੈ।

ਇਸ ਇਤਿਹਾਸਕ ਫੈਸਲੇ ਤੋਂ ਬਾਅਦ ਟਰੱਕਿੰਗ ਉਦਯੋਗ, ਬੀਮਾ (Insurance) ਦੀਆਂ ਕੀਮਤਾਂ ਅਤੇ ਓਨਰ-ਓਪਰੇਟਰਾਂ 'ਤੇ ਪੈਣ ਵਾਲੇ ਅਸਰ ਬਾਰੇ ਹੋਰ ਡੂੰਘਾਈ ਨਾਲ ਸਮਝਣ ਲਈ ਤੁਸੀਂ ਇਹ ਵਿਸ਼ਲੇਸ਼ਣ ਦੇਖ ਸਕਦੇ ਹੋ:

ਅਮਰੀਕੀ ਸੁਪਰੀਮ ਕੋਰਟ (US Supreme Court) ਵੱਲੋਂ Montgomery v. Caribe Transport II, LLC ਕੇਸ ਵਿੱਚ ਸੁਣਾਏ ਗਏ ਇਸ ਇਤਿਹਾਸਕ ਫੈਸਲੇ ਦੀ ਅਧਿਕਾਰਤ ਕਾਪੀ ਅਤੇ ਵੇਰਵੇ ਤੁਸੀਂ ਹੇਠਾਂ ਦਿੱਤੇ ਲਿੰਕਾਂ 'ਤੇ ਕਲਿੱਕ ਕਰਕੇ ਦੇਖ ਸਕਦੇ ਹੋ:

ਅਧਿਕਾਰਤ ਅਦਾਲਤੀ ਆਰਡਰ (PDF): ਤੁਸੀਂ ਅਮਰੀਕੀ ਸੁਪਰੀਮ ਕੋਰਟ ਦੀ ਵੈੱਬਸਾਈਟ 'ਤੇ ਸਿੱਧਾ ਇਸ ਦਾ ਮੁੱਖ ਫੈਸਲਾ ਪੜ੍ਹ ਸਕਦੇ ਹੋ: Supreme Court Official Opinion - Montgomery v. Caribe Transport II.

**ਖਬਰ ਨਾਲ ਇਹ ਫੋਟੋ ਇਸ ਖਬਰ ਦੀ ਅਹਿਮੀਅਤ ਨੂੰ ਦਰਸਾਉਣ ਲਈ ਸਾਡੇ ਲੋਕ ਵਲੋਂ ਏ ਆਈ ਤਿਆਰ ਕੀਤੀ ਹੋਈ ਫੋਟੋ ਹੈ**

# ਅਮਰੀਕਾ ਵਿੱਚ ਸਿੱਖੀ ਦੇ 'ਰੋਲ ਮਾਡਲ' ਅਤੇ ਬੌਧਿਕ ਆਵਾਜ਼ ਦਾ ਅੰਤ

## ਇਤਿਹਾਸਕ ਪੈੜਾਂ ਛੱਡ ਅਲਵਿਦਾ ਕਹਿ ਗਏ ਮਹਾਨ ਸਿੱਖ ਚਿੰਤਕ ਅਤੇ ਕੌਮ ਦੇ ਨਿਸ਼ਕਾਮ ਸੇਵਾਦਾਰ ਡਾ. ਆਈ. ਜੇ. ਸਿੰਘ

ਨਿਊਯਾਰਕ/ਲਾਂਗ ਆਈਲੈਂਡ: (ਸਾਡੇ ਲੋਕ) ਅਮਰੀਕਾ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਸਾਇੰਸ ਦੇ ਪ੍ਰੋਫੈਸਰ ਰਹੇ, ਉੱਘੇ ਲੇਖਕ, ਚਿੰਤਕ ਅਤੇ ਸਿੱਖ ਪਛਾਣ ਦੇ ਮਾਰਗਦਰਸ਼ਕ ਡਾ. ਆਈ. ਜੇ. ਸਿੰਘ (ਇੰਦਰਜੀਤ ਸਿੰਘ) ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਉਨ੍ਹਾਂ ਦਾ ਅਕਾਲ ਚਲਾਣਾ ਸਮੁੱਚੇ ਵਿਸ਼ਵ ਅਤੇ ਖਾਸ ਕਰਕੇ ਉੱਤਰੀ ਅਮਰੀਕਾ ਦੇ ਸਿੱਖ ਜਗਤ ਲਈ ਇੱਕ ਅਜਿਹਾ ਘਾਟਾ ਹੈ ਜਿਸ ਨੂੰ ਕਦੇ ਪੂਰਿਆ ਨਹੀਂ ਜਾ ਸਕਦਾ।

ਡਾ. ਸਿੰਘ ਉਸ ਸ਼ੁਰੂਆਤੀ ਦੌਰ ਦੇ ਪੜ੍ਹੇ-ਲਿਖੇ ਸਾਬਤ-ਸੂਰਤ ਸਿੱਖਾਂ ਵਿੱਚੋਂ ਸਨ, ਜਿਨ੍ਹਾਂ ਨੇ ਉਸ ਸਮੇਂ ਅਮਰੀਕੀ ਧਰਤੀ 'ਤੇ ਕਦਮ ਰੱਖਿਆ ਜਦੋਂ ਉੱਥੇ ਸਿੱਖ ਪਛਾਣ ਬਿਲਕੁਲ ਨਵੀਂ ਸੀ। ਉਨ੍ਹਾਂ ਨੇ ਨਾ ਸਿਰਫ਼ ਵਿਗਿਆਨ ਦੇ ਖੇਤਰ ਵਿੱਚ ਆਪਣਾ ਲੋਹਾ ਮਨਵਾਇਆ, ਬਲਕਿ ਆਪਣੀ ਆਖਰੀ ਸਾਂਹ ਤੱਕ ਸਿੱਖੀ ਦੇ ਪ੍ਰਚਾਰ ਅਤੇ ਪਸਾਰ ਲਈ 'ਝੰਡਾਬਰਦਾਰ' (Flag Bearer) ਬਣ ਕੇ ਸੇਵਾ ਨਿਭਾਈ।

ਇਤਿਹਾਸਕ ਮੀਲ ਪੱਥਰ: 9/11 ਹਮਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਨਾਲ ਮੰਚ

ਡਾ. ਆਈ. ਜੇ. ਸਿੰਘ ਦੀ ਸ਼ਖਸੀਅਤ ਅਤੇ ਅਮਰੀਕੀ ਸਮਾਜ ਵਿੱਚ ਉਨ੍ਹਾਂ ਦੇ ਸਤਿਕਾਰ ਦਾ ਅੰਦਾਜ਼ਾ ਇਸ ਇਤਿਹਾਸਕ ਘਟਨਾ ਤੋਂ ਲਗਾਇਆ ਜਾ ਸਕਦਾ ਹੈ:

9/11 ਦੇ ਦੁਖਾਂਤਕ ਅੱਤਵਾਦੀ ਹਮਲੇ ਤੋਂ ਬਾਅਦ ਜਦੋਂ ਅਮਰੀਕਾ ਵਿੱਚ ਨਫ਼ਰਤੀ ਹਿੰਸਾ ਕਾਰਨ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਤਾਂ ਅਮਰੀਕੀ ਸਰਕਾਰ ਵੱਲੋਂ ਬੁਲਾਈ ਗਈ ਵਿਸ਼ੇਸ਼ ਸ਼ੋਕ ਸਭਾ (ਜਿਸ ਦੀ ਪ੍ਰਧਾਨਗੀ ਰਾਸ਼ਟਰਪਤੀ ਬਰਾਕ ਓਬਾਮਾ ਕਰ ਰਹੇ ਸਨ) ਵਿੱਚ ਡਾ. ਆਈ. ਜੇ. ਸਿੰਘ ਨੂੰ



ਪੂਰੇ ਅਮਰੀਕੀ ਰਾਸ਼ਟਰ ਨੂੰ ਸਿੱਖਾਂ ਵੱਲੋਂ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸੱਦਿਆ ਗਿਆ ਸੀ।

ਇਹ ਪਲ ਅਮਰੀਕੀ ਸਿੱਖ ਇਤਿਹਾਸ ਵਿੱਚ ਸਭ ਤੋਂ ਮਹੱਤਵਪੂਰਨ ਮੰਨਿਆ ਜਾਂਦਾ ਹੈ, ਜਿੱਥੇ ਉਨ੍ਹਾਂ ਦੀ ਦਲੀਲ ਅਤੇ ਬੌਧਿਕਤਾ ਨੇ ਅਮਰੀਕੀ ਲੋਕਾਂ ਦੇ ਦਿਲਾਂ ਵਿੱਚ ਸਿੱਖਾਂ ਲਈ ਸਤਿਕਾਰ ਪੈਦਾ ਕੀਤਾ।

ਸਾਹਿਤਕ ਅਤੇ ਸੱਭਿਆਚਾਰਕ ਯੋਗਦਾਨ

ਡਾ. ਸਿੰਘ ਸਿਰਫ਼ ਇੱਕ ਅਕਾਦਮਿਕ ਸ਼ਖਸੀਅਤ ਨਹੀਂ ਸਨ, ਬਲਕਿ ਉਹ ਗਲੋਬਲ ਸਿੱਖ ਕੌਮ ਦੇ ਬੌਧਿਕ ਰਾਹਦਸੇਰਾ ਸਨ:

ਸਿੱਖ ਰਿਵਿਊ ਦੇ ਵਿਦੇਸ਼ੀ ਸੰਪਾਦਕ: ਲੰਬੇ ਸਮੇਂ ਤੱਕ 'ਦ ਸਿੱਖ ਰਿਵਿਊ' (The Sikh Review) ਦੇ ਫੌਰਨ ਐਡੀਟਰ ਵਜੋਂ ਸੇਵਾ ਨਿਭਾਈ। ਉਨ੍ਹਾਂ ਦੇ ਲੇਖ ਨਵੀਂ ਪੀੜ੍ਹੀ ਦੇ ਸਿੱਖਾਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹੇ।

ਸਿੱਖਲੈਂਸ (Sikhlens) ਦੇ ਮਾਰਗਦਰਸ਼ਕ: ਉਹ 'ਸਿੱਖਲੈਂਸ ਪਬਲਿਸ਼ਿੰਗ' ਦੀ ਅਸਲ ਸੋਚ ਅਤੇ ਰੂਹ ਸਨ। ਉਨ੍ਹਾਂ ਨੇ ਸ਼ੁਰੂਆਤੀ ਦਿਨਾਂ ਤੋਂ ਹੀ ਵੱਡੇ ਕਲਾ ਕੈਲੰਡਰਾਂ, ਸਾਹਿਤਕ ਰਚਨਾਵਾਂ ਦੀ ਸਮੀਖਿਆ, ਅਤੇ ਦੁਨੀਆ ਭਰ ਦੇ ਸਿੱਖਾਂ ਲਈ ਉੱਚ-ਪੱਧਰੀ ਕਿਤਾਬਾਂ ਤੇ ਸੱਭਿਆਚਾਰਕ ਪ੍ਰੋਜੈਕਟਾਂ ਨੂੰ ਤਿਆਰ ਕਰਨ ਵਿੱਚ ਮੈਂਟਰ (ਗਾਈਡ) ਵਜੋਂ ਭੂਮਿਕਾ ਨਿਭਾਈ।

**ਚੈਪਮੈਨ ਯੂਨੀਵਰਸਿਟੀ ਦੀ ਯਾਦਗਾਰੀ ਫੇਰੀ:** ਦਸੰਬਰ 2014 ਵਿੱਚ ਚੈਪਮੈਨ ਯੂਨੀਵਰਸਿਟੀ ਦੀ ਉਨ੍ਹਾਂ ਦੀ ਇਤਿਹਾਸਕ ਫੇਰੀ ਦੌਰਾਨ, ਉਨ੍ਹਾਂ ਨੇ ਨੋਬਲ ਪੁਰਸਕਾਰ ਜੇਤੂ ਅਰਥਸ਼ਾਸਤਰੀ ਡਾ. ਵਰਨਨ ਐਲ. ਸਮਿਥ ਦਾ 'ਨੋਬਲ ਮੈਡਲ' ਆਪਣੇ ਹੱਥਾਂ ਵਿੱਚ ਫੜ ਕੇ ਸਿੱਖ ਕੌਮ ਦੇ ਅਕਾਦਮਿਕ ਗੌਰਵ ਨੂੰ ਵਧਾਇਆ ਸੀ।

**ਅੰਤਿਮ ਅਰਦਾਸ ਅਤੇ ਸ਼ਰਧਾਂਜਲ**


ਆਂਢ-ਗੁਆਂਢ ਅਤੇ ਲਾਂਗ ਆਈਲੈਂਡ (ਨਿਊਯਾਰਕ) ਦੇ ਸੱਭਿਆਚਾਰਕ ਅਦਾਰਿਆਂ ਵਿੱਚ ਇੱਕ ਸਰਪ੍ਰਸਤ ਵਜੋਂ ਵਿਚਰਨ ਵਾਲੇ ਡਾ. ਸਿੰਘ ਨੇ ਉਮਰ ਦੇ ਆਖਰੀ ਪੜਾਅ 'ਤੇ ਸਿਹਤ ਠੀਕ ਨਾ ਹੋਣ ਦੇ ਬਾਵਜੂਦ ਕਦੇ ਵੀ ਆਪਣੀ ਚੜ੍ਹਦੀ ਕਲਾ ਅਤੇ ਨਿਮਰਤਾ ਨੂੰ ਘੱਟ ਨਹੀਂ ਹੋਣ ਦਿੱਤਾ।

ਕੌਮ ਦੇ ਇਸ ਮਹਾਨ ਹੀਰੇ ਦੀ ਆਤਮਿਕ ਸ਼ਾਂਤੀ ਲਈ ਅੰਤਿਮ ਅਰਦਾਸ 17 ਮਈ ਨੂੰ ਪਲੇਨਵਿਊ ਗੁਰਦੁਆਰਾ, ਲਾਂਗ ਆਈਲੈਂਡ (Plainview Gurdwara, Long Island) ਵਿਖੇ ਹੋਈ

ਅਸੀ ਅਦਾਰਾਂ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾ ਕਿ ਅਕਾਲ ਪੁਰਖ ਵਾਹਿਗੁਰੂ ਸੱਚੇ ਪਾਤਸ਼ਾਹ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

# ਟਿਕਟਾਂ ਦੀ ਵੰਡ 'ਤੇ ਭਿੜੇ ਦਿੱਲੀ ਦੇ ਪੰਜਾਬ ਉਪਰ ਕਾਬਿਜ਼ ਸਿਸੋਦੀਆ ਤੇ ਪੰਜਾਬ ਦੇ ਇਮਾਨਦਾਰ ਆਗੂ ਸਰਦਾਰ ਗੁਰਮੀਤ ਸਿੰਘ ਖੁੱਡੀਆਂ!

ਲੁਧਿਆਣਾ : ਪੰਜਾਬ ਵਿੱਚ ਨਗਰ ਨਿਗਮ ਚੋਣਾਂ ਦੀਆਂ ਤਿਆਰੀਆਂ ਦੌਰਾਨ ਆਮ ਆਦਮੀ ਪਾਰਟੀ (AAP) ਦੇ ਅੰਦਰੂਨੀ ਕਲੇਸ਼ ਦੀ ਵੱਡੀ ਖ਼ਬਰ ਸਾਹਮਣੇ ਆਈ ਹੈ।




ਲੁਧਿਆਣਾ ਵਿੱਚ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਪਾਰਟੀ ਦੇ ਸੂਬਾ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਵਿਚਾਲੇ ਉਮੀਦਵਾਰਾਂ ਦੀ ਚੋਣ ਨੂੰ ਲੈ ਕੇ ਜ਼ਬਰਦਸਤ ਬਹਿਸ ਹੋ ਗਈ।

ਵਿਵਾਦ ਦੇ ਮੁੱਖ ਕਾਰਨ:

ਸਮਰਥਕਾਂ ਨੂੰ ਅਣਦੇਖਾ ਕਰਨਾ: ਮੰਤਰੀ ਖੁੱਡੀਆਂ ਇਸ ਗੱਲੋਂ ਖ਼ਫ਼ਾ ਸਨ ਕਿ ਬਠਿੰਡਾ ਨਿਗਮ ਚੋਣਾਂ ਲਈ ਉਨ੍ਹਾਂ ਦੇ ਕੁੱਝ ਖਾਸ ਸਮਰਥਕਾਂ ਨੂੰ ਟਿਕਟ ਨਹੀਂ ਦਿੱਤੀ ਗਈ।

ਬਾਹਰੀਆਂ ਨੂੰ ਤਰਜੀਹ: ਉਨ੍ਹਾਂ ਇਲਜ਼ਾਮ ਲਾਇਆ ਕਿ ਬਠਿੰਡਾ ਦੇ ਇੱਕ ਸਾਬਕਾ ਮੇਅਰ ਦੇ ਕਹਿਣ 'ਤੇ ਕਾਂਗਰਸ ਛੱਡ ਕੇ ਆਏ ਕੁਝ ਆਗੂਆਂ ਨੂੰ ਟਿਕਟਾਂ ਵੰਡ ਦਿੱਤੀਆਂ ਗਈਆਂ ਹਨ।

ਹੋਰ ਵਿਧਾਇਕਾਂ ਦਾ ਵਿਰੋਧ: ਖੁੱਡੀਆਂ ਤੋਂ ਪਹਿਲਾਂ ਬਠਿੰਡਾ ਦੇ ਵਿਧਾਇਕ ਜਗਰੂਪ ਸਿੰਘ ਗਿੱਲ ਨੇ ਵੀ ਇਸੇ ਮੁੱਦੇ 'ਤੇ ਇਤਰਾਜ਼ ਜਤਾਇਆ ਸੀ।

ਮੌਕੇ 'ਤੇ ਕੀ ਹੋਇਆ ?

ਜਦੋਂ ਸਿਸੋਦੀਆ ਨੇ ਖੁੱਡੀਆਂ ਨੂੰ ਇਸ ਮੁੱਦੇ 'ਤੇ ਬਾਅਦ ਵਿੱਚ ਗੱਲ ਕਰਨ ਲਈ ਕਿਹਾ, ਤਾਂ ਮਾਹੌਲ ਹੋਰ ਗਰਮਾ ਗਿਆ। ਗੱਲ ਹੱਥੋਂ ਨਿਕਲਦੀ ਵੇਖ ਵਿਧਾਇਕ ਜਸਵੰਤ ਸਿੰਘ ਗੱਜਣਮਾਜਰਾ ਅਤੇ ਕੁਝ ਹੋਰ ਵਿਧਾਇਕਾਂ ਨੇ ਵਿੱਚ-ਬਚਾਅ ਕੀਤਾ, ਜਿਸ ਤੋਂ ਬਾਅਦ ਇਹ ਹੰਗਾਮਾ ਸ਼ਾਂਤ ਹੋਇਆ।

**ਵੱਡਾ ਸਿਆਸੀ ਮੋੜ:** ਇਹ ਸਾਰਾ ਵਿਵਾਦ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਦੋ-ਦਿਨਾ ਪੰਜਾਬ ਦੌਰੇ ਦੇ ਬਿਲਕੁਲ ਸ਼ੁਰੂਆਤ ਵਿੱਚ ਹੋਇਆ ਹੈ, ਜਿੱਥੇ ਉਹ ਆਗਾਮੀ ਨਿਗਮ ਚੋਣਾਂ ਅਤੇ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਘੜਨ ਪਹੁੰਚੇ ਹਨ। ਫਿਲਹਾਲ ਇਸ ਮੁੱਦੇ 'ਤੇ ਖੁੱਡੀਆਂ ਜਾਂ ਪਾਰਟੀ ਬੁਲਾਰੇ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।

ਇਹ ਕੇਵਲ ਇੱਕ ਜਹਾਜ਼ ਦੀ ਦਾਸਤਾਨ ਨਹੀਂ, ਬਲਕਿ ਬਸਤੀਵਾਦੀ ਹਕੂਮਤ ਦੇ ਦੋਹਰੇ ਚਿਹਰੇ ਨੂੰ ਨੰਗਾ ਕਰਨ, ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਅਤੇ ਮਨੁੱਖੀ ਸਵੈ-ਮਾਣ ਨੂੰ ਬਹਾਲ ਕਰਨ ਲਈ ਲੜਿਆ ਗਿਆ ਇੱਕ ਬੇਮਿਸਾਲ ਸਮੁੰਦਰੀ ਸੰਗਰਾਮ ਹੈ। 112 ਸਾਲਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਵੈਨਕੂਵਰ ਦੀ ਧਰਤੀ 'ਤੇ ਇਤਿਹਾਸ ਦੇ ਇਸ ਮਹਾਨ ਅਧਿਆਏ ਨੂੰ ਉਸਦਾ ਅਸਲੀ ਅਤੇ ਪਵਿੱਤਰ ਨਾਂ 'ਗੁਰੂ ਨਾਨਕ ਜਹਾਜ਼' ਮਿਲਣਾ ਇੱਕ ਬਹੁਤ ਵੱਡੀ ਇਤਿਹਾਸਿਕ ਜਿੱਤ ਹੈ। ਪਰ ਇਸ ਪੂਰੇ ਇਤਿਹਾਸ ਦਾ ਸਭ ਤੋਂ ਵੱਡਾ ਅਤੇ ਪਰੇਸ਼ਾਨ ਕਰਨ ਵਾਲਾ ਸਵਾਲ ਇਹ ਹੈ ਕਿ ਕੈਨੇਡਾ, ਬ੍ਰਿਟੇਨ (UK) ਅਤੇ 1947 ਦੀ ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਆਪਣੀਆਂ ਸਰਕਾਰਾਂ ਨੇ ਇਸ ਮਹਾਨ ਇਤਿਹਾਸ ਨੂੰ ਲੰਮੇ ਸਮੇਂ ਤੱਕ ਉਹ ਮਹੱਤਵ ਕਿਉਂ ਨਹੀਂ ਦਿੱਤਾ ਜਿਸਦਾ ਇਹ ਹੱਕਦਾਰ ਸੀ ? ਆਓ, ਇਸ ਵਿਆਪਕ ਖੋਜ ਭਰਪੂਰ ਦਸਤਾਵੇਜ਼ ਰਾਹੀਂ ਇਸ ਜਹਾਜ਼ ਦੇ ਸੰਪੂਰਨ ਇਤਿਹਾਸ ਅਤੇ ਇਸ ਨੂੰ ਹਾਸ਼ੀਏ 'ਤੇ ਰੱਖਣ ਦੇ ਗੂੜ੍ਹ ਸਿਆਸੀ ਕਾਰਨਾਂ ਦਾ ਵਿਸ਼ਲੇਸ਼ਣ ਕਰਦੇ ਹਾਂ।

## ਨਸਲਵਾਦੀ ਜਬਰ ਉੱਪਰ ਮਾਨਵਵਾਦੀ ਸਬਰ ਦੀ ਅਮਰ ਜਿੱਤ:

# 'ਗੁਰੂ ਨਾਨਕ ਜਹਾਜ਼' ਦਾ ਸੰਪੂਰਨ ਇਤਿਹਾਸਿਕ ਦਸਤਾਵੇਜ਼ ਅਤੇ ਸਿਆਸੀ ਬੇਰੁਖ਼ੀ ਦਾ ਸੱਚ

**1. ਇਤਿਹਾਸਿਕ ਪਿਛੋਕੜ: ਕੈਨੇਡਾ ਦੇ 'ਕਾਲੇ ਕਾਨੂੰਨ' ਅਤੇ ਸਿੱਖਾਂ ਦੀ ਵੰਗਾਰ**

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਹਜ਼ਾਰਾਂ ਭਾਰਤੀ (ਖ਼ਾਸ ਕਰਕੇ ਪੰਜਾਬੀ ਸਿੱਖ) ਬ੍ਰਿਟਿਸ਼ ਕੋਲੰਬੀਆ (ਕੈਨੇਡਾ) ਵਿੱਚ ਆ ਕੇ ਵੱਸ ਰਹੇ ਸਨ। ਉਹ ਸਾਰੇ ਬ੍ਰਿਟਿਸ਼ ਰਾਜ ਦੀ ਪਰਜਾ (British Subjects) ਸੀ, ਜਿਸ ਕਾਰਨ ਕਾਨੂੰਨਨ ਉਨ੍ਹਾਂ ਨੂੰ ਸਾਮਰਾਜ ਦੇ ਕਿਸੇ ਵੀ ਹਿੱਸੇ ਵਿੱਚ ਜਾਣ ਅਤੇ ਰਹਿਣ ਦਾ ਅਧਿਕਾਰ ਸੀ। ਪਰ ਕੈਨੇਡਾ ਨੂੰ ਇੱਕ 'ਸਫ਼ੇਦ ਮੁਲਕ' (White ManÓs Country) ਬਣਾਈ ਰੱਖਣ ਲਈ ਉੱਥੋਂ ਦੇ ਗੋਰੇ ਸ਼ਾਸਕਾਂ ਨੇ ਦੋ ਮੁੱਖ ਪੱਖਪਾਤੀ ਕਾਨੂੰਨ ਘੜੇ:

**ਕੰਟੀਨਿਊਅਸ ਜਰਨੀ ਐਕਟ (Continuous Journey Regulation-1908)** : ਇਸ ਤਹਿਤ ਕੈਨੇਡਾ ਵਿੱਚ ਸਿਰਫ਼ ਉਹੀ ਮੁਸਾਫਰ ਦਾਖ਼ਲ ਹੋ ਸਕਦੇ ਸਨ, ਜੋ ਆਪਣੇ ਮੁਲਕ ਤੋਂ ਸਿੱਧੇ (ਬਿਨਾਂ ਕਿਤੇ ਰੁਕੇ) ਜਹਾਜ਼ ਰਾਹੀਂ ਆਏ ਹੋਣ। ਕਿਉਂਕਿ ਉਸ ਸਮੇਂ ਭਾਰਤ ਤੋਂ ਕੈਨੇਡਾ ਲਈ ਕੋਈ ਸਿੱਧੀ ਸਮੁੰਦਰੀ ਲਾਈਨ ਨਹੀਂ ਸੀ, ਇਹ ਕਾਨੂੰਨ ਸਿੱਧੇ ਤੌਰ 'ਤੇ ਭਾਰਤੀਆਂ ਨੂੰ ਰੋਕਣ ਲਈ ਬਣਾਇਆ ਗਿਆ ਸੀ।

**200 ਡਾਲਰ ਦੀ ਸ਼ਰਤ:** ਹਰ ਏਸ਼ੀਆਈ ਮੁਸਾਫਰ ਲਈ ਕੈਨੇਡਾ ਉਤਰਨ ਵੇਲੇ 200 ਡਾਲਰ ਕੋਲ ਹੋਣਾ ਲਾਜ਼ਮੀ ਕੀਤਾ ਗਿਆ, ਜੋ ਉਸ ਦੌਰ ਵਿੱਚ ਇੱਕ ਬਹੁਤ ਵੱਡੀ ਰਕਮ ਸੀ।

ਬਾਬਾ ਗੁਰਦਿੱਤ ਸਿੰਘ ਜੀ ਦੀ ਰਣਨੀਤੀ

ਅੰਮ੍ਰਿਤਸਰ ਦੇ ਸਰਹਾਲੀ ਪਿੰਡ ਦੇ ਰਹਿਣ ਵਾਲੇ ਅਤੇ ਮਲੇਸ਼ੀਆ ਵਿੱਚ ਇੱਕ ਸਫ਼ਲ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਜੀ ਨੇ ਇਸ ਕਾਲੇ ਕਾਨੂੰਨ ਨੂੰ ਅਦਾਲਤ ਵਿੱਚ ਵੰਗਾਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਹਾਂਗਕਾਂਗ ਵਿੱਚ ਇੱਕ ਜਾਪਾਨੀ ਕੋਲਾ ਢੋਣ ਵਾਲਾ ਸਮੁੰਦਰੀ ਜਹਾਜ਼ 'ਕਾਮਾਗਾਟਾ ਮਾਰੂ' ਕਿਰਾਏ 'ਤੇ ਲਿਆ। ਸਿੱਖ ਫਲਸਫੇ ਅਤੇ ਰੂਹਾਨੀਅਤ ਦੇ ਸਤਿਕਾਰ ਵਿੱਚ, ਉਨ੍ਹਾਂ ਨੇ ਇਸਦਾ ਨਾਂ ਬਦਲ ਕੇ 'ਗੁਰੂ ਨਾਨਕ ਜਹਾਜ਼' ਰੱਖਿਆ ਅਤੇ ਇਸਨੂੰ 'ਗੁਰੂ ਨਾਨਕ ਸਟੀਮਸ਼ਿਪ ਕੰਪਨੀ' ਦੇ ਅਧੀਨ ਚਲਾਇਆ।




**ਨਸਲਵਾਦੀ ਜਬਰ ਉੱਪਰ ਮਾਨਵਵਾਦੀ ਸਬਰ ਦੀ ਅਮਰ ਦਾਸਤਾਨ: 'SS ਗੁਰੂ ਨਾਨਕ ਜਹਾਜ਼'**

**ਨੋਟ: ਇਹ ਤਸਵੀਰ 1914 ਦੇ ਇਤਿਹਾਸਿਕ ਨੈਰੇਟਿਵ ਅਤੇ ਮੁਸਾਫਰਾਂ ਦੇ ਸੰਘਰਸ਼ ਨੂੰ ਵਿਜ਼ੂਅਲ ਰੂਪ ਵਿੱਚ ਸਮਝਾਉਣ ਲਈ ਏ.ਆਈ. (AI) ਦੁਆਰਾ ਤਿਆਰ ਕੀਤੀ ਗਈ ਇੱਕ ਕਲਪਨਾਤਮਕ ਪੁਨਰ-ਸਿਰਜਣਾ ਹੈ।)**

**'ਇਹ ਕੇਵਲ ਇੱਕ ਜਹਾਜ਼ ਦੀ ਤਸਵੀਰ ਨਹੀਂ, ਬਲਕਿ ਬਸਤੀਵਾਦੀ ਹਕੂਮਤ ਦੇ ਦੋਹਰੇ ਚਿਹਰੇ ਨੂੰ ਨੰਗਾ ਕਰਨ, ਗੋਰੇ ਸ਼ਾਸਕਾਂ ਦੇ ਨਸਲਵਾਦੀ ਕਾਨੂੰਨਾਂ ਨੂੰ ਵੰਗਾਰਨ ਅਤੇ ਮਨੁੱਖੀ ਸਵੈ-ਮਾਣ ਨੂੰ ਬਹਾਲ ਕਰਨ ਲਈ ਲੜਿਆ ਗਿਆ ਇੱਕ ਬੇਮਿਸਾਲ ਸਮੁੰਦਰੀ ਸੰਗਰਾਮ ਹੈ।' ਸਾਲ 1914 ਵਿੱਚ, ਬਾਬਾ ਗੁਰਦਿੱਤ ਸਿੰਘ ਜੀ ਦੀ ਅਗਵਾਈ ਹੇਠ 376 ਦੇਸ਼ਭਗਤ ਮੁਸਾਫਰਾਂ (ਜਿਨ੍ਹਾਂ ਵਿੱਚ 340 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸ਼ਾਮਲ ਸਨ) ਨੇ ਕੈਨੇਡਾ ਦੇ ਪੱਖਪਾਤੀ 'ਕੰਟੀਨਿਊਅਸ ਜਰਨੀ ਐਕਟ' ਨੂੰ ਚੁਣੌਤੀ ਦੇਣ ਲਈ ਵੈਨਕੂਵਰ ਦੇ ਤੱਟ 'ਤੇ ਕਦਮ ਰੱਖਿਆ। ਸਿੱਖ ਫਲਸਫੇ ਅਤੇ ਆਸਥਾ ਦੇ ਸਤਿਕਾਰ ਵਿੱਚ ਇਸ ਜਹਾਜ਼ ਦਾ ਅਸਲੀ ਨਾਂ 'ਗੁਰੂ ਨਾਨਕ ਜਹਾਜ਼' (SS Guru Nanak Jahaz) ਰੱਖਿਆ ਗਿਆ ਸੀ।**

**2. ਸਮੁੰਦਰੀ ਯਾਤਰਾ ਅਤੇ ਮੁਸਾਫਰਾਂ ਦੀ ਬਣਤਰ**

ਜਹਾਜ਼ 4 ਅਪ੍ਰੈਲ 1914 ਨੂੰ ਹਾਂਗਕਾਂਗ ਤੋਂ ਰਵਾਨਾ ਹੋਇਆ ਅਤੇ ਸ਼ੰਘਾਈ (ਚੀਨ) ਤੇ ਯੋਕੋਹਾਮਾ (ਜਾਪਾਨ) ਹੁੰਦਾ ਹੋਇਆ ਕੈਨੇਡਾ ਵੱਲ ਵਧਿਆ। ਜਹਾਜ਼ ਵਿੱਚ ਸਵਾਰ ਮੁਸਾਫਰਾਂ ਦੀ ਕੁੱਲ ਗਿਣਤੀ 376 ਸੀ:

| ਸ਼੍ਰੇਣੀ/ਧਰਮ | ਮੁਸਾਫਰਾਂ ਦੀ ਗਿਣਤੀ |
|---|---|
| ਸਿੱਖ (Sikhs) | 340 |
| ਮੁਸਲਮਾਨ (Muslims) | 24 |
| ਹਿੰਦੂ (Hindus) | 12 |
| ਔਰਤਾਂ ਅਤੇ ਬੱਚੇ | 2 ਔਰਤਾਂ ਅਤੇ 4 ਬੱਚੇ |

**3. ਵੈਨਕੂਵਰ ਹਰਬਰ ਵਿੱਚ ਅਣਮਨੁੱਖੀ ਘੇਰਾਬੰਦੀ ਅਤੇ ਬਜਬਜ ਘਾਟ ਦਾ ਸਾਕਾ**

23 ਮਈ 1914 ਨੂੰ 'ਗੁਰੂ ਨਾਨਕ ਜਹਾਜ਼' ਵੈਨਕੂਵਰ ਦੇ ਬੁਰਾਰਡ ਇਨਲੈੱਟ (Burrard Inlet) ਦੇ ਸਮੁੰਦਰੀ ਤੱਟ 'ਤੇ ਪਹੁੰਚਿਆ। ਪਰ ਨਸਲਵਾਦੀ ਇਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹੌਪਕਿਨਸਨ (William Hopkinson) ਨੇ ਮੁਸਾਫਰਾਂ ਨੂੰ ਜਹਾਜ਼ ਤੋਂ ਹੇਠਾਂ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ।

ਲਗਾਤਾਰ ਦੋ ਮਹੀਨਿਆਂ ਤੱਕ ਜਹਾਜ਼ ਨੂੰ ਸਮੁੰਦਰ ਦੇ ਅੰਦਰ ਹੀ ਘੇਰ ਕੇ ਰੱਖਿਆ ਗਿਆ। ਮੁਸਾਫਰਾਂ ਨੂੰ ਤਾਜ਼ਾ ਭੋਜਨ ਅਤੇ ਪੀਣ ਵਾਲੇ ਸਾਫ਼ ਪਾਣੀ ਤੱਕ ਤੋਂ ਮਹਿਰੂਮ ਕਰ ਦਿੱਤਾ ਗਿਆ। ਵੈਨਕੂਵਰ ਦੇ ਸਥਾਨਕ ਸਿੱਖਾਂ ਨੇ 'ਸ਼ੋਰ ਕਮੇਟੀ' (Shore Committee) ਬਣਾ ਕੇ ਕਾਨੂੰਨੀ ਲੜਾਈ ਲੜੀ ਅਤੇ 22,000 ਡਾਲਰ ਇਕੱਠੇ ਕੀਤੇ, ਪਰ ਅਦਾਲਤਾਂ ਨੇ ਨਸਲਵਾਦੀ ਕਾਨੂੰਨਾਂ ਦਾ ਸਾਥ ਦਿੱਤਾ। ਅੰਤ ਵਿੱਚ, 23 ਜੁਲਾਈ 1914 ਨੂੰ ਕੈਨੇਡੀਅਨ ਨੇਵੀ ਦੇ ਜੰਗੀ ਜਹਾਜ਼ HMCS Rainbow ਦੀ ਬੰਦੂਕ ਦੀ ਨੋਕ 'ਤੇ ਜਹਾਜ਼ ਨੂੰ ਵਾਪਸ ਮੋੜ ਦਿੱਤਾ ਗਿਆ।

ਬਜਬਜ ਘਾਟ ਦਾ ਖ਼ੂਨੀ ਸਾਕਾ (29 ਸਤੰਬਰ 1914)

ਜਦੋਂ ਇਹ ਜਹਾਜ਼ ਕਲਕੱਤੇ ਦੇ ਬਜਬਜ ਘਾਟ 'ਤੇ ਪਹੁੰਚਿਆ, ਤਾਂ ਬ੍ਰਿਟਿਸ਼ ਹਕੂਮਤ ਨੇ ਇਨ੍ਹਾਂ ਮੁਸਾਫਰਾਂ ਨੂੰ 'ਗ਼ਦਰ ਪਾਰਟੀ' ਦੇ ਕ੍ਰਾਂਤੀਕਾਰੀ ਬਾਗੀ ਮੰਨ ਕੇ ਜੰਗੀ ਕੈਦੀਆਂ ਵਾਂਗ ਘੇਰ ਲਿਆ। ਜਦੋਂ ਨਿਹੱਥੇ ਮੁਸਾਫਰਾਂ ਨੇ ਸ਼ਾਂਤਮਈ ਵਿਰੋਧ ਕੀਤਾ, ਤਾਂ ਬ੍ਰਿਟਿਸ਼ ਫ਼ੌਜ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ 19 ਮੁਸਾਫਰਾਂ ਨੂੰ ਮੌਕੇ 'ਤੇ ਹੀ ਸ਼ਹੀਦ ਕਰ ਦਿੱਤਾ। ਬਾਬਾ ਗੁਰਦਿੱਤ ਸਿੰਘ ਜੀ ਸਮੇਤ ਕਈ ਮੁਸਾਫਰ ਰੂਪੋਸ਼ (ਫ਼ਰਾਰ) ਹੋ ਗਏ ਅਤੇ ਬਾਕੀਆਂ ਨੂੰ ਸਾਲਾਂਬੱਧੀ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।

**4. ਇਤਿਹਾਸਿਕ ਵਿਸ਼ਲੇਸ਼ਣ:** ਸਰਕਾਰਾਂ ਨੇ 'ਗੁਰੂ ਨਾਨਕ ਜਹਾਜ਼' ਨੂੰ ਮਹੱਤਵ ਕਿਉਂ ਨਹੀਂ ਦਿੱਤਾ ?

ਇਸ ਇਤਿਹਾਸਿਕ ਘਟਨਾ ਨੂੰ ਦਹਾਕਿਆਂ ਤੱਕ ਸਰਕਾਰੀ ਪੱਧਰ 'ਤੇ ਅਣਗੌਲਿਆ ਰੱਖਿਆ ਗਿਆ। ਇਸ ਦੇ ਪਿੱਛੇ ਹਰੇਕ ਸਰਕਾਰ ਦੇ ਆਪਣੇ ਖ਼ਾਸ ਸਿਆਸੀ ਅਤੇ ਰਣਨੀਤਕ ਹਿੱਤ ਸਨ:

ਕੈਨੇਡਾ ਸਰਕਾਰ ਦੀ ਬੇਰੁਖ਼ੀ (ਨਸਲਵਾਦ ਅਤੇ ਚਿੱਟੀ ਸਰਬਉੱਚਤਾ)

**ਸੰਸਥਾਗਤ ਨਸਲਵਾਦ ਦੀ ਪਰਦਾਪੋਸ਼ੀ:** ਵੀਹਵੀਂ ਸਦੀ ਦੇ ਅੱਧ ਤੱਕ ਕੈਨੇਡਾ ਦੀ ਰਾਜਨੀਤੀ "White Canada" ਦੀ ਨੀਤੀ 'ਤੇ ਅਧਾਰਤ ਸੀ। 'ਗੁਰੂ ਨਾਨਕ ਜਹਾਜ਼' ਦਾ ਇਤਿਹਾਸ ਕੈਨੇਡਾ ਦੇ ਕਾਨੂੰਨੀ ਢਾਂਚੇ ਅਤੇ ਲੋਕਤੰਤਰ ਦੇ ਮੱਥੇ 'ਤੇ ਇੱਕ ਵੱਡਾ ਕਾਲਾ ਦਾਗ਼ ਸੀ। ਇਸ ਇਤਿਹਾਸ ਨੂੰ ਉਜਾਗਰ ਕਰਨ ਦਾ ਮਤਲਬ ਸੀ ਆਪਣੇ ਹੀ ਰਾਜਸੀ ਨਸਲਵਾਦ ਨੂੰ ਸਵੀਕਾਰ ਕਰਨਾ, ਜਿਸ ਤੋਂ ਕੈਨੇਡੀਅਨ ਸਰਕਾਰ ਦਹਾਕਿਆਂ ਤੱਕ ਬਚਦੀ ਰਹੀ।

**'ਗੁਰੂ ਨਾਨਕ' ਨਾਂ ਤੋਂ ਪਰਹੇਜ਼:** ਕੈਨੇਡੀਅਨ ਸਰਕਾਰ ਨੇ ਇਸ ਘਟਨਾ ਨੂੰ ਹਮੇਸ਼ਾ ਇੱਕ ਜਾਪਾਨੀ ਕੰਪਨੀ ਦੇ ਨਾਂ 'ਕਾਮਾਗਾਟਾ ਮਾਰੂ' (Komagata Maru) ਤੱਕ ਸੀਮਤ ਰੱਖਿਆ, ਤਾਂ ਜੋ ਇਸ ਨਾਲ ਜੁੜੀ ਸਿੱਖ ਪਛਾਣ, ਆਸਥਾ ਅਤੇ 'ਗੁਰੂ ਨਾਨਕ ਜਹਾਜ਼' ਦੇ ਰੂਹਾਨੀ ਤੇ ਸਿਆਸੀ ਪ੍ਰਭਾਵ ਨੂੰ ਇਤਿਹਾਸ ਵਿੱਚੋਂ ਗਾਇਬ ਕੀਤਾ ਜਾ ਸਕੇ।

ਬ੍ਰਿਟੇਨ (UK) ਸਰਕਾਰ ਦੀ ਚੁੱਪ (ਬਸਤੀਵਾਦੀ ਜ਼ੁਲਮ ਅਤੇ ਸਾਮਰਾਜੀ ਸਾਖ਼)

**ਸਾਮਰਾਜੀ ਸਾਖ਼ ਨੂੰ ਬਚਾਉਣਾ:** ਬ੍ਰਿਟੇਨ ਲਈ ਇਹ ਘਟਨਾ ਉਨ੍ਹਾਂ ਦੇ "Pax Britannica" (ਬ੍ਰਿਟਿਸ਼ ਸ਼ਾਂਤੀ ਅਤੇ ਨਿਆਂ) ਦੇ ਦਾਅਵੇ ਦੀ ਸਭ ਤੋਂ ਵੱਡੀ ਹਾਰ ਸੀ। ਇੱਕੋ ਸਮੇਂ ਦੋ ਬ੍ਰਿਟਿਸ਼ ਖੇਤਰਾਂ (ਭਾਰਤ ਅਤੇ ਕੈਨੇਡਾ) ਦੇ ਵਿਚਕਾਰ ਆਪਣੀ ਹੀ ਪਰਜਾ ਨਾਲ ਅਜਿਹਾ ਅਣਮਨੁੱਖੀ ਵਿਵਹਾਰ ਅਤੇ ਫਿਰ ਬਜਬਜ ਘਾਟ 'ਤੇ ਸਰਕਾਰੀ ਕਤਲੇਆਮ, ਬ੍ਰਿਟੇਨ ਦੇ ਕੌਮਾਂਤਰੀ ਅਕਸ ਨੂੰ ਖ਼ਰਾਬ ਕਰਦਾ ਸੀ।

**ਗ਼ਦਰ ਲਹਿਰ ਦਾ ਡਰ:** ਬ੍ਰਿਟਿਸ਼ ਹਕੂਮਤ ਇਸ ਘਟਨਾ ਨੂੰ ਸਿਰਫ਼ ਇੱਕ ਇਮੀਗ੍ਰੇਸ਼ਨ ਵਿਵਾਦ ਵਜੋਂ ਪੇਸ਼ ਕਰਨਾ ਚਾਹੁੰਦੀ ਸੀ। ਜੇਕਰ ਉਹ ਇਸ ਨੂੰ ਮਹੱਤਵ ਦਿੰਦੇ, ਤਾਂ ਇਹ ਸਿੱਧੇ ਤੌਰ 'ਤੇ 'ਗ਼ਦਰ ਅੰਦੋਲਨ' ਅਤੇ ਭਾਰਤੀ ਸੁਤੰਤਰਤਾ ਸੰਗਰਾਮ ਦੀ ਅੰਤਰਰਾਸ਼ਟਰੀ ਜਿੱਤ ਵਜੋਂ ਸਥਾਪਿਤ ਹੋ ਜਾਂਦਾ।

1947 ਤੋਂ ਬਾਅਦ ਆਜ਼ਾਦ ਭਾਰਤ ਸਰਕਾਰ ਦੀ ਉਦਾਸੀਨਤਾ (ਸਿਆਸੀ ਕਾਰਨ)

ਸਭ ਤੋਂ ਦੁਖਦਾਈ ਪਹਿਲੂ ਇਹ ਹੈ ਕਿ 1947 ਦੀ ਆਜ਼ਾਦੀ ਤੋਂ ਬਾਅਦ ਭਾਰਤ ਦੀਆਂ ਕਾਂਗਰਸ ਅਤੇ ਹੋਰ ਕੇਂਦਰੀ ਸਰਕਾਰਾਂ ਨੇ ਵੀ ਇਸ ਇਤਿਹਾਸ ਨੂੰ ਸਕੂਲਾਂ ਦੇ ਸਿਲੇਬਸਾਂ ਅਤੇ ਰਾਸ਼ਟਰੀ ਇਤਿਹਾਸ ਵਿੱਚ ਹਾਸ਼ੀਏ 'ਤੇ ਰੱਖਿਆ। ਇਸਦੇ ਤਿੰਨ ਮੁੱਖ ਕਾਰਨ ਸਨ:

**1. ਦਿੱਲੀ-ਕੇਂਦਰਿਤ ਇਤਿਹਾਸ (Euro-centric and Delhi-centric History)**: ਆਜ਼ਾਦੀ ਤੋਂ ਬਾਅਦ ਭਾਰਤ ਦੇ ਰਾਸ਼ਟਰੀ ਇਤਿਹਾਸ ਲੇਖਣ 'ਤੇ ਮੁੱਖ ਰੂਪ ਵਿੱਚ ਅਜਿਹੇ ਨੈਰੇਟਿਵ (ਵਿਆਖਿਆ) ਦਾ ਕਬਜ਼ਾ ਰਿਹਾ ਜੋ ਮੁੱਖ ਤੌਰ 'ਤੇ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਅਹਿੰਸਾਵਾਦੀ ਅੰਦੋਲਨ ਦੇ ਦੁਆਲੇ ਘੁੰਮਦਾ ਸੀ। 'ਗ਼ਦਰ ਪਾਰਟੀ', 'ਗੁਰੂ ਨਾਨਕ ਜਹਾਜ਼' ਅਤੇ ਪੰਜਾਬ ਦੇ ਹਥਿਆਰਬੰਦ ਜਾਂ ਸਖ਼ਤ ਪ੍ਰਤੀਰੋਧ ਵਾਲੇ ਇਤਿਹਾਸ ਨੂੰ ਰਾਸ਼ਟਰੀ ਪੱਧਰ 'ਤੇ ਉਹ ਥਾਂ ਨਹੀਂ ਦਿੱਤੀ ਗਈ, ਜੋ ਮਿਲਣੀ ਚਾਹੀਦੀ ਸੀ।

**2. ਕੈਨੇਡਾ ਅਤੇ ਬ੍ਰਿਟੇਨ ਨਾਲ ਡਿਪਲੋਮੈਟਿਕ (ਸਫ਼ਾਰਤੀ) ਸਬੰਧ:** ਆਜ਼ਾਦ ਭਾਰਤ ਰਾਸ਼ਟਰਮੰਡਲ (Commonwealth) ਦਾ ਹਿੱਸਾ ਬਣਿਆ ਰਿਹਾ। ਭਾਰਤ ਸਰਕਾਰ ਬ੍ਰਿਟੇਨ ਅਤੇ ਕੈਨੇਡਾ ਵਰਗੇ ਸ਼ਕਤੀਸ਼ਾਲੀ ਪੱਛਮੀ ਮੁਲਕਾਂ ਨਾਲ ਆਪਣੇ ਸਫ਼ਾਰਤੀ ਅਤੇ ਆਰਥਿਕ ਸਬੰਧਾਂ ਨੂੰ ਖ਼ਰਾਬ ਨਹੀਂ ਸੀ ਕਰਨਾ ਚਾਹੁੰਦੀ। ਇਸ ਇਤਿਹਾਸਿਕ ਕਤਲੇਆਮ ਅਤੇ ਨਸਲਵਾਦ ਦੇ ਮੁੱਦੇ ਨੂੰ ਜ਼ੋਰ-ਸ਼ੋਰ ਨਾਲ ਚੁੱਕਣ ਨਾਲ ਪੱਛਮੀ ਮੁਲਕਾਂ ਨਾਲ ਸਬੰਧਾਂ ਵਿੱਚ ਤਲਖ਼ੀ ਆ ਸਕਦੀ ਸੀ।

**3. ਖੇਤਰੀ ਅਤੇ ਧਾਰਮਿਕ ਪਛਾਣ ਨੂੰ ਦਬਾਉਣਾ:** 'ਗੁਰੂ ਨਾਨਕ ਜਹਾਜ਼' ਦਾ ਨਾਂ ਸਿੱਧੇ ਤੌਰ 'ਤੇ ਸਿੱਖ ਧਰਮ ਅਤੇ ਪੰਜਾਬੀ ਪਛਾਣ ਨਾਲ ਜੁੜਿਆ ਹੋਇਆ ਸੀ। ਕੇਂਦਰ ਦੀਆਂ ਸਰਕਾਰਾਂ ਅਕਸਰ ਅਜਿਹੇ ਇਤਿਹਾਸਿਕ ਪ੍ਰਤੀਕਾਂ ਨੂੰ ਰਾਸ਼ਟਰੀ ਮੁੱਖ ਧਾਰਾ ਵਿੱਚ ਲਿਆਉਣ ਤੋਂ ਕਤਰਾਉਂਦੀਆਂ ਰਹੀਆਂ, ਜਿਸ ਨਾਲ ਕਿਸੇ ਖ਼ਾਸ ਖੇਤਰ (ਪੰਜਾਬ) ਜਾਂ ਭਾਈਚਾਰੇ (ਸਿੱਖ) ਦਾ ਗੌਰਵਮਈ ਅਤੇ ਇਨਕਲਾਬੀ ਅਕਸ ਬਹੁਤ ਜ਼ਿਆਦਾ ਮਜ਼ਬੂਤ ਹੁੰਦਾ ਹੋਵੇ।

**5. ਨਿਆਂ ਦੀ ਟਾਈਮਲਾਈਨ: 1914 ਤੋਂ 2026 ਤੱਕ ਦਾ ਸਫ਼ਰ**

ਭਾਈਚਾਰੇ ਦੇ ਲਗਾਤਾਰ ਸੰਘਰਸ਼ ਸਦਕਾ ਇਤਿਹਾਸ ਨੇ ਖ਼ੁਦ ਨੂੰ ਇਸ ਪ੍ਰਕਾਰ ਬਦਲਿਆ:

ਗੁਰੂ ਨਾਨਕ ਜਹਾਜ਼ ਦੀ ਵਾਪਸੀ

23 ਜੁਲਾਈ 1914

ਕੈਨੇਡਾ ਦੀਆਂ ਨਸਲਵਾਦੀ ਨੀਤੀਆਂ ਤਹਿਤ ਜਹਾਜ਼ ਨੂੰ ਵੈਨਕੂਵਰ ਤੋਂ ਜੰਗੀ ਬੇੜੇ ਦੀ ਨੋਕ 'ਤੇ ਵਾਪਸ ਮੋੜਿਆ ਗਿਆ।

ਯਾਦਗਾਰੀ ਸਮਾਰਕ

ਸਾਲ 2012

ਵੈਨਕੂਵਰ ਦੇ ਹਰਬਰ ਗਰੀਨ ਪਾਰਕ ਵਿੱਚ ਪਹਿਲੀ ਵਾਰ ਇੱਕ ਸਰਕਾਰੀ ਯਾਦਗਾਰੀ ਸਮਾਰਕ ਸਥਾਪਿਤ ਕੀਤਾ ਗਿਆ।

ਕੈਨੇਡਾ ਪਾਰਲੀਮੈਂਟ ਵਿੱਚ ਮੁਆਫ਼ੀ

18 ਮਈ 2016

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਹਾਊਸ ਆਫ਼ ਕਾਮਨਜ਼ ਵਿੱਚ 1914 ਦੇ ਇਸ ਦੁਖਾਂਤ ਲਈ ਅਧਿਕਾਰਤ ਤੌਰ 'ਤੇ ਮੁਆਫ਼ੀ ਮੰਗੀ।

ਵੈਨਕੂਵਰ ਸਿਟੀ ਵੱਲੋਂ ਮਾਨਤਾ

ਸਾਲ 2021

ਵੈਨਕੂਵਰ ਸ਼ਹਿਰ ਨੇ ਰਸਮੀ ਮੁਆਫ਼ੀ ਮੰਗੀ ਅਤੇ 23 ਮਈ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ' ਵਜੋਂ ਮਾਨਤਾ ਦਿੱਤੀ।

ਸੜਕ ਦਾ ਨਾਮਕਰਨ

ਫ਼ਰਵਰੀ 2024

ਵੈਨਕੂਵਰ ਦੇ ਵਾਟਰਫਰੰਟ 'ਕੈਨੇਡਾ ਪਲੇਸ' ਸੜਕ ਨੂੰ ਆਨਰੇਰੀ ਨਾਂ 'ਕਾਮਾਗਾਟਾ ਮਾਰੂ ਪਲੇਸ' ਦਿੱਤਾ ਗਿਆ ਅਤੇ ਸਾਈਨੇਜ 'ਤੇ ਪੰਜਾਬੀ ਵਿੱਚ 'ਗੁਰੂ ਨਾਨਕ ਜਹਾਜ਼' ਲਿਖਿਆ ਗਿਆ।

ਅਸਲੀ ਨਾਂ ਦੀ ਪੂਰਨ ਬਹਾਲੀ

ਮਈ 2026

ਵੈਨਕੂਵਰ ਪਾਰਕ ਬੋਰਡ ਅਤੇ ਸਿਟੀ ਕੌਂਸਲ ਨੇ ਇਤਿਹਾਸਿਕ ਖੋਜਾਂ ਦੇ ਆਧਾਰ 'ਤੇ ਹਰਬਰ ਗਰੀਨ ਪਾਰਕ ਦੇ ਮੁੱਖ ਯਾਦਗਾਰੀ ਪੈਨਲਾਂ 'ਤੇ ਬਸਤੀਵਾਦੀ ਨਾਂ 'ਕਾਮਾਗਾਟਾ ਮਾਰੂ' ਦੀ ਜਗ੍ਹਾ ਅਸਲੀ ਨਾਂ 'ਗੁਰੂ ਨਾਨਕ ਜਹਾਜ਼ ਮੈਮੋਰੀਅਲ' ਸਥਾਪਿਤ ਕਰ ਦਿੱਤਾ।

6. ਬਾਬਾ ਗੁਰਦਿੱਤ ਸਿੰਘ ਜੀ ਦੀ ਜੀਵਨੀ (ਬਜਬਜ ਘਾਟ ਤੋਂ ਬਾਅਦ)

ਬਜਬਜ ਘਾਟ ਦੇ ਖ਼ੂਨੀ ਸਾਕੇ (1914) ਤੋਂ ਬਾਅਦ ਬਾਬਾ ਗੁਰਦਿੱਤ ਸਿੰਘ ਜੀ ਦੀ ਜ਼ਿੰਦਗੀ ਇੱਕ ਮਹਾਨ ਇਨਕਲਾਬੀ ਮੋੜ ਲੈ ਚੁੱਕੀ ਸੀ:

**7 ਸਾਲਾਂ ਦਾ ਗੁਪਤਵਾਸ (1914-1921)**: ਬ੍ਰਿਟਿਸ਼ ਪੁਲਿਸ ਤੋਂ ਬਚਣ ਲਈ ਉਨ੍ਹਾਂ ਨੇ ਬਹੁਤ ਭਾਰੀ ਮਨ ਨਾਲ ਆਪਣੇ ਕੇਸ (ਵਾਲ ਅਤੇ ਦਾੜ੍ਹੀ) ਕੱਟੇ। ਉਹ ਭੇਸ ਬਦਲ ਕੇ, ਨਾਂ ਬਦਲ ਕੇ ਭਾਰਤ ਦੇ ਵੱਖ-ਵੱਖ ਰਾਜਾਂ (ਬੰਗਾਲ, ਰਾਜਸਥਾਨ, ਬੰਬਈ, ਹੈਦਰਾਬਾਦ) ਵਿੱਚ ਰਹੇ, ਪਰ ਜਹਾਜ਼ ਦੇ ਅਸਲੀ ਕਾਗਜ਼ਾਤ ਹਮੇਸ਼ਾ ਸੁਰੱਖਿਅਤ ਰੱਖੇ।

**ਨਨਕਾਣਾ ਸਾਹਿਬ ਵਿਖੇ ਆਤਮ-ਸਮਰਪਣ (1921)**: 15 ਨਵੰਬਰ 1921 ਨੂੰ ਅਕਾਲੀ ਲਹਿਰ ਦੇ ਦੌਰਾਨ, ਉਨ੍ਹਾਂ ਨੇ ਦੁਬਾਰਾ ਪੂਰਨ ਗੁਰਸਿੱਖ ਸਰੂਪ ਧਾਰਨ ਕਰਕੇ ਹਜ਼ਾਰਾਂ ਦੀ ਸੰਗਤ ਦੇ ਸਾਹਮਣੇ ਗ੍ਰਿਫ਼ਤਾਰੀ ਦਿੱਤੀ।

**ਜੇਲ੍ਹ ਅਤੇ ਕਿਤਾਬ (1921-1927)**: ਦੇਸ਼-ਧ੍ਰੋਹ ਦੇ ਮੁਕੱਦਮੇ ਤਹਿਤ 5 ਸਾਲ ਜੇਲ੍ਹ ਵਿੱਚ ਰਹੇ। ਜੇਲ੍ਹ ਤੋਂ ਬਾਹਰ ਆ ਕੇ ਉਨ੍ਹਾਂ ਨੇ ਅੰਗਰੇਜ਼ੀ ਝੂਠ ਦਾ ਪਰਦਾਫਾਸ਼ ਕਰਨ ਲਈ ਆਪਣੀ ਇਤਿਹਾਸਿਕ ਕਿਤਾਬ "The Voyage of Komagata Maru or India's Slavery Abroad" ਲਿਖੀ।

**ਅਕਾਲ ਚਲਾਣਾ (1954)**: ਅੰਗਰੇਜ਼ਾਂ ਨੇ ਉਨ੍ਹਾਂ ਦੀ ਸਾਰੀ ਦੌਲਤ ਅਤੇ ਜਹਾਜ਼ ਜ਼ਬਤ ਕਰ ਲਏ ਸਨ। ਆਜ਼ਾਦ ਭਾਰਤ ਨੂੰ ਆਪਣੀ ਅੱਖੀਂ ਦੇਖਣ ਤੋਂ ਬਾਅਦ, 24 ਜੁਲਾਈ 1954 ਨੂੰ ਅੰਮ੍ਰਿਤਸਰ ਵਿਖੇ 95 ਸਾਲ ਦੀ ਉਮਰ ਵਿੱਚ ਉਹ ਅਕਾਲ ਚਲਾਣਾ ਕਰ ਗਏ।

**7. ਸਿੱਟਾ: ਇਤਿਹਾਸ ਦਾ ਨਿਆਂ**

'ਕਾਮਾਗਾਟਾ ਮਾਰੂ' ਇੱਕ ਬਸਤੀਵਾਦੀ ਅਤੇ ਜਾਪਾਨੀ ਕੰਪਨੀ ਦਾ ਦਿੱਤਾ ਹੋਇਆ ਨਾਂ ਸੀ, ਜਦੋਂ ਕਿ 'ਗੁਰੂ ਨਾਨਕ ਜਹਾਜ਼' ਮੁਸਾਫਰਾਂ ਦੀ ਆਜ਼ਾਦ ਸੋਚ, ਆਸਥਾ ਅਤੇ ਸਵੈ-ਮਾਣ ਦਾ ਪ੍ਰਤੀਕ ਸੀ। ਸਰਕਾਰਾਂ ਦੀਆਂ ਦਹਾਕਿਆਂ ਲੰਮੀਆਂ ਸਿਆਸੀ ਸਾਜ਼ਿਸ਼ਾਂ ਅਤੇ ਬੇਰੁਖ਼ੀ ਦੇ ਬਾਵਜੂਦ, ਸਿੱਖ ਭਾਈਚਾਰੇ ਦੇ ਸਬਰ ਅਤੇ ਸੰਘਰਸ਼ ਨੇ ਅੱਜ 112 ਸਾਲਾਂ ਬਾਅਦ ਸੱਚ ਨੂੰ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਪੂਰੇ ਸਰਕਾਰੀ ਸਨਮਾਨ ਨਾਲ ਦਰਜ ਕਰਵਾ ਦਿੱਤਾ ਹੈ।

# ਨਸਲਵਾਦੀ ਜਬਰ ਉੱਪਰ ਮਾਨਵਵਾਦੀ ਸਬਰ ਦੀ ਗੌਰਵਮਈ ਜਿੱਤ

## 112 ਸਾਲਾਂ ਬਾਅਦ ਕੈਨੇਡਾ ਦੀ ਧਰਤੀ ’ਤੇ ਮੁੜ ਸੁਰਜੀਤ ਹੋਇਆ ਗਦਰੀ ਬਾਬਿਆਂ ਦਾ’ ਗੁਰੂ ਨਾਨਕ ਜਹਾਜ਼’ ਦਾ ਅਸਲੀ ਨਾਂ

— ਜਿਸ ਸਮੁੰਦਰੀ ਤੱਟ ਤੋਂ 1914 ਵਿੱਚ ਨਫ਼ਰਤ ਦੇ ਜ਼ੋਰ ’ਤੇ ਜਹਾਜ਼ ਮੋੜਿਆ ਗਿਆ ਸੀ, ਅੱਜ ਉੱਥੇ ਹੀ ਪੂਰੇ ਸਰਕਾਰੀ ਸਨਮਾਨ ਨਾਲ ਬਹਾਲ ਹੋਇਆ ਸੱਚਾ ਵਿਰਸਾ।

ਕੈਨੇਡਾ ਦੇ ਇਤਿਹਾਸ ਵਿੱਚ ਨਸਲਵਾਦ, ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਦੇ ਸੰਘਰਸ਼ ਦਾ ਸਭ ਤੋਂ ਵੱਡਾ ਪ੍ਰਤੀਕ ਰਹੇ ਜਹਾਜ਼ ਨੂੰ ਆਖਰਕਾਰ 112 ਸਾਲਾਂ ਦੇ ਲੰਮੇ ਇੰਤਜ਼ਾਰ ਤੋਂ ਬਾਅਦ ਉਸਦਾ ਅਸਲੀ ਅਤੇ ਪਵਿੱਤਰ ਨਾਂ ਨਸੀਬ ਹੋ ਗਿਆ ਹੈ। ਵੈਨਕੂਵਰ ਦੇ ਸਮੁੰਦਰੀ ਤੱਟ (ਕੈਨੇਡਾ ਪਲੇਸ ਦੇ ਨੇੜੇ) ਸਥਿਤ ਇਤਿਹਾਸਿਕ ਯਾਦਗਾਰੀ ਸਥਾਨ ’ਤੇ ਲੱਗੇ ਸਾਈਨੇਜ ਪੈਨਲਾਂ ਨੂੰ ਹੁਣ ਸੋਧ ਕੇ ’ਗੁਰੂ ਨਾਨਕ ਜਹਾਜ਼’ ਦੇ ਸਹੀ ਨਾਂ ਨਾਲ ਬਹਾਲ ਕਰ ਦਿੱਤਾ ਗਿਆ ਹੈ।

ਵੈਨਕੂਵਰ ਸ਼ਹਿਰ (City of Vancouver) ਵੱਲੋਂ ਲਏ ਗਏ ਇਸ ਦੂਰਗਾਮੀ ਅਤੇ ਇਤਿਹਾਸਿਕ ਫੈਸਲੇ ਦੀ ਦੁਨੀਆ ਭਰ ਦੇ ਸਿੱਖ ਭਾਈਚਾਰੇ ਅਤੇ ਇਨਸਾਫ਼ ਪਸੰਦ ਲੋਕਾਂ ਵੱਲੋਂ ਪੁਰਜ਼ੋਰ ਸ਼ਲਾਘਾ ਕੀਤੀ ਜਾ ਰਹੀ ਹੈ।

ਵੈਨਕੂਵਰ ਸਿਟੀ ਦਾ ਅਧਿਕਾਰਤ ਅਤੇ ਇਤਿਹਾਸਿਕ ਬਿਆਨ

ਵੈਨਕੂਵਰ ਸਿਟੀ ਕੌਂਸਲ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਇਸ ਇਤਿਹਾਸਿਕ ਭੁੱਲ ਨੂੰ ਸੁਧਾਰਨ ਦਾ ਐਲਾਨ ਕੀਤਾ:

‘ਵਿਆਪਕ ਭਾਈਚਾਰਕ ਵਿਚਾਰ-ਵਟਾਂਦਰੇ ਅਤੇ ਇਤਿਹਾਸਿਕ ਖੋਜਾਂ ਤੋਂ ਮਿਲੀ ਜਾਣਕਾਰੀ ਤੋਂ ਬਾਅਦ, ਅਸੀਂ ਹੁਣ ਇਸ ਜਹਾਜ਼ ਨੂੰ ਇਸ ਦੇ ਸਹੀ ਅਤੇ ਮੂਲ ਨਾਂ, ‘ਗੁਰੂ ਨਾਨਕ ਜਹਾਜ਼’ (ਜਿਸਨੂੰ ਪਹਿਲਾਂ ਸਿਰਫ਼ ਕਾਮਾਗਾਟਾ ਮਾਰੂ ਵਜੋਂ ਜਾਣਿਆ ਜਾਂਦਾ ਸੀ) ਨਾਲ ਸੰਬੋਧਿਤ ਕਰਦੇ ਹਾਂ। ਜਹਾਜ਼ ਨੂੰ ਇਸ ਦੇ ਅਸਲੀ ਨਾਂ ਨਾਲ ਬੁਲਾਉਣਾ ਉਸ ਮਹਾਨ ਵਿਰਾਸਤ ਅਤੇ ਮੁਸਾਫਰਾਂ ਦੇ ਸੰਘਰਸ਼ ਦਾ ਸੱਚਾ ਸਨਮਾਨ ਹੈ।’

‘ਗੁਰੂ ਨਾਨਕ ਜਹਾਜ਼’ ਦਾ ਗੌਰਵਮਈ ਅਤੇ ਦਰਦਨਾਕ ਇਤਿਹਾਸ (ਇੱਕ ਨਜ਼ਰ ਵਿੱਚ)

ਇਹ ਮਹਿਜ਼ ਇੱਕ ਜਹਾਜ਼ ਨਹੀਂ ਸੀ, ਸਗੋਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ, ਬ੍ਰਿਟਿਸ਼ ਸਾਮਰਾਜ ਦੇ ਦੋਹਰੇ ਮਾਪਦੰਡਾਂ ਨੂੰ ਨੰਗਾ ਕਰਨ ਅਤੇ ਬਰਾਬਰੀ ਦੇ ਹੱਕਾਂ ਲਈ ਲੜਿਆ ਗਿਆ ਇੱਕ ਬੇਮਿਸਾਲ ਸਮੁੰਦਰੀ ਸੰਗਰਾਮ ਸੀ।

| ਇਤਿਹਾਸਿਕ ਪਹਿਲੂ | ਵੇਰਵਾ ਅਤੇ ਤੱਥ |
|---|---|
| ਸੰਨ 1914 ਦੀ ਚੁਣੌਤੀ | ਬਾਬਾ ਗੁਰਦਿੱਤ ਸਿੰਘ ਜੀ ਨੇ ਕੈਨੇਡਾ ਦੀਆਂ ਨਸਲਵਾਦੀ ਇਮੀਗ੍ਰੇਸ਼ਨ ਨੀਤੀਆਂ (ਜਿਵੇਂ ‘ਕੰਟੀਨਿਊਅਸ ਜਰਨੀ’ ਕਾਨੂੰਨ) ਨੂੰ ਵੰਗਾਰਨ ਲਈ ਜਾਪਾਨੀ ਜਹਾਜ਼ ‘ਕਾਮਾਗਾਟਾ ਮਾਰੂ’ ਕਿਰਾਏ ’ਤੇ ਲਿਆ ਅਤੇ ਉਸਦਾ ਨਾਂ ‘ਗੁਰੂ ਨਾਨਕ ਜਹਾਜ਼’ ਰੱਖਿਆ। |
| ਮੁਸਾਫਰਾਂ ਦੀ ਬਣਤਰ | ਜਹਾਜ਼ ਵਿੱਚ 376 ਮੁਸਾਫਰ ਸਵਾਰ ਸਨ (341 ਸਿੱਖ, 24 ਮੁਸਲਮਾਨ ਅਤੇ 12 ਹਿੰਦੂ)। ਸਾਰੇ ਬ੍ਰਿਟਿਸ਼ ਰਾਜ ਦੀ ਪਰਜਾ ਹੋਣ ਦੇ ਨਾਤੇ ਕਾਨੂੰਨੀ ਤੌਰ ’ਤੇ ਕੈਨੇਡਾ ਆਉਣ ਦੇ ਹੱਕਦਾਰ ਸਨ। |
| ਸਮੁੰਦਰੀ ਤੱਟ ’ਤੇ ਅਣਮਨੁੱਖੀ ਵਰਤਾਓ | ਵੈਨਕੂਵਰ ਪਹੁੰਚਣ ’ਤੇ ਜਹਾਜ਼ ਨੂੰ 2 ਮਹੀਨੇ ਸਮੁੰਦਰ ਵਿੱਚ ਘੇਰ ਕੇ ਰੱਖਿਆ ਗਿਆ। ਮੁਸਾਫਰਾਂ ਨੂੰ ਖਾਣ-ਪੀਣ ਅਤੇ ਪਾਣੀ ਤੱਕ ਤੋਂ ਮਹਿਰੂਮ ਰੱਖਿਆ ਗਿਆ ਅਤੇ ਅੰਤ ਵਿੱਚ ਬੰਦੂਕ ਦੀ ਨੋਕ ’ਤੇ ਵਾਪਸ ਮੋੜ ਦਿੱਤਾ ਗਿਆ। |
| ਬਜਬਜ ਘਾਟ ਦਾ ਖ਼ੂਨੀ ਸਾਕਾ | 29 ਸਤੰਬਰ 1914 ਨੂੰ ਕਲਕੱਤੇ ਦੇ ਬਜਬਜ ਘਾਟ ’ਤੇ ਪਹੁੰਚਣ ’ਤੇ ਬ੍ਰਿਟਿਸ਼ ਪੁਲਿਸ ਨੇ ਨਿਹੱਥੇ ਮੁਸਾਫਰਾਂ ’ਤੇ ਗੋਲੀਆਂ ਚਲਾਈਆਂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ 19 ਮੁਸਾਫਰ ਸ਼ਹੀਦ ਹੋਏ ਅਤੇ ਕਈਆਂ ਨੂੰ ਜੇਲ੍ਹਾਂ ਵਿੱਚ ਡੱਕਿਆ ਗਿਆ। |

**ਫੈਡਰਲ ਸਰਕਾਰ ਦੇ ਮੁਆਫ਼ੀਨਾਮੇ ਵਿੱਚ ਸੋਧ ਦੀ ਉੱਠੀ ਮੰਗ**

ਕੈਨੇਡਾ ਸਰਕਾਰ ਅਤੇ ਵੈਨਕੂਵਰ ਸਿਟੀ ਪਹਿਲਾਂ ਹੀ ਇਸ ਨਸਲੀ ਵਿਤਕਰੇ ਅਤੇ ਜ਼ੁਲਮ ਲਈ ਪਾਰਲੀਮੈਂਟ ਵਿੱਚ ਅਧਿਕਾਰਤ ਤੌਰ ’ਤੇ ਮੁਆਫ਼ੀ ਮੰਗ ਚੁੱਕੇ ਹਨ। ਪਰ ਅਸਲੀ ਨਾਂ ਦੀ ਬਹਾਲੀ ਨੇ ਹੁਣ ਇੱਕ ਨਵੀਂ ਸੰਵਿਧਾਨਕ ਅਤੇ ਇਤਿਹਾਸਿਕ ਮੁਹਿੰਮ ਨੂੰ ਜਨਮ ਦੇ ਦਿੱਤਾ ਹੈ।

‘ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ’ ਦੇ ਨੁਮਾਇੰਦਿਆਂ— ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਰਾਜ ਸਿੰਘ ਪੰਡਾਲ ਨੇ ਵੈਨਕੂਵਰ ਸ਼ਹਿਰ ਦੇ ਇਸ ਕਦਮ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਇੱਕ ਅਹਿਮ ਮੰਗ ਰੱਖੀ ਹੈ:

‘ਜਿਸ ਤਰ੍ਹਾਂ ਵੈਨਕੂਵਰ ਸਿਟੀ ਨੇ ਆਪਣੀ ਇਤਿਹਾਸਿਕ ਗਲਤੀ ਨੂੰ ਸੁਧਾਰਿਆ ਹੈ, ਉਸੇ ਤਰ੍ਹਾਂ ਕੈਨੇਡਾ ਦੀ ਫੈਡਰਲ ਸਰਕਾਰ (Federal Government) ਨੂੰ ਵੀ ਆਪਣੇ ਸਰਕਾਰੀ ਮੁਆਫ਼ੀਨਾਮੇ ਦੇ ਦਸਤਾਵੇਜ਼ਾਂ ਵਿੱਚ ਤੁਰੰਤ ਸੋਧ ਕਰਨੀ ਚਾਹੀਦੀ ਹੈ। ਓਟਾਵਾ ਦੇ ਸਰਕਾਰੀ ਰਿਕਾਰਡ ਵਿੱਚ ‘ਕਾਮਾਗਾਟਾ ਮਾਰੂ’ ਦੀ ਥਾਂ ‘ਗੁਰੂ ਨਾਨਕ ਜਹਾਜ਼’ ਨਾਂ ਛੇਤੀ ਤੋਂ ਛੇਤੀ ਸ਼ਾਮਲ ਕੀਤਾ ਜਾਵੇ।’

23 ਮਈ: ਹਰਬਰ ਗਰੀਨ ਪਾਰਕ ਵਿਖੇ ਹੋਵੇਗਾ ਮਹਾਨ ਸਮਾਗਮ

ਇਸ ਇਤਿਹਾਸਿਕ ਪ੍ਰਾਪਤੀ ਨੂੰ ਮਨਾਉਣ, ਨਵੇਂ ਸਾਈਨੇਜ ਲੋਕ ਅਰਪਣ ਕਰਨ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਉਲੀਕਿਆ ਗਿਆ ਹੈ, ਜਿਸ ਵਿੱਚ ਦੁਨੀਆ ਭਰ ਤੋਂ ਪ੍ਰਮੁੱਖ ਸ਼ਖਸੀਅਤਾਂ ਪਹੁੰਚ ਰਹੀਆਂ ਹਨ:

ਦਿਨ ਅਤੇ ਸਮਾਂ: 23 ਮਈ, ਦਿਨ ਸ਼ਨਿਚਰਵਾਰ, ਬਾਅਦ ਦੁਪਹਿਰ 2:00 ਵਜੇ ਤੋਂ 5:00 ਵਜੇ ਤੱਕ।

ਸਥਾਨ: ਹਰਬਰ ਗਰੀਨ ਪਾਰਕ ਸਮੁੰਦਰੀ ਤੱਟ, ਗੁਰੂ ਨਾਨਕ ਜਹਾਜ਼ ਮੈਮੋਰੀਅਲ (ਵੈਨਕੂਵਰ)।

ਸਹਿਯੋਗੀ ਸੰਸਥਾਵਾਂ: ਇਹ ਸਮਾਗਮ ‘ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ’ ਵੱਲੋਂ ਬੀਸੀ ਖਾਲਸਾ ਦਰਬਾਰ (ਵੈਨਕੂਵਰ), ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਅਤੇ ਵੈਨਕੂਵਰ ਸਿਟੀ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

**ਰਿਪੋਰਟਰ ਦੀ ਨਜ਼ਰ ਤੋਂ:** ਇੱਕ ਬੇਮਿਸਾਲ ਅਤੇ ਰੂਹਾਨੀ ਬਦਲਾਅ


ਇਹ ਬੇਹੱਦ ਭਾਵੁਕ, ਇਤਿਹਾਸਿਕ ਅਤੇ ਮਾਣਮੱਤਾ ਪਲ ਹੈ। ਬਿਲਕੁਲ 112 ਸਾਲ ਪਹਿਲਾਂ, ਜਿਸ ਸਮੁੰਦਰੀ ਤੱਟ ਤੋਂ ‘ਗੁਰੂ ਨਾਨਕ ਜਹਾਜ਼’ ਨੂੰ ਨਸਲਵਾਦ, ਨਫ਼ਰਤ ਅਤੇ ਜਬਰ ਦੇ ਜ਼ੋਰ ’ਤੇ ਬੇਆਬਰੂ ਕਰਕੇ, ਭੁੱਖਾ-ਪਿਆਸਾ ਰੱਖ ਕੇ ਮੋੜਿਆ ਗਿਆ ਸੀ, ਅੱਜ ਉਸੇ ਜਗ?ਹਾ ’ਤੇ ਉਸੇ ਜਹਾਜ਼ ਦੇ ਨਾਂ ਦੀਆਂ ਤਖ਼ਤੀਆਂ (ਸਾਈਨੇਜ) ਪੂਰੇ ਸਰਕਾਰੀ ਸਨਮਾਨ ਅਤੇ ਸਿੱਖ ਜੈਕਾਰਿਆਂ ਦੀ ਗੂੰਜ ਵਿੱਚ ਲਗਾਈਆਂ ਗਈਆਂ ਹਨ।

ਇੱਥੇ ਹੁਣ ਕਿਸੇ ਬਸਤੀਵਾਦੀ ਨਫ਼ਰਤ ਦੀ ਨਹੀਂ, ਸਗੋਂ ਸਿੱਖ ਇਤਿਹਾਸ ਦੇ ’ਚੜ੍ਹਦੀ ਕਲਾ’ ਅਤੇ ‘ਸਰਬੱਤ ਦੇ ਭਲੇ’ ਦੇ ਫਲਸਫੇ ਦੀ ਜਿੱਤ ਹੋਈ ਹੈ। ਇਹ ਬਦਲਾਅ ਸਾਬਤ ਕਰਦਾ ਹੈ ਕਿ ਸੱਚ ਨੂੰ ਕੁਝ ਦੇਰ ਲਈ ਦਬਾਇਆ ਤਾਂ ਜਾ ਸਕਦਾ ਹੈ, ਪਰ ਮਿਟਾਇਆ ਨਹੀਂ ਜਾ ਸਕਦਾ। ਇਹ ਮੁਸਾਫਰਾਂ ਦੇ ‘ਮਾਨਵਵਾਦੀ ਸਬਰ’ ਦੀ ’ਨਸਲਵਾਦੀ ਜਬਰ’ ਉੱਪਰ ਇੱਕ ਅਮਰ ਅਤੇ ਗੌਰਵਮਈ ਜਿੱਤ ਹੈ, ਜੋ ਆਉਣ ਵਾਲੀਆਂ ਨਸਲਾਂ ਨੂੰ ਹਮੇਸ਼ਾ ਪ੍ਰੇਰਨਾ ਦਿੰਦੀ ਰਹੇਗੀ।

# ਗੁਰੂ ਨਾਨਕ ਜਹਾਜ਼’ ਦਾ ਸਹੀ ਨਾਂ ਵੈਨਕੂਵਰ ਦੇ ਸਮੁੰਦਰੀ ਤੱਟ ’ਤੇ ਬਹਾਲ

## ਇਤਿਹਾਸਿਕ ਸਥਾਨ ’ਤੇ 23 ਮਈ ਨੂੰ ਹੋਵੇਗਾ ਸਮਾਗਮ

ਐਬਸਫੋਰਡ, (ਗੁਰਦੀਪ ਸਿੰਘ ਗਰੇਵਾਲ) : ਵੈਨਕੂਵਰ ਦੇ ਸਮੁੰਦਰੀ ਤੱਟ ਉੱਪਰ ਇਤਿਹਾਸਕ ਸਥਾਨ ’ਤੇ, ਸਾਈਨੇਜ ਪੈਨਲਾਂ ਨੂੰ ‘ਗੁਰੂ ਨਾਨਕ ਜਹਾਜ਼’ ਦੇ ਸਹੀ ਨਾਂ ’ਤੇ ਬਹਾਲ ਕਰ ਦਿੱਤਾ ਗਿਆ ਹੈ। ਵੈਨਕੂਵਰ ਸ਼ਹਿਰ ਵੱਲੋਂ ਲਏ ਗਏ ਇਸ ਇਤਿਹਾਸਿਕ ਫੈਸਲੇ ਦੀ ਭਾਈਚਾਰੇ ਅੰਦਰ ਪੁਰਜ਼ੋਰ ਪ੍ਰਸ਼ੰਸਾ ਹੋ ਰਹੀ ਹੈ। ਵੈਨਕੂਵਰ ਸਿਟੀ ਅਨੁਸਾਰ, ‘ਭਾਈਚਾਰਕ ਵਿਚਾਰ ਵਟਾਂਦਰੇ ਅਤੇ ਮਿਲੀ ਜਾਣਕਾਰੀ ਤੋਂ ਬਾਅਦ, ਅਸੀਂ ਹੁਣ ‘ਕਾਮਾਗਾਟਾ ਮਾਰੂ’ ਜਹਾਜ਼ ਨੂੰ ਇਸ ਦੇ ਸਹੀ ਨਾਂ, ‘ਗੁਰੂ ਨਾਨਕ ਜਹਾਜ਼’ ਨਾਲ ਸੰਬੋਧਿਤ ਕਰਦੇ ਹਾਂ। ਜਹਾਜ਼ ਨੂੰ ਇਸ ਦੇ ਸਹੀ ਨਾਂ ਨਾਲ ਬੁਲਾਉਣ ਨਾਲ ਵਿਰਾਸਤ ਦਾ ਸਨਮਾਨ ਹੁੰਦਾ ਹੈ।’ ਵੈਨਕੂਵਰ ਸ਼ਹਿਰ ਨੇ ਪਿਛਲੇ ਸਾਲ 23 ਮਈ ਨੂੰ, ਗੁਰੂ ਨਾਨਕ ਜਹਾਜ਼ ਦੇ ਸਹੀ ਨਾਂ ’ਤੇ ਐਲਾਨ-ਨਾਮਾ ਜਾਰੀ ਕੀਤਾ ਸੀ। ਗੁਰੂ ਨਾਨਕ ਜਹਾਜ਼ 1914 ਵਿੱਚ ਕੈਨੇਡਾ ਪਲੇਸ ਦੇ ਮੌਜੂਦਾ ਸਥਾਨ ਦੇ ਨੇੜੇ ਰੋਕਿਆ ਗਿਆ ਸੀ, ਜਿਸ ਵਿੱਚ 341 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਯਾਤਰੀ ਸਨ, ਜੋ ਕੈਨੇਡਾ ਦੀਆਂ ਨਸਲਵਾਦੀ ਅਤੇ ਬਾਹਰੀ ਇਮੀਗ੍ਰੇਸ਼ਨ ਨੀਤੀਆਂ ਨੂੰ ਚੁਣੌਤੀ ਦੇਣ ਆਏ ਸਨ। ਉਨ੍ਹਾਂ ਨੂੰ ਸਹੀ ਯਾਤਰਾ ਦਸਤਾਵੇਜ਼ ਹੋਣ ਦੇ ਬਾਵਜੂਦ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ ਅਤੇ ਅੰਤ ਵਿੱਚ ‘ਬ੍ਰਿਟਿਸ਼ ਭਾਰਤ’ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ ਸੀ। 29 ਸਤੰਬਰ 1914 ਨੂੰ ਕਲਕੱਤੇ ਦੀ ਬਜਬਜ ਘਾਟ ’ਤੇ ਗੁਰੂ ਨਾਨਕ ਜਹਾਜ਼ ਪਹੁੰਚਣ ਸਮੇਂ ਮੁਸਾਫਰਾਂ ’ਤੇ ਗੋਲੀਆਂ ਚਲਾਈਆਂ ਗਈਆਂ ਸਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰਤਾ ਦੀ ਰੱਖਿਆ ਕਰਦੇ ਹੋਏ, 19 ਯਾਤਰੀ ਸ਼ਹੀਦ ਹੋ ਗਏ ਸਨ। ਕੈਨੇਡਾ ਸਰਕਾਰ ਅਤੇ ਵੈਨਕੂਵਰ ਸ਼ਹਿਰ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨਾਲ ਨਸਲੀ ਵਿਤਕਰੇ ਅਤੇ ਧੱਕੇਸ਼ਾਹੀ ਲਈ ਪਹਿਲਾਂ ਹੀ ਮੁਆਫ਼ੀ ਮੰਗ ਚੁੱਕੇ ਹਨ।




ਵੈਨਕੂਵਰ ਦੇ ਸਮੁੰਦਰੀ ਤੱਟ ’ਤੇ ਇਤਿਹਾਸਕ ਸਥਾਨ ’ਤੇ ਗੁਰੂ ਨਾਨਕ ਜਹਾਜ਼ ਦੇ ਸਹੀ ਨਾਂ ’ਤੇ ਪੈਨਲ।

‘ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ’ ਤ ਨੁਮਾਇੰਦੀਆਂ ਡਾ. ਗੁਰਵਿੰਦਰ ਸਿੰਘ ਧਾਲੀਵਾਲ ਅਤੇ ਰਾਜ ਸਿੰਘ ਪੰਡਾਲ ਨੇ ਵੈਨਕੂਵਰ ਸ਼ਹਿਰ ਵੱਲੋਂ ਇਤਿਹਾਸਿਕ ਅਸਥਾਨ ’ਤੇ ਸਾਈਨੇਜ ਪੈਨਲਾਂ ਉੱਪਰ, ਗੁਰੂ ਨਾਨਕ ਜਹਾਜ਼ ਦਾ ਅਸਲੀ ਨਾਂ ਬਹਾਲ ਕਰਨ ਦੇ ਫੈਸਲੇ ਲਈ ਜਿੱਥੇ ਵੈਨਕੂਵਰ ਸ਼ਹਿਰ ਦਾ ਧੰਨਵਾਦ ਕੀਤਾ ਹੈ, ਉਥੇ ਆਸ ਪ੍ਰਗਟਾਈ ਹੈ ਕਿ ਕੈਨੇਡਾ ਸਰਕਾਰ ਵੀ ਆਪਣੇ ਮੁਆਫੀਨਾਮੇ ਵਿੱਚ ਸੋਧ ਕਰਦਿਆਂ, ਅਸਲੀ ਨਾਂ ‘ਗੁਰੂ ਨਾਨਕ ਜਹਾਜ਼’ ਨੂੰ ਛੇਤੀ ਤੋਂ ਛੇਤੀ ਬਹਾਲ ਕਰੇਗੀ। ਗੌਰਤਲਬ ਹੈ ਕਿ 23 ਮਈ, ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹਰਬਰ ਗਰੀਨ ਪਾਰਕ ਸਮੁੰਦਰੀ ਤੱਟ ’ਤੇ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਵਿਖੇ, ਬੀਸੀ ਖਾਲਸਾ ਦਰਬਾਰ, ਵੈਨਕੂਵਰ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਨਾਲ, ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵਲੋਂ ਦੁਪਹਿਰ ਦੋ ਵਜੇ ਤੋਂ ਪੰਜ ਵਜੇ ਤੱਕ, ਹਰ ਵਰ੍ਹੇ ਵਾਂਗ ਸਮਾਗਮ ਕਰਵਾਇਆ ਜਾ ਰਿਹਾ ਹੈ। ਅਹਿਮ ਗੱਲ ਇਹ ਹੈ ਕਿ ਜਿਸ ਜਗਾ ਤੋਂ ਨਸਲੀ ਜਬਰ ਨਾਲ 112 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, ਉਸੇ ਜਗ?ਹਾ ’ਤੇ ਚੜ੍ਹਦੀ ਕਲਾ ਦੇ ਸਫਰ ਦੀ ਗੱਲ ਹੋਣੀ, ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਵੱਲੋਂ ‘ਮਾਨਵਵਾਦੀ ਸਬਰ ਨਾਲ ਨਸਲਵਾਦੀ ਜਬਰ’ ’ਤੇ ਗੌਰਵਮਈ ਜਿੱਤ ਕਹੀ ਜਾ ਸਕਦਾ ਹੈ।

# ਮਨਪ੍ਰੀਤ ਸਿੰਘ ਇਆਲੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਅਹੁਦਿਆਂ ਤੋਂ ਅਸਤੀਫ਼ਾ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਨੂੰ ਇੱਕ ਵੱਡਾ ਝਟਕਾ ਲੱਗਿਆ ਹੈ, ਪਾਰਟੀ ਦੇ ਪ੍ਰਮੁੱਖ ਮੈਂਬਰ ਅਤੇ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਾਰੇ ਅਹੁਦਿਆਂ ਤੋਂ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਇਆਲੀ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਤਾਲਮੇਲ ਕਮੇਟੀ ਦੇ ਕਨਵੀਨਰ ਸਨ।



ਪਾਰਟੀ ਸੂਤਰਾਂ ਨੇ ਦੱਸਿਆ ਕਿ ਵਿਚਾਰਧਾਰਕ ਮਤਭੇਦਾਂ ਕਾਰਨ ਦੋਵਾਂ ਸਿਆਸੀ ਜਥੇਬੰਦੀਆਂ ਵਿਚਾਲੇ ਗਠਜੋੜ ਨਹੀਂ ਹੋ ਸਕਿਆ ਅਤੇ ਦੋਵਾਂ ਸਮੂਹਾਂ ਨੇ ਹਾਲ ਹੀ ਵਿੱਚ ਵੱਖ ਹੋਣ ਦਾ ਫੈਸਲਾ ਕੀਤਾ ਹੈ। ਇਆਲੀ ਨੇ ਆਪਣਾ ਅਸਤੀਫ਼ਾ ਉਸ ਦਿਨ ਸੌਂਪਿਆ ਹੈ ਜਦੋਂ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮਨੀਸ਼ ਸਿਸੋਦੀਆ ਲੁਧਿਆਣਾ ਦੇ ਦੌਰੇ ’ਤੇ ਹਨ।

ਹਾਲਾਂਕਿ, ਇਆਲੀ ਨੇ ਸੋਸ਼ਲ ਮੀਡੀਆ ’ਤੇ ਆਪਣੇ ਸੱਤ ਮਿੰਟ ਲੰਬੇ ਵੀਡੀਓ ਸੰਬੋਧਨ ਵਿੱਚ ਸਪੱਸ਼ਟ ਕੀਤਾ ਹੈ ਕਿ ਉਹ ਕਾਂਗਰਸ, ਭਾਰਤੀ ਜਨਤਾ ਪਾਰਟੀ (ਬੀਜੇਪੀ) ਅਤੇ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਨਹੀਂ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸਾਰੇ ਅਹੁਦਿਆਂ ਤੋਂ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ।

ਆਗੂ ਨੇ ਕਿਹਾ, ਮੈਂ ਉਸ ਕਮੇਟੀ ਦਾ ਹਿੱਸਾ ਸੀ ਜੋ 2 ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੁਕਮਨਾਮਾ ਸਾਹਿਬ ਦੇ ਅਨੁਸਾਰ ਪੰਥਕ ਏਕਤਾ ਅਤੇ ਪਾਰਟੀ ਵਰਕਰਾਂ ਦੀ ਭਰਤੀ ਲਈ ਬਣਾਈ ਗਈ ਸੀ। ਅਸੀਂ ਸਿੱਖ ਪੰਥ, ਪੰਜਾਬ ਅਤੇ ਪੰਜਾਬੀ ਪਛਾਣ ਨੂੰ ਹੋਰ ਮਜ਼ਬੂਤ ਕਰਨ ਅਤੇ ਪੰਥਕ ਏਕਤਾ ਨੂੰ ਹੁਲਾਰਾ ਦੇਣ ਲਈ ਹਰ ਸੰਭਵ ਯਤਨ ਕੀਤਾ।

ਇਆਲੀ ਨੇ ਕਿਹਾ ਕਿ, ‘ਭਰਤੀ ਮੁਹਿੰਮ ਤੋਂ ਬਾਅਦ ਮੈਂ ਆਗੂਆਂ ਨੂੰ ਕਹਿ ਦਿੱਤਾ ਸੀ ਕਿ ਕਮੇਟੀ ਮੈਂਬਰਾਂ ਵਜੋਂ ਸਾਡਾ ਕੰਮ ਖ਼ਤਮ ਹੋ ਗਿਆ ਹੈ, ਪਰ ਆਗੂਆਂ ਨੇ ਕਿਹਾ ਕਿ ਕਿਉਂਕਿ ਨਵੀਂ ਪਾਰਟੀ ਅਜੇ ਬਣੀ ਹੀ ਹੈ, ਇਸ ਲਈ ਜੇ ਮੈਂ ਇਸ ਮੋੜ ’ਤੇ ਅਸਤੀਫ਼ਾ ਦਿੰਦਾ ਹਾਂ ਤਾਂ ਇਸ ਨਾਲ ਗਲਤ ਸੰਦੇਸ਼ ਜਾਵੇਗਾ। ਮੈਂ ਉਨ੍ਹਾਂ ਆਗੂਆਂ ਦੀ ਨਿਯੁਕਤੀ ’ਤੇ ਇਤਰਾਜ਼ ਜਤਾਉਂਦਾ ਆ ਰਿਹਾ ਸੀ, ਜਿਨ੍ਹਾਂ ਨੂੰ ਜਥੇਦਾਰ ਦੇ ਨਿਰਦੇਸ਼ਾਂ ਅਨੁਸਾਰ ਪਾਰਟੀ ਵਿੱਚ ਕੋਈ ਵੀ ਅਹੁਦਾ ਲੈਣ ਤੋਂ ਦੂਰ ਰਹਿਣ ਲਈ ਕਿਹਾ ਗਿਆ ਸੀ। ਪਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਵੀ ਇਨ੍ਹਾਂ ਆਗੂਆਂ ਨੂੰ ਪ੍ਰਮੁੱਖ ਅਹੁਦਿਆਂ ਦੀ ਪੇਸ਼ਕਸ਼ ਕੀਤੀ ਗਈ, ਜਿਸ ਕਾਰਨ ਸੰਗਤ ਨੇ ਪਾਰਟੀ ਨੂੰ ਛੱਡਣਾ ਸ਼ੁਰੂ ਕਰ ਦਿੱਤਾ।’

ਸੂਤਰਾਂ ਨੇ ਦੱਸਿਆ ਕਿ ਇਆਲੀ ਪੁਨਰ ਸੁਰਜੀਤ ਦੇ ਆਗੂਆਂ ਵੱਲੋਂ ਭਾਜਪਾ ਨਾਲ ਨਜ਼ਦੀਕੀਆਂ ਵਧਾਉਣ ਕਾਰਨ ਨਾਰਾਜ਼ ਸਨ। ਇਹ ਅਟਕਲਾਂ ਲਗਾਈਆਂ ਜਾ ਰਹੀਆਂ ਹਨ ਕਿ ਇਆਲੀ ਪਾਸਾ ਬਦਲ ਸਕਦੇ ਹਨ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਵਿੱਚ ਕੋਈ ਅਹਿਮ ਅਹੁਦਾ ਸੰਭਾਲ ਸਕਦੇ ਹਨ।

## 23 ਮਈ 2026 : 112ਵੀਂ ਯਾਦਗਾਰੀ ਵਰ੍ਹੇਗੰਢ ’ਤੇ ਵਿਸ਼ੇਸ਼

# ਗੁਰੂ ਨਾਨਕ ਜਹਾਜ਼ : ਨਸਲਵਾਦ ’ਤੇ ਜਿੱਤ

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸੰਘਰਸ਼ ਨਸਲਵਾਦ ਉਪਰ ਜਿੱਤ ਦਾ ਗੌਰਵਮਈ ਵਿਰਸਾ ਹੈ। ਇਹ ਮਨੁੱਖੀ ਹੱਕਾਂ ਲਈ ਘੋਲ ਦਾ ਸ਼ਾਨਦਾਰ ਇਤਿਹਾਸ ਹੈ। ਗੁਰੂ ਨਾਨਕ ਜਹਾਜ਼’ ਦਾ ਸਫ਼ਰ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ਮੁਸਾਫਿਰਾਂ ਦੀ, ਨਿੱਡਰ ਅਤੇ ਸੁਤੰਤਰ ਹਸਤੀ ਦਾ ਗੌਰਵਮਈ ਅਧਿਆਇ ਹੈ। 23 ਮਈ ਨੂੰ ਗੁਰੂ ਨਾਨਕ ਜਹਾਜ਼ ਦੇ, ਵੈਨਕੂਵਰ ਦੀ ਸਮੁੰਦਰੀ ਧਰਤੀ ’ਤੇ ਪੁੱਜਣ ਦੇ ਇਤਿਹਾਸਿਕ ਵਰਤਾਰੇ ਨੂੰ 112 ਸਾਲ ਹੋ। ਰਹੇ ਹਨ। ਮਹਾਨ ਲਿਖਾਰੀ ਜਾਰਜ ਓਰਵੈਲ ਦਾ ਕਹਿਣਾ ਹੈ ਕਿ ਲੋਕਾਂ ਨੂੰ ਤਬਾਹ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਤਰੀਕਾ ਹੈ ਕਿ ਲੋਕਾਂ ਦੀ ਆਪਣੇ ਇਤਿਹਾਸ ਬਾਰੇ ਸਮਝ ਨੂੰ ਨਕਾਰਨਾ ਅਤੇ ਮਿਟਾ ਦੇਣਾ। ਲੋਕਾਂ ਨੂੰ ਤਬਾਹੀ ਤੋਂ ਬਚਾਉਣ ਲਈ ਆਪਣੇ ਇਤਿਹਾਸ ਬਾਰੇ ਸਮਝਾਉਣ ਅਤੇ ਉਸ ’ਤੇ ਫ਼ਖਰ ਮਹਿਸੂਸ ਕਰਨ ਲਈ ਗੁਰੂ ਨਾਨਕ ਜਹਾਜ਼ ਦੇ ਇਤਿਹਾਸ ਅਤੇ ਪ੍ਰਸੰਗ ਨੂੰ ਸਮਝਣਾ ਲਾਹੇਬੰਦ ਹੋਏਗਾ।

ਕੈਨੇਡਾ ਸਰਕਾਰ ਦੇ ‘ਨਸਲੀ ਵਿਤਕਰੇ ਵਾਲੇ ਕਾਨੂੰਨ ਨੂੰ ਚੁਣੌਤੀ ਲਈ ’ਗੁਰੂ ਨਾਨਕ ਸਟੀਮਸ਼ਿਪ ਕੰਪਨੀ’ ਦਾ ਗਠਨ :

ਵੀਹਵੀਂ ਸਦੀ ਦੇ ਆਰੰਭ ਵਿੱਚ ਕੈਨੇਡਾ ਵਿੱਚ ਨਸਲਵਾਦੀ ਸਰਕਾਰ ਸੀ, ਜਿਸ ਨੇ 1907 ਵਿੱਚ ਪਹਿਲਾਂ ਭਾਰਤੀਆਂ ਤੋਂ ਵੋਟ ਦਾ ਹੱਕ ਖੋਹਿਆ ਤੇ ਉਸ ਤੋਂ ਬਾਅਦ ਕੈਨੇਡਾ ਆਉਣ ਲਈ ਆਪਣੇ ਮੁਲਕ ਤੋਂ ਸਿੱਧੇ ਸਫ਼ਰ ਦੀ ਸ਼ਰਤ ਲਾ ਦਿੱਤੀ। ‘ਸਿੱਧਾ ਸਫਰ’ ਕੈਨੇਡਾ ਦਾਖਲ ਹੋਣ ਤੋਂ ਰੋਕਣ ਵਾਲਾ ‘ਕਾਲਾ ਕਾਨੂੰਨ’ ਸੀ, ਜਿਸ ਨੂੰ ਪ੍ਰਭਾਵਹੀਣ ਕਰਨ ਲਈ ਕੈਨੇਡਾ ਦੇ ਮੋਢੀ ਸਿੱਖਾਂ; ਸ਼ਹੀਦ ਭਾਈ ਭਾਗ ਸਿੰਘ ਜੀ ਭਿਖੀਵਿੰਡ, ਪ੍ਰਧਾਨ ਅਤੇ ਸ਼ਹੀਦ ਭਾਈ ਬਲਵੰਤ ਸਿੰਘ ਜੀ ਖੁਰਦਪੁਰ ਮੁੱਖ ਗ੍ਰੰਥੀ, ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਸਲਾਹ ’ਤੇ ਮਾਝੇ ਦੇ ਨਾਮਵਰ ਸਿੱਖ ਆਗੂ ਅਤੇ ਕਾਰੋਬਾਰੀ ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਦੂਰ-ਅੰਦੇਸ਼ੀ ਨਾਲ ਵਿਉਂਤ ਸੋਚੀ। ’ਨਸਲੀ ਵਿਤਕਰੇ ਵਾਲੇ ਕਾਨੂੰਨ ਨਿਰੰਤਰ ਸਿੱਧੇ ਸਫਰ’ ਨੂੰ ਚੁਣੌਤੀ ਦੇਣ ਲਈ ਜਨਵਰੀ 1914 ਵਿੱਚ ਬਾਬਾ ਜੀ ਵੱਲੋਂ ਕਲਕੱਤੇ (ਬ੍ਰਿਟਿਸ਼ ਭਾਰਤ) ਜਾ ਕੇ ‘ਗੁਰੂ ਨਾਨਕ ਸਟੀਮਸ਼ਿਪ ਕੰਪਨੀ’ ਕਾਇਮ ਕੀਤੀ ਗਈ, ਜਿਸ ਅਧੀਨ ‘ਗੁਰੂ ਨਾਨਕ ਸਾਹਿਬ’ ਦੇ ਨਾਂ ’ਤੇ ਜਹਾਜ਼ ਕਿਰਾਏ ’ਤੇ ਲੈਣ ਦਾ ਫੈਸਲਾ ਕੀਤਾ ਗਿਆ। ਉਨਾਂ ਸਮੁੰਦਰੀ ਬੇੜੇ ਦੀ ਭਾਲ ਕਰਦਿਆਂ ਸਭ ਤੋਂ ਪਹਿਲਾਂ ‘ਸਿੰਗਾਪੁਰ ਸਟੀਮਸ਼ਿਪ ਕੰਪਨੀ’ ਦੇ ਮੈਨੇਜਰ ਰਾਹੀਂ ‘ਲਿਥੋ ਐਂਡ ਕੰਪਨੀ’ ਨੂੰ ਸੰਪਰਕ ਕੀਤਾ, ਪਰ ਉਹਨਾਂ ਦਾ ਜਹਾਜ਼ ਪੁਰਾਣਾ ਹੋਣ ਕਾਰਨ ਪੈਸੇਫ਼ਿਕ ਸਮੁੰਦਰ ਵਿੱਚ ਉਤਾਰੇ ਜਾਣ ਦੇ ਸਮਰੱਥ ਨਹੀਂ ਸੀ। ਇਉਂ ਹੀ ਕਈ ਹੋਰ ਬੇੜਿਆਂ ਦੀ ਪੜਤਾਲ ਕੀਤੀ ਗਈ। ਆਖ਼ਰਕਾਰ ਜਰਮਨ ਦੇ ਏਜੰਟ ਯੂਨੇ ਰਾਹੀਂ ਜਪਾਨੀ ਕੰਪਨੀ ‘ਕਾਮਾਗਾਟਾ’ ਨਾਲ ਸੰਪਰਕ ਕੀਤਾ ਅਤੇ ਉਹਨਾਂ ਦਾ ਜਹਾਜ਼ ਲੈਣ ਦਾ ਫੈਸਲਾ ਕੀਤਾ। ਕਾਮਾਗਾਟਾਮਾਰੂ ਨਾਂ ਦਾ ਸਮੁੰਦਰੀ ਬੇੜਾ, ਜਾਪਾਨ ਤੋਂ 11 ਹਜ਼ਾਰ ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ, 6 ਮਹੀਨਿਆਂ ਲਈ 66 ਹਜ਼ਾਰ ਡਾਲਰ ’ਤੇ ਭਾੜੇ ’ਤੇ ਲਿਆ। ਇਸ ਦਾ ਆਕਾਰ 392.2 ਫ਼ੁੱਟ ਸੀ ਅਤੇ 3 ਹਜ਼ਾਰ ਟਨ ਮਾਲ ਢੋਣ ਦੀ ਸਮਰੱਥਾ ਸੀ, ਜਦ ਕਿ ਇੱਕ ਘੰਟੇ ਵਿੱਚ 20 ਕਿਲੋਮੀਟਰ ਦਾ ਸਫਰ ਤੈਅ ਕਰ ਸਕਦਾ ਸੀ। ਮਾਰਚ 1914 ਨੂੰ ਬਾਬਾ ਗੁਰਦਿੱਤ ਸਿੰਘ ਨੇ ਜਪਾਨੀ ਕੰਪਨੀ ਤੋਂ ਇਹ ਜਹਾਜ਼ ਭਾੜੇ ’ਤੇ ਲਿਆ। ਇਹ ਜਹਾਜ਼ ਕੋਲਾ ਢੋਣ ਵਾਲਾ ਸੀ ਤੇ ਇਸ ਨੂੰ ਯਾਤਰੂ ਜਹਾਜ਼ ਦੇ ਰੂਪ ਵਿੱਚ ਬਦਲਣ ਲਈ ਬਾਬਾ ਗੁਰਦਿੱਤ ਸਿੰਘ ਨੇ ਅੰਦਰੋਂ ਕਾਫੀ ਤਬਦੀਲੀ ਕੀਤੀ ਅਤੇ 2500 ਡਾਲਰ ਖਰਚੇ ’ਤੇ ਯਾਤਰੂਆਂ ਲਈ ਸਫਰ ਕਰਨ ਯੋਗ ਬਣਾਇਆ। ਭਾਰੀ ਖਰਚਾ ਕਰਕੇ ਜਹਾਜ਼ ਦੀ ਮੁਰੰਮਤ ਕਰਵਾਉਂਦਿਆਂ, ਪੂਰੀ ਤਿਆਰੀ ਨਾਲ ਜਹਾਜ਼ ਮੁਸਾਫਿਰ ਲਿਜਾਣ ਵਾਲਾ ਬੇੜਾ ਬਣ ਗਿਆ।

**‘ਗੁਰੂ ਨਾਨਕ ਜਹਾਜ਼’ ਦੇ ਨਾਮਕਰਨ ਦਾ ਇਤਿਹਾਸ:**

ਬਾਬਾ ਗੁਰਦਿੱਤ ਸਿੰਘ ਸਰਹਾਲੀ ਨੇ ਮਾਰਚ 1914 ਨੂੰ ਹਾਂਗਕਾਂਗ ਗੁਰਦੁਆਰਾ ਸਾਹਿਬ ਵਿਖੇ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅਖੰਡ ਪਾਠ ਕਰਵਾਏ ਗਏ ਅਤੇ ਸਮੁੰਦਰੀ ਜਹਾਜ਼ ਕਾਮਾਗਾਟਾਮਾਰੂ ਦਾ ਨਾਮਕਰਨ ‘ਗੁਰੂ ਨਾਨਕ ਜਹਾਜ਼’ ਕੀਤਾ ਗਿਆ। ਸਫਰ ਦੇ ਅਹਿਮ ਪਹਿਲੂ ਵਿਚਾਰਦਿਆਂ ਜਹਾਜ਼ ਦੀਆਂ ਟਿਕਟਾਂ ‘ਗੁਰੂ ਨਾਨਕ ਨੈਵੀਗੇਸ਼ਨ ਕੰਪਨੀ’ ਵੱਲੋਂ ਪ੍ਰਕਾਸ਼ਿਤ ਹੋਈਆਂ ਅਤੇ ਟਿਕਟਾਂ ਉੱਪਰ ਜਹਾਜ਼ ਦਾ ਨਾਂ ’ਗੁਰੂ ਨਾਨਕ ਸਟੀਮਰ’ ਲਿਖਿਆ ਗਿਆ। ਗੁਰੂ ਨਾਨਕ ਜਹਾਜ਼ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ, ਜਿੱਥੇ ਦੀਵਾਨ ਜੁੜਦੇ, ਢਾਡੀ ਵਾਰਾਂ ਗਾਉਂਦੇ ਅਤੇ ਨਿਸ਼ਾਨ ਸਾਹਿਬ ਝੁਲਾਇਆ ਜਾਂਦਾ। ਗੁਰੂ ਨਾਨਕ ਜਹਾਜ਼ ਦੇ ਸਫ਼ਰ ਦੌਰਾਨ ਪੰਜ ਅਖੰਡ ਪਾਠ ਅਤੇ ਦੋ ਸਹਿਜ ਪਾਠ ਸੰਪੂਰਨ ਕੀਤੇ ਗਏ। ਸਾਂਝੇ ਪੰਜਾਬ (ਅਜੋਕੇ ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼) ਦੇ ਸਭ ਯਾਤਰੂ ਜਾਣਦੇ ਸਨ ਕਿ ‘ਗੁਰੂ ਨਾਨਕ ਜਹਾਜ਼’ ਨਾਂ ’ਤੇ ਹੀ ਸਭ ਨੂੰ ‘ਸਾਂਝੀ ਗੋਦ’ ਵਿੱਚ ਲਿਆ ਜਾ ਸਕਦਾ ਸੀ। ਇਤਿਹਾਸਿਕ ਤੱਥਾਂ ’ਤੇ ਅਧਾਰਤ ਇਸ ਜਾਣਕਾਰੀ ਤੋਂ ਬਾਅਦ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਸ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਹੈ ਅਤੇ ਇਤਿਹਾਸਕਾਰਾਂ ਲਈ ਗੁਰੂ ਨਾਨਕ ਜਹਾਜ਼ ਸ਼ਬਦ ਹੀ ਵਰਤਣਾ ਉਚਿਤ ਹੈ। ਕਈਆਂ ਵੱਲੋਂ ਅੱਜ ਵੀ ਜਾਣੇ-ਅਣਜਾਣੇ ਵਿੱਚ ਗੁਰੂ ਨਾਨਕ ਜਹਾਜ਼ ਨੂੰ, ਜਾਪਾਨੀ ਨਾਂ ਕਾਮਾਗਾਟਾਮਾਰੂ ਨਾਲ ਹੀ ਬਿਆਨਿਆ ਜਾਂਦਾ ਹੈ, ਜੋ ਕਿ ਸਹੀ ਨਹੀਂ। ਜਹਾਜ਼ ਦੇ ਸਹੀ ਨਾਂ ਪ੍ਰਤੀ ਬੇਸਮਝੀ ਹੋਣ ਕਾਰਨ, ਕੈਨੇਡਾ ਵਿੱਚ ਕਈ ਸੰਸਥਾਵਾਂ ਦੇ ਨੁਮਾਇਦੇ ਕਾਹਲੀ ਨਾਲ ਸੜਕਾਂ, ਪਾਰਕਾਂ ਅਤੇ ਇਮਾਰਤਾਂ ਆਦਿ ਦੇ ਨਾਂ ‘ਕਾਮਾਗਾਟਾਮਾਰੂ’ ਰਖਵਾਈ ਜਾ ਰਹੇ ਹਨ, ਜੋ ਕਿ ਆਪਣੇ ਆਪ ਵਿੱਚ ਗਲਤ ਪਿਰਤ ਹੈ। ਅਜਿਹੀਆਂ ਸੰਸਥਾਵਾਂ ਦੇ ਆਗੂਆਂ ਲਈ ਇਤਿਹਾਸਿਕ ਖੋਜ ਪ੍ਰਤੀ ਸੂਝ-ਬੂਝ ਰੱਖਣੀ ਜ਼ਰੂਰੀ ਹੈ।

**ਕੌਮਾਂਤਰੀ ਮੰਚ ’ਤੇ ਪੰਜਾਬੀ ਸ਼ਬਦ ‘ਜਹਾਜ਼’ ਨੂੰ ਮਾਨਤਾ:**

ਨਿਰੰਤਰ ਸਿੱਧੇ ਸਫਰ ਦੇ ਕਾਨੂੰਨੀ ਪੱਖ ਨੂੰ ਧਿਆਨ ਵਿੱਚ ਰੱਖਦਿਆਂ, ਜਹਾਜ਼ ਦੇ ਮੁਸਾਫਿਰਾਂ ਨੂੰ ਹਰ ਬੰਦਰਗਾਹ ’ਤੇ, ‘ਗੁਰੂ ਨਾਨਕ ਸਟੀਮਸ਼ਿਪ ਕੰਪਨੀ’ ਅਧੀਨ, ਗੁਰੂ ਨਾਨਕ ਜਹਾਜ਼ ਦੀਆਂ ਟਿਕਟਾਂ ’ਤੇ ਹੀ ਦਾਖਲ ਕੀਤਾ ਜਾਂਦਾ ਅਤੇ ਤੋਰਿਆ ਜਾਂਦਾ ਸੀ। ਆਪਣੇ ਇਤਿਹਾਸ ਅਤੇ ਵਿਰਾਸਤ ’ਤੇ ਪਹਿਰਾ ਦਿੰਦੇ ਹੋਏ, ਜਾਪਾਨੀ ਸ਼ਬਦ ‘ਮਾਰੂ’ ਜਾਂ ਅੰਗਰੇਜ਼ੀ ਸ਼ਬਦ ‘ਸ਼ਿਪ’ ਦੀ ਥਾਂ ’ਤੇ, ‘ਜਹਾਜ਼’ ਸ਼ਬਦ ਵਰਤਣਾ, ਪੰਜਾਬੀ ਮਾਂ ਬੋਲੀ ਤੇ ਗੁਰਮੁਖੀ ਦਾ ਸਤਿਕਾਰ ਅਤੇ ਪੰਜਾਬੀ ਸੱਭਿਆਚਾਰ ਦਾ ਗਿਆਨ ਵਧਾਉਣ ਤੋਂ ਇਲਾਵਾ ਦੁਨੀਆ ਨੂੰ ਦੱਸਣਾ ਸੀ ਕਿ ‘ਪੰਜਾਬੀ ਸ਼ਬਦ ਕੋਸ਼’ ਕਿੰਨੀ ਅਹਿਮੀਅਤ ਰੱਖਦਾ ਹੈ। ਇਤਿਹਾਸਿਕ ਦਸਤਾਵੇਜ਼ਾਂ ਮੁਤਾਬਕ ਜਪਾਨੀ ਸਮੁੰਦਰੀ ਬੇੜੇ ਨੂੰ ਕਿਰਾਏ ’ਤੇ ਲੈ ਕੇ, ਉਸ ਦੇ ਪੁਨਰ ਨਾਮਕਰਨ ਦੇ ਆਧਾਰ ’ਤੇ, ਉਸ ਨੂੰ ਗੁਰੂ ਨਾਨਕ ਜਹਾਜ਼ ਹੀ ਕਿਹਾ ਜਾ ਸਕਦਾ ਹੈ, ਨਾ ਕਿ ਕਿਸੇ ਵੀ ਹੋਰ ਨਾਂ ਨਾਲ ਸੰਬੋਧਨ ਕਰਨਾ ਠੀਕ ਹੈ। ਅਜਿਹੇ ਸੁਚੱਜੇ ਵਰਤਾਰੇ ਨੇ ਕੌਮਾਂਤਰੀ ਮੰਚ ’ਤੇ ਪੰਜਾਬੀ ਸ਼ਬਦ ’ਜਹਾਜ਼’ ਨੂੰ ਮਕਬੂਲ ਕੀਤਾ ਹੈ।

ਡਾ. ਗੁਰਵਿੰਦਰ ਸਿੰਘ
604 825 1550



**‘ਗੁਰੂ ਨਾਨਕ ਜਹਾਜ਼’ ਨਾਂ ਤੋਂ ਪਹਿਲਾਂ ਤੇ ਮਗਰੋਂ ਬਦਲਦੇ ਰਹੇ ਨੇ ਸਮੁੰਦਰੀ ਬੇੜੇ ਦੇ ਨਾਂ :**

ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ ’ਤੇ ਲਏ ਗਏ ਜਹਾਜ਼ ਦੇ ਨਾਂ ਸਮੇਂ-ਸਮੇਂ ਬਦਲਦੇ ਰਹੇ ਹਨ। ‘ਕਾਮਾਗਾਟਾਮਾਰੂ ਨਾਂ ਦੀ ਕੰਪਨੀ ਵੱਲੋਂ ਖਰੀਦੇ ਜਾਣ ਤੋਂ ਪਹਿਲਾਂ, ਇਸ ਜਹਾਜ਼ ਦੇ ਕਈ ਹੋਰ ਨਾਂ ਸਨ। ਮੂਲ ਰੂਪ ਵਿੱਚ ਇਹ ਜਪਾਨੀ ਸਟੀਮ ਲਾਈਨਰ ਜਹਾਜ਼ ਕੋਲਾ ਢੋਣ ਵਾਲਾ ਸੀ, ਜਿਸ ਨੂੰ ‘ਚਾਰਲਸ ਕੋਨੇਲ ਐਂਡ ਕੰਪਨੀ’ ਨੇ 13 ਅਗਸਤ 1890 ਨੂੰ ਪਹਿਲੀ ਵਾਰ ਸਮੁੰਦਰ ਵਿੱਚ ਉਤਾਰਿਆ ਸੀ ਅਤੇ ਉਦੋਂ ਇਸ ਦਾ ਨਾਂ ਉਪਰੋਕਤ ਕੰਪਨੀ ਦੇ ਨਾਂ ’ਤੇ ਹੀ ਆਧਾਰਿਤ ਸੀ। ਫਿਰ ਇਸ ਦੀ ਮਾਲਕੀ ‘ਸਿਨਿਆਈ ਕਾਈਸਨ ਗੋਸ਼ੀ ਕੈਸੀਆ’ ਜਪਾਨੀ ਕੰਪਨੀ ਕੋਲ ਆ ਗਈ ਅਤੇ ਇਸ ਨੂੰ ਇਸ ਕੰਪਨੀ ਦੇ ਨਾਂ ਨਾਲ ਜਾਣਿਆਂ ਜਾਂਦਾ ਰਿਹਾ। ਸੰਨ 1894 ਵਿੱਚ ਦੋ ਜਰਮਨ ਐਸ ਐਸ ਸ਼ਟਿਊਬਨਹੁਕ ਤੇ ਐਸ ਐਸ ਸੀਸੀਲੀਆ ਇਸਦੇ ਮਾਲਕ ਬਣੇ ਤੇ ਇਸਦਾ ਨਾਂ ‘ਸੀਸੀਲੀਆ ਜਹਾਜ਼’ ਹੋ ਗਿਆ। ਇਸ ਤੋਂ ਬਾਅਦ ਇਹ ਜਹਾਜ਼ ਕਾਫੀ ਸਮਾਂ ‘ਹੈਮਬਰਗ ਅਤੇ ਅਮਰੀਕਨ ਲਾਈਨ’ ਕੋਲ ਰਿਹਾ ਅਤੇ ਉਹਨਾਂ ਦੇ ਨਾਂ ਨਾਲ ਹੀ ਸੰਬੋਧਨ ਕੀਤਾ ਜਾਂਦਾ ਰਿਹਾ। 1913 ਵਿੱਚ ਜਪਾਨ ਦੀ ਕੰਪਨੀ ਨੇ ਇਹ ਸਮੁੰਦਰੀ ਬੇੜਾ ਖਰੀਦ ਲਿਆ ਅਤੇ ਉਸ ਸਮੇਂ ਤੋਂ ਇਸ ਜਹਾਜ਼ ਦਾ ਨਾਂ ‘ਕਾਮਾਗਾਟਾ ਮਾਰੂ’ ਹੋ ਗਿਆ। ਸੰਨ 1914 ਵਿੱਚ ਬਾਬਾ ਗੁਰਦਿੱਤ ਸਿੰਘ ਵੱਲੋਂ ਭਾੜੇ ਤੇ ਲੈਣ ’ਤੇ ਇਸ ਦਾ ਨਾਂ ‘ਗੁਰੂ ਨਾਨਕ ਜਹਾਜ਼’ ਰੱਖਿਆ ਗਿਆ। 23 ਜੁਲਾਈ 1914 ਨੂੰ ਕੈਨੇਡਾ ਤੋਂ ਜਬਰੀ ਵਾਪਸ ਮੋੜਨ ’ਤੇ, 29 ਸਤੰਬਰ 1914 ਨੂੰ ਕਲਕੱਤਾ ਵਿਖੇ ਬਜ-ਬਜ ਘਾਟ ’ਤੇ ਪੁੱਜਣ ਮਗਰੋਂ, ਇਹ ਜਹਾਜ਼ ‘ਕਾਮਾਗਾਟਾਮਾਰੂ ਕੰਪਨੀ’ ਵਾਪਸ ਲੈ ਗਈ। 1924 ਵਿੱਚ ਇਹ ਜਹਾਜ਼ ਹੋਰ ਕੰਪਨੀ ਨੇ ਖਰੀਦ ਲਿਆ ਅਤੇ ਇਸ ਦਾ ਨਾਂ ‘ਹੀਏਨ ਮਾਰੂ’ ਰੱਖ ਦਿੱਤਾ। ਸੰਨ 1926 ਵਿੱਚ ਹੀਏਨ ਮਾਰੂ ਜਹਾਜ਼ ਨੂੰ ਸਮੁੰਦਰੀ ਸਫਰ ਦੇ ਯੋਗ ਨਾ ਹੋਣ ਦੀ ਹਾਲਤ ਵਿੱਚ ਨਕਾਰਾ ਕਰ ਦਿੱਤਾ ਗਿਆ। ਇਉਂ ਇਸ ਸਮੁੰਦਰੀ ਬੇੜੇ ਦੇ ਨਾਂ ਕਈ ਵਾਰ ਬਦਲੇ, ਪਰ ਇਸ ਗੱਲ ਨਾਲ ਆਪਣਾ ਕੋਈ ਲੈਣਾ-ਦੇਣਾ ਨਹੀਂ ਅਤੇ ਨਾ ਹੀ ਇਹ ਮੁੱਦਾ ਅਹਿਮ ਹੈ ਕਿ ਸਾਡੇ ਬਜ਼ੁਰਗਾਂ ਨੇ ਕਿਸ ਕੰਪਨੀ ਤੋਂ ਇਹ ਜਹਾਜ ਭਾੜੇ ਤੇ ਲਿਆ। ਸਾਡਾ ਅਸਲ ਮਕਸਦ ਤਾਂ ਉਹ ਇਤਿਹਾਸ ਸਾਂਭਣਾ ਹੈ, ਜਿਹੜਾ ਗੁਰੂ ਨਾਨਕ ਸਾਹਿਬ ਦੀ ਸਾਜੀ-ਵਾਜੀ ਖਲਕਤ ਵੱਲੋਂ ਨਸਲਵਾਦ ਖਿਲਾਫ ਜਾਨ ਦੀ ਬਾਜ਼ੀ ਖੇਡ ਕੇ ਸੰਘਰਸ਼ ਰੂਪ ਵਿੱਚ ਕਾਇਮ ਕੀਤਾ ਗਿਆ।



**‘ਗੁਰੂ ਨਾਨਕ ਜਹਾਜ਼’ ਦੇ ਕੈਨੇਡਾ ਰਵਾਨਾ ਹੋਣ ਦਾ ਬਿਰਤਾਂਤ**


ਦਰਅਸਲ ਸਾਡਾ ਸਬੰਧ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਉਸ ਬਿਰਤਾਂਤ ਨਾਲ ਹੈ, ਜਿਸ ਰਾਹੀਂ ਕੈਨੇਡਾ ਵਿੱਚ ਮਨੁੱਖੀ ਹੱਕਾਂ ਲਈ ਘੋਲ ਕੀਤਾ ਗਿਆ ਅਤੇ ਡੋਮੀਨੀਅਨ ਕੈਨੇਡਾ ਦੀ ਸਰਕਾਰ ਦੇ ਨਸਲਵਾਦ ਨੂੰ ਚੁਣੌਤੀ ਦਿੱਤੀ ਗਈ। ਬਾਬਾ ਗੁਰਦਿੱਤ ਸਿੰਘ ਨੇ ‘ਗੁਰੂ ਨਾਨਕ ਸਟੀਮਸ਼ਿਪ ਕੰਪਨੀ ਵੱਲੋਂ ਜਹਾਜ਼ ਦੇ ਕੈਨੇਡਾ ਰਵਾਨਾ ਹੋਣ ਲਈ ਅਖਬਾਰਾਂ ’ਚ ਇਸ਼ਤਿਹਾਰ ਦੇ ਦਿੱਤਾ। ਭਾਰੀ ਉਤਸ਼ਾਹ ਨਾਲ ਪੰਜ ਸੌ ਮੁਸਾਫਰ ਕੈਨੇਡਾ ਜਾਣ ਲਈ ਤਿਆਰ ਹੋ ਗਏ। 30 ਮਾਰਚ 1914 ਨੂੰ ਜਹਾਜ਼ ਹਾਂਗਕਾਂਗ ਤੋਂ ਰਵਾਨਾ ਹੋਣਾ ਸੀ, ਪਰ 25 ਮਾਰਚ ਨੂੰ ਬ੍ਰਿਟਿਸ਼ ਹਕੂਮਤ ਦੇ ਇਸ਼ਾਰੇ ’ਤੇ ਬਾਬਾ ਗੁਰਦਿੱਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜਿਸ ਕਾਰਨ ਬਹੁਤ ਸਾਰੇ ਮੁਸਾਫਿਰ ਸਹਿਮ ਦੇ ਮਾਰੇ ਖਿੰਡ-ਪੁੰਡ ਗਏ। ਕੁਝ ਦਿਨਾਂ ਬਾਅਦ ਬਾਬਾ ਜੀ ਦੀ ਰਿਹਾਈ ਮਗਰੋਂ, ਗੁਰੂ ਨਾਨਕ ਜਹਾਜ਼ 4 ਅਪ੍ਰੈਲ 1914 ਨੂੰ 135 ਮੁਸਾਫਿਰਾਂ ਨੂੰ ਲੈ ਕੇ ਹਾਂਗਕਾਂਗ ਤੋਂ ਰਵਾਨਾ ਹੋਇਆ। ਰਸਤੇ ਵਿੱਚ ਹੋਰ ਮੁਸਾਫਿਰ ਸਵਾਰ ਹੁੰਦੇ ਗਏ ਅਤੇ ਇਹ 23 ਮਈ 2014 ਨੂੰ ਵੈਨਕੂਵਰ ਪਹੁੰਚਿਆ। ਜਹਾਜ਼ ਵਿੱਚ 377 ਯਾਤਰੀ ਸਵਾਰ ਸਨ, ਜਿਨ੍ਹਾਂ ਵਿੱਚ 341 ਸਿੱਖ, 24 ਮੁਸਲਮਾਨ ਅਤੇ 12 ਹਿੰਦੂ ਸਨ, ਜੋ ਜ਼ਿਆਦਾਤਰ ਸਾਂਝੇ ਪੰਜਾਬ ਖੇਤਰ ਦੇ ਸਨ। ਉਹ ਇੱਥੇ ਕੈਨੇਡਾ ਵਿੱਚ ਚੰਗੇ ਮੌਕਿਆਂ ਨਾਲ ਭਰਪੂਰ ਜ਼ਿੰਦਗੀ ਦੀ ਉਮੀਦ ਵਿੱਚ ਆਏ ਸਨ।

**ਨਸਲੀ ਵਿਤਕਰੇ ਅਧੀਨ ਕੈਨੇਡਾ ’ਚ ਗੁਰੂ ਨਾਨਕ ਜਹਾਜ਼ ਦੇ ਦਾਖਲੇ ’ਤੇ ਰੋਕ :**

ਨਿਰੰਤਰ ਸਿੱਧੇ ਸਫਰ ਰਾਹੀਂ ਆਉਣ ਅਤੇ ਬ੍ਰਿਟਿਸ਼ ਪਰਜਾ ਹੋਣ ਦੇ ਬਾਵਜੂਦ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੂੰ ਭੇਦਭਾਵ ਅਤੇ ਨਸਲਵਾਦੀ ਨੀਤੀਆਂ ਦੇ ਅਧਾਰ ’ਤੇ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਯਾਤਰੀਆਂ ਨੂੰ ਡਾਕਟਰੀ ਸਹਾਇਤਾ, ਭੋਜਨ ਅਤੇ ਪਾਣੀ ਦੀ ਲੋੜੀਂਦੀ ਪਹੁੰਚ ਤੋਂ ਬਿਨਾਂ ਹੀ ਜਹਾਜ਼ ਦੇ ਬੋਰਡ ’ਤੇ ਰਹਿਣ ਲਈ ਮਜਬੂਰ ਕੀਤਾ ਗਿਆ। ਕਾਨੂੰਨੀ ਪੱਖੋਂ ਸਹੀ ਯਾਤਰਾ ਦਸਤਾਵੇਜ਼ ਰੱਖਣ ਅਤੇ ਭੇਦ-ਭਾਵ ਵਾਲੇ $200 ਹੈੱਡ ਟੈਕਸ ਦੀ ਵਧੀਕੀ ਦੀ ਪਾਲਣਾ ਕਰਨ ਦੇ ਬਾਵਜੂਦ, ਮੁਸਾਫਿਰਾਂ ਦੇ ਕੈਨੇਡਾ ’ਚ ਦਾਖਲੇ ’ਤੇ ਪਾਬੰਦੀ ਲਗਾ ਦਿੱਤੀ ਗਈ। ਡੋਮੇਨੀਅਨ ਕੈਨੇਡਾ ਦੀ ਹਕੂਮਤ ਦੇ ਵਿਤਕਰੇ ਦੇ ਰੂਪ ਵਿੱਚ ਵੈਨਕੂਵਰ ਦੇ ਮੇਅਰ ਬੈਕਸਟਰ ਵੱਲੋਂ 23 ਜੂਨ, 1914 ਨੂੰ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਖਿਲਾਫ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ, ਜਿਸ ਵਿੱਚ ਕਿਹਾ ਗਿਆ ਹੈ ਕਿ ਵੈਨਕੂਵਰ ਸਿਟੀ ਕੌਂਸਲ ਇਸ ਦੇਸ਼ ਵਿੱਚ ‘ਹਿੰਦੂਆਂ’ ਅਤੇ ‘ਹੋਰ ਏਸ਼ੀਆਈ ਨਸਲਾਂ’ (ਨਸਲਵਾਦੀ ਸ਼ਬਦ) ਦੇ ਦਾਖਲੇ ਦੇ ਅਟੱਲ ਤੌਰ ’ਤੇ ਵਿਰੋਧ ਨੂੰ ਰਿਕਾਰਡ ’ਤੇ ਰੱਖਣਾ ਚਾਹੁੰਦੀ ਹੈ ਤੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਰੌਬਰਟ ਬੋਰਡਨ ਨੂੰ ਇੱਕ ਤਾਰ ਭੇਜਣ ਦਾ ਅਧਿਕਾਰ ਦਿੱਤਾ ਜਾਂਦਾ ਹੈ, ਤਾਂ ਕਿ ਮੁਸਾਫਿਰ ਕੈਨੇਡਾ ਦੀ ਧਰਤੀ ’ਤੇ ਉਤਰ ਨਾ ਸਕਣ। ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਅਤੇ ਬੀਸੀ ਅਤੇ ਕੈਨੇਡਾ ਦੀਆਂ ਸਰਕਾਰਾਂ ਨੇ ਇਸ ’ਤੇ ਮੋਹਰ ਲਗਾਈ।

**ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨਾਲ ‘ਕਾਮਾਗਾਟਾਮਾਰੂ ਕੰਪਨੀ’ ਵੱਲੋਂ ਵੀ ਧੱਕੇਸ਼ਾਹੀ :**

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੇ ਦੋਹਰਾ ਸੰਤਾਪ ਹੰਡਾਇਆ, ਇੱਕ ਪਾਸੇ ਕੈਨੇਡਾ ਦੀ ਨਸਲਵਾਦੀ ਸਰਕਾਰ ਦਾ ਅਤੇ ਦੂਜੇ ਪਾਸੇ ਕਾਮਾਗਾਟਾਮਾਰੂ ਸਟੀਮਸ਼ਿਪ ਕੰਪਨੀ ਦਾ। ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਗੁਰੂ ਨਾਨਕ ਜਹਾਜ਼ ਲਈ ਕੰਮ ਕਰਨ ਵਾਲੇ, ‘ਕਾਮਾਗਾਟਾਮਾਰੂ ਕੰਪਨੀ’ ਦੇ ਇੰਸਪੈਕਟਰ ਗੀਡ ਐਚ ਐਸ ਸਟੀਵਨ ਅਤੇ ਕੈਪਟਨ ਵਾਲਟਰ ਹੇਜ਼ ਵੀ, ਨਸਲਵਾਦੀ ਗੋਰਿਆਂ ਦੀ ਡੋਮੀਨੀਅਨ’ ਕੈਨੇਡੀਅਨ ਸਰਕਾਰ ਨਾਲ ਮਿਲ’ ਗਏ ਅਤੇ ਮੁਸਾਫਿਰਾਂ ਵਿਰੁੱਧ ਭੁਗਤਣਾ ਸ਼ੁਰੂ ਕਰ ਦਿੱਤਾ। ਸਿਤਮਜ਼ਰੀਫੀ ਇਹ ਹੈ ਕਿ ਜਿਸ ਕਾਮਾਗਾਟਾਮਾਰੂ ਕੰਪਨੀ ਦਾ ਨਾਂ ਅੱਜਕੱਲ ‘ਨਸਲੀ ਵਿਤਕਰੇ ਦੀ ਪੀੜਤ’ ਵਜੋਂ ਚਮਕਾਇਆ ਜਾਂਦਾ ਹੈ, ਵਾਸਤਵ ਵਿੱਚ ਇਸ ਕਾਮਾਗਾਟਾਮਾਰੂ ਕੰਪਨੀ ਨੇ ਵੀ ’ਮੁਸਾਫਿਰਾਂ ਨਾਲ ਵਿਤਕਰਾ’ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਕੈਨੇਡਾ ਦੇ ਮੋਢੀ ਸਿੱਖਾਂ ’ਚੋਂ ਇੱਕ ਲਿਖਾਰੀ ਭਾਈ ਅਰਜਨ ਸਿੰਘ ‘ਚੰਦ ਨਵਾਂ’ ਕੈਨੇਡਾ ਦੀ ਮੁਖਤਸਰ ਡਾਇਰੀ ਦੇ ਪੰਨਾ 19 ’ਤੇ ਲਿਖਦੇ ਹਨ ਕਿ 13 ਜੂਨ 1914 ਨੂੰ ‘ਕਾਮਾਗਾਟਾਮਾਰੂ ਕੰਪਨੀ’ ਦੀ ਤਾਰ ਆਈ ਕਿ ਚਾਰਟਰਡ ਦੀ ਮਾਇਆ ਕਿਸ਼ਤ ਦੇਵੋ, ਨਹੀਂ ਤਾਂ ਜਹਾਜ਼ ਵਾਪਸ ਕੀਤਾ ਜਾਵੇ। ਅਜਿਹੀ ਹਾਲਤ ਵਿੱਚ ਡੋਮੇਨੀਅਨ ਹਾਲ ਵਿੱਚ ਸੰਗਤਾਂ ਨੇ ਇਕੱਠਿਆਂ ਹੋ ਕੇ ਮਾਇਆ ਇਕੱਤਰ ਕੀਤੀ।



ਬਾਬਾ ਗੁਰਦਿੱਤ ਸਿੰਘ ਸਵੈ-ਜੀਵਨੀ 'ਗੁਰੂ ਨਾਨਕ ਜਹਾਜ਼' ਵਿੱਚ 'ਮੇਰਾ ਬਿਆਨ' ਸਿਰਲੇਖ ਹੇਠ ਲਿਖਦੇ ਹਨ, "ਲੋਭੀ ਜਪਾਨੀਆਂ ਨੇ ਹੁਣ ਹਿੰਦੀ ਮੁਸਾਫਿਰਾਂ ਨੂੰ ਦੁੱਖ ਦੇਣੇ ਭੀ ਆਰੰਭ ਕਰ ਦਿੱਤੇ, ਜੈਸਾ ਕਿ ਜਹਾਜ਼ ਵਿੱਚ ਰੌਸ਼ਨੀ ਬੰਦ ਕਰ ਦਿੱਤੀ ਤੇ ਰਾਤ ਸਮੇਂ ਮੁਸਾਫਿਰਾਂ ਨੂੰ ਸਖਤ ਠੋਕਰਾਂ ਲੱਗੀਆਂ। ਨਾਲ ਹੀ ਰੋਟੀ ਪਕਵਾਣ ਅਤੇ ਵਰਤਾਣ ਵਿੱਚ ਹੱਦ ਦਰਜੇ ਦੀ ਤਕਲੀਫ ਹੋਈ। ਹੋਰ, ਪੂਰਾ ਪਾਣੀ ਮੁਸਾਫਿਰਾਂ ਨੂੰ ਨਾ ਦੇਣ ਇਤਆਦਿਕ ਬਹੁਤ ਸਾਰੇ ਕਸ਼ਟ ਦਿੱਤੇ।" ਕਾਮਾਗਾਟਾਮਾਰੂ ਕੰਪਨੀ ਦੇ ਕਪਤਾਨ ਯਾਮਾ ਮੋਟੋ ਵੱਲੋਂ ਇੰਸਪੈਕਟਰ ਐਚ ਐਸ ਸਟੀਵਨ ਅਤੇ ਵਾਲਟਰ ਹੇਜ਼ ਨਾਲ ਮਿਲ ਕੇ ਮੁਸਾਫਿਰਾਂ ਨਾਲ ਵਿਤਕਰਾ ਕਰਨ ਦੀਆਂ ਵਧੀਕੀਆਂ, ਜਹਾਜ਼ 'ਚੋਂ ਮੁਸਾਫਰਾਂ ਨੂੰ ਉਤਾਰ ਕੇ ਜਹਾਜ਼ ਜਬਰੀ ਵਾਪਸ ਲਿਜਾਣ ਦੇ ਡਰਾਵੇ, ਕੰਪਨੀ ਵੱਲੋਂ ਝੂਠੀਆਂ ਤੋਹਮਤਾਂ ਰਾਹੀਂ ਜਪਾਨੀ ਸਰਕਾਰ ਤੋਂ ਮੁਸਾਫਿਰਾ ਉੱਤੇ ਹਮਲੇ ਦੀਆਂ ਸਾਜਿਸ਼ਾਂ ਆਦਿ ਰੂਪੀ ਧੱਕੇਸ਼ਾਹੀਆਂ ਬਾਬਾ ਗੁਰਦਿੱਤ ਸਿੰਘ ਦੇ ਬਿਆਨ ਰਾਹੀਂ ਸਾਹਮਣੇ ਆਉਂਦੀਆਂ ਹਨ। ਇਤਿਹਾਸਿਕ ਤੱਥ ਜਾਨਣ ਮਗਰੋਂ ਸਾਡੀ ਹਮਦਰਦੀ ਕਾਮਾਗਾਟਾਮਾਰੂ ਜਹਾਜ਼ ਦੀ ਕੰਪਨੀ ਦੇ ਨਾਲ ਨਹੀਂ, ਬਲਕਿ ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਨਾਲ ਹੋਣੀ ਚਾਹੀਦੀ ਹੈ, ਜਿਹਨਾਂ ਦੋਹਾਂ ਪਾਸਿਆਂ ਤੋਂ ਵਿਤਕਰਾ ਅਤੇ ਧੱਕੇਸ਼ਾਹੀ ਹੱਡੀਂ ਹੰਢਾਏ।

**ਗੁਰੂ ਨਾਨਕ ਜਹਾਜ਼ ਦੀ ਕੈਨੇਡਾ ਤੋਂ ਜਬਰੀ ਵਾਪਸੀ:**

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਖਿਲਾਫ 6 ਜੁਲਾਈ 1914 ਦੇ ਬੋਰਡ ਆਫ ਅਪੀਲ ਦੇ ਨਿਰਾਸ਼ਾਵਾਦੀ ਫੈਸਲੇ ਤੋਂ ਬਾਅਦ ਹਾਲਾਤ ਹੋਰ ਵੀ ਵਿਗੜ ਗਏ। 19 ਜੁਲਾਈ, 1914 ਨੂੰ ਤੜਕੇ, 35 ਡਿਪੂਟਾਈਜ਼ਡ ਅਫਸਰਾਂ ਅਤੇ 125 ਸਿਟੀ ਪੁਲਿਸ ਅਧਿਕਾਰੀਆਂ ਨਾਲ, ਛੋਟਾ ਸਰਕਾਰੀ ਸਮੁੰਦਰੀ ਜਹਾਜ਼, ਹਥਿਆਰਬੰਦ ਹਮਲਾਵਰਾਂ ਨੂੰ ਨਾਲ ਲੈ ਕੇ ਗੁਰੂ ਨਾਨਕ ਜਹਾਜ਼ ਨੂੰ ਬੰਦਰਗਾਹ ਤੋਂ ਬਾਹਰ ਕੱਢਣ ਦੇ ਇਰਾਦੇ ਨਾਲ ਆਣ ਪਹੁੰਚਿਆ। ਗੁਰੂ ਨਾਨਕ ਜਹਾਜ਼ ਦੇ ਮੁਸਾਫਿਰ ਜਾਗ ਰਹੇ ਸਨ ਅਤੇ ਧੱਕੇਸ਼ਾਹੀ ਦਾ ਵਿਰੋਧ ਕਰ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਆਪਣੇ ਦੇਸ਼ ਵਾਪਸੀ ਦੀ ਲੰਬੀ ਯਾਤਰਾ ਲਈ ਭੋਜਨ ਅਤੇ ਪਾਣੀ ਨਹੀਂ ਮਿਲਿਆ। ਸਰਕਾਰੀ ਹਮਲੇ ਦੇ ਜਵਾਬ ਵਿੱਚ ਮੁਸਾਫਿਰਾਂ ਨੇ ਜੈਕਾਰੇ ਲਾਉਂਦਿਆਂ ਹੋਇਆਂ ਇੱਟਾਂ ਆਦਿ ਨਾਲ ਮੋੜਵਾਂ ਪ੍ਰਤਿਕਰਮ ਦਿੱਤਾ। ਯਾਤਰੀਆਂ ਨੇ ਫੈਸਲਾ ਕੀਤਾ ਕਿ ਉਹ 'ਜਬਰ ਦਾ ਮੁਕਾਬਲਾ ਚੜ੍ਹਦੀ ਕਲਾ' ਨਾਲ ਕਰਨਗੇ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦਾ ਰੋਹ ਦੇਖਦਿਆਂ ਹੋਇਆਂ, ਸਰਕਾਰ ਨੇ ਆਪਣਾ ਹਮਲਾਵਰ ਜਹਾਜ਼ ਵਾਪਸ ਮੋੜ ਲਿਆ। ਮਹਾਨ ਗੱਲ ਇਹ ਹੈ ਕਿ ਦੋ ਮਹੀਨੇ 'ਚ ਖੁੱਲੇ ਅੰਬਰਾਂ ਹੇਠ ਸਮੁੰਦਰਾਂ ਵਿੱਚ ਗੁਰਦੁਆਰਾ ਸਾਹਿਬ ਸੁਸ਼ੋਭਤ ਰਿਹਾ, ਜੋ ਕਿ ਰੂਹਾਨੀਅਤ ਦਾ ਸ਼ਾਨਦਾਰ ਪ੍ਰਤੀਕ ਹੈ ;

**ਸ਼ਾਂਤ ਸਮੁੰਦਰ ਬਣ ਗਿਆ, ਸੰਗਤ ਲਈ ਬਵਾਣ।**
**ਅੰਬਰ ਤਾਣੀ ਚਾਨਣੀ, 'ਪਾਵਨ ਸ਼ਬਦ' ਦੀਵਾਣ।**

ਇਸ ਦੌਰਾਨ ਨਸਲਵਾਦੀ ਵੈਨਕੂਵਰ ਪੁਲਿਸ, ਮੇਅਰ ਬੈਕਸਟਰ ਅਤੇ ਸਿਟੀ ਕਾਉਂਸਲਰਾਂ ਤੋਂ ਇਲਾਵਾ ਸਾਰੀਆਂ ਹਾਕਮੀ ਤਾਕਤਾਂ ਨੇ ਜਹਾਜ਼ ਦੇ ਮੁਸਾਫਰਾਂ ਉੱਪਰ ਦੇਸ਼ ਨਿਕਾਲੇ ਦੇ ਹੁਕਮ ਲਾਗੂ ਕੀਤੇ।

**ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ :**

ਡੋਮੀਨੀਅਨ ਕੈਨੇਡਾ ਦੀ ਨਸਲਵਾਦੀ ਸਰਕਾਰ ਦੀਆਂ ਪੱਖਪਾਤੀ ਕਾਰਵਾਈਆਂ ਦੇ ਬਾਵਜੂਦ, ਵੈਨਕੂਵਰ ਵਿੱਚ ਰਹਿ ਰਹੇ ਸਥਾਨਕ ਸੁਹਿਰਦ ਭਾਈਚਾਰਿਆਂ ਨੇ ਯਾਤਰੀਆਂ ਦੀ ਵਕਾਲਤ ਕੀਤੀ। ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਸਮੇਤ ਸਿੱਖਾਂ ਨੇ ਮੁਸਾਫਿਰਾਂ ਦੇ ਸਮਰਥਨ ਵਿੱਚ, ਪ੍ਰਬੰਧਾਂ ਅਤੇ ਕਾਨੂੰਨੀ ਯਤਨਾਂ ਦੇ ਖਰਚਿਆਂ ਦਾ ਭੁਗਤਾਨ ਕਰਨ ਲਈ ਫੰਡ ਇਕੱਠੇ ਕੀਤੇ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਸਹਿਯੋਗੀ ਹਸਨ ਰਹੀਮ ਦੇ ਨਾਂ 'ਤੇ ਜਹਾਜ਼ ਦੀ ਲੀਜ਼ ਤਬਦੀਲ ਕਰਨ ਮਗਰੋਂ, ਸਥਾਨਕ ਸਿੱਖ ਸੰਗਤਾਂ ਨੇ ਯਾਤਰੀਆਂ ਦੀਆਂ ਮਹਿੰਗੀਆਂ ਕਾਨੂੰਨੀ ਫੀਸਾਂ ਲਈ ਮਹਿੰਗੇ ਵਕੀਲਾਂ ਲਈ ਵੀ ਆਰਥਿਕ ਪ੍ਰਬੰਧ ਕੀਤੇ, ਜੋ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਦੇਸ਼ ਨਿਕਾਲੇ ਦੇ ਆਦੇਸ਼ਾਂ ਖਿਲਾਫ ਲੜ ਰਹੇ ਸਨ। ਭੋਜਨ, ਪਾਣੀ ਅਤੇ ਦਵਾਈਆਂ ਯਾਤਰੀਆਂ ਤੱਕ ਪਹੁੰਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਦੇਸ਼ ਨਿਕਾਲੇ ਦੇ ਹੁਕਮ ਨੂੰ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਵਕੀਲ ਜੋਸੇਫ ਐਡਵਰਡ ਬਰਡ ਕਾਨੂੰਨੀ ਚੁਣੌਤੀ ਜ਼ਰੂਰ ਦਿੱਤੀ, ਪਰ ਉਹ ਅਸਫਲ ਰਿਹਾ। ਆਖਿਰਕਾਰ 23 ਜੁਲਾਈ 1914 ਨੂੰ ਗੁਰੂ ਨਾਨਕ ਜਹਾਜ਼ ਨੂੰ ਕੈਨੇਡੀਅਨ ਫੌਜ ਅਤੇ ਹਕੂਮਤ ਵੱਲੋਂ ਕੈਨੇਡੀਅਨ ਪਾਣੀਆਂ 'ਚੋਂ ਵਿਤਕਰਿਆਂ ਅਤੇ ਧੱਕੇਸ਼ਾਹੀਆਂ ਨਾਲ ਬਾਹਰ ਕਰ ਦਿੱਤਾ ਗਿਆ।

**ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸ਼ਹੀਦੀ ਸਾਕਾ:**

ਦੋ ਮਹੀਨੇ ਦੀ ਭਾਰੀ ਖੱਜਲ-ਖੁਆਰੀ ਤੋਂ ਬਾਅਦ 29 ਸਤੰਬਰ 1914 ਨੂੰ ਗੁਰੂ ਨਾਨਕ ਜਹਾਜ਼ ਕਲਕਤੇ (ਬ੍ਰਿਟਿਸ਼ ਭਾਰਤ) ਵਿੱਚ ਵਾਪਸ ਪਰਤਿਆ, ਜਿੱਥੇ ਜਹਾਜ਼ 'ਤੇ ਸਵਾਰ ਲੋਕਾਂ ਨੂੰ ਰਾਜਨੀਤਿਕ ਵਿਘਨ ਪਾਉਣ ਵਾਲੇ ਬਾਗੀ ਕਰਾਰ ਦਿੱਤਾ ਗਿਆ। ਇਥੇ ਵਰਨਣਯੋਗ ਨੁਕਤਾ ਇਹ ਹੈ ਕਿ ਸਿੱਖ ਮੁਸਾਫਿਰ ਗ੍ਰਿਫਤਾਰੀ ਤੋਂ ਪਹਿਲਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਕਲਕੱਤੇ ਦੇ ਗੁਰਦੁਆਰਾ ਸਾਹਿਬ ਵਿਖੇ ਸੁਸ਼ੋਭਿਤ ਕਰਨਾ ਚਾਹੁੰਦੇ ਸਨ, ਪਰ ਇਸ ਦਾ ਵਿਰੋਧ ਕਰਦਿਆਂ ਹੋਇਆਂ, ਬ੍ਰਿਟਿਸ਼ ਪੁਲਿਸ ਨੇ ਉਹਨਾਂ ਉੱਪਰ ਗੋਲੀਆਂ ਚਲਾਈਆਂ ਗਈਆਂ।

ਇਸ ਦੁਖਦਾਈ ਘਟਨਾ ਦੇ ਨਤੀਜੇ ਵਜੋਂ 19 ਯਾਤਰੀ ਸ਼ਹੀਦ ਹੋ ਗਏ, ਬਹੁਤ ਸਾਰੇ ਜ਼ਖਮੀ ਹੋਏ। ਕੈਨੇਡਾ ਤੋ ਧੱਕੇ ਨਾਲ ਗੁਰੂ ਨਾਨਕ ਜਹਾਜ਼ ਮਗਰੋਂ ਭਾਰਤ ਵਿੱਚ ਨਸਲਵਾਦੀ ਸਰਕਾਰ ਦੇ ਜਬਰ-ਜ਼ੁਲਮ ਦਾ ਇਹ ਦਿਲ-ਕੰਬਾਊ ਅਧਿਆਇ ਸੀ।

**ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸੱਚਾ ਇਤਿਹਾਸ ਲਿਖਣ ਦਾ ਫੈਸਲਾ :**

ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦਾ ਸੱਚਾ-ਸੁੱਚਾ ਇਤਿਹਾਸ ਲਿਖਣ ਦਾ ਫੈਸਲਾ ਬਾਬਾ ਗੁਰਦਿੱਤ ਸਿੰਘ ਸਰਹਾਲੀ ਵਲੋਂ ਰੂਪੋਸ਼ੀ ਦੇ ਜੀਵਨ ਦੌਰਾਨ ਕੀਤਾ ਗਿਆ। ਬਾਬਾ ਗੁਰਦਿੱਤ ਸਿੰਘ ਨੇ ਇਸ ਸਬੰਧ ਵਿੱਚ ਸਵੈ-ਜੀਵਨੀ 'ਗੁਰੂ ਨਾਨਕ ਜਹਾਜ਼' ਲਿਖੀ। ਇਸ ਕਿਤਾਬ ਰਾਹੀਂ ਬਾਬਾ ਗੁਰਦਿੱਤ ਸਿੰਘ ਨੇ ਥਾਂ-ਥਾਂ 'ਤੇ ਜਹਾਜ਼ ਦਾ ਨਾਂ 'ਗੁਰੂ ਨਾਨਕ ਜਹਾਜ਼ ਹੀ ਲਿਖਿਆ ਹੈ, ਜਦਕਿ ਸਥਿਤੀ ਨੂੰ ਸਪਸ਼ਟ ਕਰਨ ਲਈ ਲੋੜ ਵੇਲੇ, 'ਕਾਮਾਗਾਟਾਮਾਰੂ' ਸ਼ਬਦ, ਗੁਰੂ ਨਾਨਕ ਜਹਾਜ਼ ਦੇ ਮਗਰੋਂ ਲਿਖਿਆ ਹੈ। ਸੰਨ 1921 ਵਿੱਚ ਲਿਖੀ ਗਈ ਇਹ ਕਿਤਾਬ ਸਮਕਾਲੀ ਪੰਜਾਬ ਸਰਕਾਰ ਵੱਲੋਂ ਜ਼ਬਤ ਕਰਨ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ। ਕਿਤਾਬ ਦੇ ਪਹਿਲੇ ਭਾਗ 'ਗੁਰੂ ਨਾਨਕ ਜਹਾਜ਼' ਅਤੇ ਦੂਜੇ ਭਾਗ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੀ ਦੁੱਖ ਭਰੀ ਕਹਾਣੀ' 'ਤੇ ਸਮਕਾਲੀ ਪੰਜਾਬ ਸਰਕਾਰ ਨੇ ਪਾਬੰਦੀ ਲਗਾ ਦਿੱਤੀ। ਲੰਮਾ ਸਮਾਂ ਮਗਰੋਂ ਜਾ ਕੇ ਇਹ ਕਿਤਾਬ ਪਾਠਕਾਂ ਤੱਕ ਪਹੁੰਚਣ ਵਿੱਚ ਸੰਭਵ ਹੋ ਸਕੀ।

ਸੱਚ ਤਾਂ ਇਹ ਹੈ ਕਿ 'ਗੁਰੂ ਨਾਨਕ ਜਹਾਜ਼' ਸਾਂਝੀਵਾਲਤਾ ਦਾ ਮੰਚ ਬਣਿਆ ਅਤੇ ਗੁਰੂ ਨਾਨਕ ਸਾਹਿਬ ਦੀ ਪ੍ਰੇਰਨਾ ਅਨੁਸਾਰ ਸਰਬੱਤ ਨੂੰ ਕਲਾਵੇ ਵਿੱਚ ਲੈਣ ਵਾਲੀ ਸੋਚ ਉਜਾਗਰ ਹੋਈ। ਅਫਸੋਸ ਇਹ ਹੈ ਕਿ ਕਈ ਲੇਖਕਾਂ, ਸਿਆਸਤਦਾਨਾਂ ਅਤੇ ਮੀਡੀਆਕਾਰਾਂ ਨੇ ਗੁਰੂ ਨਾਨਕ ਜਹਾਜ਼ ਨਾਂ ਅੱਖੋਂ ਪਰੋਖੇ ਕਰਕੇ ਅਤੇ ਕਾਮਾਗਾਟਾਮਾਰੂ ਨਾਂ ਪ੍ਰਚੱਲਤ ਕਰਕੇ, ਨਾ ਸਿਰਫ ਇਤਿਹਾਸ ਹੀ ਵਿਗਾੜਿਆ ਹੈ, ਬਲਕਿ ਗੁਰੂ ਨਾਨਕ ਸਾਹਿਬ ਦੇ ਬ੍ਰਹਿਮੰਡੀ ਫਲਸਫੇ ਨੂੰ ਵੀ ਪਿੱਠ ਦਿੱਤੀ ਹੈ। ਇਸ ਵਰਤਾਰੇ ਵਿੱਚ ਸਿੱਖੀ ਪ੍ਰਤੀ ਸੰਕੀਰਣਤਾ ਝਲਕਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਇੱਕ ਪਾਸੇ 'ਕਾਮਾਗਾਟਾਮਾਰੂ ਦੁਖਾਂਤ' ਨਸਲਵਾਦ ਵਿਰੋਧੀ ਸੰਘਰਸ਼ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਦੂਜੇ ਪਾਸੇ 'ਗੁਰੂ ਨਾਨਕ ਜਹਾਜ਼' ਨਾਂ ਮਿਟਾ ਕੇ, ਆਪਣੇ ਆਪ ਵਿੱਚ ਉਲਟਾ ਨਸਲਵਾਦ ਪੈਦਾ ਕੀਤਾ ਜਾ ਰਿਹਾ ਹੈ।

**ਕੈਨੇਡਾ ਸਰਕਾਰ ਵੱਲੋਂ ਪਾਰਲੀਮੈਂਟ ਵਿੱਚ ਮੁਆਫੀਨਾਮਾ:**

ਕੈਨੇਡਾ ਦੀ ਮੌਜੂਦਾ ਲਿਬਰਲ ਸਰਕਾਰ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਮਈ, 2016 ਦੇ ਦਿਨ ਮੁਆਫੀਨਾਮਾ ਜਾਰੀ ਕਰਕੇ ਨਵਾਂ ਅਧਿਆਇ ਸਿਰਜ ਦਿੱਤਾ। ਕੈਨੇਡਾ ਦੀ ਪਾਰਲੀਮੈਂਟ 'ਚ ਪ੍ਰਵਾਸੀਆਂ ਨੂੰ ਕਾਲੇ ਕਾਨੂੰਨਾਂ ਰਾਹੀਂ ਧੱਕੇ ਨਾਲ ਵਾਪਸ ਮੋੜਨ ਦੀਆਂ ਇਤਿਹਾਸਕ ਗ਼ਲਤੀਆਂ 'ਤੇ ਮੁਆਫ਼ੀ ਮੰਗਣ ਅਤੇ ਉਨ੍ਹਾਂ ਤੋਂ ਸਬਕ ਸਿੱਖਣ ਦਾ ਇਹ ਕਦਮ, ਪ੍ਰਵਾਸੀਆਂ ਨੂੰ ਮਾਨਤਾ ਦੇਣ ਦੇ ਸੰਦਰਭ 'ਚ ਖ਼ਾਸ ਮਹੱਤਵ ਰੱਖਦਾ ਹੈ। ਬੇਸ਼ਕ ਇਹ ਵੱਖਰੀ ਗੱਲ ਹੈ ਕਿ ਜ਼ਿਆਦਾਤਰ ਮੁਆਫੀਨਾਮਿਆਂ ਵਿੱਚ, 'ਗੁਰੂ ਨਾਨਕ ਜਹਾਜ਼' ਸ਼ਬਦ ਨਹੀਂ ਵਰਤਿਆ ਗਿਆ, ਬਲਕਿ ਪ੍ਰੋਕਲੇਮੇਸ਼ਨਾਂ ਵਿੱਚ 'ਕਾਮਾਗਾਟਾਮਾਰੂ' ਸ਼ਬਦ ਹੀ ਵਰਤਿਆ ਹੈ, ਜੋ ਕਿ ਇਤਿਹਾਸਿਕ ਤੌਰ 'ਤੇ ਠੀਕ ਨਹੀਂ।

ਇਤਿਹਾਸਕ ਸੱਚਾਈ ਦਾ ਗਿਆਨ ਹੋਣ ਮਗਰੋਂ ਹੁਣ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਇਹਨਾਂ ਮੁਆਫੀਨਾਮਿਆਂ ਦੀ ਸੋਧ ਕਰਵਾ ਕੇ, ਸਹੀ ਨਾਂ 'ਗੁਰੂ ਨਾਨਕ ਜਹਾਜ਼' ਸ਼ਬਦ ਲਿਖਵਾਇਆ ਜਾਵੇ। ਕੈਨੇਡਾ ਤੋਂ ਸੇਧ ਲੈ ਕੇ ਭਾਰਤ ਦੀ ਸੰਸਦ 'ਚ ਵੀ ਗੁਰੂ ਨਾਨਕ ਜਹਾਜ਼ ਦੇ ਦੁਖਾਂਤ ਸਬੰਧੀ ਮਤਾ ਪੇਸ਼ ਕੀਤਾ ਜਾਣਾ ਬਣਦਾ ਸੀ ਤੇ ਇਸ ਦੇ ਮੁਸਾਫਿਰਾਂ ਦੀ ਕੁਰਬਾਨੀ ਨੂੰ ਚੇਤੇ ਕੀਤਾ ਜਾਣਾ ਚਾਹੀਦਾ ਸੀ। ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਵਾਂਗ ਪੰਜਾਬ ਦੀ ਵਿਧਾਨ ਸਭਾ 'ਚ ਵੀ ਅਜਿਹਾ ਕਦਮ ਚੁੱਕਿਆ ਜਾਣਾ ਚਾਹੀਦਾ ਸੀ, ਕਿਉਂਕਿ ਗੁਰੂ ਨਾਨਕ ਜਹਾਜ਼ ਦੇ ਲਗਪਗ ਸਾਰੇ ਮੁਸਾਫ਼ਿਰ ਸਾਂਝੇ ਪੰਜਾਬ ਨਾਲ ਸਬੰਧਤ ਸਨ, ਪਰ ਦੁੱਖ ਦੀ ਗੱਲ ਇਹ ਹੈ ਕਿ ਨਾ ਕਦੇ ਭਾਰਤ ਦੀ ਕੇਂਦਰੀ ਸਰਕਾਰ ਤੇ ਨਾ ਹੀ ਕਦੇ ਪੰਜਾਬ ਦੀ ਸਰਕਾਰ ਨੇ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਨੂੰ ਯਾਦ ਕੀਤਾ ਹੈ। ਕੈਨੇਡਾ ਵੱਸਦੇ ਪੰਜਾਬੀਆਂ ਅਤੇ ਭਾਰਤੀਆਂ ਨੂੰ ਪੰਜਾਬ ਅਤੇ ਭਾਰਤ ਸਰਕਾਰ ਤੋਂ ਇਸ ਗੱਲ ਦੀ ਮੰਗ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਹੀ ਕੈਨੇਡਾ ਦੇ ਮੋਢੀ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਇਤਿਹਾਸ ਨੂੰ ਦਰੁਸਤ ਕਰਾਉਣਾ ਜ਼ਰੂਰੀ ਹੈ ਕਿ ਉਹ ਕੈਨੇਡਾ ਦੇ ਸ਼ਹੀਦ ਸਨ, ਨਾ ਕਿ ਕਾਤਲ। ਉਨ੍ਹਾਂ ਦੇ ਨਾਂ 'ਤੇ ਵਿਦਿਅਕ ਸੰਸਥਾ ਦਾ ਨਾਮਕਰਨ ਕਰਨਾ ਅਤੇ ਸਿਲੇਬਸ ਨੂੰ ਦਰੁਸਤ ਕਰਨਾ ਅਹਿਮ ਮੁੱਦਾ ਹੈ। ਗੁਰੂ ਨਾਨਕ ਜਹਾਜ਼ ਦਾ ਇਹ ਸਫਰ ਚੜ੍ਹਦੀ ਕਲਾ ਦਾ ਪ੍ਰਤੀਕ ਸੀ, ਨਾ ਕਿ ਢਹਿੰਦੀ ਕਲਾ ਦਾ।

**ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇ-ਗੰਢ 'ਤੇ 23 ਮਈ ਨੂੰ ਸਮਾਗਮ :**

'ਗੁਰੂ ਨਾਨਕ ਜਹਾਜ਼ ਦੇ ਚੜ੍ਹਦੀ' ਕਲਾ ਦੇ ਸਫ਼ਰ ਦੇ 112ਵੇਂ ਸਾਲ 'ਤੇ, ਕੈਨੇਡਾ ਦੀ ਧਰਤੀ 'ਤੇ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ 1199 ਵੈਸਟ ਕਾਰਡੋਵਾ ਸਟਰੀਟ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਸਮਾਰਕ ਵਿਖੇ 23 ਮਈ ਦਿਨ ਸ਼ਨੀਵਾਰ ਨੂੰ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਵਿਸ਼ੇਸ਼ ਪ੍ਰੋਗਰਾਮ ਬੀਸੀ ਖਾਲਸਾ ਦਰਬਾਰ ਗੁਰਦੁਆਰਾ ਸਾਹਿਬ ਵੈਨਕੂਵਰ ਦੇ ਸਹਿਯੋਗ ਨਾਲ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਕੀਤਾ ਜਾ ਰਿਹਾ ਹੈ। ਇਸ ਸਮਾਗਮ ਵਿੱਚ ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ ਦੇ ਇਤਿਹਾਸ ਤੋਂ ਇਲਾਵਾ, ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਬਾਰੇ ਵਿਸ਼ੇਸ਼ ਵਿਚਾਰਾਂ ਹੋਣਗੀਆਂ। ਇਸ ਤੋਂ ਇਲਾਵਾ ਗੱਤਕਾ, ਵਾਰਾਂ ਅਤੇ ਪ੍ਰੋਕਲੇਮੇਸ਼ਨ ਵੀ ਹੋਣਗੇ। ਅਪਾਰ ਖੁਸ਼ੀ ਇਸ ਗੱਲ ਦੀ ਹੈ ਕਿ ਇਸ ਯਾਦਗਾਰੀ ਅਸਥਾਨ ਦਾ ਮੁੱਖ ਨਾਂ ਗੁਰੂ ਨਾਨਕ ਜਹਾਜ਼ 'ਤੇ ਅੰਕਿਤ ਕਰਦਿਆਂ ਬਹੁਤ ਪ੍ਰਸ਼ੰਸਾਯੋਗ ਕਾਰਜ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਸ ਵਰੇ ਫੇਰ ਵੈਨਕੂਵਰ ਸਿਟੀ ਵੱਲੋਂ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ 'ਤੇ ਐਲਾਨਨਾਮਾ ਜਾਰੀ ਕੀਤਾ ਗਿਆ ਹੈ। ਗੁਰੂ ਨਾਨਕ ਜਹਾਜ਼ ਦਾ ਨਾਂ ਬਹਾਲ ਕਰਨ ਦੇ ਇਹ ਉਦਮ ਸ਼ਲਾਘਾਯੋਗ ਹਨ। ਸੱਚ ਤਾਂ ਇਹ ਹੈ ਕਿ;

ਸਾਗਰ ਵੀ ਨਾ ਕਰ ਸਕੇ, ਹੌਸਲਿਆਂ ਨੂੰ ਚਿੱਤ।
ਗੁਰੂ ਨਾਨਕ ਜਹਾਜ਼ ਹੈ, ਨਸਲਵਾਦ 'ਤੇ ਜਿੱਤ।

**ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ, ਕੈਨੇਡਾ**

# ਕੈਨੇਡਾ ਦੀ ਵੈਨਕੂਵਰ ਸਿਟੀ ਕੌਂਸਲ ਨੇ 23 ਮਈ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨਿਆ

## ਵੈਨਕੂਵਰ ਦੇ ਸਮੁੰਦਰੀ ਤੱਟ ਦੇ ਇਤਿਹਾਸਿਕ ਸਥਾਨ 'ਤੇ 23 ਮਈ ਨੂੰ ਹੋਵੇਗਾ ਸਮਾਗਮ



'ਗੁਰੂ ਨਾਨਕ ਜਹਾਜ਼ ਐਲਾਨਨਾਮਾ' ਜਾਰੀ ਕਰਦੇ ਹੋਏ ਵੈਨਕੂਵਰ ਦੇ ਮੇਅਰ ਅਤੇ ਕੌਂਸਲ।



'ਗੁਰੂ ਨਾਨਕ ਜਹਾਜ਼ : ਸਮਕਾਲੀ ਬਿਰਤਾਂਤ' ਕਿਤਾਬ ਵੈਨਕੂਵਰ ਸਿਟੀ ਕੌਂਸਲ ਨੂੰ ਭੇਟ ਕਰਦੇ ਹੋਏ ਡਾ ਗੁਰਵਿੰਦਰ ਸਿੰਘ ਧਾਲੀਵਾਲ।




ਵੈਨਕੂਵਰ ਸ਼ਹਿਰ ਵੱਲੋਂ ਜਾਰੀ 'ਗੁਰੂ ਨਾਨਕ ਜਹਾਜ਼ ਐਲਾਨਨਾਮਾ'

ਸਰੀ : ਕੈਨੇਡਾ ਦੇ ਪੁਰਾਤਨ ਇਤਿਹਾਸ ਵਿੱਚ ਪ੍ਰਵਾਸੀ ਪੰਜਾਬੀਆਂ ਨਾਲ ਹੋਈਆਂ ਨਸਲਵਾਦੀ ਵਧੀਕੀਆਂ ਦੇ ਮੱਦੇ ਨਜ਼ਰ ਸਿਟੀ ਆਫ ਵੈਨਕੂਵਰ ਵੱਲੋਂ 'ਗੁਰੂ ਨਾਨਕ ਜਹਾਜ਼ ਨੂੰ ਸਮਰਪਿਤ ਐਲਾਨਨਾਮਾ' ਜਾਰੀ ਕੀਤਾ ਗਿਆ। ਜ਼ਿਕਰਯੋਗ ਹੈ ਕਿ 23 ਮਈ 1914 ਨੂੰ ਗੁਰੂ ਨਾਨਕ ਜਹਾਜ਼ ਵੈਨਕੂਵਰ ਦੇ ਸਮੁੰਦਰੀ ਤੱਟ 'ਤੇ ਪਹੁੰਚਿਆ ਸੀ ਅਤੇ ਦੋ ਮਹੀਨੇ ਨਸਲੀ ਜਬਰ ਮਗਰੋਂ, ਜਹਾਜ਼ ਨੂੰ ਨਸਲਵਾਦੀ ਸਰਕਾਰ ਵੱਲੋਂ ਕੈਨੇਡਾ ਦੀ ਧਰਤੀ ਤੋਂ ਅਣਮਨੁੱਖੀ ਤਸ਼ੱਦਦ ਕਰਦਿਆਂ ਵਾਪਸ ਮੋੜ ਦਿੱਤਾ ਗਿਆ ਸੀ। ਗੁਰੂ ਨਾਨਕ ਜਹਾਜ਼ ਦੀ 112ਵੀਂ ਯਾਦਗਾਰੀ ਵਰ੍ਹੇਗੰਢ 'ਤੇ ਸਿਟੀ ਆਫ ਵੈਨਕੂਵਰ ਨੇ 23 ਜੁਲਾਈ ਦੇ ਦਿਹਾੜੇ ਨੂੰ 'ਗੁਰੂ ਨਾਨਕ ਜਹਾਜ਼ ਰਿਮੈਂਬਰੈਂਸ ਡੇਅ' (ਯਾਦਗਾਰੀ ਦਿਹਾੜਾ) ਘੋਸ਼ਤ ਕੀਤਾ ਹੈ। ਮੇਅਰ ਕੈਨ ਸਿੰਮ ਵੱਲੋਂ ਇਹ ਪ੍ਰੋਕਲੇਮੇਸ਼ਨ ਕੌਂਸਲ ਦੀ ਮੀਟਿੰਗ ਵਿੱਚ ਰੱਖਿਆ ਗਿਆ, ਜਿਸ ਨੂੰ ਕੌਂਸਲਰਾਂ ਰਿਬੇਕਾ ਬਲਾਈ, ਲੀਸਾ ਡੋਮੀਨਾਟੋ, ਪੀਟ ਫਰਾਈ, ਸਾਰਾ ਕਰਬੀ-ਯੰਗ, ਮਾਈਕ ਕਲਾਸਨ, ਲੂਸੀ ਮਲੋਨੀ, ਪੀਟਰ ਮਾਈਜ਼ਨਰ, ਬ੍ਰਾਇਨ ਮੌਂਟੇਗਿਊ, ਸ਼ੌਨ ਔਰ, ਲੇਨੀ ਝੌਉ ਤੇ ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੋਂ ਜਸਪ੍ਰੀਤ ਸਿੰਘ ਵਿਰਦੀ ਨੇ ਪੜ੍ਹਿਆ। ਮੇਅਰ ਕੈਨ ਸਿੰਮ ਨੇ ਕਿਹਾ ਕਿ ਗੁਰੂ ਨਾਨਕ ਜਹਾਜ਼ ਦਾ ਐਲਾਨਨਾਮਾ ਵਿਸ਼ੇਸ਼ ਹੈ, ਜਿਸ ਕਰਕੇ ਕੌਂਸਲ ਦੀ ਕਾਰਵਾਈ ਦੌਰਾਨ ਮੁਕੰਮਲ ਪੜ੍ਹਿਆ ਗਿਆ ਹੈ।

ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ ਗੁਰਵਿੰਦਰ ਸਿੰਘ ਧਾਲੀਵਾਲ ਨੇ 'ਗੁਰੂ ਨਾਨਕ ਜਹਾਜ਼ : ਸਮਕਾਲੀ ਬਿਰਤਾਂਤ' ਕਿਤਾਬ ਮੇਅਰ ਅਤੇ ਕੌਂਸਲ ਨੂੰ ਭੇਟ ਕੀਤੀ ਅਤੇ ਗੁਰੂ ਨਾਨਕ ਜਹਾਜ਼ ਨਾਂ ਬਹਾਲ ਕਰਨ ਦੇ ਉਪਰਾਲੇ ਲਈ ਧੰਨਵਾਦ ਕੀਤਾ। ਗੁਰੂ ਨਾਨਕ ਜਹਾਜ਼ ਦੇ ਮੁਸਾਫਰਾਂ ਦੇ ਪਰਿਵਾਰਾਂ 'ਚੋਂ ਰਾਜ ਸਿੰਘ ਤੂਰ ਨੇ ਵੈਨਕੂਵਰ ਸਿਟੀ ਵੱਲੋਂ ਐਲਾਨਨਾਮੇ ਅਤੇ ਮੈਮੋਰੀਅਲ ਦੇ ਨਵ ਨਿਰਮਤ 'ਗੁਰੂ ਨਾਨਕ ਜਹਾਜ਼' ਸਾਈਨੇਜ ਲਈ ਸ਼ੁਕਰੀਆ ਅਦਾ ਕੀਤਾ। ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਰਾਜ ਸਿੰਘ ਭੰਡਾਲ ਨੇ ਭਾਵਪੂਰਤ ਸ਼ਬਦਾਂ ਵਿੱਚ ਕਿਹਾ ਕਿ ਵੈਨਕੂਵਰ ਸ਼ਹਿਰ ਵੱਲੋਂ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਦਾ ਉਪਰਾਲਾ ਮੀਲ ਪੱਥਰ ਹੈ, ਜੋ ਕਿ ਕੈਨੇਡਾ ਦੀ ਫੈਡਰਲ ਮਾਫ਼ੀ ਲਈ ਮਾਰਕ ਦਰਸ਼ਕ ਸਾਬਤ ਹੋਵੇਗਾ।

ਇਸ ਮੌਕੇ 'ਤੇ ਗੁਰਦੁਆਰਾ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ, ਵੈਨਕੂਵਰ ਦੇ ਪ੍ਰਬੰਧਕ ਕਸ਼ਮੀਰ ਸਿੰਘ ਧਾਲੀਵਾਲ, ਸੁਰਜੀਤ ਸਿੰਘ ਭੱਟੀ, ਸਨਮੁਖ ਸਿੰਘ ਉਪਲ, ਸਿੱਖ ਹੈਰੀਟੇਜ ਵੈਨਕੂਵਰ ਦੇ ਤਾਜ ਸਿੰਘ, ਜੁਗਰਾਜ ਸਿੰਘ ਅਤੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਤੋਂ ਤਜਿੰਦਰਪਾਲ ਸਿੰਘ ਸਮੇਤ ਵੈਨਕੂਵਰ ਸਿਟੀ ਤੋਂ ਸਹਿਯੋਗੀ ਸ਼ਖਸੀਅਤਾਂ ਆਰੀ ਭੁੱਲਰ, ਪਾਰਕਸ ਬੋਰਡ ਤੋਂ ਅਣਥੱਕ ਸਾਥ ਦੇਣ ਵਾਲੇ ਜਸਪ੍ਰੀਤ ਸਿੰਘ ਵਿਰਦੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਅਹਿਮ ਗੱਲ ਇਹ ਹੈ ਕਿ ਜਿਸ ਜਗ੍ਹਾ ਤੋਂ ਨਸਲੀ ਜਬਰ ਨਾਲ 112 ਸਾਲ ਪਹਿਲਾਂ ਗੁਰੂ ਨਾਨਕ ਜਹਾਜ਼ ਮੋੜਿਆ ਗਿਆ ਸੀ, 23 ਮਈ, ਦਿਨ ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 2 ਵਜੇ ਤੋਂ 5 ਵਜੇ ਤੱਕ ਉਸੇ ਜਗ੍ਹਾ, ਹਰਬਰ ਗਰੀਨ ਪਾਰਕ ਸਮੁੰਦਰੀ ਤੱਟ 'ਤੇ, ਗੁਰੂ ਨਾਨਕ ਜਹਾਜ਼ ਮੈਮੋਰੀਅਲ ਵਿਖੇ, ਬੀਸੀ ਖਾਲਸਾ ਦਰਬਾਰ, ਵੈਨਕੂਵਰ, ਬੋਰਡ ਆਫ ਪਾਰਕ ਐਂਡ ਰੀਕ੍ਰੀਏਸ਼ਨ ਤੇ ਵੈਨਕੂਵਰ ਸਿਟੀ ਦੇ ਸਹਿਯੋਗ ਨਾਲ, ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵਲੋਂ ਦੁਪਹਿਰ ਦੋ ਵਜੇ ਤੋਂ ਪੰਜ ਵਜੇ ਤੱਕ, ਹਰ ਵਰ੍ਹੇ ਵਾਂਗ ਸਮਾਗਮ ਕਰਵਾਇਆ ਜਾ ਰਿਹਾ ਹੈ।

# ਪੰਜਾਬ ਦੇ ਲੋਕ ਆਪਣੇ ਵੋਟ ਅਧਿਕਾਰ ਸੰਬੰਧੀ ਸੁਚੇਤ ਹੋਣ

ਪੰਜਾਬ ਵਿਚ ਵੀ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ (ਐਸ.ਆਈ.ਆਰ.) ਦਾ ਅਮਲ ਆਰੰਭ ਹੋ ਚੁੱਕਾ ਹੈ। ਇਸ ਸੰਬੰਧ ਵਿਚ ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨੰਦਿਤਾ ਮਿੱਤਰਾ ਨੇ ਰਾਜ ਦੀਆਂ ਰਜਿਸਟਰਡ ਤੇ ਮਾਨਤਾ ਪ੍ਰਾਪਤ ਰਾਜਨੀਤਕ ਪਾਰਟੀਆਂ ਦੇ ਪ੍ਰਤੀਨਿਧੀਆਂ ਨਾਲ ਚੰਡੀਗੜ੍ਹ ਵਿਚ ਬੀਤੇ ਦਿਨੀਂ ਇਕ ਵਿਸ਼ੇਸ਼ ਮੀਟਿੰਗ ਕਰਕੇ ਇਸ ਸੰਬੰਧੀ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਹੈ। ਉਸ ਨੇ ਸਿਆਸੀ ਪਾਰਟੀਆਂ ਨੂੰ ਇਹ ਕਿਹਾ ਹੈ ਕਿ ਉਹ ਆਪੋ-ਆਪਣੇ ਬੂਥ ਪੱਧਰ ਦੇ ਏਜੰਟ (ਬੀ.ਐਲ.ਏ.) ਨਿਯੁਕਤ ਕਰ ਦੇਣ, ਤਾਂ ਜੋ ਉਹ ਚੋਣ ਕਮਿਸ਼ਨ ਵਲੋਂ ਨਿਯੁਕਤ ਕੀਤੇ ਗਏ ਬੂਥ ਪੱਧਰ ਦੇ ਆਫ਼ਿਸਰਾਂ (ਬੀ.ਐਲ.ਓਜ਼.) ਨਾਲ ਮਿਲ ਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਨੂੰ ਨੇਪਰੇ ਚਾੜ੍ਹ ਸਕਣ ਅਤੇ ਸਮੇਂ-ਸਮੇਂ 'ਤੇ ਲੋੜ ਅਨੁਸਾਰ ਉਹ ਆਪਸ ਵਿਚ ਸੰਪਰਕ ਵੀ ਰੱਖ ਸਕਣ। ਮੁੱਖ ਚੋਣ ਅਧਿਕਾਰੀ ਨੇ ਸਿਆਸੀ ਪਾਰਟੀਆਂ ਨੂੰ ਇਹ ਵੀ ਜਾਣਕਾਰੀ ਦਿੱਤੀ ਹੈ ਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰੋ-ਘਰੀਂ ਜਾ ਕੇ ਵੋਟਰਾਂ ਦੇ ਫਾਰਮ ਭਰਾਉਣਗੇ। ਇਸ ਲਈ 24 ਹਜ਼ਾਰ 453 ਬੀ.ਐਲ.ਓਜ਼, 2476 ਸੁਪਰਵਾਈਜ਼ਰ, 117 ਇਲੈੱਕਟੋਰਲ ਰਜਿਸਟ੍ਰੇਸ਼ਨ ਆਫੀਸਰ (ਈ.ਆਰ.ਓਜ਼) ਅਤੇ 234 ਅਸਿਸਟੈਂਟ ਇਲੈਕਟੋਰਲ ਆਫੀਸਰ (ਏ.ਈ.ਆਰ.ਓਜ਼) ਨਿਯੁਕਤ ਕੀਤੇ ਗਏ ਹਨ। ਉਸ ਨੇ ਇਹ ਵੀ ਦੱਸਿਆ ਕਿ ਬੀ.ਐਲ.ਓਜ਼ ਨੂੰ ਟ੍ਰੇਨਿੰਗ ਦੇਣ ਅਤੇ ਹੋਰ ਤਿਆਰੀ ਸੰਬੰਧੀ ਕੰਮ 15 ਤੋਂ 24 ਜੂਨ ਤੱਕ ਕੀਤਾ ਜਾਵੇਗਾ। ਉਸ ਨੇ ਰਾਜਨੀਤਕ ਪਾਰਟੀਆਂ ਨੂੰ ਇਹ ਵੀ ਕਿਹਾ ਕਿ ਉਹ ਵੀ ਆਪਣੇ ਬੂਥ ਪੱਧਰ ਦੇ ਅਧਿਕਾਰੀ ਸਮੇਂ ਸਿਰ ਨਿਯੁਕਤ ਕਰ ਦੇਣ, ਤਾਂ ਜੋ ਉਨ੍ਹਾਂ ਨੂੰ ਵੀ ਬੂਥ ਪੱਧਰ ਦੇ ਆਫੀਸਰਾਂ ਦੇ ਨਾਲ ਹੀ ਟਰੇਨਿੰਗ ਕਰਵਾ ਦਿੱਤੀ ਜਾਵੇ। ਮੁੱਖ ਚੋਣ ਅਧਿਕਾਰੀ ਅਨੁਸਾਰ ਸੂਬੇ ਦੇ ਦਿਹਾਤੀ ਇਲਾਕਿਆਂ ਵਿਚ 89.58 ਫ਼ੀਸਦੀ ਮੈਪਿੰਗ ਹੋ ਚੁੱਕੀ ਹੈ, ਜਦਕਿ ਸ਼ਹਿਰੀ ਖੇਤਰਾਂ ਵਿਚ 73 ਫ਼ੀਸਦੀ ਮੈਪਿੰਗ ਦਾ ਕੰਮ ਮੁਕੰਮਲ ਹੋ ਚੁੱਕਾ ਹੈ। ਵੋਟਰ ਸੂਚੀਆਂ ਦੀ ਇਸ ਗਹਿਰੀ ਸੁਧਾਈ ਲਈ ਰਾਜ ਵਿਚ 2003 ਵਿਚ ਵੋਟਰ ਸੂਚੀਆਂ ਦੀ ਹੋਈ ਵਿਸ਼ੇਸ਼ ਗਹਿਰੀ ਸੁਧਾਈ ਉਪਰੰਤ ਤਿਆਰ ਕੀਤੀਆਂ ਗਈਆਂ ਵੋਟਰ ਸੂਚੀਆਂ ਨੂੰ ਆਧਾਰ ਬਣਾਇਆ ਜਾ ਰਿਹਾ ਹੈ।

ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨੰਦਿਤਾ ਮਿੱਤਰਾ ਇਕ ਕਾਬਲ ਅਧਿਕਾਰੀ ਹੈ ਅਤੇ ਉਨ੍ਹਾਂ ਦੀ ਨਿਰਪੱਖਤਾ ਬਾਰੇ ਫਿਲਹਾਲ ਕੋਈ ਵੀ ਸੁਆਲ ਉਠਾਉਣਾ ਵਾਜਿਬ ਨਹੀਂ ਹੋਵੇਗਾ। ਪਰ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੌਰਾਨ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਜੋ ਕੁਝ ਵਾਪਰਿਆ ਹੈ, ਉਸ ਨੂੰ ਮੁੱਖ ਰੱਖ ਕੇ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ ਅਤੇ ਆਮ ਲੋਕਾਂ ਨੂੰ ਬੇਹੱਦ ਸੁਚੇਤ ਰਹਿਣ ਦੀ ਲੋੜ ਹੈ, ਕਿਉਂਕਿ ਬਿਹਾਰ ਅਤੇ ਪੱਛਮੀ ਬੰਗਾਲ ਵਿਚ ਸੁਪਰੀਮ ਕੋਰਟ ਦੇ ਵਾਰ-ਵਾਰ ਦਖ਼ਲ ਦੇਣ ਦੇ ਬਾਵਜੂਦ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦਾ ਅਮਲ ਠੀਕ ਤਰ੍ਹਾਂ ਨੇਪਰੇ ਨਹੀਂ ਚੜ੍ਹ ਸਕਿਆ। ਦੋਵਾਂ ਰਾਜਾਂ ਵਿਚ ਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਤੋਂ ਬਾਅਦ ਜਿਹੜੀਆਂ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਵੱਡੀ ਪੱਧਰ 'ਤੇ ਖਾਮੀਆਂ ਜਾਂ ਗ਼ਲਤੀਆਂ ਅੱਜ ਵੀ ਮੌਜੂਦ ਹਨ। ਵਿਰੋਧੀ ਪਾਰਟੀਆਂ ਦੇ ਇਨ੍ਹਾਂ ਦੋਸ਼ਾਂ ਵਿਚ ਵੱਡੀ ਸੱਚਾਈ ਨਜ਼ਰ ਆਉਂਦੀ ਹੈ ਕਿ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਨੂੰ ਲਾਭ ਪਹੁੰਚਾਉਣ ਲਈ ਮੁੱਖ ਚੋਣ ਕਮਿਸ਼ਨ ਤੋਂ ਲੈ ਕੇ ਹੇਠਲੇ ਪੱਧਰ ਤੱਕ ਦੇ ਅਧਿਕਾਰੀਆਂ ਤੱਕ ਨੇ ਪੱਖਪਾਤੀ ਢੰਗ ਨਾਲ ਕੰਮ ਕੀਤਾ ਹੈ ਜਾਂ ਉਨ੍ਹਾਂ ਉੱਪਰ ਥੋੜ੍ਹੇ ਸਮੇਂ ਵਿਚ ਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੀ ਜ਼ਿੰਮੇਵਾਰੀ ਪਾਏ ਜਾਣ ਕਾਰਨ ਉਹ ਆਜ਼ਾਦ ਤੇ ਨਿਰਪੱਖ ਢੰਗ ਨਾਲ ਵੋਟਰ ਸੂਚੀਆਂ ਤਿਆਰ ਕਰਨ ਵਿਚ ਆਪਣਾ



ਯੋਗਦਾਨ ਨਹੀਂ ਪਾ ਸਕੇ।

ਉਪਰੋਕਤ ਦੋਵਾਂ ਰਾਜਾਂ ਦੀਆਂ ਅੰਤਿਮ ਵੋਟਰ ਸੂਚੀਆਂ ਵਿਚ ਜਿਸ ਕਿਸਮ ਦੀ ਤਰੁੱਟੀਆਂ ਅੱਜ ਵੀ ਬਰਕਰਾਰ ਹਨ ਜਾਂ ਜਿਸ ਤਰ੍ਹਾਂ ਦੇ ਢੰਗ-ਤਰੀਕੇ ਅਪਣਾ ਕੇ ਚੋਣ ਕਮਿਸ਼ਨ ਨੇ ਇਹ ਵੋਟਰ ਸੂਚੀਆਂ ਤਿਆਰ ਕਰਵਾਈਆਂ ਹਨ ਅਤੇ ਜਿਸ ਤਰ੍ਹਾਂ ਦੇ ਦਬਾਅ ਹੇਠਲੇ ਅਧਿਕਾਰੀਆਂ 'ਤੇ ਚੋਣ ਕਮਿਸ਼ਨ ਵਲੋਂ ਪਾਏ ਗਏ ਹਨ, ਉਸ ਦੇ ਅੱਖਾਂ ਖੋਲ੍ਹਣ ਵਾਲੇ ਵੇਰਵੇ 'ਦਾ ਰਿਪੋਰਟਰਜ਼ ਕਲੈਕਟਿਵਜ਼' ਦੇ ਪੱਤਰਕਾਰਾਂ ਦੀਆਂ ਪੜਤਾਲੀਆ ਰਿਪੋਰਟਾਂ ਤੋਂ ਮਿਲਦੇ ਹਨ। ਇਹ ਰਿਪੋਰਟਾਂ ਵਿਸਥਾਰਪੂਰਵਕ ਢੰਗ ਨਾਲ ਇੰਟਰਨੈੱਟ 'ਤੇ ਉਨ੍ਹਾਂ ਦੀ ਵੈੱਬਸਾਈਟ 'ਤੇ ਮੌਜੂਦ ਹਨ। ਇਹ ਰਿਪੋਰਟਾਂ ਤਿਆਰ ਕਰਨ ਵਿਚ ਆਯੂਸ਼ੀ ਕਾਰ ਅਤੇ ਵਿਸ਼ਨੂੰ ਨਰਾਇਣ ਸਮੇਤ ਹੋਰ ਪੱਤਰਕਾਰਾਂ ਨੇ ਵੱਡਾ ਰੋਲ ਅਦਾ ਕੀਤਾ ਹੈ। ਬਿਹਾਰ ਅਤੇ ਪੱਛਮੀ ਬੰਗਾਲ ਦੇ ਦੂਰ-ਦਰਾਜ ਦੇ ਇਲਾਕਿਆਂ ਵਿਚ ਜਾ ਉਨ੍ਹਾਂ ਨੇ ਖਰੜਾ ਵੋਟਰ ਲਿਸਟਾਂ ਅਤੇ ਅੰਤਿਮ ਵੋਟਰ ਲਿਸਟਾਂ ਦੀ ਵੀ ਵੱਡੀ ਪੱਧਰ 'ਤੇ ਘਰ-ਘਰ ਜਾ ਕੇ ਪੜਤਾਲ ਕੀਤੀ ਹੈ। ਬਿਹਾਰ ਦੇ 243 ਵਿਧਾਨ ਸਭਾ ਹਲਕਿਆਂ ਦੀਆਂ ਵੋਟਰ ਲਿਸਟਾਂ ਦੀ ਪੜਤਾਲ ਤੋਂ ਬਾਅਦ ਉਨ੍ਹਾਂ ਨੇ ਪਾਇਆ ਹੈ ਕਿ ਅੰਤਿਮ ਵੋਟਰ ਲਿਸਟ ਵਿਚ ਅਜੇ ਵੀ 14.35 ਲੱਖ ਵੋਟਰ ਅਜਿਹੇ ਹਨ, ਜਿਨ੍ਹਾਂ ਕੋਲ 2 ਤੋਂ ਵੱਧ ਵੋਟਰ ਪਛਾਣ ਪੱਤਰ ਹਨ। ਇਨ੍ਹਾਂ ਵੋਟਰਾਂ ਦੀ ਉਮਰ ਵਿਚ 0 ਤੋਂ ਲੈ ਕੇ 5 ਸਾਲ ਤੱਕ ਦਾ ਹੀ ਫ਼ਰਕ ਦਿਖਾਈ ਦਿੰਦਾ ਹੈ। ਇਨ੍ਹਾਂ ਵਿਚੋਂ 3.4 ਲੱਖ ਵੋਟਰ ਅਜਿਹੇ ਹਨ ਜਿਨ੍ਹਾਂ ਦੀ ਉਮਰ ਅਤੇ ਹੋਰ ਵੇਰਵੇ ਲਗਭਗ ਇਕੋ ਜਿਹੇ ਹੀ ਹਨ। ਬਿਹਾਰ ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਅੰਤਿਮ ਵੋਟਰ ਸੂਚੀਆਂ ਵਿਚ ਅਜੇ ਵੀ ਮਰੇ ਹੋਏ ਲੋਕਾਂ ਦੇ ਨਾਂਅ ਪਹਿਲਾਂ ਦੀ ਤਰ੍ਹਾਂ ਹੀ ਸ਼ਾਮਿਲ ਹਨ। ਬਿਹਾਰ ਦੀ 'ਦ ਰਿਪੋਰਟਜ਼ ਕਲੈਕਟਿਵਜ਼' ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਵਲੋਂ ਵੋਟਰ ਸੂਚੀਆਂ ਦੀ ਗਹਿਰੀ ਸੁਧਾਈ ਤੋਂ ਬਾਅਦ ਜਿਹੜੀਆਂ ਅੰਤਿਮ ਲਿਸਟਾਂ ਜਾਰੀ ਕੀਤੀਆਂ ਗਈਆਂ ਸਨ, ਉਨ੍ਹਾਂ ਵਿਚ 1.32 ਕਰੋੜ ਵੋਟਰਾਂ ਦੇ ਐਡਰੈਸ ਸ਼ੱਕੀ ਹਨ। ਇਕ-ਇਕ ਘਰ ਦੇ ਪਤੇ 'ਤੇ 20-20 ਤੋਂ ਵੱਧ ਵੋਟਰ ਦਰਜ ਕੀਤੇ ਗਏ ਮਿਲਦੇ ਹਨ।

ਮਿਸਾਲ ਦੇ ਤੌਰ 'ਤੇ ਬਾਰਾਸ਼ੱਤੀ ਵਿਧਾਨ ਸਭਾ ਹਲਕੇ ਵਿਚ ਇਕ ਘਰ ਦੇ ਪਤੇ 'ਤੇ 877 ਵੋਟਰ ਦਰਜ ਕੀਤੇ ਗਏ ਹਨ। ਮਤੀਹਾਨੀ ਵਿਧਾਨ ਸਭਾ ਹਲਕੇ ਵਿਚ ਇਕ ਜਾਅਲੀ ਐਡਰੈੱਸ 'ਤੇ 158 ਵੋਟਰ ਦਰਜ ਕੀਤੇ ਗਏ ਹਨ। ਪਾਰਸਾ ਵਿਧਾਨ ਸਭਾ ਹਲਕੇ ਵਿਚ ਵੀ ਇਕ ਜਾਅਲੀ ਘਰ ਦੇ ਪਤੇ 'ਤੇ 853 ਵੋਟਰ ਦਰਜ ਕੀਤੇ ਗਏ ਹਨ। ਉਪਰੋਕਤ ਰਿਪੋਰਟਰਾਂ ਦੀ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਬਿਹਾਰ ਦੇ ਵੋਟਰਾਂ ਦੀਆਂ ਖਰੜਾ ਲਿਸਟਾਂ ਦਾ ਅਧਿਐਨ ਕੀਤਾ

**ਸਤਨਾਮ ਸਿੰਘ ਮਾਣਕ**

ਤਾਂ 80,000 ਵੋਟਰ ਗਲਤ ਪਤਿਆਂ 'ਤੇ ਦਰਜ ਪਾਏ ਗਏ। ਟਿੱਪਰਾ ਵਿਧਾਨ ਸਭਾ ਹਲਕੇ ਵਿਚ ਰਿਪੋਰਟਾਂ ਅਨੁਸਾਰ 509 ਵੋਟਰ, ਜਿਨ੍ਹਾਂ ਦਾ ਸੰਬੰਧ ਵੱਖਰੇ-ਵੱਖਰੇ ਪਰਿਵਾਰਾਂ ਨਾਲ ਅਤੇ ਵੱਖਰੀਆਂ-ਵੱਖਰੀਆਂ ਜਾਤਾਂ ਨਾਲ ਹੈ, ਉਨ੍ਹਾਂ ਨੂੰ ਜਾਲੀ ਪਤੇ 'ਤੇ ਦਰਜ ਪਾਇਆ ਗਿਆ। ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਗਲਤੀਆਂ ਬਿਹਾਰ ਦੀ ਵੋਟਰ ਲਿਸਟ ਵਿਚ ਅਜੇ ਵੀ ਮੌਜੂਦ ਹਨ। ਇਸ ਤੋਂ ਇਲਾਵਾ ਬਿਹਾਰ ਦੀਆਂ ਵੱਖ-ਵੱਖ ਵਿਰੋਧੀ ਰਾਜਨੀਤਕ ਪਾਰਟੀਆਂ ਨੇ ਆਪਣੇ ਸਮਰਥਕਾਂ ਦੇ ਵੋਟ ਕੱਟਣ ਅਤੇ ਦੂਜੇ ਸੂਬਿਆਂ ਦੇ ਲੋਕਾਂ ਦੇ ਵੋਟ ਬਿਹਾਰ ਵਿਚ ਬਣਾਉਣ ਦੇ ਜੋ ਦੋਸ਼ ਲਗਾਏ ਹਨ, ਉਹ ਉਪਰੋਕਤ ਗ਼ਲਤੀਆਂ ਜਾਂ ਤਰੁੱਟੀਆਂ ਤੋਂ ਵੱਖਰੇ ਹਨ।

ਜੇਕਰ ਪੱਛਮੀ ਬੰਗਾਲ ਵਿਚ ਵੋਟਰ ਸੂਚੀਆਂ ਦੀ ਹੋਈ ਵਿਸ਼ੇਸ਼ ਗਹਿਰੀ ਸੁਧਾਈ ਦੀ ਗੱਲ ਕਰੀਏ ਤਾਂ ਉਸ ਵਿਚ ਵੀ ਵੱਡੀਆਂ ਤਰੁੱਟੀਆਂ ਸਾਹਮਣੇ ਆਈਆਂ ਹਨ। ਇਸ ਸੰਬੰਧੀ ਆਯੂਸ਼ੀ ਕਾਰ ਦੀ ਹੀ ਰਿਪੋਰਟ 'ਈ.ਸੀ.ਆਈ ਮਿਸਲੀਡ ਦਾ ਸੁਪਰੀਮ ਕੋਰਟ ਐਸ.ਆਈ.ਆਰ. ਇਨ ਵੈੱਸਟ ਬੰਗਾਲ' ਦੇ ਸਿਰਲੇਖ ਵਾਲੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਚੋਣ ਕਮਿਸ਼ਨ ਨੇ ਪਹਿਲਾਂ ਇਕ ਸਾਫ਼ਟਵੇਅਰ ਰਾਹੀਂ ਪੱਛਮੀ ਬੰਗਾਲ ਦੀਆਂ 2002 ਦੀਆਂ ਵੋਟਰ ਲਿਸਟਾਂ ਜੋ ਬੰਗਲਾ ਭਾਸ਼ਾ ਵਿਚ ਬਣੀਆਂ ਹੋਈਆਂ ਸਨ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਅਤੇ ਫਿਰ ਚੋਣ ਕਮਿਸ਼ਨ ਵਲੋਂ ਨਿਯੁਕਤ ਬੂਥ ਪੱਧਰ ਦੇ ਅਧਿਕਾਰੀਆਂ ਨੇ ਘਰ-ਘਰ ਜਾ ਕੇ ਫਾਰਮ ਭਰ ਕੇ ਜੋ ਲਿਸਟਾਂ ਬਣਾਈਆਂ ਸਨ, ਉਨ੍ਹਾਂ ਦਾ ਇਕ ਹੋਰ ਸਾਫਟਵੇਅਰ ਰਾਹੀਂ 2002 ਦੀਆਂ ਵੋਟਰ ਲਿਸਟਾਂ ਨਾਲ ਮਿਲਾਨ ਕੀਤਾ ਗਿਆ, ਜਿਸ ਕਾਰਨ 1.31 ਕਰੋੜ ਵੋਟਰ ਸ਼ੱਕ ਦੇ ਘੇਰੇ ਵਿਚ ਆ ਗਏ। ਅਜਿਹੇ ਵੋਟਰਾਂ ਦੇ ਸ਼ੱਕ ਦੇ ਘੇਰੇ ਵਿਚ ਆਉਣ ਦੀ ਵਿਆਖਿਆ ਇਹ ਕਹਿ ਕੇ ਕੀਤੀ ਗਈ ਕਿ ਇਨ੍ਹਾਂ ਸੰਬੰਧੀ ਵੇਰਵਿਆਂ ਵਿਚ ਤਾਰਕਿਕ ਵਿਸੰਗਤੀਆਂ (ਲੌਜੀਕਲ ਡਿਸਕ੍ਰੀਪੈਂਸੀਜ਼) ਹਨ। ਇਹ ਊਣਤਾਈਆਂ ਇਸ ਤਰ੍ਹਾਂ ਦੀਆਂ ਸਨ, ਵੋਟਰਾਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਨਾਵਾਂ ਦਾ ਮਿਲਾਨ 2002 ਦੀਆਂ ਵੋਟਰ ਸੂਚੀਆਂ ਨਾਲ ਨਹੀਂ ਹੋ ਰਿਹਾ ਸੀ, ਜਾਂ ਉਨ੍ਹਾਂ ਦੇ ਨਾਵਾਂ ਦੇ ਸ਼ਬਦ ਜੋੜਾਂ ਅਤੇ ਪਤਿਆਂ ਵਿਚ ਕੁਝ ਭਿੰਨਤਾਵਾਂ ਸਨ। ਜੇਕਰ ਬੂਥ ਪੱਧਰ ਦੇ ਅਧਿਕਾਰੀਆਂ ਕੋਲ ਵਾਜਿਬ ਸਮਾਂ ਹੁੰਦਾ ਅਤੇ ਉਨ੍ਹਾਂ 'ਤੇ ਕਾਹਲੀ ਵਿਚ ਕੰਮ ਕਰਨ ਦਾ ਦਬਾਅ ਨਾ ਪਾਇਆ ਜਾਂਦਾ ਤਾਂ ਉਹ ਇਨ੍ਹਾਂ ਕਰੋੜਾਂ ਵੋਟਰਾਂ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕਰਨ ਦੀ ਥਾਂ ਆਪ ਹੀ ਇਨ੍ਹਾਂ ਤਰੁੱਟੀਆਂ ਨੂੰ ਦੂਰ ਕਰ ਸਕਦੇ ਸਨ। ਪਰ ਉਪਰੋਂ ਚੋਣ ਕਮਿਸ਼ਨ ਦਾ ਛੇਤੀ ਤੋਂ ਛੇਤੀ ਵੋਟਰ ਸੂਚੀਆਂ ਨੂੰ ਮੁਕੰਮਲ ਕਰਨ ਲਈ ਦਬਾਅ ਪੈ ਰਿਹਾ ਸੀ, ਇਸ ਕਾਰਨ ਉਨ੍ਹਾਂ ਵਲੋਂ ਵੱਡੀ ਪੱਧਰ 'ਤੇ ਲੋਕਾਂ ਨੂੰ ਦਸਤਾਵੇਜ਼ ਜਮ ?ਹਾਂ ਕਰਵਾਉਣ ਲਈ ਸੰਮਨ ਜਾਰੀ ਕਰਕੇ ਲਾਈਨਾਂ ਵਿਚ ਖੜ੍ਹੇ ਹੋਣ ਲਈ ਮਜਬੂਰ ਕਰ ਦਿੱਤਾ ਗਿਆ। ਸਾਫ਼ਟਵੇਅਰ ਦੀ ਵਰਤੋਂ ਕਰਕੇ ਹੀ ਵੱਡੀ ਪੱਧਰ 'ਤੇ ਲੋਕਾਂ ਨੂੰ ਸੰਮਨ ਜਾਰੀ ਕੀਤੇ ਗਏ। ਜਦੋਂ ਸੁਪਰੀਮ ਕੋਰਟ ਵਿਚ ਚੋਣ ਕਮਿਸ਼ਨ ਤੋਂ ਇਹ ਪੁੱਛਗਿੱਛ ਹੋਈ ਕਿ ਉਨ੍ਹਾਂ ਨੇ ਅਨਟੈਸਟਿਡ ਸਾਫ਼ਟਵੇਅਰਾਂ ਦੀ ਵਰਤੋਂ ਕਰ ਕੇ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਨੂੰ ਮੁਕੰਮਲ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਚੋਣ ਕਮਿਸ਼ਨ ਸੁਪਰੀਮ ਕੋਰਟ ਵਿਚ ਸਾਫ਼ ਮੁਕਰ ਗਿਆ ਤੇ ਉਸ ਨੇ ਇਸ ਸੰਬੰਧੀ ਸੁਪਰੀਮ ਕੋਰਟ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ। ਇਸ ਦੇ ਸਿੱਟੇ ਵਜੋਂ ਹੀ ਪੱਛਮੀ ਬੰਗਾਲ ਦੇ ਪਹਿਲਾਂ 90 ਲੱਖ ਵੋਟਰ ਵੋਟਰ ਸੂਚੀ ਵਿਚੋਂ ਖਾਰਿਜ ਕਰ ਦਿੱਤੇ ਗਏ, 60 ਲੱਖ ਵੋਟਰਾਂ ਨੂੰ ਸ਼ੱਕੀ ਕਰਾਰ ਦੇ ਦਿੱਤਾ ਗਿਆ। ਫਿਰ 60 ਲੱਖ ਵੋਟਰਾਂ ਦੀ ਪੜਤਾਲ ਕਰਨ ਲਈ ਸੁਪਰੀਮ ਕੋਰਟ ਦੇ ਆਦੇਸ਼ਾਂ 'ਤੇ ਨਿਆਂਇਕ ਅਧਿਕਾਰੀ ਨਿਯੁਕਤ ਕੀਤੇ ਗਏ, ਜਿਨ੍ਹਾਂ ਕੋਲ ਇਹ ਕੰਮ ਕਰਨ ਲਈ ਬਹੁਤ ਘੱਟ ਸਮਾਂ ਸੀ। ਉਨ੍ਹਾਂ ਨੇ ਕਾਹਲੀ-ਕਾਹਲੀ ਵਿਚ 32 ਲੱਖ ਦੇ ਲਗਭਗ ਵੋਟਰਾਂ ਦਾ ਵੋਟ ਅਧਿਕਾਰ ਬਹਾਲ ਕੀਤਾ। ਬਾਕੀ 27 ਲੱਖ ਦੇ ਲਗਭਗ ਇਨ੍ਹਾਂ ਵੋਟਰਾਂ ਅਤੇ 7 ਲੱਖ ਹੋਰ ਅਪੀਲ ਕਰਨ ਵਾਲਿਆਂ ਦੇ ਵੋਟ ਅਧਿਕਾਰ ਸੰਬੰਧੀ ਫ਼ੈਸਲਾ ਕਰਨ ਦਾ ਕੰਮ ਸੁਪਰੀਮ ਕੋਰਟ ਦੇ ਆਦੇਸ਼ਾਂ ਅਧੀਨ ਬਣਾਏ ਗਏ ਟ੍ਰਿਬਿਊਨਲਾਂ ਨੂੰ ਸੌਂਪਿਆ ਗਿਆ, ਜੋ ਸਮੇਂ ਸਿਰ ਕੰਮ ਹੀ ਸ਼ੁਰੂ ਨਾ ਕਰ ਸਕੇ। ਬਾਅਦ ਵਿਚ ਜਦੋਂ ਇਨ੍ਹਾਂ ਟ੍ਰਿਬਿਊਨਲਾਂ ਨੇ ਕੰਮ ਸ਼ੁਰੂ ਕੀਤਾ ਵੀ ਤਾਂ ਇਹ ਵੋਟਾਂ ਪੈਣ ਤੋਂ ਪਹਿਲਾਂ ਦੋ ਢਾਈ ਹਜ਼ਾਰ ਦੇ ਲਗਭਗ ਹੀ ਵੋਟਰਾਂ ਸੰਬੰਧੀ ਫ਼ੈਸਲਾ ਕਰ ਸਕੇ। ਬਾਕੀ ਵੋਟਰ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਹਿੱਸਾ ਲੈਣ ਤੋਂ ਹੀ ਵਾਂਝੇ ਰਹਿ ਗਏ। ਹੈਰਾਨੀ ਵਾਲੀ ਗੱਲ ਤਾਂ ਇਹ ਰਹੀ ਕਿ 65-66 ਦੇ ਲਗਭਗ ਪੱਛਮੀ ਬੰਗਾਲ ਦੇ ਅਧਿਕਾਰੀ ਜੋ ਚੋਣ ਅਮਲ ਨੂੰ ਨੇਪਰੇ ਚਾੜ੍ਹਨ ਵਿਚ ਲੱਗੇ ਹੋਏ ਸਨ, ਉਨ੍ਹਾਂ ਦੀਆਂ ਵੋਟਾਂ ਵੀ ਕੱਟੀਆਂ ਹੋਈਆਂ ਪਾਈਆਂ ਗਈਆਂ। ਜਦੋਂ ਉਹ ਸੁਪਰੀਮ ਕੋਰਟ ਵਿਚ ਗਏ ਤਾਂ ਸੁਪਰੀਮ ਕੋਰਟ ਨੇ ਵੀ ਉਨ੍ਹਾਂ ਦੀ ਕੋਈ ਮਦਦ ਕਰਨ ਤੋਂ ਅਸਮਰੱਥਤਾ ਜ਼ਾਹਿਰ ਕਰ ਦਿੱਤੀ। ਇਸ ਤਰ੍ਹਾਂ ਪੱਛਮੀ ਬੰਗਾਲ ਦੇ ਲੱਖਾਂ ਵੋਟਰ ਭਾਰਤ ਦੇ ਚੋਣ ਇਤਿਹਾਸ ਵਿਚ ਪਹਿਲੀ ਵਾਰੀ ਆਪਣੇ ਰਾਜ ਦੀਆਂ ਚੋਣਾਂ ਵਿਚ ਹਿੱਸਾ ਨਾ ਲੈ ਸਕੇ। ਸੁਪਰੀਮ ਕੋਰਟ ਦੇ ਇਕ ਜੱਜ ਨੇ ਅਜਿਹੇ ਵੋਟਰਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ ਜੇ ਉਹ ਇਸ ਵਾਰ ਵੋਟ ਨਹੀਂ ਪਾ ਸਕਣਗੇ ਤਾਂ ਵੀ ਕੀ ਗੱਲ ਹੈ ਉਹ ਅਗਲੀ ਵਾਰ ਵੋਟ ਪਾ ਲੈਣਗੇ, ਵੋਟ ਪਾਉਣ ਦਾ ਅਧਿਕਾਰ ਕੋਈ ਬੁਨਿਆਦੀ ਅਧਿਕਾਰ ਨਹੀਂ ਹੈ। ਸੁਪਰੀਮ ਕੋਰਟ ਦੇ ਇਸ ਜੱਜ ਨੂੰ ਨਿਮਰਤਾ ਸਹਿਤ ਇਹ ਪੁੱਛਣਾ ਬਣਦਾ ਹੈ ਕਿ ਜੇਕਰ ਕਿਸੇ ਜਮਹੂਰੀ ਦੇਸ਼ ਵਿਚ ਵੋਟ ਪਾਉਣਾ ਤੇ ਚੋਣ ਲੜਨਾ ਨਾਗਰਿਕ ਦਾ ਬੁਨਿਆਦੀ ਅਧਿਕਾਰ ਨਹੀਂ ਹੈ ਤਾਂ ਉਸ ਦਾ ਹੋਰ ਬੁਨਿਆਦੀ ਅਧਿਕਾਰ ਕਿਹੜਾ ਹੁੰਦਾ ਹੈ? ਜਿਸ ਤਰ੍ਹਾਂ ਪੱਛਮੀ ਬੰਗਾਲ ਅਤੇ ਬਿਹਾਰ ਵਿਚ ਵੱਡੀ ਪੱਧਰ 'ਤੇ ਘੱਟ ਗਿਣਤੀਆਂ, ਦਲਿਤਾਂ ਅਤੇ ਪਛੜੀ ਜਾਤੀਆਂ ਨਾਲ ਸੰਬੰਧਿਤ ਵਿਅਕਤੀਆਂ ਦੇ ਵੋਟ ਕੱਟੇ ਗਏ ਹਨ, ਉਸ ਨੇ ਵੀ ਵਿਰੋਧੀ ਪਾਰਟੀਆਂ ਦੇ ਇਨ੍ਹਾਂ ਦੋਸ਼ਾਂ ਨੂੰ ਬਲ ਦਿੱਤਾ ਹੈ ਕਿ ਚੋਣ ਕਮਿਸ਼ਨ ਨੇ ਪੱਖਪਾਤੀ ਢੰਗ ਨਾਲ ਕੇਂਦਰ ਵਿਚ ਸੱਤਾਧਾਰੀ ਪਾਰਟੀ ਭਾਜਪਾ ਨੂੰ ਲਾਭ ਪਹੁੰਚਾਉਣ ਲਈ ਕੰਮ ਕੀਤਾ ਹੈ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਬਿਹਾਰ ਤੇ ਪੱਛਮੀ ਬੰਗਾਲ ਵਿਚ ਫਾਰਮ 7 ਜੋ ਸ਼ਿਕਾਇਤ ਕਰਕੇ ਵੋਟਾਂ ਪਾਉਣ ਲਈ ਵਰਤਿਆ ਜਾਂਦਾ ਹੈ, ਫਾਰਮ 6 ਜੋ ਨਵੇਂ ਵੋਟਰਾਂ ਦੇ ਵੋਟ ਬਣਾਉਣ ਲਈ ਵਰਤਿਆ ਜਾਂਦਾ ਹੈ, ਦੀ ਵੀ ਵੱਡੀ ਪੱਧਰ 'ਤੇ ਭਾਜਪਾ ਵਲੋਂ ਦੁਰਵਰਤੋਂ ਹੋਈ ਹੈ। ਪੱਛਮੀ ਬੰਗਾਲ ਦੀਆਂ ਚੋਣਾਂ ਤੋਂ ਬਾਅਦ ਜਿਸ ਤਰ੍ਹਾਂ ਵੋਟਰ ਸੂਚੀਆਂ ਦੀ ਵਿਸ਼ੇਸ਼ ਗਹਿਰੀ ਸੁਧਾਈ ਸੰਬੰਧੀ ਚੋਣ ਕਮਿਸ਼ਨ ਵਲੋਂ ਨਿਯੁਕਤ ਅਧਿਕਾਰੀ ਨੂੰ ਰਾਜ ਦੇ ਮੁੱਖ ਮੰਤਰੀ ਦਾ ਸਲਾਹਕਾਰ ਅਤੇ ਰਾਜ ਦੇ ਮੁੱਖ ਚੋਣ ਅਧਿਕਾਰੀ ਨੂੰ ਰਾਜ ਦਾ ਮੁੱਖ ਸਕੱਤਰ ਨਿਯੁਕਤ ਕੀਤਾ ਗਿਆ ਹੈ, ਉਸ ਨਾਲ ਵੀ ਬਿੱਲੀ ਥੈਲੇ ਵਿਚੋਂ ਬਾਹਰ ਆ ਗਈ ਹੈ।

ਅਸੀਂ ਇਹ ਸਾਰਾ ਵੇਰਵਾ ਇਸ ਲਈ ਇੱਥੇ ਦਰਜ ਕੀਤਾ ਹੈ ਕਿ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਅਤੇ ਖ਼ਾਸ ਕਰਕੇ ਆਮ ਲੋਕ ਸੁਚੇਤ ਹੋ ਸਕਣ ਅਤੇ ਉਹ ਰਾਜ ਵਿਚ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਗਹਿਰੀ ਸੁਧਾਈ ਦੇ ਅਮਲ ਵਿਚ ਪੂਰੀ ਚੌਕਸੀ ਅਤੇ ਪ੍ਰਤੀਬੱਧਤਾ ਨਾਲ ਸ਼ਿਰਕਤ ਕਰ ਸਕਣ। ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਅੰਤਿਮ ਵੋਟਰ ਸੂਚੀਆਂ ਜਾਰੀ ਹੋਣ ਤੋਂ ਬਾਅਦ ਰੌਲਾ-ਰੱਪਾ ਪਾਉਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ। ਅਦਾਲਤਾਂ ਵੀ ਉਨ੍ਹਾਂ ਨੂੰ ਸਮੇਂ ਸਿਰ ਇਨਸਾਫ਼ ਮੁਹੱਈਆ ਨਹੀਂ ਕਰ ਸਕਣਗੀਆਂ।

# ਠਰੰਮੇ ਨਾਲ ਕਰੋਂ ਬੇਅਦਬੀ ਕਾਨੂੰਨ ਦੇ ਵਿਵਾਦ ਦਾ ਹੱਲ




ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪਾਵਨ ਗੁਟਕਾ ਸਾਹਿਬ ਦੀ ਬੇਅਦਬੀ ਕਰਨ ਅਤੇ ਸਿੱਖ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀਆਂ ਘਟਨਾਵਾਂ ਸਾਹਮਣੇ ਆਉਣ ਕਾਰਨ ਸਿੱਖ ਸੰਗਤ ਅਤੇ ਸਿੱਖ ਸੰਸਥਾਵਾਂ ਵੱਲੋਂ ਅਜਿਹੀਆਂ ਕਾਰਵਾਈਆਂ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਦੇਣ ਲਈ ਇਕ ਪ੍ਰਭਾਵਸ਼ਾਲੀ ਕਾਨੂੰਨ ਬਣਾਉਣ ਦੀ ਮੰਗ ਲੰਮੇ ਸਮੇਂ ਤੋਂ ਕੀਤੀ ਜਾ ਰਹੀ ਸੀ। ਇਸ ਕਾਰਨ 2016 ’ਚ ਅਕਾਲੀ- ਭਾਜਪਾ ਸਰਕਾਰ ਵੱਲੋਂ ਅਤੇ 2018 ’ਚ ਕਾਂਗਰਸ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਰਾਹੀਂ ਦੋ ਵਾਰ ਬਿੱਲ ਪਾਸ ਕੀਤੇ ਗਏ ਪਰ ਇਹ ਕਾਨੂੰਨ ਦੀ ਸ਼ਕਲ ਅਖਤਿਆਰ ਨਾ ਕਰ ਸਕੇ, ਜਿਸ ਕਾਰਨ ਸਿੱਖ ਸੰਗਤ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ ਲਈ ਇਕ ਸਖ਼ਤ ਕਾਨੂੰਨ ਨਾ ਬਣਾਏ ਜਾਣ ਕਾਰਨ ਨਾਰਾਜ਼ ਸੀ।

ਇਸੇ ਨਾਰਾਜ਼ਗੀ ਕਾਰਨ ਭਾਈ ਗੁਰਜੀਤ ਸਿੰਘ ਖਾਲਸਾ ਨਾਂ ਦੇ ਇਕ ਸਿੱਖ ਨੇ ਇਕ 400 ਫੁੱਟ ਉਚੇ ਟਾਵਰ ’ਤੇ ਚੜ੍ਹ ਕੇ ਮੋਰਚਾ ਲਾ ਦਿੱਤਾ ਤੇ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਕਿ ਜਿੰਨੀ ਦੇਰ ਤੱਕ ਪੰਜਾਬ ਸਰਕਾਰ ਕਾਨੂੰਨ ਨਹੀਂ ਬਣਾਏਗੀ ਉਹ ਥੱਲੇ ਨਹੀਂ ਉਤਰੇਗਾ। ਸਿੱਖ ਸੰਗਤ ਨੇ ਗੁਰਜੀਤ ਸਿੰਘ ਖਾਲਸਾ ਦਾ ਸਾਥ ਦਿੱਤਾ ਤੇ ਇਹ ਨਾਰਾਜ਼ਗੀ ਇਕ ਵੱਡਾ ਮੋਰਚਾ ਬਣ ਗਿਆ। ਬਹੁਤ ਸਾਰੀਆਂ ਜਥੇਬੰਦੀਆਂ ਜਿਨ੍ਹਾਂ ’ਚ ਸਰਬ- ਧਰਮ ਬੇਅਦਬੀ ਰੋਕੋ ਮੋਰਚਾ, ਧਰਮ ਯੁੱਧ ਮੋਰਚਾ, ਸੰਯੁਕਤ ਕਿਸਾਨ ਮੋਰਚਾ (ਗ਼ੈਰ-ਰਾਜਨੀਤਕ), ਭਾਰਤੀ ਕਿਸਾਨ ਯੂਨੀਅਨ(ਏਕਤਾ ਸਿੱਧੂਪੁਰ ), ਭਾਰਤੀ ਕਿਸਾਨ ਯੂਨੀਅਨ (ਏਕਤਾ ਆਜ਼ਾਦ ), ਬਾਬਾ ਬੁੱਢਾ ਦਲ ਦੇ ਨਿਹੰਗ ਸਿੰਘ, ਸਿੱਖ ਸਦਭਾਵਨਾ ਦਲ ਅਤੇ ਗੁਰਮਿਤ ਟਕਸਾਲ ਤੋਂ ਇਲਾਵਾ ਕਈ ਨਾਮਵਰ ਵਿਕਤੀਆਂ ਨੇ ਨਿਜੀ ਤੌਰ ’ਤੇ ਇਸ ਮੋਰਚੇ ਨੂੰ ਸਮਰਥਨ ਦਿੱਤਾ।

ਇਸ ਮੋਰਚੇ ਨੂੰ ਉਸ ਵੇਲੇ ਬਲ ਮਿਲਿਆ ਜਦੋਂ ਸਪੀਕਰ ਕੁਲਤਾਰ ਸਿੰਘ ਸੰਧਾਵਾਂ ਨੇ ਇਸ ਮੋਰਚੇ ਦੇ ਆਗੂਆਂ ਨਾਲ ਮੁਲਾਕਾਤ ਕੀਤੀ ਤੇ ਕਾਨੂੰਨ ਜਲਦੀ ਬਣਾਉਣ ਦਾ ਭਰੋਸਾ ਦਿੱਤਾ।

ਇਸ ਕਾਨੂੰਨ ਦੀ ਮੰਗ ਕਾਰਨ ਪੰਜਾਬ ਸਰਕਾਰ ਨੇ ਪਹਿਲਾਂ ਜੁਲਾਈ 2025 ’ਚ ਇਕ ਬਿੱਲ ਪਾਸ ਕੀਤਾ ਜਿਸ ਵਿਚ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਕੀਤਾ ਗਿਆ ਸੀ ਅਤੇ ਪੰਜਾਬ ਸਰਕਾਰ ਨੇ ਇਹ ਬਿੱਲ ਵਿਧਾਨ ਸਭਾ ਦੀ ਸਟੈਂਡਿੰਗ ਕਮੇਟੀ ਦੇ ਹਵਾਲੇ ਕਰ ਦਿੱਤਾ ਤੇ ਇਸ ਬਿੱਲ ’ਤੇ ਰਿਪੋਰਟ ਤਿਆਰ ਕਰਨ ਲਈ 6 ਮਹੀਨੇ ਦਾ ਸਮਾਂ ਨਿਸ਼ਚਿਤ ਕਰ ਦਿੱਤਾ ਪਰ ਸਟੈਂਡਿੰਗ ਕਮੇਟੀ ਵੱਲੋਂ ਮਿੱਥੇ ਸਮੇਂ ’ਚ ਰਿਪੋਰਟ ਨਾ ਦਿੱਤੀ ਜਾ ਸਕੀ।

ਇਸ ਸਮੇਂ ਦਰਮਿਆਨ ਸਰਕਾਰ ’ਤੇ ਕਾਨੂੰਨ ਜਲਦੀ ਬਣਾਉਣ ਅਤੇ ਸਜ਼ਾ ਸਖ਼ਤ ਕਰਨ ਦਾ ਦਬਾਅ ਵਧ ਗਿਆ ਜਿਸ ਕਾਰਨ ਸਰਕਾਰ ਨੇ 2025 ਦਾ ਬਿੱਲ ਛੱਡ ਕੇ 2016 ਵਾਲੇ ਕਾਨੂੰਨ “ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ ” ’ਚ ਸੋਧ ਕਰ ਕੇ ਕਾਨੂੰਨ ਰਾਹੀਂ ਸਖ਼ਤ ਸਜ਼ਾਵਾਂ ਦਾ ਪ੍ਰਬੰਧ ਕਰਨ ਦਾ ਫੈਸਲਾ ਕੀਤਾ। ਇਸ ਕਾਨੂੰਨ ’ਚ ਬੇਅਦਬੀ ਦੇ ਮਾਮਲਿਆਂ ’ਚ ਦੋਸ਼ੀਆਂ ਨੂੰ ਘੱਟ ਤੋਂ ਘੱਟ 7 ਸਾਲ ਤੋਂ ਲੈ ਕੇ ਉਮਰ ਕੈਦ ਅਤੇ 5 ਲੱਖ ਤੋਂ ਲੈ ਕੇ 25 ਲੱਖ ਤੱਕ ਦਾ ਜੁਰਮਾਨਾ ਕੀਤਾ ਜਾ ਸਕਦਾ ਹੈ। 13 ਅਪ੍ਰੈਲ 2026 ਨੂੰ ਇਹ ਬਿੱਲ ਪੰਜਾਬ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਅਤੇ ਰਾਜਪਾਲ ਨੇ ਸਿਆਸੀ ਧਿਰਾਂ ਦੇ ਸ਼ੰਕਿਆਂ ਦੇ ਉਲਟ ਬਿੱਲ ਨੂੰ ਕਾਨੂੰਨ ਬਣਾਉਣ ਦੀ ਤੁਰੰਤ ਮਨਜ਼ੂਰੀ ਦੇ ਦਿੱਤੀ।

**-ਇਕਬਾਲ ਸਿੰਘ ਚੰਨੀ**

ਭਾਵੇਂ ਬਹੁਤ ਵੱਡੀ ਗਿਣਤੀ ’ਚ ਸਿੱਖ ਸੰਗਤ ਅਤੇ ਸਿੱਖ ਜਥੇਬੰਦੀਆਂ ਨੇ ਇਸ ਕਾਨੂੰਨ ਦਾ ਸਵਾਗਤ ਕੀਤਾ ਹੈ ਪਰ ਐੱਸ. ਜੀ. ਪੀ. ਸੀ. ਨੇ ਸ਼ੁਰੂ ਵਿਚ ਸਵਾਗਤ ਕਰਨ ਤੋਂ ਬਾਅਦ ਇਸ ਕਾਨੂੰਨ ਦੇ ਕ ?ਈ ਪਹਿਲੂਆਂ ’ਤੇ ਇਤਰਾਜ਼ ਜਤਾਇਆ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬ ਨੇ ਵੀ ਇਸ ਕਾਨੂੰਨ ਦੇ ਬਾਰੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਰਾਹੀਂ ਪੰਜਾਬ ਸਰਕਾਰ ਨੂੰ ਇਕ ਅਲਟੀਮੇਟਮ ਦਿੱਤਾ ਹੈ ਕਿ 15 ਦਿਨਾਂ ’ਚ ਇਸ ਕਾਨੂੰਨ ਦੀਆਂ ਇਤਰਾਜ਼ਯੋਗ ਧਾਰਾਵਾਂ ’ਚ ਸੋਧ ਕੀਤੀ ਜਾਵੇ। ਜਥੇਦਾਰ ਸਾਹਿਬ ਵੱਲੋਂ ਦਿੱਤੇ ਗਏ ਅਲਟੀਮੇਟਮ ਨੇ ਇਕ ਪਾਸੇ ਪੰਜਾਬ ਸਰਕਾਰ ਨੂੰ ਡੂੰਘੀ ਚਿੰਤਾ ’ਚ ਪਾ ਦਿੱਤਾ ਹੈ, ਉਥੇ ਦੂਜੇ ਪਾਸੇ ਪੰਜਾਬ ਵਾਸੀਆਂ ਖਾਸ ਕਰ ਕੇ ਸਿੱਖ ਸੰਗਤਾਂ ਨੂੰ ਵੀ ਇਕ ਦੁਚਿਤੀ ਦੇ ਰਾਹ ’ਤੇ ਖੜ੍ਹਾ ਕਰ ਦਿੱਤਾ ਹੈ।

ਜਥੇਦਾਰ ਵੱਲੋਂ ਦਿੱਤੇ ਗਏ ਅਲਟੀਮੇਟਮ ’ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪ੍ਰਤੀਕਿਰਿਆ ਤੋਂ ਇਹ ਝਲਕ ਪੈ ਰਹੀ ਹੈ ਕਿ ਇਸ ਮਸਲੇ ’ਤੇ ਅਕਾਲ ਤਖਤ ਅਤੇ ਪੰਜਾਬ ਸਰਕਾਰ ਦਰਮਿਆਨ ਟਕਰਾਅ ਦੀ ਸਥਿਤੀ ਬਣਨੀ ਸੁਭਾਵਿਕ ਹੈ।

ਜਥੇਦਾਰ ਵੱਲੋਂ ਸਰਕਾਰ ਨੂੰ ਕਸਟੋਡੀਅਨ ਦੀ ਪਰਿਭਾਸ਼ਾ, ਜਿਸ ਬਾਰੇ ਅਜੇ ਤੱਕ ਇਹ ਸਮਝਿਆ ਜਾ ਰਿਹਾ ਹੈ ਕਿ ਇਸ, ਵਿਚ ਉਹ ਸਾਰੇ ਵਿਅਕਤੀ ਸ਼ਾਮਲ ਹੋਣਗੇ ਚਾਹੇ ਉਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹੋਣ ਜਾਂ ਫਿਰ ਗੁਰਦਵਾਰਾ ਸਾਹਿਬ ਦੇ ਗ੍ਰੰਥੀ ਹੋਣ ਜਾਂ ਫਿਰ ਉਹ ਸੰਗਤ ਜੋ ਆਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ ਤੇ ਗੁਟਕਾ ਸਾਹਿਬ ਰੱਖਦੇ ਹਨ, ਉਹ ਸਭ ਕਿਸੇ ਅਣਸੁਖਾਵੀਂ ਘਟਨਾ ਕਾਰਨ ਦੋਸ਼ੀਆਂ ਦੀ ਗਿਣਤੀ ਵਿਚ ਆ ਸਕਦੇ ਹਨ। ਇਸ ਕਾਰਨ ਜਥੇਦਾਰ ਨੇ ਕਸਟੋਡੀਅਨ ਦੀ ਪਰਿਭਾਸ਼ਾ ਨੂੰ ਬਦਲਣ ਦੀ ਮੰਗ ਦੇ ਨਾਲ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਬੀੜ ਦੀ ਥਾਂ ਸਰੂਪ ਸ਼ਬਦ ਨਾਲ ਸੰਬੋਧਨ ਕਰਨ ’ਤੇ ਵੀ ਇਤਰਾਜ਼ ਜਿਤਾਇਆ ਹੈ। ਇਸ ਲਈ ਸਰਕਾਰ ਨੂੰ ਇਹ ਪ੍ਰਸਤਾਵ ਦਿੱਤਾ ਹੈ ਕਿ ਸਰਕਾਰ ਇਸ ਮਸਲੇ ’ਤੇ ਵਿਚਾਰ ਵਟਾਂਦਰਾ ਕਰੇ। ਇਸ ਲਈ ਸਿੱਖ ਵਿਦਵਾਨਾਂ ਤੇ ਕਾਨੂੰਨੀ ਮਾਹਿਰਾਂ ਦੀ ਟੀਮ ਸ਼੍ਰੋਮਣੀ ਕਮੇਟੀ ਵੱਲੋਂ ਉਪਲੱਬਧ ਕਰਵਾਈ ਜਾਵੇਗੀ

ਪਰ ਸਵਾਲ ਇਹ ਉੱਠਦਾ ਹੈ ਕਿ ਕੀ ਸਰਕਾਰ ਜਥੇਦਾਰ ਸਾਹਿਬ ਵੱਲੋਂ ਦਿਤੇ ਗਏ 15 ਦਿਨ ਦੇ ਅਲਟੀਮੇਟਮ ਦੇ ਸਮੇਂ ਵਿਚ ਇਹ ਸਾਰਾ ਕੁਝ ਕਰ ਵੀ ਸਕਦੀ ਹੈ ਜਾਂ ਨਹੀਂ। ਜੇ ਸਹੀ ਵਿਚ ਦੇਖਿਆ ਜਾਵੇ ਤਾਂ ਸਰਕਾਰ ਜੇ ਕਰਨਾ ਵੀ ਚਾਹੇ ਤਾਂ ਇੰਨੀ ਜਲਦੀ ਇਹ ਕਾਰਵਾਈ ਕਰਨੀ ਸੰਭਵ ਨਹੀਂ ਹੈ, ਦੂਜਾ ਮੁੱਖ ਮੰਤਰੀ ਪਹਿਲਾਂ ਹੀ ਕਹਿ ਰਹੇ ਹਨ ਕਿ ਕਾਨੂੰਨ ਸਿੱਖ ਸੰਗਤ ਦੀ ਮਰਜ਼ੀ ਨਾਲ ਬਣਾਇਆ ਗਿਆ ਹੈ ਤੇ ਮੁੱਖ ਮੰਤਰੀ ਨੇ ਸ਼ੁਕਰਾਨਾ ਯਾਤਰਾ ਵੀ ਪੂਰੀ ਕਰ ਲਈ ਹੈ। ਇਸ ਤਰ੍ਹਾਂ ਦੋਵੇਂ ਧਿਰਾਂ ਵੱਲ ਗਹੁ ਨਾਲ ਨਜ਼ਰ ਮਾਰੀਏ ਤਾਂ ਕਾਨੂੰਨ ਦੀਆਂ ਖੂਬੀਆਂ ਜਾਂ ਕਮੀਆਂ ਨਾਲੋਂ ਰਾਜਸੀ ਮੰਤਵ ਵਧੇਰੇ ਭਾਰੀ ਲੱਗ ਰਹੇ ਹਨ, ਜਿਹੜੇ ਕਿ ਨਾ ਤਾਂ ਪੰਜਾਬ ਦੇ ਹਿੱਤ ਵਿਚ ਹਨ ਅਤੇ ਨਾ ਹੀ ਸਿੱਖ ਸੰਗਤ ਦੇ ਹਿੱਤ ’ਚ ਹਨ।

ਇਸ ਲਈ ਦੋਵਾਂ ਧਿਰਾਂ ਨੂੰ ਠਰੰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਸਰਕਾਰ ਨੂੰ ਸਿੱਖ ਸੰਗਤ, ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਸਾਹਿਬ ਵੱਲੋਂ ਲਾਏ ਇਤਰਾਜ਼ਾਂ ’ਤੇ ਵਿਚਾਰ ਕਰਨ ’ਚ ਕੋਈ ਹਰਜ਼ ਨਹੀਂ ਹੋਣਾ ਚਾਹੀਦਾ ਅਤੇ ਸਿੱਖ ਸੰਸਥਾਵਾਂ ਨੂੰ ਵੀ ਇਸ ਕਾਰਵਾਈ ਲਈ ਕਾਹਲੀ ’ਚ ਕੋਈ ਫੈਸਲਾ ਨਹੀਂ ਕਰਨਾ ਚਾਹੀਦਾ। ਇਸ ਕਾਨੂੰਨ ’ਤੇ ਵਿਵਾਦ ਹੋਣਾ ਪੰਜਾਬ ਤੇ ਸਿੱਖ ਸੰਗਤ ਦੇ ਹਿੱਤ ਵਿਚ ਨਹੀਂ ਹੋਵੇਗਾ। ਇਸ ਲਈ ਇਸ ਦਾ ਸਾਰਥਕ ਹੱਲ ਕੱਢਣ ਲਈ ਸਰਕਾਰ ਅਤੇ ਸਿੱਖ ਸੰਸਥਾਵਾਂ ਨੂੰ ਸਾਂਝੀ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਜ਼ਰੂਰਤ ਹੈ।

# ਇਕ ਟੱਕਰ ਜਿਸ ਨੇ ਧਰਤੀ ਦਾ ਇਤਿਹਾਸ ਬਦਲ ਦਿੱਤਾ



ਧਰਤੀ ਦੇ ਇਤਿਹਾਸ ਵਿਚ ਕੁਝ ਅਜਿਹੀਆਂ ਘਟਨਾਵਾਂ ਹੋਈਆਂ ਹਨ ਜਿਨ੍ਹਾਂ ਨੇ ਜੀਵਨ ਦੀ ਦਿਸ਼ਾ ਹੀ ਬਦਲ ਦਿੱਤੀ। ਲਗਭਗ 66 ਮਿਲੀਅਨ ਸਾਲ ਪਹਿਲਾਂ ਹੋਈ ਇਕ ਭਿਆਨਕ ਪੁਲਾੜੀ ਟੱਕਰ ਨੇ ਸਿਰਫ਼ ਡਾਇਨਾਸੋਰਾਂ ਦੀ ਕਿਸਮਤ ਨਹੀਂ, ਸਗੋਂ ਪੂਰੇ ਗ੍ਰਹਿ ਦੇ ਪਰਿਵਰਤਨ ਦੀ ਕਹਾਣੀ ਲਿਖੀ। ਇਸ ਟੱਕਰ ਦਾ ਸਬੂਤ ਅੱਜ ਵੀ ਮੌਜੂਦ ਹੈ। ਮੈਕਸੀਕੋ ਦੇ ਵਿਚ ਸਥਿਤ ਵਿਸ਼ਾਲ ਚਿਕਸੂਲੂਬ ਕ੍ਰੇਟਰ ਦੇ ਰੂਪ ਵਿਚ।

ਵਿਗਿਆਨੀਆਂ ਦੇ ਅਨੁਸਾਰ, ਲਗਭਗ 10 ਤੋਂ 15 ਕਿਲੋਮੀਟਰ ਵਿਆਸ ਵਾਲਾ ਇਕ ਵਿਸ਼ਾਲ ਐਸਟਰਾਇਡ ਧਰਤੀ ਨਾਲ ਟਕਰਾਇਆ। ਇਸ ਟੱਕਰ ਦੀ ਤਾਕਤ ਅਣਗਿਣਤ ਅਣੂ ਬੰਬਾਂ ਦੇ ਇਕੱਠੇ ਧਮਾਕੇ ਵਰਗੀ ਸੀ। ਜਦੋਂ ਇਹ ਪਿੰਡ ਧਰਤੀ ਨਾਲ ਟਕਰਾਇਆ, ਤਾਂ ਲੱਖਾਂ ਟਨ ਧੂੜ, ਗੈਸ ਅਤੇ ਪੱਥਰ ਅਸਮਾਨ ਵਿਚ ਉੱਛਲ ਗਏ। ਕੁਝ ਪਲਾਂ ਵਿਚ ਹੀ ਸੈਂਕੜਿਆਂ ਕਿਲੋਮੀਟਰ ਤੱਕ ਇਲਾਕਾ ਤਬਾਹ ਹੋ ਗਿਆ। ਅੰਦਾਜ਼ਾ ਹੈ ਕਿ ਇਸ ਟੱਕਰ ਨਾਲ 180 ਕਿਲੋਮੀਟਰ ਵਿਆਸ ਦਾ ਕ੍ਰੇਟਰ ਬਣਿਆ, ਜੋ ਧਰਤੀ ਦੇ ਸਭ ਤੋਂ ਵੱਡੇ ਅਤੇ ਮਹੱਤਵਪੂਰਨ ਕ੍ਰੇਟਰਾਂ ਵਿਚੋਂ ਇਕ ਹੈ। ਇਸ ਭਿਆਨਕ ਟੱਕਰ ਤੋਂ ਬਾਅਦ ਧਰਤੀ ਦੇ ਵਾਤਾਵਰਨ ਵਿਚ ਇੰਨੀ ਧੂੜ ਅਤੇ ਧੂੰਆ ਫੈਲ ਗਿਆ ਕਿ ਸੂਰਜ ਦੀ ਰੌਸ਼ਨੀ ਮਹੀਨਿਆਂ, ਸ਼ਾਇਦ ਸਾਲਾਂ ਤੱਕ ਘੱਟ ਪਹੁੰਚੀ। ਇਸ ਕਾਰਨ ਤਾਪਮਾਨ ਵਿਚ ਭਾਰੀ ਗਿਰਾਵਟ ਆਈ। ਪੌਦੇ ਸੂਰਜੀ ਰੌਸ਼ਨੀ ਤੋਂ ਬਿਨਾਂ ਜੀਵਤ ਨਹੀਂ ਰਹਿ ਸਕੇ, ਜਿਸ ਨਾਲ ਭੋਜਨ ਲੜੀ ਟੁੱਟ ਗਈ। ਜਦੋਂ ਪੌਦੇ ਘੱਟ ਹੋਏ, ਤਾਂ ਸ਼ਾਕਾਹਾਰੀ ਜੀਵ ਮਰਨ ਲੱਗੇ ਅਤੇ ਫਿਰ ਮਾਸਾਹਾਰੀ ਜੀਵ ਵੀ ਖਤਮ ਹੋਣ ਲੱਗੇ। ਇਸ ਵੱਡੇ ਨਾਸ਼ ਨੂੰ ਵਿਗਿਆਨਕ ਭਾਸ਼ਾ ਵਿਚ ‘ਮਾਸ ਐਕਸਟਿੰਕਸ਼ਨ’ ਕਿਹਾ ਜਾਂਦਾ ਹੈ, ਮੰਨਿਆ ਜਾਂਦਾ ਹੈ ਕਿ ਇਸ ਘਟਨਾ ਨਾਲ ਧਰਤੀ ਦੀ ਲਗਭਗ 75 ਫੀਸਦੀ ਜੀਵ ਜਾਤੀਆਂ ਨਾਸ਼ ਹੋ ਗਈਆਂ, ਜਿਨ੍ਹਾਂ ਵਿਚ ਡਾਇਨਾਸੋਰ ਵੀ ਸ਼ਾਮਿਲ ਸਨ। ਹਾਲਾਂਕਿ ਕੁਝ ਛੋਟੇ ਜੀਵ ਅਤੇ ਸਮੁੰਦਰੀ ਜੀਵ ਬਚ ਗਏ, ਜਿਨ੍ਹਾਂ ਨੇ ਅਗਲੇ ਯੁੱਗਾਂ ਵਿਚ ਨਵੀਆਂ ਜਾਤੀਆਂ ਨੂੰ ਜਨਮ ਦਿੱਤਾ।

**ਗੁਰਜਤਿੰਦਰ ਪਾਲ ਸਿੰਘ**

20ਵੀਂ ਸਦੀ ਦੇ ਅਖੀਰ ਵਿਚ ਵਿਗਿਆਨੀਆਂ ਨੇ ਧਰਤੀ ਦੀਆਂ ਚਟਾਨਾਂ ਵਿਚ ‘ਇਰੀਡੀਅਮ’ ਤੱਤ ਦੀ ਅਸਾਧਾਰਨ ਮਾਤਰਾ ਪਾਈ। ਇਹ ਤੱਤ ਆਮ ਤੌਰ ’ਤੇ ਧਰਤੀ ’ਤੇ ਘੱਟ ਅਤੇ ਪੁਲਾੜੀ ਪਿੰਡਾਂ ਵਿਚ ਵੱਧ ਮਿਲਦਾ ਹੈ। ਇਸ ਸਬੂਤ ਨੇ ਇਹ ਸਿਧਾਂਤ ਮਜ਼ਬੂਤ ਕੀਤਾ ਕਿ ਇਕ ਐਸਟਰਾਇਡ ਦੀ ਟੱਕਰ ਨੇ ਇਹ ਨਾਸ਼ ਕੀਤਾ। ਅਗਲੇ ਅਧਿਐਨਾਂ ਅਤੇ ਭੂ-ਭੌਤਿਕ ਸਰਵੇਖਣਾਂ ਨੇ ਯੂਕਾਤਾਨ ਖੇਤਰ ਵਿਚ ਦੱਬੇ ਵਿਸ਼ਾਲ ਕ੍ਰੇਟਰ ਦੀ ਪੁਸ਼ਟੀ ਕੀਤੀ। ਸਮੁੰਦਰੀ ਤਲ ਅਤੇ ਭੂਗਰਭੀ ਡ੍ਰਿੱਲਿੰਗ ਰਾਹੀਂ ਮਿਲੇ ਨਮੂਨਿਆਂ ਨੇ ਦਰਸਾਇਆ ਕਿ ਇਹ ਕ੍ਰੇਟਰ ਸੱਚਮੁੱਚ ਉਸੇ ਸਮੇਂ ਦਾ ਹੈ ਜਦੋਂ ਡਾਇਨਾਸੋਰ ਮਿਟੇ। ਇਸ ਤਰ੍ਹਾਂ ਚਿਕਸੂਲੂਬ ਕ੍ਰੇਟਰ ਨੂੰ ਧਰਤੀ ਦੇ ਇਤਿਹਾਸ ਦੀ ਸਭ ਤੋਂ ਵੱਡੀ ਆਫ਼ਤ ਨਾਲ ਜੋੜਿਆ ਗਿਆ। ਚਿਕਸੂਲੂਬ ਕ੍ਰੇਟਰ ਸਿਰਫ਼ ਇਕ ਇਤਿਹਾਸਕ ਖੱਡਾ ਨਹੀਂ, ਸਗੋਂ ਮਨੁੱਖਤਾ ਲਈ ਇਕ ਚਿਤਾਵਨੀ ਵੀ ਹੈ। ਅੱਜ ਵਿਗਿਆਨੀ ਪੁਲਾੜ ਵਿਚ ਘੁੰਮ ਰਹੇ ਐਸਟਰਾਇਡਾਂ ’ਤੇ ਨਜ਼ਰ ਰੱਖ ਰਹੇ ਹਨ। ਵੱਖ-ਵੱਖ ਪੁਲਾੜ ਏਜੰਸੀਆਂ ਸੰਭਾਵਿਤ ਖਤਰਨਾਕ ਪਿੰਡਾਂ ਦੀ ਪਹਿਚਾਣ ਕਰ ਰਹੀਆਂ ਹਨ ਤਾਂ ਜੋ ਭਵਿੱਖ ਵਿਚ ਕਿਸੇ ਵੀ ਟੱਕਰ ਨੂੰ ਟਾਲਿਆ ਜਾ ਸਕੇ।

ਇਹ ਘਟਨਾ ਸਾਨੂੰ ਦਿਖਾਉਂਦੀ ਹੈ ਕਿ ਧਰਤੀ ਦਾ ਜੀਵਨ ਕਿੰਨਾ ਨਾਜ਼ੁਕ ਹੈ ਅਤੇ ਕਿਵੇਂ ਇਕ ਪਲ ਵਿਚ ਸਭ ਕੁਝ ਬਦਲ ਸਕਦਾ ਹੈ। ਨਾਲ ਹੀ ਇਹ ਵੀ ਸਿਖਾਉਂਦੀ ਹੈ ਕਿ ਨਾਸ਼ ਦੇ ਬਾਅਦ ਵੀ ਨਵਾਂ ਜੀਵਨ ਜਨਮ ਲੈਂਦਾ ਹੈ। ਡਾਇਨਾਸੋਰਾਂ ਦੇ ਮਿਟਣ ਤੋਂ ਬਾਅਦ ਸਸਤਨ ਧੀਰੇ-ਧੀਰੇ ਵਿਕਸਿਤ ਹੋਏ ਅਤੇ ਆਖਿਰਕਾਰ ਮਨੁੱਖਤਾ ਦਾ ਜਨਮ ਹੋਇਆ। ਚਿਕਸੂਲੂਬ ਕ੍ਰੇਟਰ ਦੀ ਖੋਜ ਨੇ ਭੂਗੋਲ, ਜੀਵ ਵਿਗਿਆਨ ਅਤੇ ਪੁਲਾੜ ਵਿਗਿਆਨ ਵਿਚ ਨਵੀਆਂ ਦਿਸ਼ਾਵਾਂ ਖੋਲ੍ਹੀਆਂ। ਇਸ ਨਾਲ ਵਿਗਿਆਨੀਆਂ ਨੂੰ ਸਮਝ ਆਈ ਕਿ ਧਰਤੀ ’ਤੇ ਹੋਣ ਵਾਲੀਆਂ ਵੱਡੀਆਂ ਤਬਾਹੀਆਂ ਸਿਰਫ਼ ਅੰਦਰੂਨੀ ਕਾਰਨਾਂ ਨਾਲ ਨਹੀਂ, ਸਗੋਂ ਪੁਲਾੜੀ ਕਾਰਨਾਂ ਨਾਲ ਵੀ ਹੋ ਸਕਦੀਆਂ ਹਨ। ਅੱਜ ਵੀ ਇਸ ਖੇਤਰ ਵਿਚ ਖੋਜ ਜਾਰੀ ਹੈ, ਤਾਂ ਜੋ ਉਸ ਦਿਨ ਦੀ ਪੂਰੀ ਤਸਵੀਰ ਸਾਫ਼ ਕੀਤੀ ਜਾ ਸਕੇ। ਚਿਕਸੂਲੂਬ ਕ੍ਰੇਟਰ ਧਰਤੀ ਦੇ ਇਤਿਹਾਸ ਦਾ ਇਕ ਅਹਿਮ ਅਧਿਆਇ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਕੁਦਰਤ ਅਤੇ ਪੁਲਾੜ ਦੀ ਤਾਕਤ ਬੇਹੱਦ ਵੱਡੀ ਹੈ। 66 ਮਿਲੀਅਨ ਸਾਲ ਪਹਿਲਾਂ ਦੀ ਇਕ ਟੱਕਰ ਨੇ ਜੀਵਨ ਦੇ ਪੁਰਾਣੇ ਅਧਿਆਇ ਨੂੰ ਖ਼ਤਮ ਕਰਕੇ ਨਵੇਂ ਯੁੱਗ ਦੀ ਸ਼ੁਰੂਆਤ ਕੀਤੀ। ਅੱਜ ਜਦੋਂ ਅਸੀਂ ਇਸ ਕ੍ਰੇਟਰ ਬਾਰੇ ਪੜ੍ਹਦੇ ਹਾਂ, ਤਾਂ ਇਹ ਸਿਰਫ਼ ਭੂਤਕਾਲ ਦੀ ਕਹਾਣੀ ਨਹੀਂ, ਸਗੋਂ ਭਵਿੱਖ ਲਈ ਇਕ ਸਬਕ ਵੀ ਹੈ ਕਿ ਵਿਗਿਆਨ ਅਤੇ ਸੁਚੇਤਤਾ ਨਾਲ ਹੀ ਅਸੀਂ ਅਜਿਹੀਆਂ ਸੰਭਾਵਿਤ ਮੁਸ਼ਕਿਲਾਂ ਦਾ ਸਾਹਮਣਾ ਕਰ ਸਕਦੇ ਹਾਂ।

# ਸਿੱਖ ਪੰਥ ਦੀਆਂ ਵਰਤਮਾਨ ਚੁਣੌਤੀਆਂ



ਸਿੱਖ ਪੰਥ ਵਿੱਚ ਜਿਨ੍ਹਾਂ ਗੁੰਝਲਦਾਰ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਹ ਸ਼ਰਮਸਾਰ ਕਰਨ ਵਾਲਾ ਹੈ। ਪੰਥ ਦਾ ਹਿੱਤ ਕਿਸ ਵਿੱਚ ਹੈ ਇਹ ਤੈਅ ਕਰਨਾ ਹੀ ਕਠਿਨ ਹੋ ਗਿਆ ਹੈ। ਪੰਥ ਦਾ ਹਿਤੈਸ਼ੀ ਕੌਣ ਹੈ ਇਸ ਸਵਾਲ ਨੇ ਪੂਰੇ ਪੰਥ ਅੰਦਰ ਭਰਮ ਪੈਦਾ ਕਰ ਦਿੱਤੇ ਹਨ। ਸਮੱਸਿਆ ਇਹ ਹੈ ਕਿ ਨਿਜ ਹਿੱਤਾਂ ਲਈ ਧਰਮ, ਸਿਆਸਤ ਤੇ ਪ੍ਰਬੰਧਨ ਇੱਕੋ ਵਿੱਚ ਰੱਲਗੱਡ ਕਰ ਦਿੱਤੇ ਗਏ ਹਨ। ਨਿਜੀ ਹਿੱਤ ਉੱਪਰ ਹੋ ਗਏ ਹਨ ਜਿਸ ਕਾਰਨ ਧਰਮ ਦੀ ਮਰਿਆਦਾ ਤਾਰ ਤਾਰ ਹੋ ਰਹੀ ਹੈ । ਦੂਜੇ ਪਾਸੇ ਆਮ ਸਿੱਖ ਦੀ ਰੁਚੀ ਹੀ ਨਹੀਂ ਹੈ ਕਿ ਪੰਥ ਕਿਸ ਦੌਰ ਤੋਂ ਗੁਜਰ ਰਿਹਾ ਹੈ। ਕੁੱਝ ਸਮਾਂ ਪਹਿਲਾਂ ਸਿੱਖ ਪੰਥ ਦੀ ਇੱਕ ਸਿਰਮੌਰ ਸੰਸਥਾ ਦੇ ਮੁਖੀ ਦਾ ਬਿਆਨ ਆਇਆ ਕਿ ਉਹ ਇੱਕ ਰਾਜਨੀਤਿਕ ਦਲ ਦੇ ਆਮ ਸਿਪਾਹੀ ਹਨ। ਇਸ ਬਿਆਨ ਤੇ ਕੁੱਝ ਸਿਆਸੀ ਤੀਰ ਚੱਲੇ ਪਰ ਮਸਲਾ ਆਇਆ ਗਿਆ ਹੋ ਗਿਆ। ਉਨ੍ਹਾਂ ਕੁੱਝ ਗਲਤ ਜਾਂ ਅਣਹੋਣੀ ਗੱਲ ਨਹੀਂ ਕਹੀ। ਇਹ ਹਕੀਕਤ ਹੈ ਕਿ ਧਾਰਮਿਕ ਸੰਸਥਾਵਾਂ, ਧਾਰਮਿਕ ਮੁੱਦੇ, ਸਿਆਸੀ ਤਾਕਤਾਂ ਦੇ ਮੁਥਾਜ ਹੁੰਦੇ ਜਾ ਰਹੇ ਹਨ। ਇੱਕ ਸਮਾਂ ਸੀ ਜਦੋਂ ਵਿਸ਼ਾਲ ਸਿੱਖ ਰਾਜ ਦੇ ਤਾਕਤਵਰ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਜੱਥੇਦਾਰ ਅਕਾਲੀ ਫੂਲਾ ਸਿੰਘ ਦਾ ਨਾਮ ਸੁਪਨੇ ਵਿੱਚ ਵੀ ਡਰਾਉਂਦਾ ਸੀ। ਉਹ ਸਮਾਂ ਹੁਣ ਨਹੀਂ ਰਿਹਾ। ਨਾਂ ਕੋਈ ਮਹਾਰਾਜਾ ਰਣਜੀਤ ਸਿੰਘ ਹੈ ਨਾਂ ਕੋਈ ਅਕਾਲੀ ਫੂਲਾ ਸਿੰਘ।

ਧਰਮ, ਸਿਆਸਤ ਤੇ ਪ੍ਰਬੰਧਨ ਨੂੰ ਵੱਖ ਵੱਖ ਕਰਨਾ ਸਮੇਂ ਦੀ ਲੋੜ ਬਣ ਗਈ ਹੈ। ਪੰਥ ਵਿੱਚ ਧਰਮ ਤੇ ਸਿਆਸਤ ਦੇ ਮੇਲ ਦੇ ਪੈਰੋਕਾਰ ਬਹੁਤ ਸਾਰੇ ਮਿਲ ਜਾਣਗੇ ਜੋ ਆਪਣੇ ਪੱਖ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ ਤੇ ਪੀਰੀ ਦੇ ਸਿਧਾਂਤ ਦਾ ਹਵਾਲਾ ਦਿੰਦਿਆਂ ਨਹੀਂ ਥੱਕਦੇ। ਗੁਰੂ ਸਾਹਿਬ ਨੇ ਬੇਸ਼ੱਕ ਰਾਜ ਤੇ ਧਰਮ ਦੇ ਸਬੰਧ ਦੀ ਗੱਲ ਕੀਤੀ ਪਰ ਇਹ ਸਬੰਧ ਤਾਲਮੇਲ ਤੇ ਸਹਿਯੋਗ ਦਾ ਸੀ, ਰਲਗੱਡ ਦਾ ਨਹੀਂ। ਗੁਰੂ ਸਾਹਿਬ ਨੇ ਸੈਨਿਕ ਸ਼ਕਤੀ ਕਾਇਮ ਕੀਤੀ ਪਰ ਰਾਜ ਸਥਾਪਿਤ ਕਰਨ ਲਈ ਨਹੀਂ, ਧਾਰਮਿਕ ਕਦਰਾਂ ਕੀਮਤਾਂ ਦੀ ਰੱਖਿਆ ਲਈ। ਉਨ੍ਹਾਂ ਸਿੱਖਾਂ ਅੰਦਰ ਧਰਮ ਦੇ ਨਾਲ ਹੀ ਰਾਜਸੀ ਚੇਤਨਾ ਵੀ ਪੈਦਾ ਕੀਤੀ ਪਰ ਉਸ ਚੇਤਨਾ ਦਾ ਮਨੋਰਥ ਆਪਣੇ ਧਰਮ ਦਾ ਨਿਰਵਿਘਨ 'ਤੇ ਸੁਚੱਜਾ ਨਿਰਬਾਹ ਕਰਨ ਜੋਗ ਸਥਿਤੀਆਂ ਵਿਕਸਿਤ ਕਰਨਾ ਸੀ। ਰਾਜ ਤੇ ਧਰਮ ਨੂੰ ਲੈ ਕੇ ਗੁਰਬਾਣੀ ਵਿੱਚ ਕੋਈ ਭੁਲੇਖਾ ਨਹੀਂ ਨਜਰ ਆਉਂਦਾ, ਸਗੋਂ ਸਪਸ਼ਟ ਚਿੰਤਨ ਪ੍ਰਗਟ ਹੋਇਆ ਹੈ। ਰਾਜ ਸਦਾ ਹੀ ਜ਼ੋਰ, ਹਠ, ਹੰਕਾਰ ਤੇ ਚੱਲੇ। ਰਾਜ ਦੀ ਇਸ ਪ੍ਰਵ੍ਰਿਤੀ ਨਾਲ ਗੁਰੂ ਕਾਲ ਤੋਂ ਹੀ ਟਕਰਾਵ ਹੁੰਦਾ ਆਇਆ ਹੈ ਕਿਉਂਕਿ ਗੁਰਮਤਿ ਗੁਣਾਂ ਨੂੰ ਜੀਵਨ ਦੇ ਕੇਂਦਰ ਵਿੱਚ ਰੱਖਦੀ ਹੈ ਪਰ ਰਾਜ ਵਿਵਸਥਾ ਗੁਣਾਂ ਤੋਂ ਵਿਹੂਣੀ, ਜਾਬਰ, ਮਨੁੱਖੀ ਹੱਕਾਂ ਦੀ ਵੈਰੀ ਰਹੀ ਹੈ। ਮੁਗਲ ਕਾਲ, ਅੰਗਰੇਜ਼ ਸ਼ਾਸਨ



ਡਾ. ਸਤਿੰਦਰ ਪਾਲ ਸਿੰਘ
ਸਿਡਨੀ ਆਸਟ੍ਰੇਲੀਆ
akaalpurkh.7@gmail.com

ਕਾਲ, ਉਸ ਤੋਂ ਬਾਅਦ ਵੀ ਸੱਤਾ ਦਾ ਇਹੋ ਕਿਰਦਾਰ ਬਣਿਆ ਰਿਹਾ ਹੈ ਜੋ ਗੁਰਮਤਿ 'ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਅਪ੍ਰਵਾਨ ਰਿਹਾ ਹੈ। ਗੁਰਮਤਿ ਮੁੱਢਲੇ ਪੱਧਰ ਤੇ ਹੀ ਰਾਜ ਨੂੰ ਗੁਣਾਂ ਨਾਲ ਜੋੜਦੀ ਹੈ।

**ਤਖਤਿ ਬਹੈ ਤਖਤੈ ਕੀ ਲਾਇਕ।**
**ਪੰਚ ਸਮਾਏ ਗੁਰਮਤਿ ਪਾਇਕ।**
**(ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1038)**

ਜ਼ਿੰਮੇਵਾਰੀ ਉਸ ਨੂੰ ਹੀ ਮਿਲੇ ਜਿਸ ਅੰਦਰ ਜ਼ਿੰਮੇਵਾਰੀ ਨਿਭਾਉਣ ਦੀ ਯੋਗਤਾ ਹੋਵੇ। ਇਹ ਯੋਗਤਾ ਗੁਰਮਤਿ ਅਨੁਸਾਰ, ਧਰਮ ਅਨੁਸਾਰ, ਆਚਾਰ, ਵਿਚਾਰ ਦਾ ਸੰਕਲਪ ਧਾਰਨ ਕਰਨ ਵਾਲੇ ਅੰਦਰ ਹੀ ਆ ਸਕਦੀ ਹੈ। ਇਹ ਕੋਰੀ ਕਲਪਨਾ ਜਾਂ ਵਿਚਾਰ ਹੀ ਨਹੀਂ ਇੱਕ ਵਿਵਹਾਰਕ ਸਿੱਧ ਆਦਰਸ਼ ਹੈ ਜਿਸ ਤੇ ਗੁਰਸਿੱਖਾਂ ਨੇ ਚੱਲ ਕੇ ਵਿਖਾਇਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਬਾਅਦ ਸਿੱਖਾਂ ਨੇ ਬਾਬਾ ਬੰਦਾ ਸਿੰਘ ਦੀ ਅਗੁਆਈ ਵਿੱਚ ਆਪਣੇ ਬਲ ਤੇ ਸਿੱਖ ਰਾਜ ਕਾਇਮ ਕੀਤਾ। ਰਾਜ ਚਲੇ ਜਾਣ ਤੋਂ ਬਾਅਦ ਸਿੱਖਾਂ ਨੇ ਜ਼ੁਲਮ, ਜਬਰ ਸਹੇ, ਜੰਗਲਾਂ ਵਿੱਚ ਚਲੇ ਗਏ ਪਰ ਆਪਣੇ ਅਸੂਲਾਂ ਤੋਂ ਨਾ ਡਿੱਗੇ। ਮੁੜ ਵਾਪਸ ਆਉਣ ਤੋਂ ਬਾਅਦ ਜੱਥੇਬੰਦ ਹੋਏ। ਸਿੱਖਾਂ ਨੂੰ ਮਿਟਾਉਣ ਦਾ ਸਾਰਾ ਜ਼ੋਰ ਲਾਉਣ ਤੋਂ ਬਾਅਦ ਥੱਕ ਹਾਰ ਕੇ ਸੁਲਹ ਲਈ ਪੰਜਾਬ ਦੇ ਸੂਬੇਦਾਰ ਜਕਰੀਆ ਖਾਨ ਨੇ ਦਿੱਲੀ ਸਲਤਨਤ ਤੋਂ ਮੰਜ਼ੂਰੀ ਲੈ ਕੇ ਸਿੱਖਾਂ ਨੂੰ ਨਵਾਬੀ 'ਤੇ ਇੱਕ ਲੱਖ ਰੁਪਏ ਦੀ ਸਾਲਾਨਾ ਆਮਦਨੀ ਵਾਲੀ ਦੀਪਾਲਪੁਰ, ਕੰਗਣਵਾਲ ਤੇ ਝਬਾਲ ਦੀ ਜਾਗੀਰ ਦੀ ਪੇਸ਼ਕਸ਼ ਭੇਜੀ। ਉਸ ਸਮੇਂ ਦੇ ਪ੍ਰਸਿੱਧ ਸਿੱਖ ਆਗੂ ਦੀਵਾਨ ਦਰਬਾਰਾ ਸਿੰਘ ਸਮੇਤ ਸਾਰੇ ਪ੍ਰਮੁੱਖ ਆਗੂਆਂ ਨੇ ਨਵਾਬੀ ਤੇ ਜਾਗੀਰ ਸੰਭਾਲਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ "ਇਸ ਨਵਾਬੀ ਵਿੱਚ ਕੀ ਪਿਆ ਹੈ। ਸਾਨੂੰ ਤਾਂ ਗੁਰੂ ਨੇ ਰਾਜ ਦੇਣ ਦਾ ਵਚਨ ਕੀਤਾ ਹੋਇਆ ਹੈ। ਗੁਰੂ ਦਾ ਵਚਨ ਪੂਰਾ ਜਰੂਰ ਹੋਵੇਗਾ। ਖਾਲਸਾ ਜੋ ਸੁਤੰਤਰ ਹੋ ਕੇ ਰਾਜ ਕਰੇਗਾ ਉਹ ਇਕ ਅਧੀਨ ਪਦਵੀ ਨੂੰ ਸਵੀਕਾਰ ਨਹੀਂ ਕਰ ਸਕਦਾ"। ਫਿਰ ਵਿਚਾਰ ਹੋਇਆ ਕਿ ਇਹ ਨਵਾਬੀ ਕਿਸੇ ਅਜਿਹੇ ਸਿੱਖ ਨੂੰ ਦੇ ਦਿੱਤੀ ਜਾਵੇ ਜੋ ਸੇਵਾ ਨਾਲ ਜੁੜਿਆ ਹੋਵੇ। ਉਸ ਸਮੇਂ ਪੱਖਾਂ ਝੱਲ ਰਹੇ ਸਰਦਾਰ ਕਪੂਰ ਸਿੰਘ ਫੈਜਲਪੁਰੀਆ ਨੂੰ ਇਹ ਨਵਾਬੀ ਸੌਂਪ ਦਿੱਤੀ ਗਈ। ਸਰਦਾਰ ਕਪੂਰ ਸਿੰਘ ਨੇ ਵੀ ਪੰਜਾਂ ਸਿੰਘਾਂ ਦੀ ਚਰਨ ਛੋਹ ਨਾਲ ਪਵਿੱਤਰ ਕਰਨ ਤੋਂ ਬਾਅਦ ਹੀ ਪੇਸ਼ਕਸ਼ ਪ੍ਰਵਾਨ ਕੀਤੀ ਸੀ। ਇਹ ਗੁਰੂ ਨੂੰ ਸਮਰਪਿਤ, ਗੁਰਮਤਿ ਤੇ ਚੱਲਣ ਲਈ ਸੰਕਲਪ ਬੱਧ ਸਿੱਖ ਸਨ ਜਿਨ੍ਹਾਂ ਅੰਦਰ ਰਾਜ ਦਾ ਕੋਈ ਮੋਹ, ਲੋਭ ਨਹੀਂ ਸੀ, ਕੋਈ ਉਤਾਵਲੀ ਨਹੀਂ ਸੀ, ਮਰਿਆਦਾ ਸੀ ਜੋ ਉਨ੍ਹਾਂ ਨੂੰ ਸੱਚਾ ਸਿੱਖ ਸਿੱਧ ਕਰਦੀ ਸੀ। ਮੀਰੀ ਤੇ ਪੀਰੀ ਦਾ ਸਿਧਾਂਤ ਇਸ ਭਾਵਨਾ ਤੇ ਟਿਕਿਆ ਹੋਇਆ ਸੀ। ਧਰਮ ਉੱਪਰ ਸੀ ਰਾਜ, ਨਵਾਬੀ ਸਦਾ ਧਰਮ ਦੀ ਛਾਇਆ ਹੇਠ ਪ੍ਰਫੁੱਲਿਤ ਹੋਈ। ਸਮਾਂ ਆਇਆ ਤਾਂ ਨਵਾਬ ਕਪੂਰ ਸਿੰਘ ਨੂੰ ਨਵਾਬੀ ਛੱਡਣ ਵਿੱਚ ਇਕ ਪਲ ਵੀ ਨਾ ਲਗਿਆ। ਸਿੱਖ ਤਖ਼ਤ ਤੇ ਬੈਠਣ ਲਾਇਕ ਸਨ ਤਾਂ ਹੀ ਬਾਬਾ ਬੰਦਾ ਸਿੰਘ ਤੋਂ ਬਾਅਦ ਮੁੜ ਖਾਲਸਾ ਰਾਜ ਕਾਇਮ ਹੋਇਆ ਤੇ ਮਹਾਰਾਜ ਰਣਜੀਤ ਸਿੰਘ ਨੇ ਲੰਮੀ ਰਾਜਸ਼ਾਹੀ ਦਾ ਇੱਕ ਇਤਿਹਾਸ ਰਚਿਆ। ਇਹ ਭਾਵਨਾ ਅੱਜ ਪੂਰੀ ਤਰਹ ਅਦ੍ਰਿਸ਼ ਹੋ ਚੁਕੀ ਹੈ। ਅੱਜ ਸੱਤਾ ਲਈ ਬੇਚੈਨੀ ਹੈ, ਸੱਤਾ ਦੇ ਲੋਭ ਹੇਠ ਸਾਰੀ ਮਰਿਆਦਾ ਵਿਸਾਰ ਦਿੱਤੀ ਗਈ ਹੈ। ਧਰਮ ਨੂੰ ਸੱਤਾ ਪ੍ਰਾਪਤੀ ਦੀ ਪੌੜੀ ਸਮਝ ਲਿਆ ਗਿਆ ਹੈ। ਅੱਜ ਜਿਤਨੇ ਵੀ ਸਿੱਖ ਕਿਸੇ ਵੀ ਪੱਧਰ ਤੇ ਸਿਆਸਤ ਵਿੱਚ ਸਰਗਰਮ ਹਨ ਉਤਨੇ ਹੀ ਪੰਥਕ ਹਨ, ਜਿਤਨਾ ਉਨ੍ਹਾਂ ਨੂੰ ਸਿਆਸਤ ਵਿਚ ਸਫਲ ਹੋਣ ਲਈ ਜਰੂਰੀ ਲੱਗਦਾ ਹੈ।

ਅੱਜ ਸਿੱਖ ਪੰਥ ਦੀ ਚੁਣੌਤੀ ਧਾਰਮਿਕ ਲੀਡਰਸ਼ਿਪ ਦਾ ਸੰਕਟ ਹੈ। ਆਸ ਜਾਂ ਸੰਸਥਾਵਾਂ ਤੋਂ ਹੁੰਦੀ ਹੈ ਜਾਂ ਵਿਅਕਤੀਆਂ ਤੋਂ। ਬਹੁਤ ਸਾਰਿਆਂ ਸੰਸਥਾਵਾਂ ਪੰਥਕ ਹੋਣ ਦਾ ਦਾਅਵਾ ਕਰਦਿਆਂ ਹਨ। ਇਨ੍ਹਾਂ ਸੰਸਥਾਵਾਂ ਵਿੱਚ ਮੁੱਖ ਤੌਰ 'ਤੇ ਪ੍ਰਬੰਧਕ ਕਮੇਟੀਆਂ ਤੇ ਸਿਆਸੀ ਦਲ ਹਣ। ਗੁਰਦੁਆਰਿਆਂ ਦਾ ਪ੍ਰਬੰਧ ਦੇਖਣ ਵਾਲਿਆਂ ਕਮੇਟੀਆਂ ਦੀ ਆਪਣੀ ਹੱਦ ਤੇ ਕੰਮ ਕਰਨ ਦਾ ਆਪਣਾ ਢੰਗ ਹੈ। ਸੰਸਥਾਵਾਂ ਚਲਾਉਣ ਲਈ ਸਮਝੌਤੇ ਕਰਨੇ ਪੈਂਦੇ ਹਨ ਜਿਸ ਕਾਰਨ ਉਹ ਨੈਤਿਕ ਰੂਪ ਨਾਲ ਕਮਜੋਰ ਹੋ ਜਾਂਦੀਆਂ ਹਨ। ਧਾਰਮਿਕ ਹਿੱਤਾਂ ਲਈ ਲੋੜੀਂਦੀ ਅਡੋਲਤਾ, ਹਿੰਮਤ ਦੀ ਆਸ ਉਨ੍ਹਾਂ ਤੋਂ ਨਹੀਂ ਕੀਤੀ ਜਾ ਸਕਦੀ। ਅਜਿਹੀਆਂ ਸੰਸਥਾਵਾਂ ਲਗਾਤਾਰ ਰਾਜਸੀ, ਸਮਾਜਕ, ਆਰਥਕ ਦਬਾਅ ਹੇਠ ਕੰਮ ਕਰਦੀਆਂ ਹਨ। ਪੰਜਾਬ ਦੇ ਬਹੁਤ ਸਾਰੇ ਸਿਆਸੀ ਦਲ ਪੰਥਕ ਹਿੱਤਾਂ ਦਾ ਪਹਿਰੇਦਾਰ ਹੋਣ ਦਾ ਦਾਅਵਾ ਕਰਦੇ ਹਨ ਪਰ ਇਹ ਦਾਅਵਾ ਸੱਤਾ ਪ੍ਰਾਪਤੀ, ਚੋਣਾਂ ਜਿੱਤਣ ਦੇ ਮਕਸਦ ਨਾਲ ਹੀ ਸਬੰਧ ਰੱਖਦਾ ਹੈ। ਸੰਸਦੀ ਲੋਕਤੰਤਰ ਵਿੱਚ ਇਸ ਸੱਚ ਨੂੰ ਖੁੱਲੇ ਦਿਲ ਦਿਮਾਗ ਨਾਲ ਸਵੀਕਾਰ ਕੀਤਾ ਜਾਣਾ ਚਾਹੀਦੇ। ਸਮੱਸਿਆ ਇਹ ਹੈ ਕਿ ਸਿੱਖ ਕੌਮ ਨੇ ਇਸ ਹਕੀਕਤ ਨੂੰ ਅਨਦੇਖਾ ਕੀਤਾ ਹੈ ਜਿਸ ਦਾ ਪੂਰਾ ਲਾਭ ਸਿਆਸੀ ਦਲ ਅੱਜ ਵੀ ਚੁੱਕ ਰਹੇ ਹਨ ਤੇ ਧਰਮ ਨੂੰ ਸੱਤਾ ਪ੍ਰਾਪਤੀ ਲਈ ਵਰਤਨ ਦਾ ਸਾਹਸ ਕਰ ਰਹੇ ਹਨ। ਦਹਾਕਿਆਂ ਤੋਂ ਧਰਮ ਦੇ ਮਸਲੇ ਅਨ ਸੁਲਝੇ ਪਏ ਹਨ। ਇਹੋ ਸੱਚ ਵਿਅਕਤੀਆਂ ਨਾਲ ਜੁੜਿਆ ਹੋਇਆ ਹੈ, ਖਾਸ ਤੌਰ ਤੇ ਪੰਜਾਬ ਤੋਂ ਬਾਹਰ। ਨਿਜ ਹਿੱਤ ਨੂੰ ਅੱਗੇ ਰੱਖਣ ਵਾਲੇ ਗੁਰਦੁਆਰਿਆਂ ਦੇ ਪ੍ਰਬੰਧ ਤੇ ਕਾਬਿਜ਼ ਹੋ ਗਏ ਹਨ ਤੇ ਕਬਜਾ ਬਨਾਏ ਰੱਖਣ ਲਈ ਕਿਸੇ ਵੀ ਹੱਦ ਤੱਕ ਜਾ ਰਹੇ ਹਨ। ਸ਼ਬਦਾਂ ਦੇ ਜਾਲ ਬੁਣਨ ਵਿੱਚ ਮਾਹਿਰ ਅਜਿਹੇ ਲੋਗਾਂ ਦੇ ਬੋਲ ਲੁਭਾਉਣੇ ਹੋ ਸਕਦੇ ਹਨ ਪਰ ਤੱਤ ਵਿਹੀਣ "ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ।. ਬਾਤਨ ਹੀ ਅਸਮਾਨੁ ਗਿਰਾਵਹਿ।" ਇਨ੍ਹਾਂ ਤੋਂ ਕੋਈ ਆਸ ਰੱਖਣਾ ਆਪਣੇ ਆਪ ਨੂੰ ਭੁਲੇਖੇ ਵਿੱਚ ਰੱਖਣਾ ਹੈ।

ਇਹ ਸਾਫ ਤੌਰ 'ਤੇ ਸਮਝਣ ਦੀ ਗੱਲ ਹੈ ਕਿ ਜਿਸ ਸੰਸਥਾ ਜਾਂ ਵਿਅਕਤੀ ਦਾ ਧਰਮ ਤੋਂ ਵੱਖ ਕੋਈ ਹਿੱਤ ਹੈ ਉਹ ਧਰਮ ਲਈ ਖੜ੍ਹੇ ਹੋਣ ਯੋਗ ਨਹੀਂ ਰਹਿ ਜਾਂਦਾ। ਨਿਜ ਲੋਭ, ਮੋਹ ਧਰਮ ਦੇ ਮਾਰਗ ਤੋਂ ਦੂਰ ਕਰਦਾ ਹੈ। ਧਰਮ ਨਿਰਲੇਪ ਅਵਸਥਾ ਦਾ ਵਿਸ਼ਾ ਹੈ। ਲੋਭ, ਮੋਹ ਸਮਾਜਕ, ਆਰਥਕ, ਸਿਆਸੀ ਕਾਮਨਾਵਾਂ ਨੂੰ ਜਨਮ ਦਿੰਦਾ ਹੈ ਜਬਕਿ ਧਰਮ ਮਨੁੱਖ ਨੂੰ ਨਿਸ਼ਕਾਮ, ਨਿਰਲੇਪ ਬਣਾਉਂਦਾ ਹੈ। ਸਿਆਸਤ ਦਾ ਜੋੜ ਪ੍ਰਾਪਤੀ ਨਾਲ ਹੈ ਜਬਕਿ ਧਰਮ ਦਾ ਜੋੜ ਤਿਆਗ ਨਾਲ ਹੈ।

ਨਿੱਜੀ ਹਿੱਤਾਂ ਨੂੰ ਅੱਗੇ ਰੱਖ ਕੇ ਧਾਰਮਿਕ ਹਿੱਤਾਂ ਦੀ ਰਾਖੀ ਦਾ ਦਾਅਵਾ ਕਰਨ ਵਾਲਿਆਂ ਤਾਕਤਾਂ ਦੀ ਪਛਾਣ ਕਰ ਉਨ੍ਹਾਂ ਤੋਂ ਕੋਈ ਖ਼ਾਸ ਆਸ ਰੱਖਣ ਦੇ ਭੁਲੇਖੇ ਤੋਂ ਬਚਣਾ ਚਾਹੀਦੇ। ਸਿੱਖ ਧਰਮ ਦਾ ਮੂਲ ਸਵਰੂਪ ਬਚਾਉਣਾ ਹੈ ਤਾਂ ਇਸ ਨੂੰ ਵਰਤਮਾਨ ਦੀ ਸਿਆਸਤ ਤੋਂ ਇਕੱਦਮ ਵੱਖ ਕਰਨ ਦੀ ਲੋੜ ਹੈ। ਅੱਜ ਦੀ ਸਿਆਸਤ ਨੂੰ ਮੀਰੀ ਨਹੀਂ ਕਿਹਾ ਜਾ ਸਕਦਾ। ਗੁਰੂ ਹਰਿਗੋਬਿੰਦ ਸਾਹਿਬ ਨੇ ਜਿਸ ਮੀਰੀ ਦੀ ਗੱਲ ਕੀਤੀ ਉਹ ਇੱਕ ਆਦਰਸ਼ ਰਾਜ ਦੀ ਸੱਤਾ ਵਿਵਸਥਾ ਸੀ ਜਿਸ ਨੂੰ ਬੇਗਮਪੁਰਾ ਜਾਂ ਅੰਮ੍ਰਿਤਸਰ ਸਿਫਤੀ ਦਾ ਘਰ ਕਿਹਾ ਗਿਆ। ਅੱਜ ਦੀ ਮੀਰੀ ਨੂੰ ਤਾਂ ਉਦੋਂ ਹੀ ਨਕਾਰ ਦਿੱਤਾ ਗਿਆ ਸੀ ਜਦੋਂ ਗੁਰੂ ਅਮਰਦਾਸ ਸਾਹਿਬ ਨੇ ਅਕਬਰ ਦੀ ਮਦਦ ਦੀ ਪੇਸ਼ਕਸ਼ ਨੂੰ ਰੱਦ ਕਰ ਦਿੱਤਾ ਸੀ, ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਔਰੰਗਜੇਬ ਨੂੰ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ, ਗੁਰਦੁਆਰਾ ਸੁਧਾਰ ਲਹਿਰ ਹੇਠ ਮੋਰਚੇ ਲਾਏ ਗਏ ਸਨ।

# ਸਵਖਤੇ ਉੱਠਣ ਦੀ ਆਦਤ



ਸਵਖਤੇ ਉੱਠਣ ਵਾਲਾ ਵਿਅਕਤੀ ਦੇਰ ਨਾਲ ਉੱਠਣ ਵਾਲੇ ਵਿਅਕਤੀ ਤੋਂ ਵਧੇਰੇ ਤੇਜ਼-ਤਰਾਰ, ਚੁਸਤ-ਫੁਰਤ ਤੇ ਦਰੁਸਤ ਰਹਿੰਦਾ ਹੈ। ਇਹ ਗੱਲ ਸੌ ਫ਼ੀਸਦੀ ਸੱਚ ਹੈ। ਇਕ ਖੋਜ ਮੁਤਾਬਕ ਦੇਰ ਰਾਤ ਜਾਗਣ ਵਾਲਿਆਂ ਨਾਲੋਂ ਸਵਖਤੇ ਉੱਠਣ ਵਾਲੇ ਵਿਅਕਤੀ ਵਧੇਰੇ ਇਮਾਨਦਾਰ ਤੇ ਧਾਰਮਿਕ ਸੁਭਾਅ ਦੇ ਹੁੰਦੇ ਹਨ ਤੇ ਅਜਿਹੇ ਲੋਕਾਂ ਦਾ ਜੀਵਨ ਬਾਕੀਆਂ ਨਾਲੋਂ ਜ਼ਿਆਦਾ ਖ਼ੁਸ਼ਹਾਲ ਹੁੰਦਾ ਹੈ। ਜੋ ਵਿਅਕਤੀ ਸਵਖਤੇ 4-5 ਵਜੇ ਉੱਠਦਾ ਹੈ, ਉਹ ਦਿਮਾਗੀ ਤੇ ਸਰੀਰਕ ਤੌਰ 'ਤੇ ਤੇਜ਼ ਹੁੰਦਾ ਹੈ। ਸਵਖਤੇ ਉੱਠਣ ਨਾਲ ਤੁਹਾਡੇ ਕੋਲ ਕੰਮ ਕਰਨ ਤੇ ਆਰਾਮ ਕਰਨ ਲਈ ਕਾਫ਼ੀ ਸਮਾਂ ਹੁੰਦਾ ਹੈ।

ਤੁਹਾਡੇ 'ਤੇ ਭੱਜ ਦੌੜ ਜਾਂ ਕੋਈ ਕੰਮ ਰਹਿ ਜਾਣ ਦਾ ਤਣਾਅ ਬਿਲਕੁਲ ਨਹੀਂ ਹੁੰਦਾ। ਇਸ ਤੋਂ ਇਲਾਵਾ ਸਵਖਤੇ ਉੱਠਣ ਵਾਲਾ ਵਿਅਕਤੀ ਸਾਰੇ ਦਿਨ ਦੇ ਕੰਮ ਜਲਦੀ ਨਿਪਟਾ ਲੈਂਦਾ ਹੈ ਤੇ ਹਰ ਵਕਤ ਖ਼ੁਸ਼ ਵੀ ਰਹਿੰਦਾ ਹੈ। ਬਿਮਾਰੀ ਵੀ ਉਸ ਤੋਂ ਦੂਰ ਰਹਿੰਦੀ ਹੈ। ਸਵਖਤੇ ਉੱਠਣ ਦੇ ਫ਼ਾਇਦੇ ਹੀ ਫ਼ਾਇਦੇ ਹੁੰਦੇ ਹਨ, ਨੁਕਸਾਨ ਕੋਈ ਨਹੀਂ। ਸਵਖਤੇ ਉੱਠਣ ਨਾਲ ਤਾਜ਼ੀ ਹਵਾ ਤੁਹਾਡੇ ਸਰੀਰ ਅੰਦਰਲੀ ਗੰਦਗੀ ਨੂੰ ਬਾਹਰ ਕੱਢਣ 'ਚ ਫ਼ਾਇਦੇਵੰਦ ਹੁੰਦੀ ਹੈ। ਜਦੋਂ ਤੁਸੀਂ ਤਰੋ-ਤਾਜ਼ਾ ਆਕਸੀਜਨ ਆਪਣੇ ਸਰੀਰ ਅੰਦਰ ਖਿੱਚਦੇ ਹੋ ਜਾਂ ਹਵਾ 'ਚ ਘੁੰਮਦੇ ਹੋ ਤਾਂ ਤੁਹਾਡਾ ਸਰੀਰ ਇਕਦਮ ਚੁਸਤੀ ਫੜਦਾ ਹੈ। ਸਰੀਰ ਚੁਸਤ ਹੁੰਦਾ ਹੈ ਤਾਂ ਤੁਹਾਡੇ 'ਚ ਕੰਮ ਕਰਨ ਦੀ ਸ਼ਕਤੀ ਵਧਦੀ ਹੈ। ਸਿੱਟੇ ਵੱਜੋਂ ਤੁਹਾਡੇ 'ਚ ਕਿਸੇ ਵੀ ਕੰਮ ਨੂੰ ਜਲਦੀ ਤੇ ਤੇਜ਼ੀ ਨਾਲ ਨਿਪਟਾਉਣ ਦੀ ਇੱਛਾ ਸ਼ਕਤੀ ਬਣੀ ਰਹਿੰਦੀ ਹੈ ਤੇ ਤੁਸੀਂ ਜ਼ਿੰਦਗੀ ਦੇ ਹਰ ਮੁਕਾਮ 'ਤੇ ਕਾਮਯਾਬ ਹੁੰਦੇ ਹੋ। ਸਵਖਤੇ ਉੱਠਣ ਨਾਲ ਤੁਸੀਂ ਸਾਰੇ ਕੰਮ ਵੀ ਤਰਤੀਬਵਾਰ ਨਿਪਟਾਉਣ

-ਅਜੀਤ ਖੰਨਾ

'ਚ ਸਫ਼ਲ ਰਹਿੰਦੇ ਹੋ।

ਤੁਸੀਂ ਸਾਰਾ ਦਿਨ ਐਕਟਿਵ ਰਹਿਣ ਕਾਰਨ ਹਰ ਕੰਮ ਸਫ਼ਲਤਾਪੂਰਵਕ ਆਸਾਨੀ ਨਾਲ ਕਰਨ ਦੇ ਸਮਰੱਥ ਹੋ ਜਾਂਦੇ ਹੋ। ਸਵਖਤੇ ਉੱਠਣ ਨਾਲ ਤੁਹਾਡੇ ਅੰਦਰੋਂ ਅਜਿਹੀਆਂ ਵੇਵਜ਼ ਨਿਕਲਦੀਆਂ ਹਨ ਕਿ ਤੁਸੀਂ ਖ਼ੁਦ ਨੂੰ ਤਾਜ਼ਾ ਮਹਿਸੂਸ ਕਰਨ ਲੱਗਦੇ ਹੋ। ਤੁਹਾਡਾ ਮੱਲੋ ਮੱਲੀ ਭੱਜ-ਭੱਜ ਕੇ ਕੰਮ ਕਰਨ ਨੂੰ ਆਪਣੇ ਆਪ ਦਿਲ ਕਰਦਾ ਹੈ।

ਤੁਹਾਡੇ ਸਰੀਰ 'ਚ ਫੁਰਤੀ ਬਣੀ ਰਹਿੰਦੀ ਹੈ। ਪਰ ਜੇ ਤੁਸੀਂ ਸਵਖਤੇ ਉੱਠਣ ਦੀ ਬਜਾਏ ਲੇਟ ਉੱਠਦੇ ਹੋ ਤਾਂ ਤੁਸੀਂ ਸਾਰਾ ਦਿਨ ਸੁਸਤ ਰਹਿੰਦੇ ਹੋ। ਦੇਰ ਨਾਲ ਉੱਠਣ ਨਾਲ ਤੁਹਾਡੇ ਕਈ ਵਾਰ ਜ਼ਰੂਰੀ ਕੰਮ ਵੀ ਰਹਿ ਜਾਂਦੇ ਹਨ। ਤੁਸੀਂ ਸਮੇਂ ਸਿਰ ਕੰਮ ਨਿਪਟਾਉਣ ਤੋਂ ਨਾ ਕੇਵਲ ਖੁੰਝ ਜਾਂਦੇ ਹੋ, ਸਗੋਂ ਕਈ ਵਾਰ ਤਾਂ ਕੋਈ ਬਹੁਤ ਜ਼ਰੂਰੀ ਕੰਮ ਵੀ ਰਹਿ ਜਾਂਦਾ ਹੈ ਜੋ ਮੁੜ ਕਦੇ ਨਹੀਂ ਹੁੰਦਾ। ਸੋ ਸਵਖਤੇ ਉੱਠਣ ਵਾਲੇ ਵਿਅਕਤੀ ਦੇਰ ਨਾਲ ਉੱਠਣ ਵਾਲੇ ਵਿਅਕਤੀਆਂ ਤੋਂ ਹਮੇਸ਼ਾ ਦੋ ਕਦਮ ਅੱਗੇ ਰਹਿੰਦੇ ਹਨ।

ਇਸ ਲਈ ਸਵੇਰੇ ਸਵਖਤੇ ਉੱਠਣ ਦੀ ਆਦਤ ਕਾਮਯਾਬੀ ਦਾ ਪਹਿਲਾ ਕਦਮ ਮੰਨਿਆ ਜਾਂਦਾ ਹੈ, ਜੋ ਹਰ ਵਿਅਕਤੀ ਨੂੰ ਅਪਣਾਉਣਾ ਚਾਹੀਦਾ ਹੈ। ਸਫ਼ਲਤਾ ਲਈ ਇਹ ਵੱਡਾ ਕਦਮ ਹੈ, ਜੋ ਤਰੱਕੀ ਦੇ ਰਸਤੇ ਖੋਲ੍ਹਦਾ ਹੈ। ਇਸ ਲਈ ਦੇਰ ਰਾਤ ਤੱਕ ਜਾਗਣ ਦੀ ਆਦਤ ਛੱਡ ਕੇ ਸਵਖਤੇ ਉੱਠਣ ਦੀ ਆਦਤ ਅੱਜ ਤੋਂ ਹੀ ਅਪਣਾਓ। ਇਸ ਆਦਤ ਨੂੰ ਅਪਣਾਉਣ ਲਈ ਹਰ ਰੋਜ਼ ਅੱਧਾ ਘੰਟਾ ਪਹਿਲਾਂ ਉੱਠਣ ਦਾ ਟੀਚਾ ਰੱਖੋ।

ਹੌਲੀ-ਹੌਲੀ ਇਸ ਨੂੰ ਉਦੋਂ ਤੱਕ ਬਦਲੋ ਜਦੋਂ ਤੱਕ ਤੁਸੀਂ ਆਪਣੇ ਨਿਰਧਾਰਤ ਸਮੇਂ 'ਤੇ ਨਹੀਂ ਪਹੁੰਚ ਜਾਂਦੇ। ਆਪਣੇ ਨਵੇਂ ਸਮੇਂ ਨੂੰ ਮਜ਼ਬੂਤ ਕਰਨ ਲਈ ਅਲਾਰਮ ਘੜੀ ਦੀ ਵਰਤੋਂ ਕਰੋ। ਇਹ ਤੁਹਾਨੂੰ ਇਕ ਤੈਅ ਸਮੇਂ 'ਤੇ ਉੱਠਣ ਵਿਚ ਮਦਦ ਕਰੇਗੀ। ਜਾਗਣ ਤੋਂ ਬਾਅਦ ਹਨੇਰੇ ਕਮਰੇ ਵਿਚ ਲੇਟਣ ਦੀ ਬਜਾਏ, ਜਿੰਨੀ ਜਲਦੀ ਹੋ ਸਕੇ ਕੁਦਰਤੀ ਰੋਸ਼ਨੀ ਵਿਚ ਜਾਓ। ਇਹ ਤੁਹਾਡੇ ਦਿਮਾਗ ਨੂੰ ਸੰਕੇਤ ਦਿੰਦਾ ਹੈ ਕਿ ਦਿਨ ਸ਼ੁਰੂ ਹੋ ਗਿਆ ਹੈ।

ਅਜਿਹੇ ਕੁਝ ਤਰੀਕੇ ਅਪਣਾਅ ਕੇ ਤੁਸੀਂ ਸਵਖਤੇ ਉੱਠਣ ਦੀ ਆਦਤ ਪਾ ਸਕਦੇ ਹੋ। ਇਸ ਤੋਂ ਇਲਾਵਾ ਸ਼ਨਿਚਰਵਾਰ ਜਾਂ ਐਤਵਾਰ ਨੂੰ ਦੇਰ ਨਾਲ ਬਿਸਤਰੇ 'ਤੇ ਰਹਿਣਾ ਅਕਸਰ ਲੁਭਾਉਂਦਾ ਹੈ। ਇਸ ਨਾਲ ਪੂਰੇ ਹਫ਼ਤੇ ਦੀ ਰੂਟੀਨ ਖ਼ਰਾਬ ਹੋ ਸਕਦੀ ਹੈ ਤੇ ਸੋਮਵਾਰ ਤੋਂ ਫਿਰ ਮੁੜ ਕੇ ਸਵਖਤੇ ਉੱਠਣਾ ਮੁਸ਼ਕਲ ਲੱਗਦਾ ਹੈ।

ਇਸ ਲਈ ਸਾਨੂੰ ਕੁਝ ਵੀ ਹੋਵੇ ਆਪਣੀ ਜਲਦੀ ਉੱਠਣ ਦੀ ਆਦਤ ਨਾਲ ਸਮਝੌਤਾ ਨਹੀਂ ਕਰਨਾ ਚਾਹੀਦਾ। ਰੂਟੀਨ ਸਿਰਫ਼ ਤੁਹਾਡੇ ਸਰੀਰ ਨੂੰ ਆਰਾਮ ਦੇਣ ਲਈ ਨਹੀਂ ਹੈ; ਇਹ ਤੁਹਾਡੀ ਸਮੁੱਚੀ ਸਿਹਤ ਦੀ ਨੀਂਹ ਹੈ। ਹਰ ਰੋਜ਼ ਇੱਕੋ ਸਮੇਂ ਉੱਠਣਾ ਤੁਹਾਡੇ ਸਰੀਰ ਨੂੰ ਇਕ ਤਾਲ ਵਿਚ ਸੈੱਟ ਕਰਦਾ ਹੈ, ਜੋ ਨਾ ਸਿਰਫ਼ ਤੁਹਾਨੂੰ ਰਾਤ ਨੂੰ ਬਿਹਤਰ ਨੀਂਦ ਲੈਣ ਵਿਚ ਮਦਦ ਕਰਦਾ ਹੈ ਬਲਕਿ ਤੁਹਾਨੂੰ ਦਿਨ ਭਰ ਵਧੇਰੇ ਊਰਜਾਵਾਨ ਮਹਿਸੂਸ ਕਰਵਾਉਂਦਾ ਹੈ।

# ਚਾਹ ਦੀ ਭੱਠੀ ਤੋਂ ਸੰਸਦ ਦੇ ਗਲਿਆਰਿਆਂ ਤੱਕ ਮੋਦੀ

**ਸ਼ਵੇਤ ਮਲਿਕ**



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਟਲ ਬਿਹਾਰੀ ਵਾਜਪਾਈ ਦੀ ਤਰ੍ਹਾਂ ਇਕ ਰਾਜਨੇਤਾ ਅਤੇ ਕਵੀ ਹਨ। ਉਹ ਗੁਜਰਾਤੀ ਭਾਸ਼ਾ ਤੋਂ ਇਲਾਵਾ ਹਿੰਦੀ ’ਚ ਵੀ ਦੇਸ਼ ਪ੍ਰੇਮ ਨਾਲ ਭਰਪੂਰ ਕਵਿਤਾਵਾਂ ਲਿਖਦੇ ਹਨ। ਭਾਰਤ-ਪਾਕਿਸਤਾਨ ਦੇ ਵਿਚਾਲੇ ਦੂਜੀ ਜੰਗ ਦੇ ਦੌਰਾਨ ਅੱਲੜ੍ਹ ਉਮਰ ’ਚ ਉਨ੍ਹਾਂ ਨੇ ਸਵੈ-ਇੱਛਾ ਨਾਲ ਰੇਲਵੇ ਸਟੇਸ਼ਨਾਂ ’ਤੇ ਸਫ਼ਰ ਕਰ ਰਹੇ ਜਵਾਨਾਂ ਦੀ ਸੇਵਾ ਕੀਤੀ। ਯੁਵਾ ਅਵਸਥਾ ’ਚ ਉਹ ਵਿਦਿਆਰਥੀ ਸੰਗਠਨ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ’ਚ ਸ਼ਾਮਲ ਹੋਏ। ਉਨ੍ਹਾਂ ਨੇ ਭ੍ਰਿਸ਼ਟਾਚਾਰ ਵਿਰੋਧੀ ਨਵ-ਨਿਰਮਾਣ ਅੰਦੋਲਨ ’ਚ ਹਿੱਸਾ ਲਿਆ।

ਇਕ ਪੂਰਨਕਾਲੀ ਆਯੋਜਕ ਦੇ ਰੂਪ ’ਚ ਕਾਰਜ ਕਰਨ ਦੇ ਬਾਅਦ ਉਨ੍ਹਾਂ ਨੂੰ ਭਾਰਤੀ ਜਨਤਾ ਪਾਰਟੀ ’ਚ ਸੰਗਠਨ ਦਾ ਪ੍ਰਤੀਨਿਧ ਨਾਮਜ਼ਦ ਕੀਤਾ ਗਿਆ। ਉਨ੍ਹਾਂ ਨੇ ਆਰ. ਐੱਸ. ਐੱਸ. ਦੇ ਪ੍ਰਚਾਰਕ ਰਹਿੰਦੇ ਹੋਏ 1980 ’ਚ ਗੁਜਰਾਤ ਯੂਨੀਵਰਸਿਟੀ ਤੋਂ ਰਾਜਨੀਤੀ ਵਿਗਿਆਨ ’ਚ ਪੋਸਟ-ਗ੍ਰੈਜੂਏਸ਼ਨ ਦੀ ਪ੍ਰੀਖਿਆ ਦਿੱਤੀ ਅਤੇ ਮਾਸਟਰ ਡਿਗਰੀ ਪ੍ਰਾਪਤ ਕੀਤੀ। ਆਪਣੇ ਮਾਤਾ-ਪਿਤਾ ਦੀਆਂ ਕੁੱਲ 6 ਔਲਾਦਾਂ ’ਚੋਂ ਤੀਜੇ ਪੁੱਤਰ ਨਰਿੰਦਰ ਨੇ ਬਚਪਨ ’ਚ ਰੇਲਵੇ ਸਟੇਸ਼ਨ ’ਤੇ ਚਾਹ ਵੇਚਣ ’ਚ ਆਪਣੇ ਪਿਤਾ ਦਾ ਹੱਥ ਵੰਡਾਇਆ। ਨਰਿੰਦਰ ਜਦੋਂ ਯੂਨੀਵਰਸਿਟੀ ਦੇ ਵਿਦਿਆਰਥੀ ਸਨ, ਉਦੋਂ ਤੋਂ ਹੀ ਰਾਸ਼ਟਰੀ ਸਵੈਮ ਸੇਵਕ ਸੰਘ (ਆਰ. ਐੱਸ. ਐੱਸ.) ਦੀ ਸ਼ਾਖਾ ’ਚ ਲਗਾਤਾਰ ਜਾਣ ਲੱਗੇ ਸਨ। ਇਸ ਪ੍ਰਕਾਰ ਉਨ੍ਹਾਂ ਦਾ ਜੀਵਨ ਸੰਘ ਦੇ ਇਕ ਨਿਸ਼ਠਾਵਾਨ ਪ੍ਰਚਾਰਕ ਦੇ ਰੂਪ ’ਚ ਸ਼ੁਰੂ ਹੋਇਆ। ਉਨ੍ਹਾਂ ਨੇ ਸ਼ੁਰੂਆਤੀ ਜੀਵਨ ਤੋਂ ਹੀ ਸਿਆਸੀ ਸਰਗਰਮੀ ਦਿਖਾਈ ਅਤੇ ਭਾਰਤੀ ਜਨਤਾ ਪਾਰਟੀ ਦਾ ਲੋਕਰਾਜ ਮਜ਼ਬੂਤ ਕਰਨ ’ਚ ਪ੍ਰਮੁੱਖ ਭੂਮਿਕਾ ਨਿਭਾਈ।

ਅਪ੍ਰੈਲ 1990 ’ਚ ਜਦੋਂ ਕੇਂਦਰ ’ਚ ਮਿਲੀਆਂ-ਜੁਲੀਆਂ ਸਰਕਾਰਾਂ ਦਾ ਦੌਰ ਸ਼ੁਰੂ ਹੋਇਆ, ਮੋਦੀ ਦੀ ਮਿਹਨਤ ਰੰਗ ਲਿਆਈ, ਜਦੋਂ ਗੁਜਰਾਤ ’ਚ 1995 ਦੀਆਂ ਵਿਧਾਨ ਸਭਾ ਚੋਣਾਂ ’ਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੇ ਬਲਬੂਤੇ ’ਤੇ ਦੋ-ਤਿਹਾਈ ਬਹੁਮਤ ਪ੍ਰਾਪਤ ਕਰ ਕੇ ਸਰਕਾਰ ਬਣਾ ਲਈ। ਇਸੇ ਦੌਰਾਨ 2 ਰਾਸ਼ਟਰੀ ਘਟਨਾਵਾਂ ਹੋਰ ਇਸ ਦੇਸ਼ ’ਚ ਘਟੀਆਂ।

ਪਹਿਲੀ ਘਟਨਾ ਸੀ ਸੋਮਨਾਥ ਤੋਂ ਲੈ ਕੇ ਅਯੁੱਧਿਆ ਤੱਕ ਦੀ ਰੱਥ ਯਾਤਰਾ, ਜਿਸ ’ਚ ਅਡਵਾਨੀ ਦੇ ਪ੍ਰਮੁੱਖ ਸਾਰਥੀ ਦੀ ਭੂਮਿਕਾ ’ਚ ਨਰਿੰਦਰ ਦਾ ਮੁੱਖ ਸਹਿਯੋਗ ਰਿਹਾ। ਇਸੇ ਪ੍ਰਕਾਰ ਕੰਨਿਆਕੁਮਾਰੀ ਤੋਂ ਲੈ ਕੇ ਦੂਰ ਉੱਤਰ ’ਚ ਸਥਿਤ ਕਸ਼ਮੀਰ ਤੱਕ ਦੀ ਮੁਰਲੀ ਮਨੋਹਰ ਜੋਸ਼ੀ ਦੀ ਦੂਜੀ ਰੱਥ ਯਾਤਰਾ ਵੀ ਨਰਿੰਦਰ ਮੋਦੀ ਦੀ ਹੀ ਦੇਖਰੇਖ ’ਚ ਆਯੋਜਿਤ ਹੋਈ। ਇਸ ਤੋਂ ਬਾਅਦ ਨਰਿੰਦਰ ਮੋਦੀ ਨੂੰ ਦਿੱਲੀ ਬੁਲਾ ਕੇ ਭਾਜਪਾ ’ਚ ਸੰਗਠਨ ਦੀ ਦ੍ਰਿਸ਼ਟੀ ਤੋਂ ਕੇਂਦਰੀ ਮੰਤਰੀ ਦੀ ਜ਼ਿੰਮੇਵਾਰੀ ਸੌਂਪੀ ਗਈ।

1998 ’ਚ ਉਨ੍ਹਾਂ ਨੂੰ ਤਰੱਕੀ ਦੇ ਕੇ ਰਾਸ਼ਟਰੀ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਦਿੱਤੀ ਗਈ। ਇਸ ਅਹੁਦੇ ’ਤੇ ਉਹ ਅਕਤੂਬਰ 2001 ਤੱਕ ਕੰਮ ਕਰਦੇ ਰਹੇ। ਭਾਰਤੀ ਜਨਤਾ ਪਾਰਟੀ ਨੇ ਅਕਤੂਬਰ 2001 ’ਚ ਕੇਸ਼ੂਭਾਈ ਪਟੇਲ ਨੂੰ ਹਟਾ ਕੇ ਗੁਜਰਾਤ ਦੇ ਮੁੱਖ ਮੰਤਰੀ ਅਹੁਦੇ ਦੀ ਕਮਾਨ ਨਰਿੰਦਰ ਮੋਦੀ ਨੂੰ ਸੌਂਪ ਦਿੱਤੀ। ਮੋਦੀ ਦੀ ਅਗਵਾਈ ’ਚ 2012 ਵਿਚ ਹੋਈਆਂ ਗੁਜਰਾਤ ਵਿਧਾਨ ਸਭਾ ਚੋਣਾਂ ’ਚ ਭਾਜਪਾ ਨੇ ਸਪੱਸ਼ਟ ਬਹੁਮਤ ਪ੍ਰਾਪਤ ਕੀਤਾ। ਭਾਜਪਾ ਨੂੰ ਇਸ ਵਾਰ 115 ਸੀਟਾਂ ਮਿਲੀਆਂ। ਮੁੱਖ ਮੰਤਰੀ ਦੇ ਰੂਪ ’ਚ ਨਰਿੰਦਰ ਮੋਦੀ ਨੇ ਗੁਜਰਾਤ ਦੇ ਵਿਕਾਸ ਲਈ ਕਈ ਮਹੱਤਵਪੂਰਨ ਯੋਜਨਾਵਾਂ ਸ਼ੁਰੂ ਕੀਤੀਆਂ ਅਤੇ ਉਨ੍ਹਾਂ ਨੂੰ ਲਾਗੂ ਕਰਵਾਇਆ।

ਪਾਰਟੀ ਵੱਲੋਂ ਪੀ. ਐੱਮ. ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਨਰਿੰਦਰ ਮੋਦੀ ਨੇ ਪੂਰੇ ਭਾਰਤ ਦਾ ਦੌਰਾ ਕੀਤਾ। ਇਸ ਦੌਰਾਨ 3 ਲੱਖ ਕਿਲੋਮੀਟਰ ਦੀ ਯਾਤਰਾ ਕਰਕੇ ਪੂਰੇ ਦੇਸ਼ ’ਚ 437 ਵੱਡੀਆਂ ਚੋਣ ਰੈਲੀਆਂ, 3-ਡੀ ਸਭਾਵਾਂ ਅਤੇ ਚਾਹ ’ਤੇ ਚਰਚਾ ਆਦਿ ਨੂੰ ਮਿਲਾ ਕੇ ਕੁੱਲ 5827 ਪ੍ਰੋਗਰਾਮ ਕੀਤੇ। ਨਰਿੰਦਰ ਮੋਦੀ ਦੀ ਅਗਵਾਈ ’ਚ ਭਾਰਤੀ ਜਨਤਾ ਪਾਰਟੀ ਨੇ 2014 ਦੀਆਂ ਚੋਣਾਂ ’ਚ ਬੇਮਿਸਾਲ ਸਫ਼ਲਤਾ ਪ੍ਰਾਪਤ ਕੀਤੀ। ਨਰਿੰਦਰ ਮੋਦੀ 2001 ਤੋਂ 2014 ਤੱਕ ਲਗਭਗ 13 ਸਾਲ ਗੁਜਰਾਤ ਦੇ ਮੁੱਖ ਮੰਤਰੀ ਰਹੇ ਅਤੇ ਫਿਰ ਹਿੰਦੁਸਤਾਨ ਦੇ 15ਵੇਂ ਪ੍ਰਧਾਨ ਮੰਤਰੀ ਬਣੇ।

ਉਨ੍ਹਾਂ ਦੀ ਜੀਵਨਸ਼ੈਲੀ ਅਕਸਰ ਚਰਚਾ ’ਚ ਰਹਿੰਦੀ ਹੈ। ਪ੍ਰਧਾਨ ਮੰਤਰੀ ਮੋਦੀ ਹਰ ਕੰਮ ਲੀਕ ਤੋਂ ਹਟ ਕੇ ਕਰਦੇ ਹਨ, ਇਸੇ ਲਈ ਜਨਤਾ ਦੇ ਵਿਚਾਲੇ ਉਨ੍ਹਾਂ ਦਾ ਅਕਸ ਇਕ ਕੁਸ਼ਲ ਨੇਤਾ ਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ ਇਕ ਦਹਾਕੇ ’ਚ ਡਿਜੀਟਲ ਕ੍ਰਾਂਤੀ, ਬੁਨਿਆਦੀ ਢਾਂਚੇ (ਇਨਫਰਾਸਟਰਕਚਰ) ਦੇ ਵਿਕਾਸ, ਸਮਾਜਿਕ ਭਲਾਈ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਭਾਰਤ ਨੂੰ ਇਕ ਕੌਮਾਂਤਰੀ ਮਹਾਸ਼ਕਤੀ ਦੇ ਰੂਪ ’ਚ ਸਥਾਪਿਤ ਕਰਨ ’ਚ ਕਈ ਇਤਿਹਾਸਕ ਪ੍ਰਾਪਤੀਆਂ ਹਾਸਲ ਕੀਤੀਆਂ ਹਨ।


ਰਾਸ਼ਟਰੀ ਰਾਜਮਾਰਗ ਅਤੇ ਗਤੀਸ਼ਕਤੀ ਸੜਕਾਂ ਦਾ ਤੇਜ਼ ਰਫਤਾਰ ਨਾਲ ਨਿਰਮਾਣ ਅਤੇ ਰੇਲਵੇ ਦਾ ਆਧੁਨਿਕੀਕਰਨ , ਵੰਦੇ ਭਾਰਤ ਟਰੇਨਾਂ ਦੀ ਸ਼ੁਰੂਆਤ ਕਰ ਕੇ ਕਨੈਕਟੀਵਿਟੀ ਨੂੰ ਮਜ਼ਬੂਤ ਕੀਤਾ ਗਿਆ ਹੈ। ਜੀ. ਐੱਸ. ਟੀ. ‘ਇਕ ਰਾਸ਼ਟਰ, ਇਕ ਕਰ’ ਦੀ ਨੀਤੀ ਨਾਲ ਕਰ ਪ੍ਰਣਾਲੀ ’ਚ ਪਾਰਦਰਸ਼ਤਾ ਆਈ ਹੈ। ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾ ਕੇ ਉਸ ਨੂੰ ਦੇਸ਼ ਦੀ ਮੁੱਖ ਧਾਰਾ ਨਾਲ ਜੋੜਿਆ ਗਿਆ ਹੈ। ਨਾਰੀ ਸ਼ਕਤੀ ਵੰਦਨ ਐਕਟ ਨਾਲ ਸੰਸਦ ਅਤੇ ਵਿਧਾਨ ਸਭਾਵਾਂ ’ਚ ਔਰਤਾਂ ਲਈ 33 ਫੀਸਦੀ ਰਾਖਵਾਂਕਰਨ ਯਕੀਨੀ ਕੀਤਾ ਗਿਆ। ਰੱਖਿਆ ਖੇਤਰ ’ਚ ਆਤਮ-ਨਿਰਭਰਤਾ, ਸਵਦੇਸ਼ੀ ਹਥਿਆਰਾਂ ਦੇ ਨਿਰਮਾਣ ਅਤੇ ਰੱਖਿਆ ਉਪਕਰਨਾਂ ਦੀ ਬਰਾਮਦ ਨੂੰ ਭਾਰੀ ਉਤਸ਼ਾਹ ਦਿੱਤਾ ਗਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਭਾਰਤ ਦੀ ਵਿਦੇਸ਼ ਨੀਤੀ ਦੇ ਤਹਿਤ ਕੌਮਾਂਤਰੀ ਮੰਚਾਂ ’ਤੇ ਭਾਰਤ ਦਾ ਮਜ਼ਬੂਤ ਅਕਸ ਬਣਿਆ ਹੈ। ਭਾਰਤ ਨੇ ਰੂਸ-ਯੂਕ੍ਰੇਨ ਸੰਘਰਸ਼ ਵਰਗੇ ਗੁੰਝਲਦਾਰ ਭੂ-ਰਾਜਨੀਤਿਕ ਮੁੱਦਿਆਂ ’ਤੇ ਕਿਸੇ ਵੀ ਖੇਮੇ ’ਚ ਸ਼ਾਮਲ ਹੋਣ ਦੀ ਬਜਾਏ ਰਾਸ਼ਟਰੀ ਹਿੱਤਾਂ ਨੂੰ ਸਰਵਉੱਚ ਰੱਖਿਆ। ਸਫ਼ਲ ਜੀ-20 ਦੀ ਪ੍ਰਧਾਨਗੀ ਦੇ ਦੌਰਾਨ ਅਫ਼ਰੀਕੀ ਸੰਘ ਨੂੰ ਸਥਾਈ ਮੈਂਬਰ ਦੇ ਰੂਪ ’ਚ ਸ਼ਾਮਲ ਕਰਵਾਉਣਾ ਇਸ ਨੀਤੀ ਦਾ ਇਕ ਵੱਡਾ ਮੀਲ ਪੱਥਰ ਮੰਨਿਆ ਜਾਂਦਾ ਹੈ। ‘ਗੁਆਂਢੀ ਪਹਿਲਾਂ’ ਦੀ ਨੀਤੀ, ਹਿੰਦ ਮਹਾਂਸਾਗਰ ਖੇਤਰ ਅਤੇ ਗੁਆਂਢੀ ਦੇਸ਼ਾਂ ਦੇ ਨਾਲ ਸਬੰਧਾਂ ਨੂੰ ਸਰਵਉੱਚ ਪਹਿਲ ਦਿੱਤੀ ਗਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਸ਼ੁਰੂ ਕੀਤੀ ਗਈ ‘ਆਤਮ-ਨਿਰਭਰ ਭਾਰਤ’ ਮੁਹਿੰਮ ਇਕ ਸਵਦੇਸ਼ੀ ਅਤੇ ਆਰਥਿਕ ਰੂਪ ’ਚ ਮਜ਼ਬੂਤ ਰਾਸ਼ਟਰ ਦਾ ਨਿਰਮਾਣ ਕਰਨ ਦਾ ਵਿਜ਼ਨ ਹੈ, ਜਿਸ ਦਾ ਮੁੱਖ ਟੀਚਾ 2047 ਤੱਕ ਆਜ਼ਾਦੀ ਦੇ 100 ਸਾਲ ਪੂਰੇ ਹੋਣ ’ਤੇ ਭਾਰਤ ਨੂੰ ਇਕ ‘ਵਿਕਸਿਤ ਰਾਸ਼ਟਰ’ ਬਣਾਉਣਾ ਹੈ। ਤਕਨੀਕੀ ਅਗਵਾਈ ਪ੍ਰਾਪਤ ਕਰਨ ਲਈ ਸੈਮੀਕੰਡਕਟਰ ਨਿਰਮਾਣ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡੀਪ-ਟੈੱਕ ’ਚ ਆਤਮ-ਨਿਰਭਰਤਾ ਹਾਸਲ ਕੀਤੀ ਜਾ ਰਹੀ ਹੈ। ਨਿੱਜੀ ਖੇਤਰ ’ਚ ਰੁਜ਼ਗਾਰ ਵਧਾਉਣ ਅਤੇ ਅਰਥਵਿਵਸਥਾ ਨੂੰ ਰਫਤਾਰ ਦੇਣ ਲਈ ‘ਪੀ. ਐੱਮ. ਵਿਕਸਿਤ ਭਾਰਤ ਰੁਜ਼ਗਾਰ ਯੋਜਨਾ’ ਵਰਗੀਆਂ ਮਹੱਤਵਪੂਰਨ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ।

(ਸਾਬਕਾ ਸੰਸਦ ਮੈਂਬਰ,
ਸਾਬਕਾ ਪੰਜਾਬ ਭਾਜਪਾ ਪ੍ਰਧਾਨ)





# ਅਮਰੀਕਾ-ਚੀਨ ਸਬੰਧ ਨਿੱਘੇ

**ਮੁਹੰਮਦ ਅੱਬਾਸ ਧਾਲੀਵਾਲ, ਮਲੇਰਕੋਟਲਾ**

ਕਈ ਦਹਾਕਿਆਂ ਤੋਂ ਇਕ-ਦੂਜੇ ਦੇ ਵਿਰੋਧੀ ਚਲੇ ਆ ਰਹੇ ਅਮਰੀਕਾ ਤੇ ਚੀਨ ਦੇ ਰਾਸ਼ਟਰਪਤੀਆਂ ਵਿਚਕਾਰ ਬੀਜਿੰਗ ’ਚ ਮੁਲਾਕਾਤ ਹੋਈ। ਦਰਅਸਲ, ਚੀਨ ਦੇ ਇਸ ਦੌਰੇ ਦੌਰਾਨ ਡੋਨਾਲਡ ਟਰੰਪ ਦਾ ਜਿਸ ਤਰ੍ਹਾਂ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ, ਉਸ ਨੇ ਵਿਸ਼ਵ ਰਾਜਨੀਤੀ ਵਿਚ ਨਵੀਆਂ ਚਰਚਾਵਾਂ ਨੂੰ ਜਨਮ ਦਿੱਤਾ ਹੈ। ਇੱਥੇ ਗ੍ਰੇਟ ਹਾਲ ਆਫ ਦਿ ਪੀਪਲ ਵਿਚ ਫ਼ੌਜੀ ਸਨਮਾਨ, ਬੈਂਡ ਅਤੇ ਸ਼ਾਨਦਾਰ ਸਮਾਰੋਹਾਂ ਦੌਰਾਨ ਟਰੰਪ ਨੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਦੀ ਖੁੱਲ੍ਹ ਕੇ ਤਾਰੀਫ਼ ਕੀਤੀ। ਇਹ ਦ੍ਰਿਸ਼ ਇਸ ਲਈ ਵੀ ਹੈਰਾਨੀਜਨਕ ਸੀ ਕਿਉਂਕਿ ਟਰੰਪ ਨੇ ਆਪਣੀ ਪਿਛਲੀ ਟਰਮ ਤੋਂ ਲੈ ਹੁਣ ਤੱਕ ਚੀਨ ਪ੍ਰਤੀ ਆਪਣਾ ਸਖ਼ਤ ਰਵੱਈਆ ਜ਼ਾਹਰ ਕੀਤਾ ਤੇ ਆਪਣੀ ਸਿਆਸੀ ਪਛਾਣ ਚੀਨ ਵਿਰੋਧੀ ਬਿਆਨਾਂ ਨਾਲ ਬਣਾਈ ਸੀ। ਕਦੇ ਚੀਨ ਨੂੰ ਅਮਰੀਕਾ ਦਾ ‘ਸ਼ੋਸ਼ਣ ਕਰਨ ਵਾਲਾ ਦੇਸ਼’ ਕਹਿਣ ਵਾਲੇ ਟਰੰਪ ਹੁਣ ਵਪਾਰਕ ਅਤੇ ਰਣਨੀਤਿਕ ਸਹਿਯੋਗ ਦੀ ਗੱਲ ਕਰਦੇ ਨਜ਼ਰ ਆਏ। ਇਸ ਦੇ ਪਿੱਛੇ ਸਭ ਤੋਂ ਵੱਡਾ ਕਾਰਨ ਦੋਵੇਂ ਦੇਸ਼ਾਂ ਦੀ ਇਕ-ਦੂਜੇ ’ਤੇ ਆਰਥਿਕ ਨਿਰਭਰਤਾ ਹੈ। ਚੀਨ ਦੁਨੀਆ ਦੇ ਉਤਪਾਦਨ ਅਤੇ ਤਕਨਾਲੋਜੀ ਖੇਤਰ ਵਿਚ ਅਹਿਮ ਤਾਕਤ ਬਣ ਚੁੱਕਾ ਹੈ ਜਦਕਿ ਅਮਰੀਕਾ ਵੀ ਚੀਨੀ ਬਾਜ਼ਾਰ ਨੂੰ ਨਜ਼ਰਅੰਦਾਜ਼ ਨਹੀਂ ਕਰ ਸਕਦਾ।

ਇਸ ਦੌਰੇ ਦੌਰਾਨ ਤਾਈਵਾਨ, ਈਰਾਨ ਅਤੇ ਵਪਾਰਕ ਸਬੰਧ ਮੁੱਖ ਚਰਚਾ ਦੇ ਵਿਸ਼ੇ ਰਹੇ। ਖ਼ਾਸ ਤੌਰ ’ਤੇ ਈਰਾਨ ਮਾਮਲੇ ਵਿਚ ਅਮਰੀਕਾ ਚੀਨ ਦੀ ਭੂਮਿਕਾ ਚਾਹੁੰਦਾ ਹੈ ਕਿਉਂਕਿ ਬੀਜਿੰਗ ਦੇ ਤਹਿਰਾਨ ਨਾਲ ਡੂੰਘੇ ਸਬੰਧ ਹਨ। ਦੂਜੇ ਪਾਸੇ, ਚੀਨ ਤਾਈਵਾਨ ਮਸਲੇ ’ਤੇ ਅਮਰੀਕਾ ਤੋਂ ਨਰਮੀ ਦੀ ਉਮੀਦ ਰੱਖਦਾ ਹੈ।

ਇਸ ਦੌਰੇ ਦਾ ਸਭ ਤੋਂ ਮਹੱਤਵਪੂਰਨ ਪੱਖ ਇਹ ਰਿਹਾ ਕਿ ਚੀਨ ਨੇ ਦੁਨੀਆ ਨੂੰ ਆਪਣੀ ਵਧਦੀ ਤਾਕਤ ਦਾ ਸੰਦੇਸ਼ ਦਿੱਤਾ। ਵਿਸ਼ਵ ਦੇ ਕਈ ਦੇਸ਼, ਇੱਥੋਂ ਤੱਕ ਕਿ ਅਮਰੀਕਾ ਦੇ ਸਾਥੀ ਵੀ, ਅੱਜ ਚੀਨ ਨਾਲ ਨਜ਼ਦੀਕੀ ਸਬੰਧ ਬਣਾਉਣ ਦੇ ਇੱਛੁਕ ਹਨ। ਇਹ ਸਾਫ਼ ਸੰਕੇਤ ਹੈ ਕਿ ਵਿਸ਼ਵ ਤਾਕਤ ਦਾ ਸੰਤੁਲਨ ਹੌਲੀ-ਹੌਲੀ ਬਦਲ ਰਿਹਾ ਹੈ। ਭਾਵੇਂ ਅਮਰੀਕਾ ਅਤੇ ਚੀਨ ਵਿਚਕਾਰ ਬੇਭਰੋਸਗੀ ਅਜੇ ਵੀ ਬਰਕਰਾਰ ਹੈ ਪਰ ਦੋਵੇਂ ਦੇਸ਼ ਇਹ ਸਮਝਦੇ ਹਨ ਕਿ ਟਕਰਾਅ ਦੀ ਥਾਂ ਸਹਿਯੋਗ ਹੀ ਵਿਸ਼ਵ ਅਰਥ-ਵਿਵਸਥਾ ਅਤੇ ਰਾਜਨੀਤਕ ਸਥਿਰਤਾ ਲਈ ਜ਼ਰੂਰੀ ਹੈ। ਇਸੇ ਲਈ ਦੋਵੇਂ ਨੇਤਾਵਾਂ ਨੇ ਆਪਣੇ ਸਬੰਧਾਂ ਨੂੰ ‘ਰਚਨਾਤਮਕ ਅਤੇ ਸਥਿਰ’ ਬਣਾਉਣ ਦਾ ਸੰਦੇਸ਼ ਦਿੱਤਾ ਹੈ।

ਟਰੰਪ ਦੇ ਚੀਨ ਦੌਰੇ ਦੌਰਾਨ ਚੀਨ ਦੇ ਰਾਸ਼ਟਰਪਤੀ ਨੇ ਉਨ੍ਹਾਂ ਨੂੰ ਚੀਨ ਦੀ ਉੱਚ ਲੀਡਰਸ਼ਿਪ ਲਈ ਅਹਿਮ ਮੰਨੇ ਜਾਣ ਵਾਲੇ ਵਿੰਗ ਨਾਨ ਹਾਈ ਦਾ ਦੌਰਾ ਕਰਵਾਇਆ। ਬੀਜਿੰਗ ਵਿਚ ਟਰੰਪ ਦੇ ਆਖ਼ਰੀ ਦਿਨ ਦਾ ਇਹ ਸਭ ਤੋਂ ਮਹੱਤਵਪੂਰਨ ਪ੍ਰੋਗਰਾਮ ਸੀ। ਓਧਰ ਦੌਰੇ ਤੋਂ ਬਾਅਦ ਹੋਈ ਸਾਂਝੀ ਪ੍ਰੈੱਸ ਕਾਨਫਰੰਸ ਵਿਚ ਟਰੰਪ ਨੇ ਕਿਹਾ ਕਿ ਉਨ੍ਹਾਂ ਦੀ ਸ਼ੀ ਜਿਨਪਿੰਗ ਨਾਲ ਵਪਾਰ, ਈਰਾਨ ਅਤੇ ਹੋਰ ਕਈ ਮਸਲਿਆਂ ’ਤੇ ਗੱਲਬਾਤ ਹੋਈ। ਜਦਕਿ ਈਰਾਨ ਮਾਮਲੇ ਵਿਚ ਗੱਲ ਕਰਦਿਆਂ ਟਰੰਪ ਨੇ ਕਿਹਾ, “ਅਸੀਂ ਨਹੀਂ ਚਾਹੁੰਦੇ ਕਿ ਈਰਾਨ ਕੋਲ ਪਰਮਾਣੂ ਹਥਿਆਰ ਹੋਣ ਅਤੇ ਅਸੀਂ ਚਾਹੁੰਦੇ ਹਾਂ ਕਿ ਹੋਰਮੁਜ਼ ਜਲਡਮਰੂ ਖੁੱਲ੍ਹਾ ਰਹੇ।

ਓਧਰ ਇਸ ਮੁਲਾਕਾਤ ਨੂੰ ਲੈ ਕੇ ਸ਼ੀ ਜਿਨਪਿੰਗ ਨੇ ਕਿਹਾ ਕਿ ਦੋਵੇਂ ਨੇਤਾਵਾਂ ਵਿਚਕਾਰ ਇਕ ਨਵਾਂ ਦੋ-ਪੱਖੀ ਰਿਸ਼ਤਾ ਕਾਇਮ ਹੋਇਆ ਹੈ ਅਤੇ ਉਨ੍ਹਾਂ ਨੇ ਚੀਨੀ ਗੁਲਾਬਾਂ ਦੇ ਬੀਜ ਟਰੰਪ ਨੂੰ ਤੋਹਫ਼ੇ ਵਜੋਂ ਭੇਜਣ ਦਾ ਐਲਾਨ ਵੀ ਕੀਤਾ। ਉਨ੍ਹਾਂ ਦੀ ਮੁਲਾਕਾਤ ਤੋਂ ਕੁਝ ਘੰਟੇ ਪਹਿਲਾਂ ਫਾਕਸ ਨਿਊਜ਼ ਨੇ ਟਰੰਪ ਦਾ ਇਕ ਇੰਟਰਵਿਊ ਪ੍ਰਸਾਰਿਤ ਕੀਤਾ ਜਿਸ ਵਿਚ ਉਨ੍ਹਾਂ ਨੇ ਕਿਹਾ ਕਿ ਸ਼ੀ ਜਿਨਪਿੰਗ ਨੇ ਵਾਅਦਾ ਕੀਤਾ ਹੈ ਕਿ ਚੀਨ ਈਰਾਨ ਨੂੰ ਫ਼ੌਜੀ ਸਾਜ਼ੋ-ਸਾਮਾਨ ਮੁਹੱਈਆ ਨਹੀਂ ਕਰੇਗਾ। ਟਰੰਪ ਦੇ ਮੁਤਾਬਕ, ਇਸੇ ਸਮੇਂ ਰਾਸ਼ਟਰਪਤੀ ਸ਼ੀ ਨੇ ਕਿਹਾ ਕਿ ਉਹ ਈਰਾਨ ਤੋਂ ਬਹੁਤ ਸਾਰਾ ਤੇਲ ਖ਼ਰੀਦਦੇ ਹਨ ਅਤੇ ਇਸ ਨੂੰ ਜਾਰੀ ਰੱਖਣਾ ਚਾਹੁੰਦੇ ਹਨ। ਇਸੇ ਇੰਟਰਵਿਊ ਵਿਚ ਟਰੰਪ ਨੇ ਇਹ ਵੀ ਕਿਹਾ ਕਿ ਚੀਨ ਨੇ ਅਮਰੀਕਾ ਤੋਂ ਤੇਲ ਅਤੇ 200 ਜਹਾਜ਼ ਖ਼ਰੀਦਣ ’ਤੇ ਸਹਿਮਤੀ ਦਿੱਤੀ ਹੈ। ਟਰੰਪ ਨੇ ਇਹ ਵੀ ਕਿਹਾ ਕਿ ਉਨ੍ਹਾਂ ਦੀ ਚੀਨ ਦੇ ਸਦਰ ਨਾਲ ਵਪਾਰਕ ਗੱਲਬਾਤ ਪਿਛਲੀ ਵਾਰ ਨਾਲੋਂ ਬਿਹਤਰ ਰਹੀ। ਆਉਣ ਵਾਲਾ ਸਮਾਂ ਇਹ ਤੈਅ ਕਰੇਗਾ ਕਿ ਇਹ ਨੇੜਤਾ ਸਿਰਫ਼ ਕੂਟਨੀਤਕ ਦਿਖਾਵਾ ਹੈ ਜਾਂ ਅਸਲ ਵਿਚ ਨਵੇਂ ਵਿਸ਼ਵ ਕ੍ਰਮ ਦੀ ਸ਼ੁਰੂਆਤ।

# ਖ਼ੁਦ ਨਾਲ ਲੜਨਾ ਛੱਡੋ



**ਬਰਜਿੰਦਰ ਕੌਰ ਬਿਸਰਾਓ**

ਅੱਜ ਵਿਗਿਆਨ ਤਰੱਕੀਆਂ ਦੀ ਸਿਖਰਾਂ ਨੂੰ ਛੂਹ ਰਿਹਾ ਹੈ। ਦੁਨੀਆ ਵਿੱਚ ਨਵੀਨੀਕਰਨ ਹੋ ਰਿਹਾ ਹੈ, ਸੁੱਖ ਸਹੂਲਤਾਂ ਦੇ ਭੰਡਾਰ ਲੱਗੇ ਹੋਏ ਹਨ। ਐਸ਼ੋ ਆਰਾਮ ਦੀ ਹਰ ਸ਼ੈਅ ਮੌਜੂਦ ਹੈ, ਪਰ ਫਿਰ ਵੀ ਮਨੁੱਖ ਦੁਖੀ ਹੈ, ਮਾਨਸਿਕ ਤਣਾਅ ਵਿੱਚ ਹੈ, ਹਰ ਸਮੇਂ ਅੰਦਰੋਂ ਅੰਦਰ ਘੁਲਦਾ ਰਹਿੰਦਾ ਹੈ ਤੇ ਆਪਣੇ ਆਪ ਨਾਲ ਲੜਦਾ ਰਹਿੰਦਾ ਹੈ। ਇਸ ਤੋਂ ਉਲਟ ਜੇ ਅੱਧੀ ਕੁ ਸਦੀ ਪਿਛਾਂਹ ਨੂੰ ਝਾਤੀ ਮਾਰੀਏ ਤਾਂ ਮਨੁੱਖ ਦੀ ਜ਼ਿੰਦਗੀ ਵਿੱਚੋਂ ਅੱਜ ਵਾਲੀਆਂ ਸਾਰੀਆਂ ਐਸ਼ੋ ਆਰਾਮ ਦੀਆਂ ਚੀਜ਼ਾਂ ਅਤੇ ਸੁੱਖ ਸਹੂਲਤਾਂ ਮਨਫੀ ਹੋ ਜਾਣਗੀਆਂ, ਪਰ ਮਨੁੱਖ ਦੀ ਮਾਨਸਿਕ ਖ਼ੁਸ਼ੀ ਅੱਜ ਨਾਲੋਂ ਕਈ ਗੁਣਾ ਵੱਧ ਨਜ਼ਰ ਆਵੇਗੀ।

ਉਦੋਂ ਦਾ ਮਨੁੱਖ ਮਿਹਨਤਕਸ਼, ਗਰਮੀਆਂ ਦੀਆਂ ਧੁੱਪਾਂ, ਸਰਦੀਆਂ ਦੀਆਂ ਠੰਢਾਂ ਵਿੱਚ ਪੈਦਲ ਤੁਰ ਕੇ, ਵਾਣ ਵਾਲੇ ਮੰਜਿਆਂ ਉੱਤੇ ਘਰੋੜੇ ਸੌਂ ਕੇ ਵੀ ਆਨੰਦਮਈ ਨੀਂਦ ਲੈਂਦਾ ਨਜ਼ਰ ਆਵੇਗਾ। ਅੱਜ ਘਰ ਵਿੱਚ ਏਸੀਆਂ ਦੀ ਠੰਢਕ ਵੀ ਉਸ ਦੇ ਦਿਮਾਗ਼ ਨੂੰ ਸ਼ਾਂਤ ਨਹੀਂ ਕਰ ਰਹੀ, ਵਾਹਨਾਂ ਦੀ ਸਵਾਰੀ ਕਰਕੇ ਵੀ ਉਹ ਮੀਲਾਂ ਤੁਰਨ ਵਾਲੇ ਵਿਅਕਤੀਆਂ ਤੋਂ ਵੱਧ ਅੱਕਿਆ ਤੇ ਥੱਕਿਆ ਹੋਇਆ ਨਜ਼ਰ ਆਉਂਦਾ ਹੈ। ਉਸ ਅੰਦਰ ਨਾਮੋਸ਼ੀ ਹੈ, ਉਸ ਅੰਦਰ ਅਸੰਤੁਸ਼ਟਤਾ ਹੈ, ਉਸ ਅੰਦਰ ਸਾੜਾ ਹੈ ਕਿਉਂਕਿ ਉਸ ਅੰਦਰ ਸਿਰਫ਼ ਨਿੱਜਤਾ ਹੈ ਜਿਸ ਕਰਕੇ ਉਸ ਦੀ ਸੋਚ ਦਾ ਦਾਇਰਾ ਸੁੰਗੜ ਗਿਆ ਹੈ। ਉਸ ਦੀ ਸੋਚ ਉਸ ਨੂੰ ਆਪਣੇ ਤੋਂ ਉੱਪਰ ਕੁਝ ਹੋਰ ਸੋਚਣ ਹੀ ਨਹੀਂ ਦਿੰਦੀ ਜਿਸ ਕਰਕੇ ਉਸ ਦੀ ਸੋਚ ਨੇ ਹੀ ਉਸ ਦੇ ਮਨ ਅੰਦਰ ਕਲੇਸ਼ ਪਾਇਆ ਹੋਇਆ ਹੈ। ਜਿਸ ਕਰਕੇ ਉਹ ਆਪਣੇ ਆਪ ਨਾਲ ਹੀ ਲੜਦਾ ਰਹਿੰਦਾ ਹੈ।

ਅੱਜ ਦਾ ਮਨੁੱਖ ਆਪਣੀ ਗ਼ਰੀਬੀ ਤੋਂ ਘੱਟ ਦੁਖੀ ਹੈ, ਪਰ ਦੂਜਿਆਂ ਦੀ ਅਮੀਰੀ ਉਸ ਨੂੰ ਬਹੁਤ ਸਤਾ ਰਹੀ ਹੈ। ਆਪਣੀ ਔਲਾਦ ਦੇ ਭਵਿੱਖ ਦੀ ਚਿੰਤਾ ਨਾਲੋਂ ਜ਼ਿਆਦਾ ਦੂਜਿਆਂ ਦੀ ਔਲਾਦ ਦੀ ਤਰੱਕੀ ਦਾ ਸਾੜਾ ਵੱਧ ਹੈ। ਆਪਣੇ ਘਰ ਦੀ ਛੱਤ ਦਾ ਆਨੰਦ ਲੈਣ ਦੀ ਬਜਾਏ ਦੂਜਿਆਂ ਦੀਆਂ ਕੋਠੀਆਂ ਉਸ ਦੀ ਸੋਚ ਦੇ ਰਸਤੇ ਘੇਰ ਕੇ ਖੜ੍ਹੀਆਂ ਹਨ। ਉਹ ਦੂਜਿਆਂ ਦੀ ਜਿੱਤ ਨੂੰ ਆਪਣੀ ਹਾਰ ਮੰਨਣ ਲੱਗ ਪਿਆ ਹੈ, ਦੂਜਿਆਂ ਦੀ ਖ਼ੁਸ਼ੀ ਉਸ ਅੰਦਰ ਉਦਾਸੀ ਪੈਦਾ ਕਰਦੀ ਹੈ। ਗੱਲ ਕੀ, ਅੱਜ ਮਨੁੱਖ ਸਭ ਕੁਝ ਕੋਲ ਹੁੰਦਿਆਂ ਹੋਇਆਂ ਵੀ ਸੋਚ ਪੱਖੋਂ ਗ਼ਰੀਬ ਹੋ ਗਿਆ ਹੈ। ਪ੍ਰਗਤੀ ਦੇ ਨਾਂ ’ਤੇ ਉਸ ਦੇ ਹਿੱਸੇ ਸਿਰਫ਼ ਮਾਨਸਿਕ ਉਲਝਣਾਂ ਹੀ ਆਈਆਂ ਹਨ। ਅੱਜ ਮਨੁੱਖ ਆਪਣੇ ਆਪ ਨਾਲ ਲੜਦਾ ਹੋਇਆ ਮਾਨਸਿਕ ਤੌਰ ’ਤੇ ਐਨਾ ਕਮਜ਼ੋਰ ਹੋ ਜਾਂਦਾ ਹੈ ਕਿ ਉਸ ਨੂੰ ਰਿਸ਼ਤਿਆਂ ਦੀ ਕਦਰ ਭੁੱਲ ਜਾਂਦੀ ਹੈ, ਆਪਣੀ ਅਨਮੋਲ ਜ਼ਿੰਦਗੀ ਦੀ ਕੀਮਤ ਨਜ਼ਰ ਨਹੀਂ ਆਉਂਦੀ, ਆਪਣੀ ਜ਼ਿੰਦਗੀ ਦੇ ਮਕਸਦ ਭੁੱਲ ਜਾਂਦਾ ਹੈ ਤੇ ਅਚਾਨਕ ਕਈ ਤਰ੍ਹਾਂ ਦੇ ਭਿਆਨਕ ਕਦਮ ਉਠਾ ਬੈਠਦਾ ਹੈ।

ਉਦਾਹਰਨ ਵਜੋਂ ਇੱਕ ਬਾਪ ਨੇ ਆਪਣੇ ਤਿੰਨ ਸਾਲ ਦੇ ਇਕਲੌਤੇ ਪੁੱਤਰ ਨੂੰ ਇਸ ਲਈ ਮਾਰ ਦਿੱਤਾ ਕਿ ਉਹ ਵੀ ਕਿਤੇ ਵੱਡਾ ਹੋ ਕੇ ਉਸ ਵਾਂਗ ਦਿਹਾੜੀਦਾਰ ਨਾ ਬਣੇ। ਇਹ ਉਸ ਦੇ ਦਿਮਾਗ਼ ਅੰਦਰ ਚੱਲਦੀਆਂ ਸੋਚਾਂ ਦੀ ਲੜਾਈ ਦਾ ਹੀ ਤਾਂ ਨਤੀਜਾ ਸੀ। ਜੇ ਕਿਤੇ ਉਹ ਆਪਣੀ ਪਤਨੀ ਨਾਲ ਇਸ ਬਾਰੇ ਗੱਲ ਕਰਦਾ ਤਾਂ ਹੋ ਸਕਦਾ ਹੈ ਕਿ ਉਹ ਉਸ ਨੂੰ ਹੌਸਲਾ ਦਿੰਦੀ ਕਿ ਉਹ ਉਸ ਨੂੰ ਪੜ੍ਹਾ ਲਿਖਾ ਕੇ ਉਸ ਦਾ ਭਵਿੱਖ ਉਸਾਰਨਗੇ ਤਾਂ ਉਸ ਦੀ ਆਪਣੀ ਦਿਮਾਗ਼ੀ ਲੜਾਈ ਖ਼ਤਮ ਹੋ ਕੇ ਸਕਾਰਾਤਮਕ ਸੋਚ ਪੈਦਾ ਹੁੰਦੀ। ਇੱਕ ਮਾਂ-ਬਾਪ ਨੇ ਤਿੰਨ ਸਾਲ ਦੀ ਆਪਣੀ ਧੀ ਦੀ ਬਿਮਾਰੀ ਤੋਂ ਦੁਖੀ ਹੋ ਕੇ ਧੀ ਸਮੇਤ ਆਤਮਹੱਤਿਆ ਕਰ ਲਈ, ਡਟ ਕੇ ਹਿੰਮਤ ਨਾਲ ਮੁਸੀਬਤ ਦਾ ਸਾਹਮਣਾ ਕਰਕੇ ਬੱਚੇ ਦਾ ਇਲਾਜ ਕਰਵਾਉਣ ਦੀ ਥਾਂ ਆਤਮਹੱਤਿਆ ਦਾ ਰਾਹ ਚੁਣਨਾ ਕਿੰਨੀ ਵੱਡੀ ਕਾਇਰਤਾ ਹੈ। ਇਸੇ ਤਰ੍ਹਾਂ ਔਲਾਦ ਦੁਆਰਾ ਮਾਪਿਆਂ ਨੂੰ ਮਾਰ ਦੇਣਾ, ਭਾਈ-ਭੈਣ ਨੂੰ ਜਾਂ ਭੈਣ-ਭਰਾ ਨੂੰ ਜਾਂ ਫਿਰ ਇਸ ਤੋਂ ਵੀ ਵੱਧ ਦੂਜਿਆਂ ਨੂੰ ਮੁਸੀਬਤ ਵਿੱਚ ਪਾਉਣ ਖ਼ਾਤਰ ਕਿਸੇ ਦਾ ਵੀ ਨਾਂ ਲੈ ਕੇ ਆਤਮਹੱਤਿਆ ਕਰ ਲੈਣਾ, ਇਹ ਸਭ ਖ਼ੁਦ ਨਾਲ ਲੜਨ ਦੇ ਨਤੀਜੇ ਹੀ ਤਾਂ ਹਨ।

ਜਦੋਂ ਮਨੁੱਖ ਅੰਦਰ ਆਲੇ ਦੁਆਲੇ ਦੇ ਵਾਤਾਵਰਨ ਨੂੰ ਵੇਖ ਕੇ ਉਸ ਵਿੱਚੋਂ ਪੈਦਾ ਹੋਈਆਂ ਮਨ ਦੇ ਅੰਦਰ ਵਾਲੀਆਂ ਸੋਚਾਂ ਨੂੰ ਉਹ ਨਕਾਰਾਤਮਕ ਢੰਗ ਨਾਲ ਲੈ ਕੇ ਸੋਚਦਾ ਹੈ ਤਾਂ ਉਸ ਅੰਦਰ ਇਹ ਵਾਵਰੋਲਿਆਂ ਵਾਂਗ ਕੰਮ ਕਰਦੀਆਂ ਹਨ। ਵਾਵਰੋਲੇ ਤਾਂ ਫਿਰ ਤਬਾਹੀ ਹੀ ਮਚਾਉਂਦੇ ਹਨ ਚਾਹੇ ਉਹ ਸੋਚਾਂ ਵਾਲੇ ਵਾਵਰੋਲੇ ਹੀ ਕਿਉਂ ਨਾ ਹੋਣ।

ਅੱਜ ਮਨੁੱਖ ਦੇ ਦਿਮਾਗ਼ ਉੱਪਰ ਪਦਾਰਥਵਾਦੀ ਸੋਚ ਭਾਰੂ ਹੋਣ ਕਰਕੇ ਉਹ ਆਪਣੇ ਜਾਣ ਪਛਾਣ ਵਾਲਿਆਂ ਨਾਲ ਸਮਾਜਿਕ ਤੇ ਆਰਥਿਕ ਬਰਾਬਰੀ ਦੀ ਖ਼ਾਤਰ ਆਪਣੇ ਮਨ ਦੇ ਸੁੱਖ ਚੈਨ ਖੋ ਬੈਠਦਾ ਹੈ। ਉਸ ਦੀ ਸੋਚ ਉੱਤੇ ਆਪਣੇ ਆਪ ਨੂੰ ਅਤੇ ‘ਸਟੇਟਸ ਸਿੰਬਲ’ ਨੂੰ ਦੁਨੀਆ ਸਾਹਮਣੇ ਉੱਚਾ ਦਿਖਾਉਣ ਦੀ ਹੋੜ ਨੇ ਕਬਜ਼ਾ ਕਰ ਲਿਆ ਹੈ ਜਿਸ ਕਰਕੇ ਉਹ ਦੁਖੀ ਹੈ ਤੇ ਮਾਨਸਿਕ ਤੌਰ ’ਤੇ ਪਰੇਸ਼ਾਨ ਰਹਿਣ ਲੱਗ ਪਿਆ ਹੈ। ਇਸ ਪਰੇਸ਼ਾਨੀ ਦਾ ਹੱਲ ਵੀ ਉਸ ਕੋਲ ਹੀ ਹੈ। ਇਸ ਲਈ ਉਸ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਰਿਵਾਰ ਨੂੰ ਖ਼ੁਸ਼ ਰੱਖਣ ਲਈ ਕੁਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਉਸ ਦੀ ਸੋਚਾਂ ਵਾਲੀ ਖਿੱਚੋਤਾਣ ਖ਼ਤਮ ਹੋ ਸਕੇ।

ਗੁਰੂ ਨਾਨਕ ਦੇਵ ਜੀ ਦਾ ਮਹਾਂ ਵਾਕ ਮਨਿ ਜੀਤੈ ਜਗੁ ਜੀਤੁ।। ਦਾ ਸਿਧਾਂਤ ਵੀ ਤਾਂ ਮਨ ਦੀ ਸ਼ਕਤੀ ਦਾ ਭਾਵ ਹੀ ਦਰਸਾਉਂਦਾ ਹੈ। ਇਹ ਤੁਕ ‘ਜਪੁਜੀ ਸਾਹਿਬ ਦੀ 27ਵੀਂ ਪਉੜੀ ਵਿੱਚ ਦਰਜ ਹੈ। ਇਸ ਵਿੱਚ ਗੁਰੂ ਸਾਹਿਬ ਨੇ ਇਹੀ ਦੱਸਿਆ ਹੈ ਕਿ ਮਨੁੱਖ ਆਪਣੇ ਮਨ ’ਤੇ ਕਾਬੂ ਪਾ ਕੇ ਹੀ ਸਾਰੇ ਸੰਸਾਰ ਨੂੰ ਜਿੱਤ ਲੈਣ ਦੇ ਸਮਰੱਥ ਹੋ ਸਕਦਾ ਹੈ। ਇਸ ਲਈ ਮਨੁੱਖ ਨੂੰ ਆਪਣੀ ਸੋਚ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ। ਉਸ ਨੂੰ ਆਪਣੀ ਸੋਚ ਨੂੰ ਆਪਣੇ ਵਸ ਵਿੱਚ ਕਰਨਾ ਪਵੇਗਾ ਨਾ ਕਿ ਖ਼ੁਦ ਨੂੰ ਸੋਚ ਦੇ ਵਸ ਕਰੇ। ਇਹ ਛੋਟੀ ਜਿਹੀ ਗੱਲ ਬਹੁਤ ਵੱਡੇ ਸਕਾਰਾਤਮਕ ਨਤੀਜੇ ਦੇ ਸਕਦੀ ਹੈ। ਮਨੁੱਖ ਨੂੰ ਆਪਣੀ ਸੋਚ ਨੂੰ ਬਦਲਣ ਲਈ ਹਰ ਵੇਲੇ ਆਪਣੀ ਸੋਚ ਵੱਲ ਧਿਆਨ ਦੇਣਾ ਪਵੇਗਾ। ਜਦੋਂ ਵੀ ਉਸ ਦੀ ਸੋਚ ਵਿੱਚ ਕ੍ਰੋਧ, ਈਰਖਾ, ਵੈਰ, ਵਿਰੋਧ ਜਾਂ ਫਿਰ ਬਦਲੇ ਦੀ ਭਾਵਨਾ ਉਤਪੰਨ ਹੋਣ ਲੱਗੇ, ਉਸੇ ਸਮੇਂ ਆਪਣੀ ਸੋਚ ਨੂੰ ਉਧਰੋਂ ਹਟਾ ਕੇ ਕਿਸੇ ਚੰਗੇ ਕੰਮ ਜਾਂ ਮਕਸਦ ਵੱਲ ਲੈ ਕੇ ਜਾਵੇ। ਉਸ ਉੱਤੇ ਕੰਮ ਕਰਨਾ ਸ਼ੁਰੂ ਕਰੇ। ਮਨ ਵਿੱਚ ਆਈਆਂ ਬੁਰੀਆਂ ਸੋਚਾਂ ਨੂੰ ਵਾਰ ਵਾਰ ਸੋਚ ਕੇ ਲੱਕੜੀ ਦੇ ਘੁਣ ਵਾਂਗ ਵਧਣ ਤੋਂ ਰੋਕਿਆ ਜਾਵੇ। ਜਿਹੜੀਆਂ ਗੱਲਾਂ ਜਾਂ ਵਿਅਕਤੀ ਮਨ ਅੰਦਰ ਕ੍ਰੋਧ ਪੈਦਾ ਕਰਨ ਉਨ੍ਹਾਂ ਬਾਰੇ ਸੋਚਣਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ ਹੈ। ਹਰ ਮਨੁੱਖ ਨੂੰ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਕਿਸੇ ਤੋਂ ਘੱਟ ਜਾਂ ਘਟੀਆ ਨਹੀਂ ਸਮਝਣਾ ਚਾਹੀਦਾ। ਜੇ ਆਰਥਿਕ ਤੌਰ ’ਤੇ ਸਥਿਤੀ ਮਜ਼ਬੂਤ ਨਹੀਂ ਤਾਂ ਵਿਚਾਰਕ ਸਥਿਤੀ ਐਨੀ ਮਜ਼ਬੂਤ ਕਰੋ ਕਿ ਹਰ ਕੋਈ ਤੁਹਾਡੇ ਵਿਚਾਰਾਂ ਦਾ ਕਾਇਲ ਹੋ ਜਾਵੇ। ਆਪਣੀ ਬੁੱਧੀ ਦੀ ਪ੍ਰਸ਼ੰਸਾ ਕਿਸੇ ਅਮੀਰੀ ਤੋਂ ਘੱਟ ਨਹੀਂ ਹੁੰਦੀ। ਜਿਹੜੇ ਲੋਕ ਹਮਦਰਦ ਬਣ ਕੇ ਕਮਜ਼ੋਰੀ ਨੂੰ ਵਾਰ ਵਾਰ ਸਾਹਮਣੇ ਲਿਆ ਕੇ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹੋਣ ਤਾਂ ਉਨ੍ਹਾਂ ਤੋਂ ਕਿਨਾਰਾ ਕੀਤਾ ਹੀ ਠੀਕ ਹੁੰਦਾ ਹੈ।

ਮਨੁੱਖ ਨੂੰ ਆਪਣੇ ਦਿਮਾਗ਼ ਵਿੱਚ ਇਹ ਗੱਲ ਜ਼ਰੂਰ ਬਿਠਾ ਲੈਣੀ ਚਾਹੀਦੀ ਹੈ ਕਿ ਉਹ ਇੱਕ ਇਨਸਾਨ ਬਣ ਕੇ ਧਰਤੀ ’ਤੇ ਆਇਆ ਹੈ ਤਾਂ ਇਸ ਤੋਂ ਵੱਡੀ ਅਮੀਰੀ ਹੋਰ ਕੀ ਹੋ ਸਕਦੀ ਹੈ। ਜੇ ਮਨੁੱਖ ਆਪਣਿਆਂ ਨਾਲ ਪਿਆਰ ਅਤੇ ਸਤਿਕਾਰ ਵਧਾਉਣ ਦੀ ਕੋਸ਼ਿਸ਼ ਕਰੇਗਾ, ਆਪਣੇ ਦੁਖ ਸੁਖ ਸਾਂਝੇ ਕਰਨ ਦੀ ਆਦਤ ਪਾਵੇਗਾ, ਦੂਜਿਆਂ ਦੇ ਦੁੱਖਾਂ ਨੂੰ ਵੰਡਾ ਕੇ ਖ਼ੁਸ਼ੀ ਹਾਸਲ ਕਰੇਗਾ, ਦੂਜਿਆਂ ਦੀ ਖ਼ੁਸ਼ੀ ਵਿੱਚ ਖ਼ੁਸ਼ੀ ਮਨਾਉਣ ਲੱਗ ਪਵੇਗਾ, ਰਾਤੋ ਰਾਤ ਸਫਲਤਾ ਹਾਸਲ ਕਰਨ ਦੀ ਬਜਾਏ ‘ਸਹਿਜ ਪਕੇ ਸੋ ਮੀਠਾ ਹੋਇ’ ਦੇ ਸਿਧਾਂਤ ਨੂੰ ਆਪਣੀ ਜ਼ਿੰਦਗੀ ਵਿੱਚ ਅਪਣਾਏਗਾ ਤਾਂ ਉਹ ਖ਼ੁਦ ਨਾਲ ਲੜਨਾ ਛੱਡ ਕੇ ਇੱਕ ਖੁਸ਼ਹਾਲ ਜੀਵਨ ਬਤੀਤ ਕਰਨ ਦੇ ਸਮਰੱਥ ਹੋ ਜਾਵੇਗਾ। ਇਸ ਤਰ੍ਹਾਂ ਕਰਨ ਲਈ ਆਪਣੀ ਨਕਾਰਾਤਮਕ ਸੋਚ ਨੂੰ ਵਾਰ ਵਾਰ ਦੂਰ ਭਜਾ ਕੇ ਸਕਾਰਾਤਮਕ ਸੋਚ ਮਨ ਵਿੱਚ ਪੈਦਾ ਕਰਨੀ ਪਵੇਗੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇੱਕ ਗਾਰੇ ਨਾਲ ਭਰੇ ਕੱਚ ਦੇ ਗਿਲਾਸ ਨੂੰ ਵਗਦੇ ਸਾਫ਼ ਪਾਣੀ ਦੀ ਟੂਟੀ ਹੇਠ ਰੱਖ ਦਿਓਗੇ ਤਾਂ ਕੁਝ ਮਿੰਟਾਂ ਵਿੱਚ ਉਸ ਵਿੱਚੋਂ ਗਾਰਾ ਨਿਕਲ ਜਾਵੇਗਾ ਤੇ ਗਲਾਸ ਸਾਫ਼ ਪਾਣੀ ਨਾਲ ਭਰਿਆ ਨਜ਼ਰ ਆਵੇਗਾ। ਆਪਣੇ ਮੈਲੇ ਵਿਚਾਰਾਂ ਉੱਪਰ ਆਪਣੀ ਸਕਾਰਾਤਮਕ ਸੋਚ ਐਨੀ ਭਾਰੂ ਕਰ ਦੇਵੋ ਕਿ ਤੁਸੀਂ ਮਨ ਦੇ ਵਿਚਾਰਾਂ ਦੀ ਲੜਾਈ ਖ਼ਤਮ ਹੋ ਕੇ ਚੰਗੀ ਸੋਚ ਦੇ ਧਾਰਨੀ ਬਣ ਜਾਓ।


kw LAKE WASHINGTON SO
KELLERWILLIAMS. REALTY
CJ Singh
Realtor
License # 24012019
Real Estate Broker



CJ Singh
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
(206) 295-5993 | c.singh@kw.com | realtorcjsingh.com
bellevueareahomefinder.com
707 S Grady Way Suit 730, Renton, WA 98057



SINGHs TRAVELS
MONEY GRAM OFFICE
NRI PRESS
The Indian---News Paper of USA
Sade Lok---- News Paper of USA
Amritsar Times---News Paper of USA
News Paper
TOUR PACKAGE
Passport, Pan Card
Birth Certificate
ਨੋਟ:- ਚੰਡੀਗੜ੍ਹ ਅਤੇ ਪਟਿਆਲਾ ਹਾਊਸ ਦਿੱਲੀ ਦੇ ਪੇਪਰ ਤਸਦੀਕ ਕਰਵਾਉਣ ਦੀ ਸਲਾਹ ਲਈ ਮਿਲੋ
ਇੱਥੇ ਦੇਸ ਵਿਦੇਸ਼ ਤੋਂ ਪੈਸੇ ਮੰਗਵਾਏ ਜਾਂਦੇ ਹਨ
MoneyGram
WESTERN UNION MONEY TRANSFER
Trans-Fast WORLDWIDE MONEY TRANSFER
Ph:- 01886-502532
Mob:- 94634-04595

# ਸਟਾਰਡਮ, ਸਰਜਰੀ ਅਤੇ ਸੁੰਦਰਤਾ



ਬੌਲੀਵੁੱਡ ਦੀ ਚਮਕ-ਧਮਕ ਨਾਲ ਭਰੀ ਦੁਨੀਆ ਵਿੱਚ ਸੁੰਦਰਤਾ ਸਿਰਫ਼ ਇੱਕ ਗੁਣ ਨਹੀਂ, ਸਗੋਂ ਇਹ ਕਾਮਯਾਬੀ ਦੀ ਇੱਕ ਸ਼ਰਤ ਬਣਦੀ ਜਾ ਰਹੀ ਹੈ। ਇੱਥੇ ਹਰ ਚਿਹਰਾ ਕੈਮਰੇ ਦੇ ਸਾਹਮਣੇ ਸੰਪੂਰਨ ਤਸਵੀਰ ਬਣਨ ਦੀ ਦੌੜ ਵਿੱਚ ਹੈ। ਇਸ ਦੌੜ ਵਿੱਚ ਪਲਾਸਟਿਕ ਸਰਜਰੀ ਇੱਕ ਅਜਿਹਾ ਹਥਿਆਰ ਬਣ ਕੇ ਉੱਭਰੀ ਹੈ, ਜਿਸ ਨੇ ਕਈ ਸਿਤਾਰਿਆਂ ਦੀ ਦਿੱਖ ਨੂੰ ਨਵਾਂ ਰੂਪ ਦਿੱਤਾ ਹੈ। ਕੁਝ ਲਈ ਇਹ ਆਤਮ-ਵਿਸ਼ਵਾਸ ਦਾ ਸਾਧਨ ਹੈ, ਤਾਂ ਕੁਝ ਲਈ ਇਹ ਕੁਦਰਤੀ ਖ਼ੂਬਸੂਰਤੀ ਨਾਲ ਖੇਡ ਕੇ ਖ਼ਤਰਾ ਮੁੱਲ ਲੈਣਾ।

ਆਮ ਲੋਕ ਫਿਲਮੀ ਸਿਤਾਰਿਆਂ ਦੀ ਖ਼ੂਬਸੂਰਤੀ ਤੋਂ ਜਬਰਦਸਤ ਪ੍ਰਭਾਵਿਤ ਹੁੰਦੇ ਹਨ। ਤਿੱਖੇ ਨੈਣ ਨਕਸ਼, ਤਰਾਸ਼ੇ ਹੋਏ ਨੱਕ, ਯੂਨਾਨੀ ਦੇਵਤਿਆਂ ਦੀਆਂ ਮੂਰਤੀਆਂ ਵਰਗੇ ਮਜ਼ਬੂਤ ਜਬਾੜੇ ਅਤੇ ਦੁੱਧ ਵਰਗੀ ਸਾਫ਼ ਸ਼ਫਾਕ ਚਮੜੀ। ਕਦੇ ਕਿਸੇ ਨੇ ਸੋਚਿਆ ਹੈ ਕਿ ਜਿਹੜੀ ਇਹ ਖ਼ੂਬਸੂਰਤੀ ਵਿਖਾਈ ਜਾ ਰਹੀ ਹੈ ਇਹ ਕਿੰਨੀ ਅਸਲੀ ਹੈ? ਸਿਤਾਰਿਆਂ ਨੂੰ ਵੇਖ ਕੇ ਬਹੁਤ ਸਾਰੇ ਲੋਕ ਸੋਚਦੇ ਹਨ ਕਿ ਕਾਸ਼! ਮੇਰਾ ਨੱਕ ਵੀ ਅਜਿਹਾ ਹੁੰਦਾ, ਮੇਰੀ ਫਿਗਰ ਵੀ ਅਜਿਹੀ ਕੜਕ ਹੁੰਦੀ ਅਤੇ ਮੇਰੀ ਚਮੜੀ ਵੀ ਅਜਿਹੀ ਸਾਫ਼ ਸ਼ਫਾਕ ਹੁੰਦੀ, ਪਰ ਅਸਲੀਅਤ ਇਹ ਹੈ ਕਿ ਇਨ੍ਹਾਂ ਸਿਤਾਰਿਆਂ ਦੀ ਜਿਸ ਖ਼ੂਬਸੂਰਤੀ ਨੂੰ ਅਸੀਂ ਰੱਬ ਵੱਲੋਂ ਬਖ਼ਸ਼ੀ ਹੋਈ ਦਾਤ ਸਮਝ ਰਹੇ ਹਾਂ, ਅਸਲ ਵਿੱਚ ਉਹ ਡਾਕਟਰਾਂ ਦੁਆਰਾ ਆਪਰੇਸ਼ਨ ਥੀਏਟਰਾਂ ਵਿੱਚ ਤਿਆਰ ਕੀਤੀ ਗਈ ਹੁੰਦੀ ਹੈ।

ਹੌਲੀਵੁੱਡ-ਬੌਲੀਵੁੱਡ ਸਿਤਾਰਿਆਂ ਦੀ ਇਸ ਖ਼ੂਬਸੂਰਤੀ ਦੇ ਮਿਆਰ ਇੰਨੇ ਜ਼ਹਿਰੀਲੇ ਹੋ ਚੁੱਕੇ ਹਨ ਕਿ ਕੋਈ ਨੱਕ ਦੀ ਪਲਾਸਟਿਕ ਸਰਜਰੀ ਕਰਵਾ ਰਿਹਾ ਹੈ, ਕੋਈ ਛਾਤੀ ਨੂੰ ਵੱਡੀ ਕਰਵਾਉਂਦੀ ਹੈ, ਕੋਈ ਜਬਾੜੇ ਦੀ ਹੱਡੀ ਨੂੰ ਠੀਕ ਕਰਵਾਉਂਦਾ ਹੈ ਤੇ ਕੋਈ ਰੰਗ ਗੋਰਾ ਕਰਨ ਲਈ ਗਲੂਟਾਥੀਉਨ ਇੰਜੈਕਸ਼ਨ ਲਗਵਾਉਂਦਾ ਹੈ। ਝੁਰੜੀਆਂ ਖਤਮ ਕਰਨ ਲਈ ਫੇਸ ਲਿਫਟ ਸਰਜਰੀ ਅਤੇ ਬੋਟੋਕਸ ਦੇ ਟੀਕੇ ਲਗਵਾਉਣਾ, ਗੰਜਾਪਣ ਖ਼ਤਮ ਕਰਨ ਲਈ ਹੇਅਰ ਟਰਾਂਸਪਲਾਂਟ ਤੇ ਚਰਬੀ ਘਟਾਉਣ ਲਈ ਲਿਪੋਸਕਸ਼ਨ ਆਦਿ ਕਰਵਾਉਣਾ ਆਮ ਜਿਹੀ ਗੱਲ ਹੋ ਗਈ ਹੈ। ਦੁਨੀਆ ਦੀ ਸਭ ਤੋਂ ਖ਼ਤਰਨਾਕ ਸਰਜਰੀ ਬ੍ਰਾਜ਼ੀਲੀਅਨ ਬੱਟ ਲਿਫਟ ਸਰਜਰੀ ਹੈ ਜਿਸ ਦੁਆਰਾ ਚਾਹਵਾਨਾਂ ਦੇ ਹਿਪਸ ਵੱਡੇ ਕੀਤੇ ਜਾਂਦੇ ਹਨ, ਪਰ ਇਸ ਸਰਜਰੀ ਦੌਰਾਨ ਮਰਨ ਦੀ ਦਰ 3000 ਵਿੱਚ ਇੱਕ ਹੈ ਜੋ ਮੈਡੀਕਲ ਸਾਇੰਸ ਵਿੱਚ ਬਹੁਤ ਵੱਡੀ ਮੰਨੀ ਜਾਂਦੀ ਹੈ। ਫਿਰ ਵੀ ਹਰ ਸਾਲ ਵਿਕਸਤ ਦੇਸ਼ਾਂ ਵਿੱਚ ਲੱਖਾਂ ਦੀ ਗਿਣਤੀ ਵਿੱਚ ਇਹ ਸਰਜਰੀ ਕਰਵਾਈ ਜਾਂਦੀ ਹੈ ਜਿਸ ਦੇ ਫਲਸਵਰੂਪ ਅਨੇਕਾਂ ਲੋਕ ਮੌਤ ਦੇ ਮੂੰਹ ਵਿੱਚ ਜਾ ਪੈਂਦੇ ਹਨ।

ਫਿਲਮੀ ਸਿਤਾਰਿਆਂ ਦਾ ਇਹ ਪਾਗਲਪਣ ਆਮ ਨੌਜਵਾਨਾਂ 'ਤੇ ਬਹੁਤ ਮਾਰੂ ਪ੍ਰਭਾਵ ਪਾ ਰਿਹਾ ਹੈ। 2024 ਵਿੱਚ ਕੋਇੰਬਟੂਰ ਦੀ ਅੰਮ੍ਰਿਤਾ ਵਿਸ਼ਵ ਵਿਦਿਆਪੀਠਮ ਯੂਨੀਵਰਸਿਟੀ ਨੇ ਇਸ ਸਬੰਧੀ ਇੱਕ ਅਧਿਐਨ ਕੀਤਾ ਤਾਂ ਪਤਾ ਚੱਲਿਆ ਕਿ 77% ਲੜਕੇ-ਲੜਕੀਆਂ ਆਪਣੀ ਸਰੀਰਕ ਬਣਤਰ ਤੋਂ ਖ਼ੁਸ਼ ਨਹੀਂ ਹਨ। ਕਿੰਨੀ ਬੁਰੀ ਗੱਲ ਹੈ ਕਿ ਅਸੀਂ ਖ਼ੁਦ ਹੀ ਮੰਨ ਲਿਆ ਹੈ ਕਿ ਅਸੀਂ ਖ਼ੂਬਸੂਰਤ ਨਹੀਂ ਹਾਂ। ਪਲਾਸਟਿਕ ਸਰਜਰੀ ਅੱਜ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਚੁੱਕਿਆ ਹੈ। ਇਸ ਦਾ ਸਿਰਫ਼ ਇੱਕ ਹੀ ਕੰਮ ਹੈ ਨਕਲੀ ਤਰੀਕੇ ਨਾਲ ਲੋਕਾਂ ਦੀ ਵਧਦੀ ਹੋਈ ਉਮਰ ਨੂੰ ਕੁਝ ਦੇਰ ਲਈ ਰੋਕ ਦੇਣਾ ਤੇ ਉਨ੍ਹਾਂ ਨੂੰ ਆਪਣੇ ਚਿਹਰੇ ਅਤੇ ਸਰੀਰ ਨਾਲ ਘ੍ਰਿਣਾ ਕਰਨ ਲਈ ਮਜਬੂਰ ਕਰਨਾ। ਸੱਚਾਈ ਇਹ ਹੈ ਕਿ ਅੱਜ 90% ਬੌਲੀਵੁੱਡ ਹੀਰੋ-ਹੀਰੋਇਨਾਂ ਨੇ ਹੋਰ ਜ਼ਿਆਦਾ ਖ਼ੂਬਸੂਰਤ ਲੱਗਣ ਲਈ ਕਾਸਮੈਟਿਕ ਸਰਜਰੀ ਕਰਵਾ ਰੱਖੀ ਹੈ, ਪਰ ਦੱਖਣ ਦੇ ਸੁਪਰ ਸਟਾਰ ਕਮਲ

**ਬਲਰਾਜ ਸਿੰਘ ਸਿੱਧੂ**

ਹਸਨ ਦੀ ਬੇਟੀ ਸ਼ਰੁਤੀ ਹਸਨ, ਅਨੁਸ਼ਕਾ ਸ਼ਰਮਾ, ਪ੍ਰਿਅੰਕਾ ਚੋਪੜਾ, ਸ੍ਰੀ ਦੇਵੀ ਦੀ ਬੇਟੀ ਖ਼ੁਸ਼ੀ ਕਪੂਰ, ਰਾਖੀ ਸਾਵੰਤ ਅਤੇ ਸ਼ਿਲਪਾ ਸ਼ੈੱਟੀ ਨੂੰ ਛੱਡ ਕੇ ਬਹੁਤ ਘੱਟ ਸਿਤਾਰੇ ਇਸ ਨੂੰ ਸਵੀਕਾਰ ਕਰਦੇ ਹਨ। ਰਾਖੀ ਸਾਵੰਤ ਨੇ ਤਾਂ ਇੱਥੋਂ ਤੱਕ ਕਿਹਾ ਹੈ ਕਿ ਜੋ ਚੀਜ਼ਾਂ ਰੱਬ ਨਹੀਂ ਦਿੰਦਾ, ਉਹ ਡਾਕਟਰ ਦੇ ਦਿੰਦਾ ਹੈ।

ਕਈ ਸਿਤਾਰੇ ਅਜਿਹੇ ਹਨ ਕਿ ਜਿਨ੍ਹਾਂ ਨੇ ਕਦੇ ਵੀ ਇਹ ਨਹੀਂ ਮੰਨਿਆ ਕਿ ਉਨ੍ਹਾਂ ਨੇ ਸਰਜਰੀ ਕਰਵਾਈ ਹੈ, ਪਰ ਉਨ੍ਹਾਂ ਦੀਆਂ ਪੁਰਾਣੀਆਂ ਅਤੇ ਨਵੀਆਂ ਫੋਟੋ ਵੇਖ ਕੇ ਇਹ ਗੱਲ ਸਾਫ਼ ਪਤਾ ਲੱਗ ਜਾਂਦੀ ਹੈ। ਪਲਾਸਟਿਕ ਸਰਜਰੀ ਨਾਮ ਵੇਖ ਕੇ ਲੱਗਦਾ ਹੈ ਕਿ ਇਹ ਸ਼ਾਇਦ ਕੋਈ 40-50 ਸਾਲ ਪਹਿਲਾਂ ਸ਼ੁਰੂ ਹੋਈ ਹੋਵੇਗੀ, ਪਰ ਅਸਲ ਵਿੱਚ ਇਹ ਹਜ਼ਾਰਾਂ ਸਾਲਾਂ ਤੋਂ ਕੀਤੀ ਜਾ ਰਹੀ ਹੈ। ਕਰੀਬ 3100 ਸਾਲ ਪਹਿਲਾਂ 600 ਬੀ.ਸੀ. ਵਿੱਚ ਸੁਸ਼ਰਤ ਨਾਮਕ ਭਾਰਤੀ ਵੈਦ ਨੇ ਪਲਾਸਟਿਕ ਸਰਜਰੀ ਸ਼ੁਰੂ ਕੀਤੀ ਸੀ, ਪਰ ਉਹ ਪਲਾਸਟਿਕ ਸਰਜਰੀ ਕਿਸੇ ਨੂੰ ਖ਼ੂਬਸੂਰਤ ਬਣਾਉਣ ਲਈ ਨਹੀਂ ਬਲਕਿ ਇਲਾਜ ਵਾਸਤੇ ਸੀ। ਉਸ ਨੇ ਨੱਕ, ਅੱਖ ਅਤੇ ਚਿਹਰੇ ਦਾ ਆਪਰੇਸ਼ਨ ਕਰ ਕੇ ਠੀਕ ਕਰਨ, ਇਲਾਜ ਤੋਂ ਬਾਅਦ ਦੀ ਦੇਖਭਾਲ ਅਤੇ ਆਪਰੇਸ਼ਨ ਦੌਰਾਨ ਬੇਹੋਸ਼ ਕਰਨ ਸਬੰਧੀ ਆਪਣੇ ਗ੍ਰੰਥ 'ਸੁਸ਼ਰਤ ਸੰਹਿਤਾ' ਵਿੱਚ ਵਿਸਥਾਰ ਨਾਲ ਜਾਣਕਾਰੀ ਦਿੱਤੀ ਹੈ।

ਦਰਅਸਲ, ਪਲਾਸਟਿਕ ਸਰਜਰੀ ਵਿੱਚ ਕ੍ਰਾਂਤੀ ਦੂਸਰੇ ਸੰਸਾਰ ਯੁੱਧ ਦੌਰਾਨ ਆਈ ਸੀ। ਜੰਗ ਕਾਰਨ ਹਜ਼ਾਰਾਂ ਸੈਨਿਕਾਂ ਦੇ ਕੱਟੇ ਵੱਢੇ ਚਿਹਰਿਆਂ ਨੂੰ ਠੀਕ ਕਰਨ ਦੀ ਮਜਬੂਰੀ ਕਾਰਨ ਇਸ ਖੇਤਰ ਵਿੱਚ ਵੱਡੀਆਂ ਖੋਜਾਂ ਕੀਤੀਆਂ ਗਈਆਂ ਸਨ। ਇਸ ਕ੍ਰਾਂਤੀ ਦਾ ਸਿਹਰਾ ਨਿਊਜ਼ੀਲੈਂਡ ਦੇ ਸਰਜਨ ਹਾਰੋਲਡ ਗਿਲੀਜ਼ ਦੇ ਸਿਰ ਬੱਝਦਾ ਹੈ ਜਿਸ ਨੂੰ ਪਲਾਸਟਿਕ ਸਰਜਰੀ ਦਾ ਪਿਤਾਮਾ ਕਿਹਾ ਜਾਂਦਾ ਹੈ। ਉਸ ਨੇ ਨਵੀਆਂ ਤਕਨੀਕਾਂ ਨਾਲ ਹਜ਼ਾਰਾਂ ਸੈਨਿਕਾਂ ਦੇ ਚਿਹਰਿਆਂ ਦੀ ਪਲਾਸਟਿਕ ਸਰਜਰੀ ਕੀਤੀ ਜਿਸ ਕਾਰਨ ਉਹ ਸਮਾਜ ਵਿੱਚ ਆਮ ਜ਼ਿੰਦਗੀ ਬਤੀਤ ਕਰਨ ਦੇ ਕਾਬਲ ਬਣੇ। ਇਸ ਤੋਂ ਬਾਅਦ ਇਸ ਖੇਤਰ ਵਿੱਚ ਨਵੀਆਂ ਤੋਂ ਨਵੀਆਂ ਖੋਜਾਂ ਸ਼ੁਰੂ ਹੋ ਗਈਆਂ ਤੇ ਹੌਲੀਵੁੱਡ ਵਿੱਚ ਪਲਾਸਟਿਕ ਸਰਜਰੀ ਹਰਮਨਪਿਆਰੀ ਹੋਣ ਲੱਗ ਪਈ। ਫਰਕ ਇਹ ਸੀ ਕਿ ਹੁਣ ਸਰਜਰੀ ਕਿਸੇ ਸੱਟ ਨੂੰ ਠੀਕ ਕਰਨ ਲਈ ਨਹੀਂ ਸਗੋਂ ਖ਼ੂਬਸੂਰਤ ਲੱਗਣ ਲਈ ਕੀਤੀ ਜਾਣ ਲੱਗੀ ਸੀ। ਅਮਰੀਕਾ ਵਿੱਚ ਪਲਾਸਟਿਕ ਸਰਜਰੀ ਕਰਨ ਵਾਲੇ ਕਲੀਨਿਕ ਖੁੰਭਾਂ ਵਾਂਗ ਉੱਗਣ ਲੱਗ ਪਏ ਤੇ 1980 ਤੱਕ ਇਹ ਅਰਬਾਂ ਖਰਬਾਂ ਡਾਲਰ ਦਾ ਕਾਰੋਬਾਰ ਬਣ ਗਿਆ।

ਖ਼ੂਬਸੂਰਤੀ ਕੀ ਹੈ? ਇਹ ਇੱਕ ਬਹੁਤ ਗੁੰਝਲਦਾਰ ਸਵਾਲ ਹੈ ਤੇ ਹਰੇਕ ਸਮਾਜ ਵਿੱਚ ਇਸ ਦੇ ਅਰਥ ਅਲੱਗ ਅਲੱਗ ਹਨ। ਅਫ਼ਰੀਕਾ ਵਿੱਚ ਮੋਟੇ ਬੁੱਲ੍ਹ ਹੋਣ ਨੂੰ, ਭਾਰਤ ਵਿੱਚ ਮੋਟੀਆਂ ਅੱਖਾਂ ਤੇ ਚੀਨੀ ਨਸਲ ਵਿੱਚ ਤਿੱਖੀਆਂ ਤੇ ਛੋਟੀਆਂ ਅੱਖਾਂ ਨੂੰ ਖ਼ੂਬਸੂਰਤੀ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਬਰਮਾ ਦੇ ਇੱਕ ਕਬੀਲੇ ਵਿੱਚ ਲੜਕੀਆਂ ਦੀਆਂ ਗਰਦਨਾਂ ਧਾਤ ਦੇ ਛੱਲੇ ਪਾ ਕੇ ਬਤਖ ਵਾਂਗ ਲੰਬੀਆਂ ਕਰ ਦਿੱਤੀਆਂ ਜਾਂਦੀਆਂ ਹਨ। ਉੱਤਰੀ ਭਾਰਤ ਵਿੱਚ ਗੋਰੇ ਤੇ ਦੱਖਣੀ ਭਾਰਤ ਵਿੱਚ ਕਾਲੇ ਰੰਗ ਨੂੰ ਖ਼ੂਬਸੂਰਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ। 1990ਵਿਆਂ ਵਿੱਚ ਜ਼ੀਰੋ ਫਿਗਰ (ਪੈਨਸਿਲ ਵਰਗੀਆਂ ਪਤਲੀਆਂ ਲੜਕੀਆਂ) ਨੂੰ ਖ਼ੂਬਸੂਰਤ ਮੰਨਿਆ ਜਾਂਦਾ ਸੀ ਜਦ ਕਿ ਅੱਜਕੱਲ੍ਹ ਸਿਹਤਮੰਦ ਲੜਕੀਆਂ ਨੂੰ।

ਹੌਲੀਵੁੱਡ ਵਿੱਚ ਪਲਾਸਟਿਕ ਸਰਜਰੀ ਇੰਨੀ ਆਮ ਗੱਲ ਹੋ ਚੁੱਕੀ ਹੈ ਜਿਸ ਬਾਰੇ ਹੁਣ ਕੋਈ ਗੱਲ ਵੀ ਨਹੀਂ ਕਰਦਾ, ਪਰ ਬੌਲੀਵੁੱਡ ਵਿੱਚ ਇਹ ਅਜੇ ਵੀ ਇੱਕ ਹਊਆ ਹੈ। ਪਲਾਸਟਿਕ ਸਰਜਰੀ ਕਰਾਉਣ ਵਾਲੇ ਹੀਰੋ-ਹੀਰੋਇਨਾਂ ਬਾਰੇ ਪਿੱਠ ਪਿੱਛੇ ਚੁਗਲੀਆਂ ਕੀਤੀ ਜਾਂਦੀਆਂ ਹਨ ਤੇ ਗਾਸਿਪ ਮੈਗਜ਼ੀਨਾਂ ਵਿੱਚ ਛਾਪਿਆ ਜਾਂਦਾ ਹੈ।

ਬੌਲੀਵੁੱਡ ਦੇ ਸਿਤਾਰੇ (ਕੁਝ ਕੁ ਨੂੰ ਛੱਡ ਕੇ) ਸਰਜਰੀ ਕਰਵਾਉਣ ਬਾਰੇ ਬਿਲਕੁਲ ਵੀ ਨਹੀਂ ਮੰਨਦੇ, ਪਰ ਉਨ੍ਹਾਂ ਦੀਆਂ ਪੁਰਾਣੀਆਂ ਤੇ ਨਵੀਆਂ ਤਸਵੀਰਾਂ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਰਜਰੀ ਕਰਵਾਈ ਗਈ ਹੈ। ਮਿਸਾਲ ਦੇ ਤੌਰ 'ਤੇ ਉਰਵਸ਼ੀ ਰੌਟੇਲਾ, ਆਇਸ਼ਾ ਟਾਕੀਆ ਤੇ ਮੌਨੀ ਰਾਏ ਆਦਿ ਦੇ ਪਹਿਲਾਂ ਦੇ ਨੱਕ, ਗੱਲ੍ਹਾਂ ਦੀਆਂ ਹੱਡੀਆਂ ਅਤੇ ਬੁੱਲ੍ਹਾਂ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਸਿਰਫ਼ ਹੀਰੋਇਨਾਂ ਹੀ ਨਹੀਂ, ਬਲਕਿ ਐਕਟਰ ਵੀ ਅਜਿਹੀਆਂ ਸਰਜਰੀਆਂ ਕਰਵਾ ਰਹੇ ਹਨ ਜਿਨ੍ਹਾਂ ਵਿੱਚ ਪ੍ਰਮੁੱਖ ਟਾਈਗਰ ਸ਼ਰਾਫ ਅਤੇ ਰਾਜ ਕੁਮਾਰ ਰਾਓ ਹਨ। ਰਾਜ ਕੁਮਾਰ ਰਾਓ ਨੇ ਤਾਂ ਇਹ ਗੱਲ ਸਵੀਕਾਰ ਵੀ ਕੀਤੀ ਹੈ।

ਸੱਠ ਸਾਲ ਦੀ ਉਮਰ ਵਿੱਚ ਵੀ ਆਮਿਰ ਖਾਨ, ਸਲਮਾਨ ਖਾਨ ਅਤੇ ਸ਼ਾਹਰੁਖ ਖਾਨ ਆਦਿ ਵਰਗੇ ਸਟਾਰਾਂ ਦੇ ਚਿਹਰਿਆਂ 'ਤੇ ਝੁਰੜੀਆਂ ਦਿਖਾਈ ਨਾ ਦੇਣ ਦਾ ਕਾਰਨ ਬੋਟੋਕਸ ਇੰਜੈਕਸ਼ਨ ਹੈ। ਬੋਟੋਕਸ ਇੱਕ ਕਿਸਮ ਦਾ ਨਿਊਰੋਟਾਕਸਿਨ ਜ਼ਹਿਰ ਹੁੰਦਾ ਹੈ ਜੋ ਚਮੜੀ ਨੂੰ ਖਿੱਚ ਕੇ ਟਾਈਟ ਕਰ ਦਿੰਦਾ ਹੈ। ਉਂਜ ਤਾਂ ਇਹ ਬਹੁਤ ਜ਼ਹਿਰੀਲਾ ਹੁੰਦਾ ਹੈ, ਪਰ ਘੱਟ ਮਾਤਰਾ ਵਿੱਚ ਵਰਤਣ ਕਾਰਨ ਹਾਨੀ ਰਹਿਤ ਹੋ ਜਾਂਦਾ ਹੈ। ਇਸ ਦਾ ਇੱਕ ਮਾੜਾ ਪੱਖ ਇਹ ਹੈ ਕਿ ਇਸ ਨੂੰ ਹਰ ਦੋ-ਤਿੰਨ ਮਹੀਨੇ ਬਾਅਦ ਲਗਵਾਉਣਾ ਪੈਂਦਾ ਹੈ, ਪਰ ਜਦੋਂ ਬਾਕੀ ਦਾ ਸਰੀਰ ਹੀ ਢਲਕ ਜਾਵੇ ਤਾਂ ਇਕੱਲਾ ਝੁਰੜੀ ਰਹਿਤ ਚਿਹਰਾ ਬੁਢਾਪੇ ਨੂੰ ਲੁਕਾ ਨਹੀਂ ਸਕਦਾ।

ਇੱਕ ਹੋਰ ਖ਼ਤਰਨਾਕ ਸਰਜਰੀ ਜੋ ਭਾਰਤੀ ਹੀਰੋਇਨਾਂ ਵਿੱਚ ਬਹੁਤ ਮਕਬੂਲ ਹੈ ਉਹ ਹੈ ਚਮੜੀ ਗੋਰੀ ਕਰਨ ਵਾਲਾ ਸਕਿਨ ਲਾਈਟਨਿੰਗ ਟਰੀਟਮੈਂਟ ਜੋ ਗਲੂਟਾਥਾਈਓਨ ਨਾਮਕ ਟੀਕਾ ਲਗਵਾ ਕੇ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ ਕਾਜੋਲ, ਪ੍ਰਿਅੰਕਾ ਚੋਪੜਾ, ਸ਼ਿਲਪਾ ਸ਼ੈੱਟੀ, ਦੀਪਿਕਾ ਪਾਦੂਕੋਨ, ਸ੍ਰੀ ਦੇਵੀ, ਬਿਪਾਸ਼ਾ ਬਾਸੂ ਅਤੇ ਰੇਖਾ ਆਦਿ। ਫਿਲਮੀ ਕਰੀਅਰ ਦੀ ਸ਼ੁਰੂਆਤ ਵਿੱਚ ਇਨ੍ਹਾਂ ਦਾ ਰੰਗ ਕਾਫ਼ੀ ਸਾਂਵਲਾ ਸੀ ਜੋ ਹੁਣ ਬਹੁਤ ਗੋਰਾ ਦਿਖਾਈ ਦਿੰਦਾ ਹੈ, ਪਰ ਇਨ੍ਹਾਂ ਵਿੱਚੋਂ ਕੋਈ ਵੀ ਇਸ ਗੱਲ ਨੂੰ ਨਹੀਂ ਮੰਨਦੀ। ਕਾਜੋਲ ਨੇ ਇੱਕ ਇੰਟਰਵਿਊ ਵਿੱਚ ਇਨਕਾਰ ਕਰਦੇ ਹੋਏ ਕਿਹਾ ਸੀ ਕਿ ਪਹਿਲਾਂ ਉਹ ਧੁੱਪ ਵਿੱਚ ਬਹੁਤ ਕੰਮ ਕਰਦੀ ਸੀ ਜਿਸ ਕਾਰਨ ਉਸ ਦਾ ਰੰਗ ਕਾਲਾ ਹੋ ਗਿਆ ਸੀ, ਪਰ ਹੁਣ ਉਹ ਜ਼ਿਆਦਾਤਰ ਛਾਂ ਵਿੱਚ ਰਹਿੰਦੀ ਹੈ। ਗਲੂਟਾਥਾਈਓਨ ਟੀਕਾ ਐਨਾ ਜ਼ਹਿਰੀਲਾ ਹੈ ਕਿ ਗ਼ਲਤ ਤਰੀਕੇ ਅਤੇ ਜ਼ਿਆਦਾ ਮਾਤਰਾ ਵਿੱਚ ਲਾ ਦੇਣ ਨਾਲ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਕਾਂਟਾ ਲਗਾ... ਗੀਤ 'ਤੇ ਡਾਂਸ ਕਰਨ ਤੋਂ ਵਿਸ਼ਵ ਪ੍ਰਸਿੱਧ ਹੋਣ ਵਾਲੀ ਡਾਂਸਰ ਸ਼ੈਫਾਲੀ ਜ਼ਰੀਵਾਲਾ ਦੀ ਮੌਤ (27 ਜੂਨ 2025) ਅਜਿਹੇ ਟੀਕੇ ਕਾਰਨ ਹੋਣ ਵਾਲੀ ਐਲਰਜੀ ਨਾਲ ਹੋਈ ਸੀ। ਵਿਸ਼ਵ ਵਿੱਚ ਅਜਿਹੇ ਕਈ ਹੋਰ ਵੀ ਵਾਕਿਆ ਹੋ ਚੁੱਕੇ ਹਨ, ਪਰ ਫਿਲਮ ਇੰਡਸਟਰੀ ਅਤੇ ਹਾਈ ਸੁਸਾਇਟੀ ਦੀ ਚਮਕ ਦਮਕ, ਪੈਸਾ, ਸਟੇਟਸ ਅਤੇ ਪ੍ਰਸਿੱਧੀ ਕਾਰਨ ਵੱਧ ਤੋਂ ਵੱਧ ਲੋਕ ਪਲਾਸਟਿਕ ਸਰਜਰੀ ਵੱਲ ਖਿੱਚੇ ਚਲੇ ਆ ਰਹੇ ਹਨ।


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment



CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

## ਉਹ ਮਾਵਾਂ, ਇਹ ਮਾਵਾਂ

ਮਾਂ ਬਿਨਾਂ ਜਗ ਘੁੱਪ ਹਨੇਰਾ,
ਕਹਿੰਦੇ ਲੋਕ ਸਿਆਣੇ।

ਖੋਹ ਲੈਂਦੇ ਟੁੱਕ ਹੱਥਾਂ ਵਿੱਚੋਂ,
ਕਾਂ ਕਾਲੇ ਮਰ ਜਾਣੇ।

ਚਾਅ ਮੁੱਕ ਜਾਣ ਦਿਲਾਂ ਦੇ, ਰੁਲਦੇ
ਗਲੀਆਂ ਵਿੱਚ ਨਿਆਣੇ।

ਜਿਹਨਾਂ ਕੋਲੇ ਮਾਂ ਨਹੀਂ ਹੁੰਦੀ,
ਘਾਟਾਂ ਉਹੀ 'ਜਾਣੇ।

ਕਈ ਮਾਵਾਂ, ਮਾਵਾਂ ਨੀਂ ਹੁੰਦੀਆਂ,
ਰੱਖਦੀਆਂ ਭੁੱਖਣ ਭਾਣੇ।

ਨਾਲ ਮਸੂਮਾਂ ਦਗਾ ਕਮਾਉਂਦੀਆਂ,
ਮੱਲਦੀਆਂ ਹੋਰ ਟਿਕਾਣੇ।

ਕੀਤੇ ਕਿਹੜੇ ਪਾਪ ਇਹਨਾਂ ਨੇ,
ਜਾਂ ਮੰਨ ਲਈਏ ਭਾਣੇ।

ਉਹਨਾਂ ਮਾਵਾਂ ਨੂੰ ਕੀ ਕਹੀਏ,
ਜੋ ਦਿੰਦੀਆਂ ਜ਼ਹਿਰੀ ਖਾਣੇ।

ਇੱਕ ਪੱਖ ਨਾ ਰੱਖੀਏ 'ਪੱਤੋ',
ਚਾਹੀਏ ਦੋਵੇਂ ਪੱਖ ਦਰਸਾਣੇ।

ਹਰਪ੍ਰੀਤ ਪੱਤੋ
94658-21417

## ਨਵੀਂ ਉਮੰਗ (ਰੁਆਲ ਛੰਦ)

ਦੀਨ ਦੁਨੀ ਕੁ ਚਲੇ ਤਾਰਨ।
ਕਾਸ਼ੀ ਸੇ ਰਵਿਦਾਸ।।
ਆਸ ਪਾਸ ਹੈ ਉਚ ਨੀਚ।
ਚਾਰੇ ਕੂੰਟ ਉਦਾਸ।।

ਹਾਥ ਡੰਡਾ ਪੈਰ ਖੜਾਵ।
ਗਮਛਾ ਰੰਗ ਮਜੀਠ।।
ਸੰਤ ਮੰਡਲੀ ਸਾਥ ਸਾਥ।
ਸਾਧੂ ਸੰਗਤ ਡੀਠ।।

ਪਿੰਡੋ-ਪਿੰਡ ਕਰ ਸਤਿਸੰਗ।
ਸਿਰਸਈ ਕਰ ਮੁਕਾਮ।।
ਘੁੰਮ ਘੁੰਮ ਕਾਠੀਆਵਾੜ।
ਕੀਨੋ ਸੁੱਚਮ ਠਾਮ।।

ਸੰਗ ਜੋਗੀਆਂ ਜੂਨਾਗੜ੍ਹ।
ਕੀਨੋ ਬਚਨ ਬਿਲਾਸ।।
ਕੀਜੀਏ ਲੋਕ ਕਲਿਆਣ।
ਭਲੇ ਵਕਤ ਕੀ ਆਸ।।

ਅਹਿਮਦਾਬਾਦ ਥੀਂ ਹਲਵਦ।
ਦੀਨਾ ਜਾ ਉਪਦੇਸ਼।।
ਕਹੈ ਰਾਜਾ ਸਿਹੁੰ ਗੁਪਾਲ।
ਸੇਵਕ ਰਹੂੰ ਹਮੇਸ਼।।

ਦਵਾਰਕਾ ਤੋਂ ਗਏ ਪਹੁਤ।
ਸਿੰਧੂ ਆਖਣ ਦੇਸ।।
ਕੱਠੇ ਕੀਏ ਸੁ ਹਿੰਦੂ ਮੁਸਲਿਮ।
ਕੀਨੇ ਖ਼ਤਮ ਕਲੇਸ।।

ਦੇਖੀ ਦੇਵੀ ਹਿੰਗਲਾਜ਼।
ਬਾਲੀ ਮਸਤਕ ਜੋਤ।।
ਜਾਇਕੇ ਅਫਗਾਨਿਸਤਾਨ।
ਮੁਕਾਈ ਸਭਨ ਛੋਤ।।

ਸਿਰਜਣਾ ਹੈ ਬੇਗਮਪੁਰ।
ਉਪਜੈ ਨਵੀਂ ਸਵੇਰ।।
ਸਭਹਿ ਸ਼ਹਿਰੀ ਹੋਵਨ ਮੀਤ।
ਕੋਈ ਮੇਰ ਨ ਤੇਰ।।

ਸਤਿਗੁਰ ਪਹੁਤ ਆਬਾਦਾਨੁ।
ਨਿਹਾਰੇ ਅਜਬ ਰੰਗ।।
ਕਾਸ਼ੀ ਪਰਤ ਆਏ 'ਰੂਪ'।
ਮਨ ਮਹਿ ਨਵੀਂ ਉਮੰਗ।।

-ਰੂਪ ਲਾਲ ਰੂਪ
94652-25722

## ਛੱਲਾ

(95% ਸਿਖਿਆਰਥੀਆਂ ਦੀ ਤਰਜਮਾਨੀ)
ਜੀ ਸਦਕੇ ਸਭ ਕਰੋ ਪੜ੍ਹਾਈਆਂ.......
ਪੜ੍ਹੋ ਧਿਆਨ ਨੂੰ ਧਰਕੇ
ਪਰ ਜਿਸ ਵਿਸ਼ੇ ਵਿੱਚ ਮਨ ਨਾ ਹੋਵੇ........
ਭਾਈ ਕੀ ਫਾਇਦਾ ਉਹਨੂੰ ਪੜ੍ਹਕੇ

ਉਏ ਛੱਲਾ ਕੰਪੀਟੀਸ਼ਨ
ਮਹਿੰਗੇ ਮੁੱਲ ਪੈਂਦੀ ਟਿਊਸ਼ਨ
ਤਾਂ ਵੀ ਨਾ ਮਿਲਦੀ ਐਡਮੀਸ਼ਨ
ਵੇ ਗੱਲ ਸੁਣ ਛੱਲਿਆ ਟਲਜਾ....
ਨਾ ਲੈ ਪੜ੍ਹਨੇ ਨੂੰ ਕਰਜ਼ਾ..........

ਛੱਲਾ ਕਰਕੇ ਰੀਸਾਂ
ਤੇ ਭਰਕੇ ਮੋਟੀਆਂ ਫੀਸਾਂ
ਮਾਪਿਆਂ ਦੀਆਂ ਨਿਕਲੀਆਂ ਚੀਕਾਂ
ਵੇ ਗੱਲ ਸੁਣ ਛੱਲਿਆ ਕਾਹਤੋਂ......
ਫਿਰੇਂ ਤੂੰ ਭਟਕਿਆ ਰਾਹ ਤੋਂ.......

ਉਏ ਛੱਲੇ ਆ ਗਈ ਸਪਲੀ
ਤੇ ਗੱਲ ਸਾਰੇ ਪਿੰਡ ਨੇ ਚੱਕਲੀ
ਬਈ ਹਾਲਤ ਹੋ ਗਈ ਪਤਲੀ
ਵੇ ਗੱਲ ਸੁਣ ਛੱਲਿਆ ਯਾ
ਵੇ ਲਾਉਣਾ ਪੈਣਾ ਜੁਗਾੜ......

ਛੱਲੇ ਲੈ ਲਈ ਡਿਗਰੀ
ਪਰ ਨਾ ਕੋਈ ਹਾਲਤ ਸੁਧਰੀ
ਪਹਿਲਾਂ ਨਾਲੋਂ ਵੀ ਵਿਗੜੀ
ਵੇ ਗੱਲ ਸੁਣ ਛੱਲਿਆ ਰੇਸਾਂ
ਫਿਰੇਂ ਹੁਣ ਲੱਭਦਾ ਪਲੇਸਾਂ.........

ਉਏ ਛੱਲਾ ਰਿਸ਼ਵਤਖੋਰੀ
ਹੋਈ ਹਰ ਥਾਂ ਤੇ ਮੋਹਰੀ
ਕੋਈ ਨਾ ਸੁਣਦਾ ਬਹੁੜੀ
ਵੇ ਗੱਲ ਸੁਣ ਛੱਲਿਆ ਸ਼ੱਕ ਨਾ
ਪੱਲੇ ਤੇਰੇ ਬਚਿਆ ਕੱਖ ਨਾ.........

ਉਏ ਛੱਲਾ ਬੇਰੁਜ਼ਗਾਰੀ
ਮੁਸੀਬਤਾਂ ਵਾਰੋ ਵਾਰੀ
ਪੈਂਦੀਆਂ ਜ਼ਾਰੋ ਜ਼ਾਰੀ
ਵੇ ਗੱਲ ਸੁਣ ਛੱਲਿਆ ਢੋਈ
ਹੱਥੀਂ ਕੰਮ ਸਿੱਖ ਲੈ ਕੋਈ.............

ਛੱਲਾ ਮਾੜੀਆਂ ਸਰਕਾਰਾਂ
ਚਾਰੇ ਪਾਸੇ ਹੀ ਮਾਰਾਂ
ਬੈਠ ਕੇ ਕਰ ਲਉ ਵਿਚਾਰਾਂ
ਵੇ ਗੱਲ ਸੁਣ ਛੱਲਿਆ ਖੋਟਾਂ
ਸੋਚ ਕੇ ਪਾ ਲਉ ਵੋਟਾਂ................

ਉਏ ਛੱਲਾ ਪਿੰਡ ਘੜਾਮੇਂ
ਆ ਕੇ ਰੋਮੀ ਦੇ ਜਾਮੇ
ਦੇਵੇ ਸਿਸਟਮ ਨੂੰ ਉਲ੍ਹਾਮੇਂ
ਵੇ ਗੱਲ ਸੁਣ ਛੱਲਿਆ ਮਰਲੈ
ਮਿਹਨਤਾਂ ਪਹਿਲਾਂ ਈ ਕਰਲੈ.....।



ਰੋਮੀ ਘੜਾਮੇਂ ਵਾਲਾ
98552-81105

## ਗੀਤ

ਆ ਗਿਆ ਤੂੰ ਵੋਟਾਂ ਲੈਣ ਜਾਈਂ ਜਰਾ ਸੁਣ ਕੇ।
ਭੇਜਾਂਗੇ ਜਰੂਰ ਤੈਨੂੰ ਸਾਂਸਦ 'ਚ ਚੁਣ ਕੇ।
ਜੇ ਹੋਰਾਂ ਵਾਂਗੂੰ ਤੂੰ ਵੀ ਨਹੀਂ ਸਕਲ ਦਿਖਾਉਣੀ -
ਫੇਰ ਤੈਨੂੰ ਯਾਰਾ ਅਸੀਂ ਵੋਟ ਵੀ ਨੀਂ ਪਾਉਣੀ।

ਦੇਖ ਮਹਿੰਗਾਈ ਨੇ ਹੈ ਲੱਕ ਸਾਡੇ ਤੋੜ ਤੇ।
ਲੀਡਰਾਂ ਨੇ ਪੁੱਤ ਸਾਡੇ ਨਸ਼ਿਆਂ 'ਚ ਰੋੜ ਤੇ।
ਜੇ ਤੂੰ ਵੀ ਸਾਡੇ ਹੱਥ ਵਿੱਚ ਬੋਤਲ ਫੜਾਉਣੀ -
ਫੇਰ ਤੈਨੂੰ ਯਾਰਾ............

ਦੇਖ ਲੈ ਮੁਸੀਬਤਾਂ 'ਚ ਜਾਂਦੇ ਅਸੀਂ ਘਿਰਦੇ।
ਤੇਰੇ ਉੱਤੇ ਸਾਰੀਆਂ ਹੀ ਆਸਾਂ ਲਾਈ ਫਿਰਦੇ।
ਜੇ ਦੁੱਖਾਂ ਕੋਲੋਂ ਨਹੀਂ ਤੂੰ ਸਾਡੀ ਮੁਕਤੀ ਕਰਾਉਣੀ -
ਫੇਰ ਤੈਨੂੰ ਯਾਰਾ ..........

ਸਾਡੀਆਂ ਸਮੱਸਿਆਂ ਦਾ ਹੱਲ ਨੀ ਜੇ ਕਰਨਾ।
ਫੇਰ 'ਘੁੰਗਰਾਲੀ' ਤੇਰਾ ਪਾਣੀ ਵੀ ਨੀਂ ਭਰਨਾ।
ਜੇ ਨਰਕ ਦੀ ਜੂਨ ਅਸੀਂ ਏਦਾਂ ਹੀ ਹੰਢਾਉਣੀ-
ਫੇਰ ਤੈਨੂੰ ਯਾਰਾ ..........

-ਜਗਦੇਵ ਸਿੰਘ ਘੁੰਗਰਾਲੀ

## ਗ਼ਜ਼ਲ

ਜੋਮਿਣਿਆਂ ਜਾ ਨਹੀਂ ਸਕਦਾ ਉਹ ਸੱਚਾ ਪਿਆਰ ਹੈ ਪਤਨੀ।
ਸਹਾਰੇ ਤੇ ਕਿਨਾਰੇ ਦੇ ਲਈ ਇਕਰਾਰ ਹੈ ਪਤਨੀ।

ਧਰਤ ਅੰਬਰ ਨੂੰ ਰੁਸ਼ਨਾਵੇ ਕਰੇ ਪਰਿਵਾਰ ਦੇ ਵਿਚ ਲੋਅ,
ਸਵੇਰੇ ਦੀ ਸੁਰਖ਼ ਲਾਲੀ ਜਿਹਾ ਦੀਦਾਰ ਹੈ ਪਤਨੀ।

ਮਿਲੇ ਵਿਸ਼ਵਾਸ ਪੂਰੀ ਕਾਮਨਾ ਹੋਵੇ ਮੁਰਾਦਾਂ ਵਿਚ,
ਕਿਸੇ ਮੰਦਿਰ ਦੀ ਪੂਜਾ ਵਾਂਗਰਾਂ ਸਤਿਕਾਰ ਹੈ ਪਤਨੀ।

ਭਵਿਖ ਤੇ ਬੀਤ ਚੁੱਕੇ ਵਕਤ ਦੀ ਕਰਦੀ ਹੈ ਅਗਵਾਈ,
ਬਣਾਵੇ ਪੀੜੀਆਂ ਦੀ ਹੋਂਦ ਸਭਿਆਚਾਰ ਹੈ ਪਤਨੀ।

ਇਹਦੇ ਉਪਰ ਹੀ ਛੱਤਾਂ ਦੀ ਖੜ੍ਹੀ ਹੈ ਹੋਂਦ ਸਦੀਆਂ ਤੋਂ,
ਦਲੇਰੀ ਦੀ ਤਮੰਨਾ ਵਿਚ ਖੜ੍ਹੀ ਦੀਵਾਰ ਹੈ ਪਤਨੀ।

ਛੁਪਾਏ ਜ਼ਿੰਦਗੀ ਦੇ ਰਾਜ ਐਪਰ ਸੀਅ ਨਹੀਂ ਕਰਦੀ,
ਮਨੋਰਥ ਸਾਧਨਾ ਦਾ ਮੇਲ ਹੈ ਦਿਲਦਾਰ ਹੈ ਪਤਨੀ।

ਅਨੇਕਾਂ ਖ਼ੂਬਸੂਰਤ ਫੁਲ ਇਹਦੀ ਟਹਿਣੀ ਨੂੰ ਪੈਂਦੇ ਨੇ,
ਬਹਾਰਾਂ ਪਛਝੜਾਂ ਦੇ ਮੇਲ ਦਾ ਗੁਲਜ਼ਾਰ ਹੈ ਪਤਨੀ।

ਪਤੀ ਦੀ ਆਸ ਨੂੰ ਖ਼ੁਸ਼ਬੂ ਦਵੇ ਸ਼ੁਹਰਤ ਬਖ਼ਸ਼ਦੀ ਹੈ,
ਅਨੇਕਾਂ ਖ਼ੂਬਸੂਰਤ ਫੁੱਲਾਂ ਵਾਲਾ ਹਾਰ ਹੈ ਪਤਨੀ।

ਇਹੋ ਨਾਰੀਸ਼ਵਰ ਅਰਧਾਂਗਨੀ ਦੇਅ ਅਰਥ ਰੱਖਦੀ ਹੈ,
ਸਬਰ ਸੰਤੋਖ ਦੀ ਦੁਨੀਆਂ ਦਾ ਇਕ ਸ਼ਿੰਗਾਰ ਹੈ ਪਤਨੀ।

ਖਿੜ੍ਹੇ ਤਾਂ ਵਿਹੜਿਆਂ ਅੰਦਰ ਮੁਲਾਇਮ ਤਰਲਤਾ ਆਵੇ,
ਸੁਭਾਅ ਦੀ ਨਿਮਰਤਾ ਕੋਮਲ ਅਦਾ ਕਚਨਾਰ ਹੈ ਪਤਨੀ।

ਅਨੇਕਾਂ ਦੁੱਖਾਂ ਸੁੱਖਾਂ ਨੂੰ ਖ਼ਾਮੋਸ਼ੀ ਨਾਲ ਰਖਦੀ ਹੈ,
ਗੁਣਾਂ ਦੀ ਖਾਨ ਹੈ ਰਹਿਮ ਦਾ ਭੰਡਾਰ ਹੈ ਪਤਨੀ।

ਜਿਵੇਂ ਅੰਬਰ ਕਲੇਜੇ ਨਾਲ ਰਖਦਾ ਤਾਰੇ ਸੂਰਜ ਚੰਨ,
ਪਤੀ ਦੀ ਹਰ ਖ਼ੁਸ਼ੀ ਹਰ ਗ਼ਮ ਦੀ ਪਹਿਰੇਦਾਰ ਹੈ ਪਤਨੀ।

ਕਈ ਭਗਵਾਨ ਕਈ ਸਵਰਗ ਇਹਦੇ ਸਮਤੋਲ ਨਾ ਹੋਵਣ,
ਖ਼ੁਦਾ ਹੈ ਜਿਗਰ ਹੈ ਸੰਸਾਰ ਹੈ ਇਕ ਯਾਰ ਹੈ ਪਤਨੀ।

ਧਰਮ ਹੈ ਕਰਮ ਹੈ ਸਵਰਗ ਹੈ ਤੀਰਥ ਯਾਤਰਾ ਹੈ ਇਹ,
ਮਨੋਰਥ ਦੇ ਸਮਰਪਿਤ ਸਾਥ ਵਿਚ ਪਰਿਵਾਰ ਹੈ ਪਤਨੀ।

ਇਹਦੇ ਵਿਚ ਦੋਸਤੀ ਸ਼ਾਲੀਨਤਾ ਦੇ ਫੁਟਦੇ ਨੇ ਅੰਕੁਰ,
ਕਿਸੇ ਪੌਦੇ ਤੋਂ ਪਹਿਲਾਂ ਬੀਜ ਦਾ ਆਧਾਰ ਹੈ ਪਤਨੀ।

ਅਪੂਰਨ ਨੂੰ ਕਰੇ ਪੂਰਨ ਕਰੇ ਸਾਕਾਰਤਮਿਕ ਚਿੰਤਨ,
ਘਰਾਂ ਦੇ ਪਿਆਰ ਅੰਦਰ ਸਾਧਨਾ ਉਪਕਾਰ ਹੈ ਪਤਨੀ।

ਹਮੇਸ਼ਾਂ ਪੁਲ ਦੇ ਵਾਂਗੂੰ ਬਾਲਮਾ ਮੈਂ ਜ਼ਿੰਦਾ ਰਹਿਣਾ ਹੈ,
ਮੇਰੇ ਦਿਲ ਦੀ ਨਦੀ ਦੇ ਆਰ ਤੇ ਫਿਰ ਪਾਰ ਹੈ ਪਤਨੀ।

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਉਂਝ ਇਹ ਗ਼ਜ਼ਲ ਨਹੀਂ

ਨੌਂ ਮਹੀਨੇ ਪੀੜ ਖ਼ੁਦ ਸਹਿ ਬੱਚੇ ਨੂੰ ਜੱਗ ਦਿਖਾਉਂਦੀ ਹੈ,
ਮਾਂ ਤੋਂ ਵੱਡਾ ਕੋਈ ਨਾ ਮਿੱਤਰੋ ਰੱਬ ਦਾ ਰੂਪ ਕਹਾਉਂਦੀ ਹੈ।

ਦੇ ਕੇ ਰੱਤ ਜਿਗਰ ਦੀ ਉਹ ਰਿਸ਼ਤੇ ਨਵੇਂ ਬਣਾਉਂਦੀ ਹੈ,
ਮਾਂ, ਧੀ, ਭੈਣ, ਪਤਨੀ ਬਣ ਕੇ ਔਰਤ ਰੋਲ ਨਿਭਾਉਂਦੀ ਹੈ।

ਸੁਫ਼ਨੇ ਤਾਂ ਯਾਰੋ ਸੁਫ਼ਨੇ ਹੁੰਦੇ ਕੋਹਾਂ ਦੂਰ ਸਚਾਈ ਤੋਂ,
ਅਜਨਬੀਆਂ ਨੂੰ ਭੀ ਕੁਦਰਤ ਆਪੇ ਮੇਲ ਮਿਲਾਉਂਦੀ ਹੈ।

ਡਿਗ ਪਿਆ ਨਜ਼ਰਾਂ 'ਚੋਂ ਜਿਹੜਾ ਉਹਨੂੰ ਕੌਣ ਉਠਾਵੇਗਾ,
ਸ਼ਰਮ ਹਯਾ ਵੀ ਯਾਰਾ ਉਸ ਬੰਦੇ ਤੋਂ ਸ਼ਰਮਾਉਂਦੀ ਹੈ।

ਮੋਟੀ ਚਮੜੀ ਦੇ ਨੇਤਾ ਨੇ ਅੱਜਕਲ ਬੇਹਯਾਈ ਭਾਰੂ ਹੈ,
ਝੂਠ ਉੱਤੇ ਝੂਠ ਬੋਲਦੇ ਗੁਰਬਤ ਮਜ਼ਾਕ ਉਡਾਉਂਦੀ ਹੈ।

ਬੇਲੇ ਗਾਹ ਥਲਾਂ ਵਿੱਚ ਸੜ ਕੇ ਇਸ਼ਕ ਵਿਚਾਰਾ ਹੰਭ ਗਿਆ,
ਪਰ ਦਿਲਬਰ ਨੂੰ ਮਿਲਣੇ ਦੀ ਚਾਹ ਕੱਚੇ 'ਤੇ ਤਰਾਉਂਦੀ ਹੈ।

ਸੇਵਾ ਸਿੰਘ 'ਨੂਰਪੁਰੀ'

## ਪੰਜਾਬ

ਕਿੱਥੇ ਪੰਜਾਬ ਤੂੰ
ਤੂੰ ਕਹਿੰਦਾ ਤੂੰ
ਜਾਗ ਗਿਐ
ਕਿਹੜੇ ਤੂੰ ਰਾਹ ਪਿਆਂ

ਸਿਆਸਤ ਐਸੀ ਜਾਗ ਪਈ
ਕਿਸਾਨੀ ਕਿਹੜੀ ਰਾਹ ਪਈ
ਜਿਸ ਦਾ ਯਾਰ ਖ਼ਾਸ ਤੂੰ
ਖੁੰਜੀ ਖੁਰਲੀ ਵੜ ਗਿਆ

ਜਾਂ ਭੀੜ ਵਿੱਚ ਹੀ ਰਲ ਗਿਆ
ਜਾਂ ਅਕਾਸ਼ ਵਿੱਚ ਵੜ ਗਿਆ
ਪਾ ਕੇ ਬਣ ਚੋਰ ਦਾ ਕਿੱਥੇ ਖੜ ਗਿਆ
ਕਿਸ ਵਾਹਨ ਤੇ ਆ ਰਿਹਾ

ਕੱਛੂ ਦੀ ਚਾਲ ਤੇ ਚੱਲ ਰਿਹਾ
ਜਾ ਕੇ ਪੈਦਲ ਰਾਹ ਪਿਆਂ
ਕੰਡੇ ਦੀ ਚੁਭ ਤੋਂ ਲੰਗੜਾ ਰਿਹਾ
ਜਾ ਕੇ ਰਸਤਾ ਭੁੱਲ ਗਿਆ

ਹਨੇਰੇ ਚ ਰੁਲ਼ ਗਿਆ
ਜਾ ਕੇ ਅਕਾਸ਼ ਚੜ ਗਿਆ
ਕਿਧਰੇ ਪਿੱਛੇ ਰਹਿ ਗਿਆ
ਥੱਕ ਕਿਧਰੇ ਬਹਿ ਗਿਆ

ਸਭ ਕੁਝ ਤੋਂ ਜਾਣਦਾ
ਜਾਣ ਕੇ ਵੀ ਅਣਜਾਣ ਬਣਦਾ
ਜਾਂ ਤੋਂ ਦੀਵਾਨ ਹੋ ਗਿਆ
ਜਾਂ ਕੇ ਕਿੱਥੋਂ ਖੋਲ ਗਿਆ

ਮੰਜਿਲ ਪਈ ਉਡੀਕਦੀ
ਵਾਜਾਂ ਪਈ ਮਾਰਦੀ
ਕਿੱਥੋਂ ਤੈਨੂੰ ਮਾਰ ਪਈ
ਕਿਹੜੇ ਦਰਿਆਵਾਂ ਚ ਵਹਿ ਗਿਆ
ਮਿੱਟੀ ਵਿੱਚ ਤੋਂ ਖੁਰ ਗਿਆ

ਜਾ ਤੋਂ ਬਹੁਤ ਉਦਾਸ ਹਾਂ
ਲੱਭ ਕੋਈ ਧਰਵਾਸ ਹਾਂ
ਤੇਰੇ ਦਰ ਤੇ ਖੜ ਅਕਾਲ ਹੈ
ਗੁਰਮੁੱਖੀ ਮਿਲ਼ਨਾ ਦੀ ਆਸ ਹੈ

ਕਰਦੀ ਪਈ ਹੱਥ ਜੋੜ ਕੇ
ਗੁਰਬਿੰਦਰ ਅਰਦਾਸ ਹੈ
ਜਾ ਕਿ ਸਭ ਕੁਝ ਜਾਣਦੀ
ਹੋ ਗਈ ਤੋਂ ਅਣਜਾਣ ਹੈ

ਕੁਰਸੀ ਦੀ ਖ਼ਾਤਰ
ਬਣ ਬੈਠੀ ਅਣਜਾਣ ਤੋਂ
ਆਪਣੀ ਹੀ ਹੋਮ ਵਿਕਾਰ ਦੀ
ਹੋ ਚੁੱਕੀ ਦਾਸ ਤੋਂ
ਕਿੱਥੇ ਪੰਜਾਬ ਤੋਂ ਕਿੱਥੇ ਪੰਜਾਬ ਤੋਂ

ਗੁਰਬਿੰਦਰ ਕੌਰ ਠੱਟਾ ਟਿੱਬਾ

## ਨਫਰਤ

ਨਫ਼ਰਤ ਬੀਜੇਂਗਾ, ਨਫ਼ਰਤ ਹੀ ਪਊ ਵੱਢਣੀ
ਪਿਆਰ ਵੰਡੇਂਗਾ ਤਾਂ, ਮਿਲੇਗਾ ਪਿਆਰ ਮੀਆਂ

ਟੋਇਆ ਪੁੱਟਦੈਂ ਜੋ, ਦੂਜੇ ਦੇ ਡੇਗਣੇ ਲਈ
ਡਿੱਗਣਾ ਖ਼ੁਦ ਹੀ ਤੂੰ ਆ ਵਿਚਕਾਰ ਮੀਆਂ


ਇੱਕੋ ਜਿਹਾ ਹਮੇਸ਼ਾਂ ਨਹੀਂ ਵਕਤ ਰਹਿੰਦਾ
ਹੁੰਦੀ ਸਦਾ ਈ ਨਹੀਂ, ਜੈ-ਜੈ ਕਾਰ ਮੀਆਂ

ਮਾਇਆ, ਹੁਸਨ ਤੇ ਰੁਤਬੇ ਦਾ 'ਖ਼ੁਸ਼ੀ ਮੁਹੰਮਦਾ'
ਬਹੁਤਾ ਕਰੀਦਾ ਨਹੀਓਂ, ਅਹੰਕਾਰ ਮੀਆਂ

ਖ਼ੁਸ਼ੀ ਮੁਹੰਮਦ "ਚੱਠਾ"

# ਬਚਪਨ, ਕਿਤਾਬਾਂ ਤੇ ਕਲਪਨਾ ਦਾ ਸੰਸਾਰ

ਬਚਪਨ ਮਨੁੱਖੀ ਜੀਵਨ ਦਾ ਉਹ ਸੁਹਾਵਾਂ ਦੌਰ ਹੁੰਦਾ ਹੈ ਜਿੱਥੇ ਹਰ ਚੀਜ਼ ਵਿੱਚ ਨਵੀਂ ਰੌਸ਼ਨੀ, ਨਵਾਂ ਰੰਗ ਅਤੇ ਨਵੀਂ ਉਡਾਣ ਲੁਕਿਆ ਹੋਇਆ ਹੁੰਦਾ ਹੈ। ਇਸ ਉਮਰ ਵਿੱਚ ਬੱਚੇ ਦੀ ਸੋਚ ਮਿੱਟੀ ਵਾਂਗ ਨਰਮ ਹੁੰਦੀ ਹੈ ਜਿਸ ਨੂੰ ਜਿਵੇਂ ਗੁੰਥਿਆ ਜਾਵੇ, ਉਹੋ ਜਿਹਾ ਰੂਪ ਲੈ ਲੈਂਦੀ ਹੈ। ਬਚਪਨ ਵਿੱਚ ਸੁਣੀਆਂ ਕਹਾਣੀਆਂ, ਪੜ੍ਹੀਆਂ ਕਿਤਾਬਾਂ ਅਤੇ ਦੇਖੇ ਸੁਪਨੇ ਮਨੁੱਖ ਦੀ ਪੂਰੀ ਜ਼ਿੰਦਗੀ ਦੇ ਵਿਚਾਰਾਂ, ਸੁਭਾਉ ਅਤੇ ਵਿਅਕਤਿਤਵ ਨੂੰ ਪ੍ਰਭਾਵਿਤ ਕਰਦੇ ਹਨ। ਕਿਤਾਬਾਂ ਸਿਰਫ਼ ਕਾਗਜ਼ ਦੇ ਸਫ਼ੇ ਨਹੀਂ ਹੁੰਦੀਆਂ, ਇਹ ਬੱਚੇ ਦੇ ਮਨ ਨੂੰ ਖੋਲ੍ਹਣ ਵਾਲੀਆਂ ਖਿੜਕੀਆਂ ਹੁੰਦੀਆਂ ਹਨ। ਇਨ੍ਹਾਂ ਰਾਹੀਂ ਬੱਚਾ ਇਕ ਨਵੇਂ ਸੰਸਾਰ ਵਿੱਚ ਦਾਖ਼ਲ ਹੁੰਦਾ ਹੈ—ਇਕ ਅਜਿਹਾ ਸੰਸਾਰ ਜਿੱਥੇ ਕਲਪਨਾ ਦੀ ਕੋਈ ਹੱਦ ਨਹੀਂ ਹੁੰਦੀ।




ਅੱਜ ਦਾ ਬੱਚਾ ਮੋਬਾਈਲ, ਟੈਲੀਵਿਜ਼ਨ ਅਤੇ ਡਿਜੀਟਲ ਸਕ੍ਰੀਨਾਂ ਨਾਲ ਘਿਰਿਆ ਹੋਇਆ ਹੈ। ਉਸਦੀ ਦੁਨੀਆ ਵਿੱਚ ਐਨੀਮੇਸ਼ਨ, ਛੋਟੀਆਂ ਵੀਡੀਓਆਂ ਅਤੇ ਤੁਰੰਤ ਮਨੋਰੰਜਨ ਨੇ ਵੱਡੀ ਥਾਂ ਬਣਾਈ ਹੈ। ਪਰ ਇਸ ਤਕਨੀਕੀ ਚਮਕ-ਧਮਕ ਵਿਚ ਕਿਤਾਬਾਂ ਦੀ ਮਹੱਤਤਾ ਘੱਟ ਨਹੀਂ ਹੋਈ। ਕਿਤਾਬਾਂ ਅੱਜ ਵੀ ਮਨੁੱਖੀ ਸੋਚ ਨੂੰ ਡੂੰਘਾਈ ਦਿੰਦੀਆਂ ਹਨ। ਸਕ੍ਰੀਨ ਬੱਚੇ ਨੂੰ ਸਿਰਫ਼ ਤਸਵੀਰ ਦਿਖਾਉਂਦੀ ਹੈ, ਪਰ ਕਿਤਾਬ ਉਸਦੇ ਮਨ ਵਿੱਚ ਤਸਵੀਰ ਬਣਾਉਂਦੀ ਹੈ। ਜਦੋਂ ਬੱਚਾ ਕਹਾਣੀ ਪੜ੍ਹਦਾ ਹੈ ਤਾਂ ਉਹ ਆਪਣੇ ਮਨ ਵਿੱਚ ਕਿਰਦਾਰਾਂ ਦੇ ਚਿਹਰੇ, ਪਹਾੜਾਂ ਦੇ ਰੰਗ, ਜੰਗਲਾਂ ਦੀਆਂ ਆਵਾਜ਼ਾਂ ਅਤੇ ਆਸਮਾਨ ਦੀ ਵਿਸ਼ਾਲਤਾ ਨੂੰ ਖੁਦ ਰਚਦਾ ਹੈ। ਇਹੀ ਕਲਪਨਾ ਦੀ ਅਸਲੀ ਤਾਕਤ ਹੈ।

ਕਲਪਨਾ ਮਨੁੱਖੀ ਤਰੱਕੀ ਦੀ ਜੜ੍ਹ ਹੈ। ਜਿਹੜਾ ਮਨੁੱਖ ਕਲਪਨਾ ਕਰ ਸਕਦਾ ਹੈ, ਉਹ ਨਵੀਂ ਖੋਜ ਵੀ ਕਰ ਸਕਦਾ ਹੈ। ਹਰ ਵਿਗਿਆਨੀ, ਕਵੀ, ਲੇਖਕ ਅਤੇ ਕਲਾਕਾਰ ਦੇ ਅੰਦਰ ਇਕ ਬਚਪਨ ਲੁਕਿਆ ਹੁੰਦਾ ਹੈ ਜਿਸ ਨੇ ਕਦੇ ਕਿਤਾਬਾਂ ਪੜ੍ਹਦਿਆਂ ਸੁਪਨੇ ਵੇਖੇ ਹੁੰਦੇ ਹਨ। ਜੂਲ ਵਰਨ ਦੀਆਂ ਕਹਾਣੀਆਂ ਪੜ੍ਹ ਕੇ ਕਈ ਬੱਚਿਆਂ ਨੇ ਅੰਤਰਿਕਸ਼ ਯਾਤਰਾ ਦੇ ਸੁਪਨੇ ਵੇਖੇ। ਪੰਚਤੰਤਰ, ਅਕਬਰ-ਬੀਰਬਲ, ਤੇਨਾਲੀ ਰਾਮ ਅਤੇ ਲੋਕ ਕਹਾਣੀਆਂ ਨੇ ਬੱਚਿਆਂ ਨੂੰ ਸਿਆਣਪ, ਹਾਸਾ ਅਤੇ ਜੀਵਨ ਦੀ ਸਮਝ ਦਿੱਤੀ। ਕਹਾਣੀਆਂ ਸਿਰਫ਼ ਮਨੋਰੰਜਨ ਨਹੀਂ ਕਰਦੀਆਂ, ਇਹ ਮਨੁੱਖ ਦੇ ਅੰਦਰ ਮਨੁੱਖਤਾ ਨੂੰ ਜਗਾਉਂਦੀਆਂ ਹਨ।

ਬਚਪਨ ਅਤੇ ਕਿਤਾਬਾਂ ਦਾ ਰਿਸ਼ਤਾ ਬਹੁਤ ਪਵਿੱਤਰ ਹੁੰਦਾ ਹੈ। ਜਦੋਂ ਮਾਂ ਬੱਚੇ ਨੂੰ ਰਾਤ ਸਮੇਂ ਕਹਾਣੀ ਸੁਣਾਉਂਦੀ ਹੈ ਤਾਂ ਉਹ ਸਿਰਫ਼ ਸ਼ਬਦ ਨਹੀਂ ਸੁਣ ਰਿਹਾ ਹੁੰਦਾ, ਉਹ ਪਿਆਰ, ਸੁਰੱਖਿਆ ਅਤੇ ਕਲਪਨਾ ਦੀ ਦੁਨੀਆ ਵਿੱਚ ਦਾਖ਼ਲ ਹੋ ਰਿਹਾ ਹੁੰਦਾ ਹੈ। ਦਾਦਾ-ਦਾਦੀ ਦੀਆਂ ਲੋਕ ਕਹਾਣੀਆਂ ਬੱਚਿਆਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੋੜਦੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀਂ ਬੱਚੇ ਨੂੰ ਚੰਗੇ-ਮੰਦੇ ਦੀ ਪਛਾਣ ਹੁੰਦੀ ਹੈ। ਕਹਾਣੀਆਂ ਦੇ ਨਾਇਕ ਬੱਚਿਆਂ ਨੂੰ ਹਿੰਮਤ, ਇਮਾਨਦਾਰੀ ਅਤੇ ਸੱਚਾਈ ਵੱਲ ਪ੍ਰੇਰਿਤ ਕਰਦੇ ਹਨ।



ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਪੜ੍ਹਨ ਦੀ ਆਦਤ ਬੱਚੇ ਦੇ ਮਨ ਨੂੰ ਕੇਂਦ੍ਰਿਤ ਕਰਦੀ ਹੈ। ਕਿਤਾਬਾਂ ਬੱਚਿਆਂ ਵਿੱਚ ਧੀਰਜ ਪੈਦਾ ਕਰਦੀਆਂ ਹਨ। ਜਿੱਥੇ ਸਕ੍ਰੀਨ ਹਰ ਚੀਜ਼ ਨੂੰ ਤੁਰੰਤ ਦਿਖਾ ਦਿੰਦੀ ਹੈ, ਉੱਥੇ ਕਿਤਾਬ ਬੱਚੇ ਨੂੰ ਸੋਚਣ ਅਤੇ ਸਮਝਣ ਦਾ ਸਮਾਂ ਦਿੰਦੀ ਹੈ। ਇਹੀ ਕਾਰਨ ਹੈ ਕਿ ਜੋ ਬੱਚੇ ਪੜ੍ਹਨ ਦੇ ਸ਼ੌਕੀਨ ਹੁੰਦੇ ਹਨ, ਉਹ ਅਕਸਰ ਵਿਚਾਰਾਂ ਵਿੱਚ ਹੋਰਾਂ ਨਾਲੋਂ ਵਧੇਰੇ ਡੂੰਘੇ ਹੁੰਦੇ ਹਨ। ਕਿਤਾਬਾਂ ਬੱਚਿਆਂ ਦੀ ਭਾਸ਼ਾ ਨੂੰ ਸੰਵਾਰਦੀਆਂ ਹਨ, ਸ਼ਬਦਾਵਲੀ ਵਧਾਉਂਦੀਆਂ ਹਨ ਅਤੇ ਵਿਚਾਰ ਪ੍ਰਗਟ ਕਰਨ ਦੀ ਸਮਰੱਥਾ ਨੂੰ ਮਜ਼ਬੂਤ ਕਰਦੀਆਂ ਹਨ।

ਅੱਜ ਦੇ ਸਮੇਂ ਵਿੱਚ ਕਈ ਘਰਾਂ ਵਿੱਚ ਕਿਤਾਬਾਂ ਦੀ ਥਾਂ ਗੈਜਿਟਸ ਨੇ ਲੈ ਲਈ ਹੈ। ਬੱਚਿਆਂ ਦੇ ਜਨਮਦਿਨ 'ਤੇ ਖਿਡੌਣਿਆਂ ਅਤੇ ਮੋਬਾਈਲਾਂ ਦਾ ਰਿਵਾਜ ਵਧ ਗਿਆ ਹੈ, ਪਰ ਕਿਤਾਬ ਤੋਹਫ਼ੇ ਦੇਣ ਦੀ ਪਰੰਪਰਾ ਘੱਟ ਰਹੀ ਹੈ। ਇਹ ਚਿੰਤਾ ਦੀ ਗੱਲ ਹੈ। ਜੇ ਅਸੀਂ ਬੱਚਿਆਂ ਨੂੰ ਸਿਰਫ਼ ਸਕ੍ਰੀਨਾਂ ਦੇ ਹਵਾਲੇ ਕਰ ਦਿਆਂਗੇ ਤਾਂ ਉਹ ਜਾਣਕਾਰੀ ਤਾਂ ਪ੍ਰਾਪਤ ਕਰ ਲੈਣਗੇ, ਪਰ ਕਲਪਨਾ ਦੀ ਉਡਾਣ ਸ਼ਾਇਦ ਖੋ ਬੈਠਣ। ਬਿਨਾਂ ਕਲਪਨਾ ਦੇ ਮਨੁੱਖ ਮਸ਼ੀਨ ਵਰਗਾ ਬਣ ਜਾਂਦਾ ਹੈ।

ਸਕੂਲਾਂ ਅਤੇ ਲਾਇਬ੍ਰੇਰੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਹੈ। ਸਕੂਲਾਂ ਵਿੱਚ ਸਿਰਫ਼ ਪਾਠ ਪੁਸਤਕਾਂ ਤੱਕ ਸੀਮਿਤ ਰਹਿਣ ਦੀ ਬਜਾਏ ਬੱਚਿਆਂ ਨੂੰ ਕਹਾਣੀ ਪੁਸਤਕਾਂ, ਜੀਵਨੀਆਂ, ਵਿਗਿਆਨਕ ਕਲਪਨਾਵਾਂ ਅਤੇ ਬਾਲ ਸਾਹਿਤ ਨਾਲ ਜੋੜਿਆ ਜਾਣਾ ਚਾਹੀਦਾ ਹੈ। ਜਦੋਂ ਬੱਚਾ ਵੱਖ-ਵੱਖ ਕਿਸਮ ਦੀਆਂ ਕਿਤਾਬਾਂ ਪੜ੍ਹਦਾ ਹੈ ਤਾਂ ਉਸਦੀ ਸੋਚ ਦਾ ਦਾਇਰਾ ਵਧਦਾ ਹੈ। ਲਾਇਬ੍ਰੇਰੀ ਇਕ ਅਜਿਹਾ ਮੰਦਰ ਹੈ ਜਿੱਥੇ ਚੁੱਪਚਾਪ ਗਿਆਨ ਅਤੇ ਕਲਪਨਾ ਦਾ ਪ੍ਰਕਾਸ਼ ਫੈਲਦਾ ਹੈ। ਜੇ ਹਰ ਪਿੰਡ ਅਤੇ ਹਰ ਸਕੂਲ ਵਿੱਚ ਸਰਗਰਮ ਲਾਇਬ੍ਰੇਰੀ ਹੋਵੇ ਤਾਂ ਬੱਚਿਆਂ ਦੀ ਸੋਚ ਵਿੱਚ ਅਦਭੁਤ ਬਦਲਾਅ ਆ ਸਕਦਾ ਹੈ।

ਬਾਲ ਸਾਹਿਤ ਦੀ ਮਹੱਤਤਾ ਵੀ ਬੇਹੱਦ ਵੱਡੀ ਹੈ। ਚੰਗਾ ਬਾਲ ਸਾਹਿਤ ਬੱਚੇ ਦੇ ਮਨ ਨੂੰ ਸਮਝਦਾ ਹੈ। ਇਹ ਉਸਦੀ ਜਿਗਿਆਸਾ ਨੂੰ ਜਵਾਬ ਦਿੰਦਾ ਹੈ ਅਤੇ ਉਸਦੇ ਅੰਦਰ ਨਵੀਂ ਖੋਜ ਦੀ ਭਾਵਨਾ ਜਗਾਉਂਦਾ ਹੈ। ਪੰਜਾਬੀ ਬਾਲ ਸਾਹਿਤ ਵਿੱਚ ਵੀ ਕਈ ਲੇਖਕਾਂ ਨੇ ਬੱਚਿਆਂ ਲਈ ਸ਼ਾਨਦਾਰ ਰਚਨਾਵਾਂ ਲਿਖੀਆਂ ਹਨ। ਲੋਕ ਕਥਾਵਾਂ, ਕਵਿਤਾਵਾਂ ਅਤੇ ਬਾਲ ਨਾਵਲ ਬੱਚਿਆਂ ਨੂੰ ਆਪਣੀ ਮਿੱਟੀ ਅਤੇ ਸੰਸਕ੍ਰਿਤੀ ਨਾਲ ਜੋੜਦੇ ਹਨ। ਜੇ ਬੱਚਾ ਆਪਣੀ ਭਾਸ਼ਾ ਵਿੱਚ ਪੜ੍ਹਦਾ ਹੈ ਤਾਂ ਉਹ ਆਪਣੀਆਂ ਜੜ੍ਹਾਂ ਨਾਲ ਹੋਰ ਮਜ਼ਬੂਤੀ ਨਾਲ ਜੁੜਦਾ ਹੈ।

ਕਲਪਨਾ ਸਿਰਫ਼ ਕਹਾਣੀਆਂ ਤੱਕ ਸੀਮਿਤ ਨਹੀਂ ਰਹਿੰਦੀ। ਇਹ ਬੱਚੇ ਨੂੰ ਚਿੱਤਰਕਾਰੀ, ਲਿਖਣ, ਸੰਗੀਤ, ਵਿਗਿਆਨ ਅਤੇ ਖੇਡਾਂ ਵਿੱਚ ਵੀ ਨਵੀਂ ਦਿਸ਼ਾ ਦਿੰਦੀ ਹੈ। ਜਿਹੜਾ ਬੱਚਾ ਕਲਪਨਾ ਕਰਦਾ ਹੈ, ਉਹ ਸਵਾਲ ਪੁੱਛਦਾ ਹੈ। ਜਿਹੜਾ ਸਵਾਲ ਪੁੱਛਦਾ ਹੈ, ਉਹੀ ਨਵੀਂ ਰਾਹ ਬਣਾਉਂਦਾ ਹੈ। ਇਸ ਲਈ ਬਚਪਨ ਵਿੱਚ ਕਿਤਾਬਾਂ ਨਾਲ ਦੋਸਤੀ ਬਹੁਤ ਜ਼ਰੂਰੀ ਹੈ।

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਲਈ ਘਰ ਵਿੱਚ ਪੜ੍ਹਨ ਵਾਲਾ ਮਾਹੌਲ ਬਣਾਉਣ। ਜੇ ਮਾਪੇ ਖੁਦ ਕਿਤਾਬਾਂ ਪੜ੍ਹਨਗੇ ਤਾਂ ਬੱਚੇ ਵੀ ਉਹਨਾਂ ਦੀ ਨਕਲ ਕਰਨਗੇ। ਹਰ ਰੋਜ਼ ਕੁਝ ਸਮਾਂ ਕਹਾਣੀਆਂ ਲਈ ਰੱਖਿਆ ਜਾ ਸਕਦਾ ਹੈ। ਛੋਟੇ ਬੱਚਿਆਂ ਨੂੰ ਤਸਵੀਰੀ ਕਿਤਾਬਾਂ ਅਤੇ ਵੱਡੇ ਬੱਚਿਆਂ ਨੂੰ ਰੁਚਿਕਰ ਨਾਵਲ, ਵਿਗਿਆਨਕ ਕਿਤਾਬਾਂ ਅਤੇ ਜੀਵਨੀਆਂ ਦਿੱਤੀਆਂ ਜਾ ਸਕਦੀਆਂ ਹਨ। ਕਿਤਾਬਾਂ ਨੂੰ ਸਜ਼ਾ ਨਹੀਂ, ਸਾਥੀ ਬਣਾਇਆ ਜਾਣਾ ਚਾਹੀਦਾ ਹੈ।

ਅਖੀਰ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਬਚਪਨ, ਕਿਤਾਬਾਂ ਅਤੇ ਕਲਪਨਾ ਇਕ-ਦੂਜੇ ਨਾਲ ਗੂੜ੍ਹੇ ਤੌਰ 'ਤੇ ਜੁੜੇ ਹੋਏ ਹਨ। ਜਿੱਥੇ ਕਿਤਾਬਾਂ ਹੁੰਦੀਆਂ ਹਨ, ਉੱਥੇ ਵਿਚਾਰ ਜਨਮ ਲੈਂਦੇ ਹਨ। ਜਿੱਥੇ ਕਲਪਨਾ ਹੁੰਦੀ ਹੈ, ਉੱਥੇ ਨਵੀਂ ਦੁਨੀਆ ਬਣਦੀ ਹੈ। ਅਤੇ ਜਿੱਥੇ ਬਚਪਨ ਨੂੰ ਕਿਤਾਬਾਂ ਦਾ ਸਾਥ ਮਿਲ ਜਾਂਦਾ ਹੈ, ਉੱਥੇ ਭਵਿੱਖ ਹੋਰ ਰੌਸ਼ਨ ਬਣ ਜਾਂਦਾ ਹੈ। ਸਾਨੂੰ ਬੱਚਿਆਂ ਦੇ ਹੱਥ ਵਿੱਚ ਸਿਰਫ਼ ਮੋਬਾਈਲ ਨਹੀਂ, ਕਿਤਾਬ ਵੀ ਦੇਣੀ ਚਾਹੀਦੀ ਹੈ, ਕਿਉਂਕਿ ਕਿਤਾਬਾਂ ਹੀ ਉਹ ਪਰ ਹਨ ਜੋ ਬਚਪਨ ਨੂੰ ਕਲਪਨਾ ਦੇ ਆਸਮਾਨ ਵਿੱਚ ਉਡਣਾ ਸਿਖਾਉਂਦੀਆਂ ਹਨ।

# ਪੰਜਾਬੀ ਬੋਲੀ ਦਾ ਦੁਖਾਂਤ

ਜੇ ਪੰਜਾਬੀ ਬੋਲੀ ਦੇ ਇਤਿਹਾਸ ਵਾਰੇ ਗੱਲ ਕਰੀਏ ਤਾਂ ਇਸ ਦੀਆਂ ਜੜ੍ਹਾਂ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਵੈਦਿਕ ਕਾਲ ਨਾਲ ਜਾ ਜੁੜਦੀਆਂ ਹਨ। ਪੰਜਾਬੀ ਬੋਲੀ ਵੈਦਿਕ ਸੰਸਕ੍ਰਿਤ, ਪਾਲੀ ਅਤੇ ਹੋਰ ਵੱਖ ਵੱਖ ਇਲਾਕਾਈ ਬੋਲੀਆਂ ਵਿੱਚੋਂ ਹੋਂਦ ਵਿੱਚ ਆਈ ਸੀ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਹਜਾਰਾਂ ਸਾਲ ਪੁਰਾਣੀ ਬੋਲੀ ਹੈ। ਉਸ ਸਮੇਂ ਪੰਜਾਬੀ, ਸ਼ਾਹਮੁਖੀ ਅਤੇ ਰੋਮਨ ਲਿੱਪੀਆਂ ਵਿੱਚ ਲਿਖੀ ਜਾਂਦੀ ਸੀ। ਬਾਬਾ ਫਰੀਦ ਜੀ ਦੀ ਬਾਣੀ ਪੰਜਾਬੀ ਸਾਹਿਤ ਦੀ ਪਹਿਲੀ ਪ੍ਰਮਾਣਿਕ ਅਤੇ ਪ੍ਰਸਿੱਧ ਰਚਨਾ ਮੰਨੀ ਜਾਂਦੀ ਹੈ। ਵਾਰਿਸ ਸ਼ਾਹ, ਪੀਲੂ ਅਤੇ ਹਾਸ਼ਮ ਸ਼ਾਹ ਵਰਗੇ ਕਵੀਆਂ ਨੇ ਪੰਜਾਬੀ ਬੋਲੀ ਨੂੰ ਹਰਮਨ ਪਿਆਰਾ ਬਣਾਇਆ ਸੀ, ਜਿਸ ਨਾਲ ਪੰਜਾਬੀ ਬੋਲੀ ਨੂੰ ਮਜ਼ਬੂਤੀ ਮਿਲੀ ਸੀ।



ਪੰਦਰਵੀਂ ਸਦੀ ਵਿੱਚ ਗੁਰੂ ਅੰਗਦ ਦੇਵ ਜੀ ਨੇ, ਗੁਰਮੁਖੀ ਲਿਪੀ ਦੇ ਵੱਖ ਵੱਖ ਅੱਖਰਾਂ ਨੂੰ ਇਕੱਠਾ ਕਰ ਕੇ ਪੈਂਤੀ ਅੱਖਰਾਂ ਦੀ ਵਰਣਮਾਲਾ ਬਣਾਈ ਸੀ। ਗੁਰੂਆਂ ਦੇ ਮੁੱਖ ਚੋਂ ਉਚਾਰੀ ਗਈ ਹੋਣ ਕਾਰਨ ਇਸ ਲਿੱਪੀ ਨੂੰ ਗੁਰਮੁਖੀ ਕਿਹਾ ਜਾਂਦਾ ਹੈ। ਗੁਰਮੁਖੀ ਲਿਪੀ ਵਿੱਚ ਸੱਭ ਤੋਂ ਮਹਾਨ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਹੈ। ਗੁਰੂਆਂ ਦੀ ਬਾਣੀ ਨੇ, ਪੰਜਾਬੀ ਬੋਲੀ ਨੂੰ ਬੋਧਿਕ ਅਤੇ ਸਾਹਿਤਕ ਸਿਖ਼ਰ 'ਤੇ ਪਹੁੰਚਾਇਆ ਹੈ। ਉਸ ਤੋਂ ਬਾਅਦ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਅਮ੍ਰਿਤਾ ਪ੍ਰੀਤਮ, ਨਾਨਕ ਸਿੰਘ ਅਤੇ ਜਸਵੰਤ ਸਿੰਘ ਕੰਵਲ ਵਰਗੇ ਲੇਖਕਾਂ ਨੇ ਆਧੁਨਿਕ ਪੰਜਾਬੀ ਸਾਹਿਤ ਦੀ ਨੀਂਹ ਰੱਖੀ ਅਤੇ ਪੰਜਾਬੀ ਬੋਲੀ ਨੂੰ ਕੌਮਾਂਤਰੀ ਪਹਿਚਾਣ ਦੁਆਈ।

1947 ਚ ਜਦੋਂ ਪੰਜਾਬ ਦੀ ਵੰਡ ਹੋਈ ਤਾਂ ਪੰਜਾਬੀ ਬੋਲੀ ਦੀ ਲਿੱਪੀ ਵੀ ਵੰਡੀ ਗਈ ਸੀ,ਅੱਜ ਚੜ੍ਹਦੇ ਪੰਜਾਬ ਵਿੱਚ ਗੁਰਮੁਖੀ ਅਤੇ ਲਹਿੰਦੇ ਪੰਜਾਬ ਚ ਸ਼ਾਹਮੁਖੀ ਲਿੱਪੀ ਚ ਪੰਜਾਬੀ ਲਿਖੀ ਅਤੇ ਪੜੀ ਜਾਂਦੀ ਹੈ। ਅਸਲ ਵਿੱਚ ਇਹ ਪੰਜਾਬੀ ਲਿੱਪੀ ਦੀ ਧਾਰਮਿਕ ਵੰਡ ਸੀ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਚੜਦੇ ਪੰਜਾਬ ਵਿੱਚ, ਇਕ ਵਾਰ ਫੇਰ ਤੋਂ ਪੰਜਾਬੀ ਬੋਲੀ ਨੂੰ ਉਦੋਂ ਢਾਅ ਲੱਗੀ ਜਦੋਂ ਪੰਜਾਬੀ ਨੂੰ ਇੱਕ ਧਰਮ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਸੀ ਅਤੇ ਮਰਦਮਸ਼ੁਮਾਰੀ ਸਮੇਂ ਲੱਖਾਂ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਸਨ। ਇੱਥੇ ਹੀ ਬੱਸ ਨਹੀਂ ਹੋਈ, ਸੌੜੀ ਰਾਜਨੀਤੀ ਦਾ ਸ਼ਿਕਾਰ ਹੋਈ ਪੰਜਾਬੀ ਇੱਕ ਛੋਟੇ ਜਿਹੇ ਖਿੱਤੇ ਚ ਸੁੰਗੜ ਕੇ ਰਹਿ ਗਈ ਹੈ ਪੰਜਾਬੀ ਬੋਲੀ ਦੇ ਨਾਹਰੇ ਹੇਠ, ਅਕਾਲੀ ਦੱਲ ਨੇ ਰਾਜਨੀਤਕ ਤੌਰ 'ਤੇ ਤਾਂ ਪੰਜਾਬੀ ਸੂਬਾ ਲੈ ਲਿਆ ਪਰ ਪੰਜਾਬੀ ਦੀ ਤਰੱਕੀ ਲਈ ਕੁਝ ਨਹੀਂ ਕੀਤਾ, ਪੰਜਾਬੀ ਸੂਬਾ ਬਣਨ ਤੋਂ ਬਾਅਦ ਪੰਜਾਬੀ ਬੋਲੀ ਹੋਰ ਨਿਘਾਰ ਵਲ ਵਧਦੀ ਚਲੀ ਗਈ। ਕਿਉਂਕਿ ਸਰਕਾਰ ਵਲੋਂ ਹਜ਼ਾਰਾਂ ਸਕੂਲਾਂ ਨੂੰ ਸੀ ਬੀ ਐਸ ਸੀ ਸਲੇਬਸ ਅਧੀਨ ਪੜ੍ਹਾਈ ਕਰਵਾਉਣ ਦੀ ਮਾਨਤਾ ਦੇ ਦਿੱਤੀ ਜੋ ਪੰਜਾਬ ਵਿੱਚ ਹੀ ਪੰਜਾਬੀ ਪੜ੍ਹਾਉਣ ਤੋਂ ਪਾਸਾ ਵੱਟੀ ਬੈਠੇ ਹਨ ਅਤੇ ਸਰਕਾਰ ਇਹਨਾਂ ਸਕੂਲਾਂ ਦੀ ਨਕੇਲ ਕੱਸਣ ਤੋਂ ਘਬਰਾ ਰਹੀ ਹੈ। ਪੰਜਾਬ 'ਚ ਆਈ ਇਸ ਅਖੌਤੀ ਵਿਦਿਅਕ ਕ੍ਰਾਂਤੀ ਨੇ ਪੰਜਾਬੀ ਬੋਲੀ ਦਾ ਕਚੂੰਬਰ ਹੀ ਕੱਢ ਛੱਡਿਆ ਹੈ।

ਗੁਰਦੀਪ ਸਿੰਘ ਮੁਕੱਦਮ
9878160133

ਇਹਨਾਂ ਪ੍ਰਾਈਵੇਟ ਮਾਡਲ ਸਕੂਲਾਂ ਨੇ ਪੰਜਾਬੀ ਬੋਲੀ ਨੂੰ ਆਪਣੇ ਘਰ ਵਿੱਚ ਹੀ ਮਤਰੇਈ ਬਣਾ ਦਿੱਤਾ ਹੈ। ਇਹਨਾਂ ਸਕੂਲਾਂ ਵਿੱਚ ਪੜ੍ਹਕੇ ਸਾਡੇ ਆਪਣੇ ਬੱਚੇ ਹੀ ਪੰਜਾਬੀ ਨੂੰ ਅਨਪੜ੍ਹਾਂ ਦੀ ਬੋਲੀ ਕਹਿਣ ਲੱਗੇ ਹਨ। ਇਸ ਪੜ੍ਹਾਈ ਨੇ ਤਾਂ ਰਿਸ਼ਤਿਆਂ ਦੇ ਚੰਗੇ ਭਲੇ ਨਾ ਵੀ ਵਿਗਾੜ ਕੇ ਰੱਖ ਦਿੱਤੇ ਹਨ। ਕਹਿਣ ਨੂੰ ਤਾਂ ਸਾਹਿਤਕਾਰ, ਲੇਖਕ ਅਤੇ ਬੁਧੀਜੀਵੀ, ਸਾਹਿਤ ਸਭਾਵਾਂ ਬਣਾ ਕੇ, ਕਵੀ ਦਰਬਾਰ ਅਤੇ ਸੈਮੀਨਾਰ ਕਰਵਾ ਕੇ, ਪੰਜਾਬੀ ਬੋਲੀ ਨੂੰ ਬਚਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਪਰ ਉਨ੍ਹਾਂ ਦੀਆਂ ਇਹ ਕੋਸ਼ਿਸ਼ਾਂ ਫੋਕੀਆਂ ਡਰਾਮੇ ਬਾਜ਼ੀਆਂ ਤੋਂ ਵੱਧ ਕੁਝ ਨਹੀਂ ਹੈ ਕਿਉਂਕਿ ਉਨ੍ਹਾਂ ਵਿੱਚੋਂ ਬਹੁਤਿਆਂ ਦੇ ਆਪਣੇ ਬੱਚੇ ਨਾਂ ਤਾਂ ਪੰਜਾਬੀ ਲਿਖ ਸਕਦੇ ਹਨ ਅਤੇ ਨਾ ਹੀ ਪੜ੍ਹ ਸਕਦੇ ਹਨ। ਅਸੀਂ ਆਪਣੇ ਬੱਚਿਆਂ ਨੂੰ ਉਜਵਲ ਭਵਿੱਖ ਦੇਣ ਦੇ ਲਾਲਚ ਵੱਸ, ਉਨ੍ਹਾਂ ਨੂੰ ਆਪਣੀ ਮਾਂ ਬੋਲੀ ਤੋਂ ਦੂਰ ਕਰਦੇ ਜਾ ਰਹੇ ਹਾਂ। ਅਸੀਂ ਭੁਲ ਚੁੱਕੇ ਹਾਂ ਕਿ ਜਿਹੜੀ ਕੌਮ ਆਪਣੀ ਬੋਲੀ ਵਿਸਾਰ ਦਿੰਦੀ ਹੈ, ਉਹ ਕੌਮ ਨਸ਼ਟ ਹੋ ਜਾਇਆ ਕਰਦੀ ਹੈ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD